# ਸਿੱਖ ਦਰਸ਼ਨਧਾਰਾ

ਡਾ. ਵਜ਼ੀਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

www.archive.org/details/namdhari

# ਸਿੱਖ ਦਰਸ਼ਨਧਾਰਾ

Sri Satguru Jagjit Singh Ji eLibrary NamdhariElibrary@gmail.com

# ਸਿੱਖ ਦਰਸ਼ਨਧਾਰਾ

ਡਾ. ਵਜ਼ੀਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)

**SIKH DARSHANDHARA** ***(Punjabi)***

*by*

**Dr. Wazir Singh**

**ISBN 81-7380-194-0**

ਪਹਿਲੀ ਵਾਰ : 1995
ਦੂਜੀ ਵਾਰ : 2012
ਕਾਪੀਆਂ : 1100
ਕੀਮਤ : 150-00

ਡਾ. ਏ.ਐਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵਲੋਂ ਪ੍ਰਕਾਸ਼ਿਤ ਅਤੇ ਕਾਂਸਲ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਤਤਕਰਾ


1. ਸਿੱਖ ਚਿੰਤਨ ਵਿਚ ਰੱਬ ਦਾ ਸਿਧਾਂਤ 1
2. ਸਿੱਖ ਤੱਤ-ਮੀਮਾਂਸਾ (ਮੈਟਾਫ਼ਿਜ਼ਿਕਸ) 16
3. ਸਿੱਖ ਵਿਸ਼ਵ-ਸਿਧਾਂਤ 28
4. ਹੁਕਮ ਦਾ ਸੰਕਲਪ 42
5. ਸਿੱਖ-ਮਤ ਦਾ ਗਿਆਨ-ਸਿਧਾਂਤ 50
6. ਸਿੱਖ ਕੀਮਤ-ਸਿਧਾਂਤ 66
7. ਸਿੱਖ ਮੁਕਤੀ-ਸਿਧਾਂਤ 83
8. ਗੁਰਮਤਿ ਦਾ ਸਿਧਾਂਤ 89
9. ਅਕਾਲਵਾਦ ਦਾ ਫ਼ਲਸਫ਼ਾ 95
10. ਸਿੱਖ ਧਰਮ ਦਾ ਨੈਤਿਕ ਫ਼ਲਸਫ਼ਾ 106
11. ਸਿੱਖ ਸਮਾਜ-ਦਰਸ਼ਨ ਤੇ ਰਾਜਨੀਤੀ 112
12. ਸਿੱਖ ਅਧਿਆਤਮਿਕ ਚਿੰਤਨ 133


Sri Satguru Jagjit Singh Ji eLibrary NamdhariElibrary@gmail.com

www.archive.org/details/namdhari

# 1.
# ਸਿੱਖ ਚਿੰਤਨ ਵਿਚ ਰੱਬ ਦਾ ਸਿਧਾਂਤ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਮ ਸੱਤਾ (ਈਸ਼ਵਰ) ਨੂੰ ਅਨੇਕ ਨਾਮ ਦਿੱਤੇ ਗਏ ਹਨ। ਸਾਧਾਰਨ ਬੋਲ-ਚਾਲ ਦੀ ਭਾਸ਼ਾ ਵਿਚ ਪਰਮਾਤਮਾ ਦਾ ਪ੍ਰਚਲਿਤ ਨਾਮ 'ਰੱਬ' ਹੈ, ਜਿਸ ਦੀ ਵਰਤੋਂ ਸ਼ੇਖ ਫਰੀਦ ਦੇ ਸਲੋਕਾਂ ਵਿਚ ਵੀ ਹੋਈ ਮਿਲਦੀ ਹੈ— "ਸਭੇ ਵਸਤੂ ਮਿੱਠੀਆਂ, ਰੱਬ ਨਾ ਪੁਜਣ ਤੁਧੁ।" ਭਗਤ-ਬਾਣੀ ਅਤੇ ਗੁਰੂ-ਬਾਣੀ ਵਿਚ ਸਤਿ ਤੋਂ ਲੈ ਕੇ ਹਰੀ, ਬ੍ਰਹਮ ਤੋਂ ਲੈ ਕੇ ਪ੍ਰਭੂ, ਸਾਹਿਬ, ਨਿਰੰਜਨ, ਖ਼ੁਦਾ, ਗੁਸਾਂਈ, ਗੋਪਾਲ ਤੇ ਲਾਲ ਜਿਹੇ ਸੈਂਕੜੇਂ ਨਾਵਾਂ ਦੀ ਵਰਤੋਂ ਪ੍ਰਾਪਤ ਹੈ। ਇਨ੍ਹਾਂ ਵਿਚ ਕਿਰਤਮ ਜਾਂ ਸਫ਼ਾਤੀ ਨਾਮ ਅਧਿਕ ਗਿਣਤੀ ਵਿਚ ਹਨ, ਜੋ ਰੱਬ ਦੀ ਕਿਸੇ-ਨਾ-ਕਿਸੇ ਸਿਫ਼ਤ, ਗੁਣ ਜਾਂ ਕਰਮ ਨੂੰ ਦਰਸਾਂਦੇ ਹਨ। ਮਿਹਰਵਾਨ ਉਸ ਦੇ ਕਿਰਪਾ-ਸਰੂਪ ਦਾ ਲਖਾਇਕ ਹੈ, ਜਿਸ ਨੂੰ 'ਪ੍ਰਸਾਦ' ਦਾ ਸੰਕੇਤ ਵੀ ਦਿੱਤਾ ਗਿਆ ਹੈ; ਕਰਤਾ ਉਸ ਦੇ ਸਿਰਜਨਹਾਰ, ਕਾਦਰ ਸਰੂਪ ਦਾ ਸੰਕੇਤਕ ਹੈ; ਇਸੇ ਤਰ੍ਹਾਂ ਹੁਕਮੀ, ਦਾਤਾ, ਪ੍ਰਿਤਪਾਲਕ, ਅੰਤਰਯਾਮੀ, ਗੁਰੂ (ਚਾਨਣ-ਪ੍ਰਦਾਤਾ), ਸੈਭੰ (ਸਵੈ-ਸਥਾਪਿਤ) ਉਸ ਦੇ ਵਿਭਿੰਨ ਪੱਖਾਂ ਤੇ ਸ਼ਕਤੀਆਂ ਦੇ ਪ੍ਰਤੀਕ ਹਨ। ਗੁਰੂ ਸਾਹਿਬਾਨ ਨੇ ਆਪਣੇ ਪ੍ਰੀਤਮ-ਪ੍ਰਭੂ ਨੂੰ ਕਈ ਜਗ੍ਹਾ 'ਤੂੰ' ਕਹਿ ਕੇ ਸੰਬੋਧਨ ਕੀਤਾ ਹੈ, ਜੋ ਨਿੱਘੀ ਅਪਣੱਤ ਦਾ ਸੂਚਕ ਹੈ।

## ਰੱਬ ਦੇ ਪੰਜ ਪ੍ਰਮੁੱਖ ਸਰੂਪ

ਜੇਕਰ ਪਰਮ-ਸੱਤਾ ਦੇ ਅਨੇਕ ਸਫ਼ਾਤੀ ਨਾਵਾਂ ਨੂੰ, ਅਰਥਾਂ ਦੀ ਨੇੜਤਾ ਦੇ ਆਧਾਰ ਉੱਤੇ ਵਰਗਾਂ ਵਿਚ ਵੰਡ ਲਿਆ ਜਾਵੇ, ਤਾਂ ਕਈ-ਇਕ ਨਾਮ ਅਜਿਹੇ ਮਿਲ ਜਾਣਗੇ ਜੋ ਰੱਬਤਾ ਦੇ ਕੁਝ ਵਿਸ਼ੇਸ਼ ਪਹਿਲੂਆਂ ਦੀ ਪ੍ਰਤਿਨਿਧਤਾ ਕਰਨਗੇ। ਇਨ੍ਹਾਂ ਨਾਵਾਂ ਦੇ ਦਾਰਸ਼ਨਿਕ, ਸਮਾਜਕ, ਰਹੱਸਮਈ ਭਾਵ-ਅਰਥ ਖੋਜੇ ਜਾ ਸਕਦੇ ਹਨ, ਜਿਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਸਿੱਖ-ਚਿੰਤਨ ਦੇ ਕਾਰਜਾਂ ਵਿਚ ਸ਼ਾਮਿਲ ਹੈ। ਇਹ ਸਪੱਸ਼ਟ ਹੈ ਕਿ ਬਾਣੀ ਵਿਚ ਵਰਤੇ ਗਏ ਰੱਬ ਦੇ ਨਾਮ ਕੇਵਲ-ਮਾਤਰ ਭਾਸ਼ਾਈ ਸੰਕੇਤ ਨਹੀਂ ਹਨ; ਇਨ੍ਹਾਂ ਨੂੰ ਆਧੁਨਿਕ ਫਿਲਾਸਫੀ ਦੀ 'ਭਾਸ਼ਾ-ਖੇਡ' ਜਾਂ ਰੱਬ ਬਾਰੇ 'ਗੱਲ-ਬਾਤ' ਦੀ ਪੱਧਰ ਉੱਤੇ ਲੈ ਆਉਣਾ ਅਨੁਚਿਤ ਹੋਵੇਗਾ। ਗੁਰੂ ਸਾਹਿਬ ਤੇ ਭਗਤ-ਜਨ ਜਦੋਂ ਆਪਣੇ ਇਸ਼ਟ ਸੰਬੰਧੀ ਕੋਈ ਕਥਨ ਕਰਦੇ ਹਨ ਤਾਂ ਉਨ੍ਹਾਂ ਦੇ ਡੂੰਘੇ ਵਿਸ਼ਵਾਸ ਵਿਚੋਂ, ਅੰਤਰਬੋਧੀ ਅਨੁਭਵ ਵਿਚੋਂ, ਅਤੇ ਦੈਵੀ ਆਵੇਸ਼ ਉੱਤੇ ਆਧਾਰਿਤ, ਕਾਵਿਕ ਪ੍ਰਗਟਾਵਾ



Sri Satguru Jagjit Singh Ji eLibrary NamdhariElibrary@gmail.com

ਹੋ ਰਿਹਾ ਹੁੰਦਾ ਹੈ। ਬਾਣੀ ਵਿਚ ਵਰਤੇ ਗਏ ਈਸ਼ਵਰ ਦੇ ਨਾਵਾਂ ਤੋਂ ਜੋ ਇਤਿਹਾਸਕ ਤੇ ਮਿਥਿਹਾਸਕ ਸੰਕੇਤ ਮਿਲਦੇ ਹਨ, ਉਹ ਬਾਣੀਕਾਰਾਂ ਦੇ ਸਮਾਜਕ ਪਿਛੋਕੜ, ਅਧਿਆਤਮਿਕ ਪਰੰਤਰਾ ਅਤੇ ਕਾਵਿਕ ਪ੍ਰਥਾਵਾਂ ਦਾ ਪ੍ਰਭਾਵ ਉਜਾਗਰ ਕਰਦੇ ਹਨ।

ਈਸ਼ਵਰੀ ਨਾਵਾਂ ਦੀ ਵਰਗ-ਵੰਡ ਵਿਭਿੰਨ ਆਧਾਰਾਂ ਉੱਤੇ ਸੰਭਵ ਹੈ। ਇਥੇ ਜਿਸ ਵਰਗੀਕਰਨ ਨੂੰ ਅਪਨਾਇਆ ਗਿਆ ਹੈ, ਉਸ ਅਨੁਸਾਰ ਪਰਮ-ਸੱਤਾ ਦੇ ਨਿਰੋਲ ਨਿਰਗੁਣੀ ਪੱਖ ਤੋਂ ਲੈ ਕੇ ਪੂਰਨ ਸਰਗੁਣੀ ਪੱਖ ਤੱਕ ਪੰਜ ਪ੍ਰਮੁੱਖ ਸਰੂਪ ਪ੍ਰਸਤੁਤ ਹੁੰਦੇ ਹਨ। ਇਹ ਪੰਜੇ ਪੱਖ ਇੱਕੋ-ਇਕ ਦੈਵੀ ਹਸਤੀ ਦੇ ਰੁਖ ਹਨ, ਨਾ ਕਿ ਪੰਜ ਸੁਤੰਤਰ ਸ਼ਕਤੀਆਂ ਜਾਂ ਹਸਤੀਆਂ ਦੇ ਪ੍ਰਤੀਕ। ਇਹ ਪੰਜ ਸਰੂਪ ਹੇਠ ਲਿਖੇ ਹਨ :-

(1) ਬ੍ਰਹਮ
(2) ਕਰਤਾ
(3) ਹੁਕਮੀ
(4) ਅੰਤਰਯਾਮੀ
(5) ਮਿਹਰਵਾਨ

ਦੈਵੀ ਹਸਤੀ ਦਾ ਪਹਿਲਾ ਸਰੂਪ, ਇਸ ਵਿਉਂਤ ਅਨੁਸਾਰ, 'ਬ੍ਰਹਮ' ਹੈ, ਜੋ ਪੂਰਨ ਨਿਰਪੇਖ ਹਸਤੀ ਹੈ, ਜਿਸ ਦਾ ਕੋਈ ਗੁਣ ਚਿਤਵਿਆ ਨਹੀਂ ਜਾ ਸਕਦਾ, ਜੋ ਅਗੋਚਰ ਹੈ, ਨਿਰ-ਆਕਾਰ ਤੇ ਅਪੁਰਖੀ ਹੈ, ਅਤੇ ਦ੍ਰਿਸ਼ਟ, ਅਦ੍ਰਿਸ਼ਟ ਸਭ ਦੀ ਤਾਤਵਿਕ ਸਮੁੱਚਤਾ ਹੈ। ਸਿੱਖ ਧਰਮ-ਦਰਸ਼ਨ ਦੀ ਇਹ ਉੱਚਤਮ ਹਕੀਕਤ ਹੈ। ਇਸ ਦਾ ਦੂਸਰਾ ਸਰੂਪ 'ਕਰਤਾ' ਹੈ, ਜਿਸ ਵਿਚ ਪੁਰਖੀ ਗੁਣਾਂ ਦਾ ਸੰਚਾਰ ਪ੍ਰਾਪਤ ਹੈ ਅਤੇ ਜਿਸ ਨੇ ਸਰਬੱਤ ਲੋਕਾਈ ਦੀ ਰਚਨਾ ਕੀਤੀ ਹੈ। ਇਹ ਦੈਵੀ ਹਸਤੀ ਦੀ ਕਰਤਾਰੀ ਸ਼ਕਤੀ ਦਾ ਸਰੂਪ ਹੈ। ਤੀਸਰੇ ਪੱਖ ਵਿਚ ਕਰਤਾ ਆਪਣੇ 'ਭਰਤਾ' ਸਰੂਪ ਵਿਚ ਪ੍ਰਸਤੁਤ ਹੁੰਦਾ ਹੈ, ਜਿਸ ਦਾ ਹੁਕਮ ਵਿਸ਼ਵ-ਰਚਨਾ ਵਿਚ ਵਿਆਪਕ ਹੈ, ਅਤੇ ਜੋ ਲੋਕਾਈ ਦਾ ਪ੍ਰਿਤਪਾਲਕ ਹੈ। ਇਹ ਸਿਰਜਨਾ ਕਰ ਕੇ ਅਟੰਕ ਨਹੀਂ ਹੋ ਗਿਆ, ਇਸ ਦੀ ਸੰਭਾਲ, ਦੇਖ-ਰੇਖ ਤੇ ਲੋੜ-ਪੂਰਤੀ ਬਿਸ਼ੰਭਰ (ਵਿਸ਼ਵਮ-ਭਰ) ਦੇ ਰੂਪ ਵਿਚ ਕਰਦਾ ਹੈ। ਇਹੋ ਕਰਤਾ ਤੇ ਭਰਤਾ, ਆਪਣੇ ਚੌਥੇ ਪੱਖ ਵਿਚ, 'ਅੰਤਰਯਾਮੀ' ਹੈ, ਜੋ ਸਰਬ-ਗਿਆਤਾ (ਸਰਬੱਗ) ਹੈ, ਹਰ ਹਿਰਦੇ ਵਿਚ ਵਸਦਾ ਹੈ, ਘਟਿ-ਘਟਿ ਦਾ ਜਾਣਨਹਾਰ ਹੈ। ਇਹ ਉਸ ਦੀ ਮਾਨਸਿਕਤਾ (ਚਿਤ) ਦਾ ਪੱਖ ਹੈ, ਜੋ ਸੁਚੇਤ ਰੂਪ ਵਿਚ ਸਰਬ-ਵਿਆਪਕ ਹੈ। ਇਹ ਉਸ ਦੀ ਮਾਨਸਿਕਤਾ (ਚਿਤ) ਦਾ ਪੱਖ ਹੈ, ਜੋ ਸੁਚੇਤ ਰੂਪ ਵਿਚ ਸਰਬ-ਵਿਆਪਕ ਹੈ। ਇਸ ਵਿਉਂਤ ਦਾ ਪੰਜਵਾਂ ਦੈਵੀ ਸਰੂਪ 'ਮਿਹਰਵਾਨ' ਰੱਬ ਦਾ ਮੁੱਖ ਹੈ, ਜੋ ਕਿਰਪਾ ਦਾ ਮੁਜੱਸਮਾ ਹੈ, ਜਿਸ ਦੇ ਹਿਰਦੇ ਵਿਚ ਲੋਕਾਈ ਦਾ ਸਨੇਹ ਹੈ, ਦਇਆ-ਭਾਵ ਹੈ; ਜੋ ਸਦ-ਬਖ਼ਸ਼ੰਦ, ਮਿੱਤਰ-ਸਖਾ ਤੇ ਤਾਰਨਹਾਰ ਪ੍ਰਭੂ ਹੈ।

ਉਪਰੋਕਤ ਪੰਚ-ਮੁਖੀ ਦੈਵੀ ਹਸਤੀ ਦੀ ਵਿਉਂਤ ਵਿਚ ਅਪੁਰਖੀ ਤੇ ਪੁਰਖੀ

Sri Satguru Jagjit Singh Ji eLibrary NamdhariElibrary@gmail.com

ਪਹਿਲੂਆਂ ਨੂੰ ਇਕ ਦੂਸਰੇ ਤੋਂ ਨਿਖੇੜ ਕੇ ਦਿਖਾਇਆ ਗਿਆ ਹੈ, ਪਰ ਸਿੱਖ-ਚਿੰਤਨ ਦੈਵੀ ਵਾਸਤਵਿਕਤਾ ਵਿਚ ਕਿਸੇ ਨਿਖੇੜ ਜਾਂ ਵਿਸ਼ਲੇਸ਼ਣ ਦੀ ਹਾਮੀ ਨਹੀਂ ਭਰਦਾ। ਇਸ ਦਾ ਅਪੁਰਖ (ਅਫੁਰ ਨਿਰੰਕਾਰ) ਹੀ ਪੁਰਖ (ਸਫੁਰ ਪ੍ਰਭੂ) ਹੈ। ਏਕੀਸ਼ਵਰਵਾਦ (Monotheism) ਸਿੱਖ-ਚਿੰਤਨ ਦਾ ਬੁਨਿਆਦੀ ਸਿਧਾਂਤ ਹੈ, ਜਿਸ ਅਨੁਸਾਰ ਬ੍ਰਹਮ ਹੀ ਕਰਤਾ, ਭਰਤਾ, ਹਰਤਾ, ਗਿਆਤਾ ਅਤੇ ਦਾਤਾ ਹੈ। ਅੰਤਿਮ ਸੱਤਾ ਦੀ ਬਹੁਮੁਖਤਾ ਕੇਵਲ ਇਸ ਦੇ ਸੰਕਲਪਕ ਢਾਂਚੇ ਨੂੰ ਵਿਵੇਕਸ਼ੀਲ ਵਿਉਂਤ ਦੇਣ ਦੀ ਵਿਧੀ-ਮਾਤਰ ਹੈ।

## ਸਿੱਖ ਚਿੰਤਨ ਦਾ ਬ੍ਰਹਮ

ਭਾਰਤੀ ਦਾਰਸ਼ਨਿਕ ਪਰੰਪਰਾ ਨੇ ਸਰਬ-ਸੰਮਿਲਤ, ਨਿਰਪੇਖ ਅੰਤਿਮ ਸੱਤਾ ਨੂੰ ਬ੍ਰਹਮ ਦਾ ਨਾਮ ਦਿੱਤਾ ਹੈ। ਪੱਛਮੀ ਫ਼ਲਸਫ਼ਾ ਇਸੇ ਵਿਚਾਰ ਨੂੰ ਨਿਰੰਕੁਸ਼ ਤੱਤ (The Absolute) ਕਹਿੰਦਾ ਹੈ। ਬ੍ਰਹਮ ਨੂੰ ਸਤ-ਚਿਤ-ਆਨੰਦ ਸਰੂਪ ਵਿਚ ਵੀ ਚਿਤਵਿਆ ਗਿਆ ਹੈ, ਅਤੇ ਸਿੱਖ-ਮਤ ਦਾ ਤੱਤ-ਮੀਮਾਂਸਾ ਇਸ ਸ਼ਬਦਾਵਲੀ ਨੂੰ ਪਰਵਾਨ ਕਰਦਾ ਹੈ। ਬ੍ਰਹਮ ਉਹ ਅਗੋਚਰ ਤੱਤ ਹੈ ਜੋ ਵਿਸ਼ਵ ਦੇ ਸਭ ਆਕਾਰਾਂ, ਪ੍ਰਗਟਾਵਿਆਂ ਦਾ ਮੂਲ ਵੀ ਹੈ ਅਤੇ ਸਭ ਵਿਚ ਵਿਆਪਕ ਵੀ ਹੈ। ਸਿੱਖ-ਮੱਤ ਦੀ ਅਧਿਆਤਮਿਕਤਾ ਬ੍ਰਹਮ ਦੇ ਇਸੇ ਸੰਕਲਪ ਉੱਤੇ ਉਸਰੀ ਹੋਈ ਹੈ, ਜਿਸ ਨੂੰ ਗੁਰਬਾਣੀ ਨੇ ਏਕੇ (੧) ਦਾ ਪ੍ਰਤੀਕ ਦਿੱਤਾ ਹੈ। ਇਸੇ ਨੂੰ ਪਰਮ-ਆਤਮਾ, ਪਾਰਬ੍ਰਹਮ, ਅਕਾਲ ਪੁਰਖ ਕਿਹਾ ਗਿਆ ਹੈ। ਏਕਾ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਅੰਤਿਮ ਹਸਤੀ "ਹੈ", ਇਹ ਨਾਸਤੀ (ਅਣਹੋਂਦ, ਸਿਫ਼ਰ) ਦਾ ਸਿਧਾਂਤ ਨਹੀਂ (ਜਿਵੇਂ ਕਿ ਸ਼ੂਨਯਵਾਦ ਦਾ ਨਾਂਹਮੁਖੀ ਮਤ ਹੈ)। ਏਕੇ ਦਾ ਹਾਂ-ਮੁਖੀ ਪ੍ਰਤੀਕ ਇਹ ਵੀ ਸਪੱਸ਼ਟ ਕਰਦਾ ਹੈ ਕਿ ਅੰਤਿਮ ਸਚਾਈ ਕੇਵਲ "ਇਕੋ" ਹੈ, ਨਾ ਵੱਧ, ਨਾ ਘੱਟ।

'ਬ੍ਰਹਮ ਤੋਂ ਸਿਵਾ, ਗੁਰਬਾਣੀ ਨੇ ਭਾਰਤੀ ਪਰੰਪਰਾ ਪਾਸੋਂ 'ਸਤ' ਤੇ 'ਸਤਿ' ਦੇ ਪ੍ਰਤੀਕ ਵੀ ਅਪਨਾਏ ਹਨ। 'ਸਤ' ਨਿਰੋਲ ਹਸਤੀ ਦਾ ਸੂਚਕ ਹੈ, ਜਦ ਕਿ 'ਸਤਿ' ਅੰਤਿਮ ਹਕੀਕਤ ਦਾ ਪਰਾ-ਪੂਰਬਲਾ ਨਾਮ ਹੈ; ਹੋਰ ਸਾਰੇ ਨਾਮ ਕਿਰਤਮ ਹਨ, ਜੋ ਈਸ਼ਵਰ ਦੇ ਗੁਣਾਂ, ਕਰਮਾਂ ਦੇ ਸੰਕੇਤਕ ਹਨ। ਸ਼ਿਰੋਮਣੀ ਹਕੀਕਤ ਦੇ ਵਿਸ਼ੇਸ਼ਣੀ/ਸਫ਼ਾਤੀ ਨਾਵਾਂ ਨੂੰ ਪੈਮਾਨੇ ਜਾਂ ਸਕੇਲ ਦੇ ਦੋ ਸਿਰਿਆਂ ਉੱਤੇ, ਵਿਰੋਧੀ ਸੰਕਲਪਾਂ ਦੇ ਰੂਪ ਵਿਚ ਰੱਖ ਕੇ, ਇਨ੍ਹਾਂ ਦਾ ਪਰਸਪਰ ਧਰੁਵੀ ਸੰਬੰਧ ਮਿੱਥਿਆ ਜਾ ਸਕਦਾ ਹੈ, ਜਿਵੇਂ ਗੁਪਤ : ਪਰਗਟ; ਅਕਾਲ : ਕਾਲਗਤ; ਅਨੰਤ : ਅੰਤਸ਼ੀਲ; ਨਿਰਗੁਣ : ਸਰਗੁਣ; ਅਪੁਰਖੀ : ਪੁਰਖੀ। ਸਿੱਖ ਤੱਤ-ਮੀਮਾਂਸਾ ਵਿਚ ਗ਼ੈਰ-ਹਕੀਕੀ ਜਾਂ ਨਾ-ਹਸਤੀ (ਨਾਸਤੀ) ਕੋਈ ਯਥਾਰਥਕ ਤੱਤ ਨਹੀਂ, ਇਸ ਲਈ 'ਹਕੀਕੀ : ਨਾ-ਹਕੀਕੀ' ਨੂੰ ਅੰਤਿਮ ਸੱਤਾ ਦਾ ਪੈਮਾਨਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਨਿਰਗੁਣ-ਸਰਗੁਣ ਦਾ ਅੰਤ੍ਰੀਵੀ ਸੰਬੰਧ ਨਿਸ਼ਚੇ ਹੀ ਪਰਵਾਨਿਤ ਹੈ। ਇਸੇ ਤਰ੍ਹਾਂ ਅਕਾਲ ਤੇ ਅਨੰਤ ਇਕ ਪਾਸੇ, ਅਤੇ ਕਾਲਗਤ ਤੇ ਅੰਤਸ਼ੀਲ ਦੂਜੇ ਪਾਸੇ, ਇੱਕੋ ਦੈਵੀ ਤੱਥ ਦੇ ਦੋ ਸਿਰੇ ਹਨ; ਇਕ ਸਿਰਾ ਉਸ ਦੇ

Sri Satguru Jagjit Singh Ji eLibrary NamdhariElibrary@gmail.com

ਅਗੋਚਰ ਪੱਖ ਵੱਲ ਸੰਕੇਤ ਕਰਦਾ ਹੈ, ਦੂਜਾ ਵਿਆਪਕ ਪੱਖ ਵੱਲ। ਇਕ ਪੱਖ ਵਿਚ ਉਹ ਸਦੀਵੀ ਹੈ, ਦੂਜੇ ਪੱਖ ਵਿਚ ਉਹ ਕਾਲਗਤ ਵਿਕਾਸ-ਕ੍ਰਿਆ ਨਾਲ ਇਕਰੂਪ ਹੈ।

ਸਿੱਖ-ਮਤ ਦੇ 'ਬ੍ਰਹਮ' ਦੀ ਇਕ ਵਿਲੱਖਣਤਾ ਇਸ ਨਾਲ ਜੁੜਿਆ ਕੇਂਦਰੀ ਸੰਕਲਪ 'ਅਕਾਲ' ਹੈ। ਅਕਾਲ ਨੂੰ ਵਿਸ਼ੇਸ਼ਣ ਤੇ ਸੰਗਿਆ ਦੋਹਾਂ ਰੂਪਾਂ ਵਿਚ ਵਰਤਿਆ ਗਿਆ ਹੈ। 'ਅਕਾਲ ਮੂਰਤਿ' ਵਿਚ ਇਹ ਮੂਰਤੀ ਦਾ ਵਿਸ਼ੇਸ਼ਣ ਹੈ; 'ਸਿਮਰੈ ਕਾਲੁ ਅਕਾਲੁ ਸੁਚਿ ਸੋਚਾ' ਵਿਚ ਇਸ ਦਾ ਸੰਗਿਆ ਰੂਪ ਹੈ। ਸ਼ਬਦ 'ਅਕਾਲ' ਤੋਂ ਭਾਵ, ਇਸ ਪ੍ਰਸੰਗ ਵਿਚ, ਸ਼ਿਰੋਮਣੀ ਸੱਤਾ ਜਾਂ ਹਕੀਕਤ ਹੈ ਜੋ ਕਾਲ/ਸਮੇਂ ਤੋਂ ਉਪਰ ਹੈ, ਜੋ ਵਿਕਾਸ-ਕ੍ਰਿਆ ਵਿਚ ਨਹੀਂ ਪੈਂਦੀ ਅਤੇ ਜਿਸ ਨੂੰ ਸਦੀਵੀ ਤੱਤ ਮੰਨਿਆ ਗਿਆ ਹੈ। ਇਹ ਸ਼ਬਦ ਗੁਰੂ ਨਾਨਕ ਬਾਣੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੀ ਰਚਨਾ ਤਕ ਵਰਤਿਆ ਮਿਲਦਾ ਹੈ। ਦਸਮ-ਗ੍ਰੰਥ ਵਿਚ ਇਸ ਦੀ ਵਰਤੋਂ ਅਧਿਕ ਗਿਣਤੀ ਵਿਚ ਹੋਈ ਹੈ। ਸਦੀਵਤਾ ਅਤੇ ਸਾਮਿਅਕਤਾ ਇੱਕੋ ਹਕੀਕਤ ਦੇ ਪੱਖ ਹੋਣ ਕਾਰਨ, ਦੋਹਾਂ ਨੂੰ ਪਰਮ ਸੱਤਾ ਉੱਤੇ ਲਾਗੂ ਕੀਤਾ ਜਾ ਸਕਦਾ ਹੈ। ਦਸਮ-ਗ੍ਰੰਥ ਬਾਣੀ ਵਿਚ ਅੰਤਿਮ ਸਤਿ ਲਈ 'ਕਾਲ' ਤੇ 'ਅਕਾਲ' ਦੋਵੇਂ ਪ੍ਰਤੀਕ ਵਰਤੇ ਗਏ ਹਨ। ਜਦੋਂ ਇਸ ਨੂੰ ਅਕਾਲ ਕਿਹਾ ਜਾਂਦਾ ਹੈ ਤਾਂ ਇਸ ਦੀ ਚਿਤਵਨਾ ਨਿਰ-ਆਕਾਰ, ਅਰੂਪ ਹਸਤੀ ਦੇ ਭਾਵ ਵਿਚ ਕੀਤੀ ਜਾਂਦੀ ਹੈ; ਜਦੋਂ ਇਸ ਨੂੰ ਕਾਲਗਤ ਰੂਪ ਵਿਚ ਸੰਕਲਪਿਆ ਜਾਂਦਾ ਹੈ ਇਹ ਵਿਸ਼ਵ-ਰਚਨਾ ਨਾਲ ਇਕਰੂਪ ਹੁੰਦਾ ਹੈ। ਦੋਹਾਂ ਪੱਖਾਂ ਦਾ ਸੁਜੋੜ ਉੱਚਤਮ ਹਕੀਕਤ ਨੂੰ ਹਸਤੀ-ਹੋਂਦ, ਗੁਪਤ-ਪਰਗਟ, ਏਕ-ਅਨੇਕ ਦੀ ਸਮੁੱਚਤਾ ਵਿਚ ਵਿਅਕਤ ਕਰਦਾ ਹੈ।

ਬ੍ਰਹਮ ਦਾ ਉਕਤ ਵਿਚਾਰ ਸ਼ੰਕਰਾਚਾਰੀਆ ਦੇ ਅਦਵੈਤ ਮਤ ਨਾਲ ਮੇਲ ਖਾਂਦਾ ਹੈ; ਦੋਵੇਂ ਸਿਧਾਂਤ ਇੱਕੋ-ਇਕ ਤਾਤਵਿਕ ਹਸਤੀ ਦੀ ਗੱਲ ਕਰਦੇ ਹਨ, ਜਿਸ ਬਿਨਾਂ ਕੋਈ ਦੂਜਾ ਹੋਰ ਨਹੀਂ। ਦੋਹਾਂ ਵਿਚ 'ਮਾਇਆ' ਦਾ ਹਵਾਲਾ ਪ੍ਰਾਪਤ ਹੈ, ਬੇਸ਼ੱਕ ਅਦਵੈਤ ਮਤ ਵਿਚ ਮਾਇਆ ਬ੍ਰਹਮ ਵਾਂਗ ਅਨਾਦੀ ਹੈ, ਅਤੇ ਸਿੱਖ-ਮਤ ਵਿਚ ਵਿਸ਼ਾਲ-ਰਚਨਾ (ਮਾਇਆ/ਕੁਦਰਤ) ਦਾ ਆਦਿ ਵੀ ਹੈ, ਅੰਤ ਵੀ। ਸਿੱਖ-ਚਿੰਤਨ ਦੇ ਬ੍ਰਹਮ ਦਾ ਸੰਘਣਾ ਮੇਲ ਹੇਗਲ-ਪੰਥੀ ਸਿਧਾਂਤ ਨਾਲ ਪ੍ਰਾਪਤ ਹੈ, ਜਿਥੇ ਕਿ ਬ੍ਰਹਮ (ਐਬਸੋਲਿਊਟ) ਨੂੰ ਸਰਬ-ਸੰਪੂਰਨ ਵਿਆਪਕ ਤੱਤ ਦੇ ਰੂਪ ਵਿਚ ਚਿਤਵਿਆ ਗਿਆ ਹੈ, ਜੋ ਕਿ ਸਰਬੱਤ ਰੂਪ-ਆਕਾਰਾਂ, ਪਦਾਰਥਾਂ ਤੇ ਸ਼ੈਆਂ ਵਿਚੋਂ ਦਮਕ ਰਿਹਾ ਹੈ। ਜਗਤ ਪੂਰੀ ਅਸਲੀਅਤ ਨਹੀਂ, ਕਿਉਂਕਿ ਇਹ ਬ੍ਰਹਮ ਦਾ ਕੇਵਲ ਇਕ ਪੱਖ ਜਾਂ ਸਰੂਪ ਹੈ, ਪੂਰਨ ਰੂਪ ਵਿਚ ਬ੍ਰਹਮ ਨਹੀਂ। ਪਰ ਜਗਤ ਪੂਰੀ ਤਰ੍ਹਾਂ ਕੂੜ ਜਾਂ ਅ-ਸਤਿ ਵੀ ਨਹੀਂ, ਕਿਉਂਕਿ ਇਹ ਅੰਤਿਮ ਸਚਾਈ ਦਾ ਹੀ ਇਕ ਪ੍ਰਗਟਾਵਾ ਹੈ। ਇਸ ਵਿਚ ਬ੍ਰਹਮ ਦੀ ਆਤਮ-ਸੱਤਾ ਰਚੀ ਹੋਈ ਹੈ, ਚਾਹੇ ਪਦਾਰਥ ਰੂਪ ਵਿਚ ਇਹ ਯਥਾਰਥ ਦਾ ਅਧੂਰਾ ਅੰਸ਼ ਹੈ। ਬ੍ਰਹਮ "ਤੱਤ" ਹੈ ਤਾਂ ਵਿਸ਼ਵ-ਰਚਨਾ "ਹੋਂਦ" ਹੈ। ਬ੍ਰਹਮ ਦਾ ਤੱਤ ਜਗਤ-ਪਰਪੰਚ ਦੀ ਹੋਂਦ ਵਿਚ ਵਿਆਪਕ ਹੋਣ ਕਾਰਨ, ਜਗਤ-ਰਚਨਾ ਨੂੰ ਵੀ ਤਾਤਵਿਕ ਛੁਹ ਪ੍ਰਾਪਤ ਹੋ ਗਈ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਿੱਖ-ਚਿੰਤਨ ਦੇ ਬ੍ਰਹਮ ਦਾ ਆਤਮ-ਤੱਤ ਇਸ ਨੂੰ 'ਅਖੰਡਤਾ' ਦਾ ਦਰਜਾ ਦੇਂਦਾ ਹੈ। ਕਿਸੇ ਪਦਾਰਥਕ ਸ਼ੈ ਦੇ ਟੁਕੜੇ ਸੰਭਵ ਹਨ, ਪਰ ਆਤਮਾ ਅਵੰਡ ਹੈ। ਜੇਕਰ ਪਦਾਰਥਵਾਦੀ ਹੋਂਦ-ਸਿਧਾਂਤ ਅਪਨਾਇਆ ਜਾਵੇ ਤਾਂ ਜਗਤ ਦੀ ਰਚਨਾ ਅਸੰਖ ਅਣੂਆਂ, ਪਰਮਾਣੂਆਂ, ਬਿਜਲਾਣੂਆਂ ਉੱਤੇ ਆਧਾਰਿਤ ਮੰਨਣੀ ਪਵੇਗੀ, ਅਤੇ ਨਿਰਪੇਖ ਅਨੇਕਵਾਦੀ ਸਿਧਾਂਤ ਸਵੀਕਾਰ ਕਰਨਾ ਪਵੇਗਾ। ਆਧੁਨਿਕ ਵਿਗਿਆਨ ਭੌਤਿਕ ਜਗਤ ਦਾ ਨਿਰੰਤਰ ਵਿਸ਼ਲੇਸ਼ਣ ਤੇ ਵਿਭਾਜਨ ਕਰ ਕੇ, ਭਾਗਾਂ, ਉਪ-ਭਾਗਾਂ ਦੀ ਅਨੇਕਤਾ ਵੱਲ ਸਪੱਸ਼ਟ ਸੰਕੇਤ ਕਰਦਾ ਹੈ। ਇਸ ਅਨੇਕ ਮੁਖੀ ਜਗਤ ਨੂੰ ਏਕਤਾ ਦੇ ਸੰਜੋਗ ਵਿਚ ਪਰੋਣ ਵਾਲਾ ਤੱਤ, ਜਗਤ ਵਿਚ ਵਿਆਪਕ ਆਤਮਾ ਹੈ, ਜਿਸ ਦਾ ਸਮਰਥਨ ਧਰਮ-ਚਿੰਤਨ ਕਰਦਾ ਹੈ। ਸਿੱਖ-ਮਤ ਦੇ ਮੂਲ-ਮੰਤਰ ਦਾ ਏਕਾ (੧) ਬ੍ਰਹਮ ਦੀ ਇਸ ਆਤਮ-ਸੱਤਾ ਦੇ ਆਧਾਰ ਉੱਤੇ ਏਕਵਾਦੀ ਚਿੰਤਨ ਦੀ ਸਥਾਪਨਾ ਕਰਦਾ ਹੈ। ਗੁਰਬਾਣੀ ਕੇਵਲ ਏਕੀਸ਼ਵਰਵਾਦ ਦੀ ਪੁਸ਼ਟੀ ਹੀ ਨਹੀਂ ਕਰਦੀ, ਇਸ ਵਿਚ ਆਤਮ-ਤੱਤ ਦੀ ਅਖੰਡਤਾ ਦੇ ਵਿਚਾਰ ਉੱਤੇ ਆਧਾਰਿਤ, ਦਾਰਸ਼ਨਿਕ ਏਕਵਾਦ (Monism) ਦੇ ਅੰਸ਼ ਵੀ ਮੌਜੂਦ ਹਨ।

ਗੁਰਬਾਣੀ ਵਿਚ ਬ੍ਰਹਮ ਦੀ ਅਗੋਚਰਤਾ ਸੰਬੰਧੀ ਵੀ ਅਨੇਕ ਹਵਾਲੇ ਉਪਲਬਧ ਹਨ। ਸਦੀਵੀ ਆਤਮਾ ਪੁਲਾੜ-ਕਾਲ ਦੀ ਕਿਸੇ ਸੀਮਾ ਜਾਂ ਹੱਦਬੰਦੀ ਵਿਚ ਨਹੀਂ; ਇਸ ਸੁਤੰਤਰ ਆਤਮ-ਤੱਤ ਨੂੰ ਕਿਸੇ ਸੀਮਿਤ ਆਕਾਰ, ਅਵਤਾਰ ਦਾ ਰੂਪ ਧਾਰਨ ਦੀ ਆਵੱਸ਼ਕਤਾ ਨਹੀਂ। ਗੁਰੂ ਸਾਹਿਬਾਨ ਨੇ ਬ੍ਰਹਮ ਨੂੰ ਅਜੂਨੀ ਤੇ ਅਥਾਪ, ਨਿਰ-ਅੰਜਨ ਤੇ ਅਲੇਪ ਚਿਤਵਿਆ ਹੈ। ਇਹ ਉਸ ਦਾ ਅਗੋਚਰ (transcendent) ਪੱਖ ਹੈ, ਜਿਸ ਨੂੰ ਪੱਛਮੀ ਦਰਸ਼ਨਵੇਤਾ ਵਾਈਟਹੈੱਡ ਨੇ ਰੱਬਤਾ ਦੀ ਪਰਾ-ਪੂਰਬਲੀ ਪ੍ਰਕਿਰਤੀ (Primordial nature) ਦਰਸਾਇਆ ਹੈ। ਇਸੇ ਚਿੰਤਕ ਨੇ ਪਰਮਾਤਮਾ ਦੇ ਵਿਆਪਕ (immanent) ਪੱਖ ਨੂੰ ਸਿੱਟਾ-ਪਰਕ ਸੁਭਾ (consequent nature) ਆਖਿਆ ਹੈ। ਇਸ ਪੱਖ ਵਿਚ ਬ੍ਰਹਮ ਆਪਣੀ ਰਚਨਾ ਨਾਲ ਇਕਰੂਪ ਹੋ ਜਾਂਦਾ ਹੈ; ਉਹ ਹਰ ਵਾਸਤਵਿਕ ਹੋਂਦ ਅਤੇ ਵਸਤੂ ਵਿਚ ਹਾਜ਼ਿਰ ਹੈ, ਵਿਕਾਸ-ਕ੍ਰਿਆ ਵਿਚ ਵਰਤਮਾਨ ਹੈ; ਜਿਵੇਂ ਕਿ ਗੁਰਬਾਣੀ ਦਾ ਅਗੋਚਰ ਬ੍ਰਹਮ ਸਮੁੱਚੀ ਵਿਸ਼ਵ-ਰਚਨਾ ਵਿਚ ਵਿਆਪਕ ਵੀ ਹੈ। ਉਸ ਦੀ ਸਰਬ-ਵਿਆਪਕਤਾ ਦੇ ਹਵਾਲੇ ਬਾਣੀ ਦੇ ਅਨੇਕ ਸੰਦਰਭਾਂ ਵਿਚ ਪ੍ਰਾਪਤ ਹਨ। ਬ੍ਰਹਮ ਦੀ ਇਸ ਦੂਹਰੀ ਪ੍ਰਕਿਰਤੀ ਦਾ ਵਿਚਾਰ ਸ਼ੰਕਰਾਚਾਰੀਆ ਦੇ ਬ੍ਰਹਮ-ਈਸ਼ਵਰ ਦੇ ਸੰਕਲਪ ਨਾਲ, ਅਤੇ ਨਿਰਗੁਣ-ਸਰਗੁਣ ਪਰੰਪਰਾ ਨਾਲ ਮੇਲ ਖਾਂਦਾ ਹੈ। ਬ੍ਰਹਮ ਦੀ ਅਗੋਚਰਤਾ ਉਸ ਨੂੰ ਅਨਾਦੀ ਸਤਿ ਦਾ ਸਰੂਪ ਦੇਂਦੀ ਹੈ, ਜਦ ਕਿ ਵਿਆਪਕਤਾ ਉਸ ਨੂੰ 'ਪ੍ਰਭੂ' ਬਣਾਉਂਦੀ ਹੈ, ਜੋ ਮਨੁੱਖ-ਮਾਤਰ ਦੀ ਸਾਰ ਲੈਂਦਾ ਹੈ, ਉਸ ਦਾ ਪ੍ਰਿਤਪਾਲਕ ਤੇ ਰਖਵਾਲਾ ਹੈ।

Sri Satguru Jagjit Singh Ji eLibrary NamdhariElibrary@gmail.com

## ਸਿੱਖ-ਚਿੰਤਨ ਦਾ ਕਰਤਾ ਪੁਰਖ

ਸੰਸਾਰ ਦੇ ਅਧਿਕਤਰ ਧਰਮ ਇਸ ਗੱਲ ਦੇ ਵਿਸ਼ਵਾਸੀ ਹਨ ਕਿ ਕੋਈ ਅਪਰੰਪਰ, ਸੁਤੰਤਰ, ਸਰਬ-ਸਮਰੱਥ ਹਸਤੀ ਸਾਡੇ ਬ੍ਰਹਿਮੰਡ ਦੀ ਸਿਰਜਨਹਾਰ ਹੈ; ਸਿੱਖ-ਮਤ ਵਿਚ ਵੀ ਇਹ ਵਿਸ਼ਵਾਸ ਪਰਵਾਨ ਹੈ। ਰੱਬ ਦਾ ਕਰਤਾਰੀ ਸਰੂਪ ਇਹ ਨਿਸ਼ਚੇ ਕਰਾਉਂਦਾ ਹੈ ਕਿ ਉਹ ਰਚਨਾ ਦੇ ਕਾਰਜ ਵਿਚ ਜੁਟਿਆ ਹੋਇਆ ਹੈ, ਕਿਉਂਕਿ ਰਚਨਹਾਰ ਦਾ ਕੰਮ ਹੀ ਰਚਨਾ ਕਰਦੇ ਜਾਣਾ ਹੈ। ਗੁਰਬਾਣੀ ਨੇ "ਰਚਨਾ ਰਾਚਿ ਰਹੇ ਨਿਰੰਕਾਰੀ" ਦੀ ਹਾਮੀ ਭਰੀ ਹੈ। ਜਿਨ੍ਹਾਂ ਦਾਰਸ਼ਨਿਕ ਸਿਧਾਂਤਾਂ ਅਨੁਸਾਰ ਵਿਸ਼ਵ ਇਕ ਸੁਤੰਤਰ, ਸਵੈ-ਚਾਲਕ ਅਤੇ ਸਦੀਵੀ ਹੋਂਦ ਹੈ, ਉਨ੍ਹਾਂ ਨਾਲ ਸਿੱਖ-ਚਿੰਤਨ ਦਾ ਮਤ-ਭੇਦ ਹੈ। ਪ੍ਰਕਿਰਤੀਵਾਦ ਦੇ ਸਮਰਥਕਾਂ ਲਈ 'ਰਚਨਾ' ਤੋਂ ਭਾਵ ਹੈ ਕਿ ਸਾਡਾ ਜਗਤ ਕਿਸੇ ਅੰਡੇ ਜਿਹੀ ਮੂਲ-ਧਾਤ ਤੋਂ ਉਪਜਿਆ ਹੈ; ਸ਼ਾਇਦ ਇਸੇ ਲਈ 'ਬ੍ਰਹਿਮੰਡ' ਸ਼ਬਦ (ਬ੍ਰਹਮ + ਅੰਡ) ਵਰਤੋਂ ਵਿਚ ਆਇਆ ਹੈ। ਵਿਗਿਆਨ ਦੇ ਇਕ ਸਿਧਾਂਤ ਅਨੁਸਾਰ ਵਿਸ਼ਵ ਦਾ ਮੂਲ ਕਿਸੇ ਮਹਾਂ-ਸ਼ਕਤੀ ਦਾ ਵਿਸਫ਼ੋਟ ਸੀ, ਪਰ ਇਸ ਨੂੰ ਵਿਗਿਆਨੀ ਦੈਵੀ ਸ਼ਕਤੀ ਮੰਨਣ ਲਈ ਤਿਆਰ ਨਹੀਂ। ਧਾਰਮਿਕ ਵਿਸ਼ਵ-ਸਿਧਾਂਤ ਜਗਤ-ਰਚਨਾ ਨੂੰ ਪਰਮਾਤਮਾ ਦੀ ਦੇਣ ਸਵੀਕਾਰ ਕਰਨ ਵੱਲ ਰੁਚਿਤ ਹਨ। ਕਰਤਾਰੀ ਸ਼ਕਤੀ ਨੇ ਵਿਸ਼ਵ ਨੂੰ ਹੋਂਦ ਵਿਚ ਲਿਆਂਦਾ ਹੈ, ਜਾਂ ਸ਼ਾਇਦ ਉਸ ਨੇ ਵਿਸ਼ਵ-ਰਚਨਾ ਦੀ ਬੁਨਿਆਦੀ ਸਾਮੱਗਰੀ ਸਿਰਜ ਦਿੱਤੀ ਹੈ ਜੋ ਵਿਕਾਸ ਦੇ ਅਮਲ ਰਾਹੀਂ ਨਵੇਂ ਰੂਪ-ਆਕਾਰ ਘੜ ਰਹੀ ਹੈ।

ਗੁਰਬਾਣੀ ਦੇ ਵਿਸ਼ਵ-ਸਿਧਾਂਤ ਵਿਚ ਕੁਝ ਨੁਕਤੇ ਅਜਿਹੇ ਹਨ, ਜੋ ਵਿਸ਼ੇਸ਼ ਧਿਆਨ ਦੇ ਪਾਤਰ ਹਨ। ਪਹਿਲੀ ਗੱਲ ਇਹ ਹੈ ਕਿ ਰਚਨਾ ਦੀ ਨਿਸ਼ਚਿਤ ਘੜੀ (ਥਿਤਿ ਵਾਰ) ਮਨੁੱਖੀ ਸੂਝ ਤੋਂ ਪਰੇਡੀ ਅਤੇ ਰਹੱਸ-ਭਰਪੂਰ ਹੈ। ਜਿਸ ਸਦੀਵੀ, ਸੰਪੂਰਨ, ਸਰਬੱਗ ਹਸਤੀ ਨੇ ਵਿਸ਼ਵ-ਰਚਨਾ ਕੀਤੀ ਹੈ, ਉਸ ਦੇ ਕੌਤਕਾਂ ਤੇ ਉਦੇਸ਼ਾਂ ਨੂੰ ਉਹ ਆਪ ਹੀ ਭਲੀ-ਭਾਂਤ ਜਾਣਦਾ ਹੈ; ਇਹ ਰਹੱਸ ਅਲਪੱਗ, ਆਰਜ਼ੀ, ਅਪੂਰਨ ਜੀਵ ਦੀ ਪਹੁੰਚ ਤੋਂ ਬਾਹਰ ਹਨ। ਮਨੁੱਖ ਦੀ ਬੌਧਿਕ ਸ਼ਕਤੀ ਦੈਵੀ ਚਾਨਣ-ਮੁਨਾਰੇ ਪਾਸੋਂ ਮਿਲੀ ਹੋਈ ਦਾਤ ਹੋਣ ਦੇ ਨਾਤੇ, ਕੁਝ-ਨਾ-ਕੁਝ ਸੂਝ-ਬੂਝ ਪ੍ਰਾਪਤ ਕਰਨ ਦੇ ਸਮਰੱਥ ਜ਼ਰੂਰ ਹੈ। ਇਹ ਠੀਕ ਹੈ ਕਿ ਪੂਰਨ ਸਚਾਈ ਦੀ ਗਿਆਨ-ਪ੍ਰਾਪਤੀ ਲਈ ਪੂਰਨਤਾ ਦੀਆਂ ਸਿਖਰਾਂ ਨੂੰ ਛੂਹਣਾ ਅਵੱਸ਼ਕ ਹੈ। "ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ।" ਫਿਰ ਵੀ, ਮਨੁੱਖੀ ਉੱਦਮ ਤੇ ਜਿਗਿਆਸਾ ਜੇਕਰ ਸਚਾਈ ਦੀ ਖੋਜ ਵਿਚ ਜੁੱਟ ਕੇ ਗਿਆਨ ਦੀ ਵ੍ਰਿਧੀ ਤੇ ਵਿਕਾਸ ਕਰਦੇ ਜਾਣ, ਅਤੇ ਵਿਸ਼ਵ-ਰਚਨਾ ਦੇ ਗੁਹਜਾਂ ਨੂੰ ਕੁਦਰਤ ਦੇ ਵਿਡਾਣ ਨੂੰ ਖੋਜਦੇ ਪਰਖਦੇ ਰਹਿਣ, ਤਾਂ ਧਰਮ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਹੈ? ਧਾਰਮਿਕ ਰਹੱਸਵਾਦੀਆਂ ਨੇ ਆਪ ਹੀ ਸਵੀਕਾਰ ਕੀਤਾ ਹੈ ਕਿ ਮਨੁੱਖ ਦੀ ਆਤਮਾ ਵਿਚ ਬ੍ਰਹਿਮੰਡ ਤੇ ਬ੍ਰਹਮ ਦੇ ਭੇਦਾਂ ਦਾ ਆਵੇਸ਼ ਸੰਭਵ ਹੈ; ਨਵੇਂ

Sri Satguru Jagjit Singh Ji eLibrary NamdhariElibrary@gmail.com

ਸਿਰਿਉਂ ਘੜੀਆਂ ਗਈਆਂ ਮਨੁੱਖੀ ਬਿਰਤੀਆਂ (ਸੁਰਤਿ, ਮਤਿ, ਮਨ, ਬੁੱਧੀ) ਅੰਤਰਬੋਧੀ ਪਹੁੰਚ ਰਾਹੀਂ ਦੈਵੀ ਗਤੀ-ਵਿਧੀਆਂ ਦੀ ਝਲਕ ਗ੍ਰਹਿਣ ਕਰ ਸਕਦੀਆਂ ਹਨ।

ਜਿਥੋਂ ਤਕ ਵਿਸ਼ਵ-ਰਚਨਾ ਦੇ ਹੋਂਦ ਵਿਚ ਆਉਣ ਦੇ ਸਮੇਂ ਦਾ ਪ੍ਰਸ਼ਨ ਹੈ, ਇਸ ਬਾਰੇ ਸਿੱਖ-ਵਿਸ਼ਵਾਸ ਚੁੱਪ-ਹੀ-ਭਲੀ ਦਾ ਹਾਮੀ ਹੈ। ਗੁਰੂ ਨਾਨਕ ਦੇਵ ਨੇ "ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ" ਕਹਿ ਕੇ ਇਸ ਸਮੱਸਿਆ ਸੰਬੰਧੀ ਅਟਕਲ ਲਾਉਣ ਦੀ ਰੁਚੀ ਨੂੰ ਠਲ੍ਹਿਆ ਹੈ। ਨਾ ਪੰਡਿਤਾਂ, ਨਾ ਕਾਜ਼ੀਆਂ, ਨਾ ਜੋਗੀਆਂ ਨੂੰ ਰਚਨਾ ਦੇ ਵੇਲੇ, ਮਿਤੀ, ਮਹੀਨੇ ਜਾਂ ਰੁਤ ਦਾ ਗਿਆਨ ਹੈ, ਚਾਹੇ ਉਹ ਇਸ ਬਾਰੇ ਜ਼ੋਰਦਾਰ ਦਾਅਵੇ ਪਏ ਕਰਨ। ਰਚਨਾ ਹੋਈ ਕਿਵੇਂ? ਇਸ ਬਾਰੇ ਸਿੱਖ-ਚਿੰਤਨ ਇਕ ਤੋਂ ਵਧੀਕ ਉੱਤਰ ਪ੍ਰਸਤੁਤ ਕਰਦਾ ਹੈ। ਜਪੁਜੀ ਵਿਚ ਆਇਆ ਹਵਾਲਾ—"ਕੀਤਾ ਪਸਾਉ ਏਕੋ ਕਵਾਉ" ਇਸ ਗੱਲ ਦਾ ਸੰਕੇਤ ਹੈ ਕਿ ਕਰਤਾ ਨੇ ਇਕ ਆਵਾਜ਼, ਇਕ ਸ਼ਬਦ ਜਾਂ ਹੁਕਮ ਕੀਤਾ, ਅਤੇ ਲੱਖਾਂ ਪਸਾਰੇ ਪਸਰ ਪਏ, ਵਿਕਾਸ-ਕ੍ਰਿਆਵਾਂ ਚਾਲੂ ਹੋ ਗਈਆਂ। ਸਾਮੀ ਧਰਮਾਂ ਦਾ ਵਿਸ਼ਵਾਸ ਵੀ ਇਸ ਕਿਸਮ ਦੇ 'ਕੁਨ' (ਹੋ ਜਾ) ਵਿਚ ਹੈ, ਜਾਂ ਅਨੰਤ ਹਨੇਰਿਆਂ ਵਿਚ ਰੱਬ ਦੀ ਉਸ ਇੱਛਾ ਵਿਚ ਕਿ 'ਚਾਨਣ ਹੋ ਜਾ' ਤੇ ਚਾਨਣ ਹੋ ਗਿਆ। ਦਸਮ-ਗ੍ਰੰਥ ਵਿਚ ਦੂਸਰੀ ਕਿਸਮ ਦੀ ਰਚਨਾ-ਵਿਧੀ ਦਾ ਸੰਕੇਤ ਪ੍ਰਾਪਤ ਹੈ—"ਜਬ ਉਦਕਰਖ ਕਰਾ ਕਰਤਾਰਾ, ਪ੍ਰਜਾ ਧਰਤ ਤਬ ਦੇਹ ਅਪਾਰਾ। ਜਬ ਆਕਰਖ ਕਰਤ ਹੋ ਕਬਹੂੰ, ਤੁਮ ਮੈ ਮਿਲਤ ਦੇਹ-ਧਰ ਸਬਹੂੰ।" ਜਗਤ-ਰਚਨਾ ਅਨੇਕ ਵਾਰੀ ਹੋਈ ਤੇ ਅਨੇਕ ਵਾਰੀ ਹੀ ਸਮਾਪਤ ਹੋਈ। ਜਗਤ-ਰਚਨਾ ਕਰਤਾਰ ਦੀ ਕ੍ਰਿਤ ਹੈ, ਉਸ ਦੀ ਖੇਡ ਹੈ, ਜਦੋਂ ਚਾਹੇ ਰਚ ਲੈਂਦਾ ਹੈ, ਜਦੋਂ ਚਾਹੇ ਸਮੇਟ ਲੈਂਦਾ ਹੈ।

ਨਾ ਕੇਵਲ ਬ੍ਰਹਿਮੰਡ ਦੇ ਆਦਿ ਬਾਰੇ ਜਾਂ ਇਸ ਦੀ ਵਰਤਮਾਨ ਹੋਂਦ ਬਾਰੇ ਸਿੱਖ ਚਿੰਤਨ ਵਿਚ ਅਨਿਸ਼ਚਿਤ ਗਿਆਨ ਦਾ ਸੰਕੇਤ ਹੈ, ਸਗੋਂ ਸਿੱਖ ਵਿਚਾਰਧਾਰਾ ਅਨੁਸਾਰ ਕਾਲ (ਸਮਾਂ) ਵੀ ਮਨੁੱਖ ਦੇ ਅਲਪ ਗਿਆਨ ਦਾ ਵਿਸ਼ਾ ਹੈ। ਕਾਲ ਦਾ ਮੁੱਢ ਕਦੋਂ ਬੱਝਾ? ਜਦੋਂ ਵਿਸ਼ਵ-ਰਚਨਾ ਹੋਈ, ਜਾਂ ਜਦੋਂ ਸਾਡੀ ਇਹ ਧਰਤੀ ਹੋਂਦ ਵਿਚ ਆਈ, ਜਾਂ ਕਿ ਜਦੋਂ ਬ੍ਰਹਮ-ਅੰਡ ਦੀ ਸਥਾਪਨਾ ਹੋਈ? ਧੁੰਧੂਕਾਰੇ ਦੇ 'ਜੁਗਾਂ' ਵਿਚ ਕਾਲ ਦੀ ਸਥਿਤੀ ਕੀ ਸੀ? ਮਨੁੱਖੀ ਬੌਧਿਕਤਾ ਤੇ ਮਨੁੱਖ ਦੀ ਭਾਸ਼ਾਈ ਸੀਮਾ 'ਜਦੋਂ' ਤੇ 'ਕਦੋਂ' ਦੀ ਉਲਝਣ ਵਿਚ ਗ੍ਰਸਿਤ ਹਨ। ਗੁਰਬਾਣੀ ਇਨ੍ਹਾਂ ਸੁਆਲਾਂ ਨਾਲ ਮੱਥਾ ਮਾਰਨ ਦੇ ਵਿਰੁੱਧ ਤਾੜਨਾ ਕਰਦੀ ਹੈ। ਆਦਿ, ਕਾਲ, ਸਦੀਵਤਾ ਦੇ ਪ੍ਰਸ਼ਨਾਂ ਬਾਰੇ ਮਨੁੱਖ ਕੇਵਲ ਕਿਆਸ ਹੀ ਲਗਾ ਸਕਦਾ ਹੈ, ਜਾਂ ਸ਼ਬਦਾਂ ਦੀ ਜਾਦੂਗਰੀ ਨਾਲ ਦੂਸਰਿਆਂ ਨੂੰ ਕੁਝ ਸਮੇਂ ਲਈ ਥੋੜ੍ਹਾ ਬਹੁਤ ਪ੍ਰਭਾਵਿਤ ਕਰ ਸਕਦਾ ਹੈ, ਪਰ ਨਿਸ਼ਚਿਤ ਗਿਆਨ ਉਸ ਦੀ ਪਹੁੰਚ ਤੋਂ ਬਾਹਰ ਹੈ।

ਬ੍ਰਹਮ ਸੰਬੰਧੀ ਇਕ ਹੋਰ ਪ੍ਰਸ਼ਨ, ਜਿਸ ਨੇ ਧਰਮ ਦੇ ਸਿਧਾਂਤਕਾਰਾਂ ਨੂੰ ਚਕ੍ਰਿਤ ਕੀਤਾ ਹੋਇਆ ਹੈ, ਇਹ ਹੈ ਕਿ ਆਤਮ-ਸਰੂਪ, ਸੂਖਮ ਤੱਤ (ਬ੍ਰਹਮ) ਕਿਵੇਂ ਭੌਤਿਕ

ਤੇ ਸਥੂਲ ਹੋਂਦ (ਬ੍ਰਹਿਮੰਡ) ਵਿਚ ਪਲਟ ਗਿਆ? ਸਿੱਖ-ਚਿੰਤਨ ਇਸ ਪ੍ਰਸ਼ਨ ਸੰਬੰਧੀ ਕਰਤਾ-ਪੁਰਖ ਦੇ ਸੰਕਲਪ ਦੀ ਓਟ ਲੈਂਦਾ ਹੈ। ਬ੍ਰਹਮ ਦੀ ਕਰਤਾਰੀ ਸ਼ਕਤੀ ਹੀ ਬ੍ਰਹਿਮੰਡ ਦਾ ਆਦਿ ਤੇ ਸੋਮਾ ਹੈ; ਉਸ ਦੀ ਰਚਨਾਤਮਕ ਸ਼ਕਤੀ ਉਸ ਨੂੰ ਪੁਰਖ ਸਰੂਪ ਵਿਚ ਵਿਚਰਨ ਤੇ ਸਿਰਜਣ ਲਈ ਉਭਾਰਦੀ ਹੈ। ਕਰਤਾ ਰੂਪ ਵਿਚ ਪਰਮ-ਸੱਤਾ ਰਚਨਹਾਰ ਵਿਧੀ ਹੈ; ਇਸ ਦਾ ਸੰਬੰਧ ਸ੍ਰਿਸ਼ਟੀ ਅਤੇ ਇਸ ਦੇ ਜੀਵ-ਜੰਤਾਂ ਨਾਲ ਹੈ। ਹਿੰਦੂ ਤ੍ਰਿਮੂਰਤੀ ਵਿਚ 'ਬ੍ਰਹਮਾ' ਕਰਤਾਰੀ ਦੇਵ ਹੈ; ਸਿੱਖ ਵਿਸ਼ਵ-ਸਿਧਾਂਤ ਅਨੁਸਾਰ ਅਣ-ਗਿਣਤ ਬ੍ਰਹਮਾ (ਕਰਤਾਰੀ ਸ਼ਕਤੀਆਂ) ਬ੍ਰਹਮ ਵਿਚ ਸਥਿਤ ਹਨ, ਅਤੇ ਨਿਰੰਤਰ ਸਿਰਜਨਾ ਕਰਦੇ ਜਾ ਰਹੇ ਹਨ। ਕਰਤਾ-ਪੁਰਖ ਇਕ ਹੈ, ਪਰ ਉਸ ਦੀਆਂ ਸ਼ਕਤੀਆਂ ਤੇ ਕੌਤਕਾਂ ਦਾ ਪਾਰਾਵਾਰ ਨਹੀਂ, ਉਸ ਵਿਚੋਂ ਉਪਜੇ ਜੀਵਾਂ, ਪਦਾਰਥਾਂ ਦਾ ਕੋਈ ਅੰਤ ਨਹੀਂ। ਇਸ ਸਾਰੀ ਅਨੇਕਤਾ ਵਿਚ ਉਸ ਦੀ ਏਕਤਾ, ਰਚਨਾ ਵਿਚ ਉਸ ਦੀ ਵਿਆਪਕਤਾ ਦਾ ਪ੍ਰਮਾਣ ਹੈ।

ਰਚਨਾਤਮਿਕਤਾ ਦੇ ਨਾਲ-ਨਾਲ ਸਿੱਖ ਦ੍ਰਿਸ਼ਟੀਕੋਣ ਅੰਤਿਮ ਸੱਤਾ ਦੇ ਕਈ ਹੋਰ ਪੱਖਾਂ ਤੇ ਸ਼ਕਤੀਆਂ ਦਾ ਵਿਸ਼ਵਾਸੀ ਹੈ, ਜੋ ਦੈਵੀ ਹਸਤੀ ਨੂੰ ਪੂਰਨਤਾ ਦਾ ਸਰੂਪ ਦੇਂਦੀਆਂ ਹਨ ਅਤੇ ਉਸ ਨੂੰ ਮਨੁੱਖੀ ਆਤਮਾ ਦੀ ਅਥਾਹ ਸ਼ਰਧਾ ਦਾ ਪਾਤਰ ਬਣਾਉਂਦੀਆਂ ਹਨ। ਗੁਰਬਾਣੀ ਵਿਚ ਈਸ਼ਵਰ ਦੀ ਸਰਬ-ਸੰਪੂਰਨ ਹਸਤੀ ਦਾ ਬਾਰ-ਬਾਰ ਜ਼ਿਕਰ ਹੋਇਆ ਹੈ। ਪੂਰਨ ਪੁਰਖ ਦੇ ਰੂਪ ਵਿਚ ਉਹ ਆਪਣੀ ਰਚਨਾ ਵਿਚ ਵਰਤਮਾਨ ਹੈ, ਅਤੇ ਆਪਣੀ ਕ੍ਰਿਤ ਨੂੰ ਵੇਖ ਕੇ ਵਿਗਸਦਾ ਮੌਲਦਾ ਹੈ, ਚਾਅ ਵਿਚ ਆਉਂਦਾ ਹੈ। ਅੰਤਿਮ ਤੇ ਸੁਤੰਤਰ ਸ਼ਕਤੀ ਦੇ ਰੂਪ ਵਿਚ ਕਰਤਾ ਜਿਵੇਂ ਚਾਹੁੰਦਾ ਹੈ, ਰਚਨਾ ਕਰਦਾ ਹੈ। ਆਪਣੀ ਸੁਤੰਤਰਤਾ ਵਿਚ ਉਹ ਅਨੰਦ-ਸਰੂਪ ਹੈ, ਨਿਰਭਉ ਹੈ, ਜਿਸ ਦੇ ਉਪਰ ਕਿਸੇ ਹੋਰ ਸ਼ਕਤੀ ਦਾ ਭਉ ਜਾਂ ਅਧਿਕਾਰ ਨਹੀਂ। ਸਦੀਵ ਖੇੜੇ ਦੀ ਸਥਿਤੀ ਵਿਚ, ਉਸ ਦੀ ਕਰਤਾਰੀ ਸ਼ਕਤੀ ਕੁਦਰਤ ਦੀ ਸਾਜਨਾ ਕਰਦੀ ਹੈ; ਕਾਦਰ ਆਪਣੀ ਰਚਨਾ ਨੂੰ ਆਪਣੀ ਰਜ਼ਾ ਵਿਚ ਚਲਾਉਂਦਾ ਹੈ; ਕੁਦਰਤ ਵਿਚ ਉਸੇ ਦਾ ਹੁਕਮ ਵਿਆਪਕ ਤੇ ਵਿਦਮਾਨ ਹੈ।

## ਸਿੱਖ-ਚਿੰਤਨ ਦਾ ਹੁਕਮੀ/ਵਿਧਾਤਾ

ਸਿੱਖ ਅਧਿਆਤਮਿਕਤਾ ਦੇ ਕੇਂਦਰੀ ਸੰਕਲਪਾਂ ਵਿਚ ਦੈਵੀ 'ਹੁਕਮ' ਦਾ ਸਥਾਨ ਦਾਰਸ਼ਨਿਕ ਦ੍ਰਿਸ਼ਟੀ ਤੋਂ, 'ਅਕਾਲ' ਅਤੇ 'ਕਰਤਾ' ਦੇ ਐਣ ਮਗਰੋਂ ਆਉਂਦਾ ਹੈ। ਹੁਕਮ ਅਤੇ ਹੁਕਮੀ ਦਾ ਸੰਬੰਧ ਵਿਸ਼ਵ-ਰਚਨਾ ਵਿਚ ਵਰਤ ਰਹੀ ਨਿਯਮਿਤ ਜਗਤ ਅਤੇ ਇਸ ਦੇ ਸਰੋਤ ਨਾਲ ਹੈ। ਜੋ ਕੁਦਰਤੀ ਕਾਨੂੰਨ ਜਾਂ ਵਿਸ਼ਵ-ਪ੍ਰਣਾਲੀ ਜਗਤ-ਪਰਪੰਚ ਨੂੰ ਨਿਯਮਿਤ ਵਿਧੀ ਵਿਚ ਚਲਾਉਂਦੀ ਹੈ, ਉਸ ਦਾ ਦੈਵੀ ਸਰੋਤ ਸਰਬ-ਸ਼ਕਤੀਮਾਨ ਪੁਰਖ ਹੈ, ਜੋ ਰਚਨਾ ਦਾ ਸਿਰਜਕ ਵੀ ਹੈ, ਵਿਧਾਤਾ ਵੀ। ਮੂਲ-ਮੰਤਰ ਅਤੇ ਬਾਣੀ ਦੇ ਹੋਰ ਪ੍ਰਕਰਣਾਂ ਵਿਚ ਆਇਆ ਸੰਕੇਤ 'ੳਅੰਕਾਰ' ਉਤਪਤੀ ਤੇ ਸੁਰੱਖਿਆ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਦੇਣ ਵਾਲੀ ਸ਼ਕਤੀ ਦਾ ਪ੍ਰਤੀਕ ਹੈ। ਕਰਤਾ ਸਰੂਪ ਵਿਚ ਉਹ ਭੰਡਾਰੀ ਹੈ, ਰਿਜ਼ਕ ਦੇਣ ਵਾਲਾ ਬਿਸ਼ੰਬਰ, ਅਤੇ ਸੁਰੱਖਿਆ-ਪ੍ਰਦਾਤਾ ਹੈ। ਉਸ ਦਾ ਹੁਕਮ ਸੰਸਾਰ ਵਿਚ ਵਰਤ ਰਿਹਾ ਹੈ; ਨੇਮ-ਬੱਧ ਕਾਇਨਾਤ ਦੀ ਸਮੁੱਚੀ ਵਿਕਾਸ-ਕ੍ਰਿਆ, ਰਿਤ ਤੇ ਵ੍ਰਤ, ਭਉ ਤੇ ਸੰਜਮ ਸਭ ਉਸ ਦੀ ਇੱਛਾ ਤੇ ਭਾਣੇ ਵਿਚ ਕਾਰਜ ਕਰ ਰਹੇ ਹਨ। ਉਸ ਦੇ ਸਿਰਜੇ ਹੋਏ ਜੀਵ-ਜੰਤਾਂ ਲਈ ਹੁਕਮੀ ਦੀ ਰਜ਼ਾ ਵਿਚ ਰਹਿਣ ਤੋਂ ਸਿਵਾ ਕੋਈ ਚਾਰਾ ਨਹੀਂ। ਜਪੁਜੀ ਵਿਚ ਗੁਰੂ ਨਾਨਕ ਦੇਵ ਨੇ ਸਪੱਸ਼ਟ ਕਰ ਦਿੱਤਾ ਹੈ—"ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ। ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ।"

ਦੈਵੀ ਹੁਕਮ ਦਾ ਇਕ ਭਾਵ ਇਹ ਹੈ ਕਿ ਕੁਦਰਤੀ ਨੇਮਾਂ ਦੇ ਰੂਪ ਵਿਚ ਮਨੁੱਖ ਜਿਸ 'ਸਚਾਈ' ਨੂੰ ਖੋਜਦਾ ਤੇ ਇਸ ਦੀਆਂ ਲੱਭਤਾਂ ਨੂੰ ਲੱਭਦਾ ਹੈ, ਉਹ ਹੁਕਮੀ ਦਾ 'ਹੁਕਮ' ਹੀ ਹੈ। ਵਿਗਿਆਨੀ ਇਸ ਪ੍ਰਕਿਰਤਿਕ ਸਚਾਈ ਨੂੰ ਭੌਤਿਕੀ-ਰਸਾਇਣਿਕ, ਜੀਵ-ਵਿਗਿਆਨਕ, ਮਾਨਸਿਕ ਤੇ ਸਮਾਜਕ ਆਦਿਕ ਕਈ ਪੱਧਰਾਂ ਉੱਤੇ ਦੇਖਦੇ ਭਾਲਦੇ ਤੇ ਪਰਖਦੇ ਹਨ; ਹਰ ਪੱਧਰ ਉੱਤੇ ਉਨ੍ਹਾਂ ਨੂੰ ਕਿਸੇ ਨਿਯਮਿਤ, ਨਿਸ਼ਚਿਤ ਵਿਧੀ ਜਾਂ ਸਿਲਸਿਲੇ ਦਾ ਅਨੁਭਵ ਹੁੰਦਾ ਹੈ। ਜੋ ਕੁਝ ਵਾਸਤਵਿਕ ਹੈ, ਉਹ ਨਿਸ਼ਚਿਤ ਹੈ, ਨੇਮ-ਬੱਧ ਹੈ, ਹੁਕਮ ਦੀ ਕਾਰ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਨਿਪਟ ਅਨਿਸ਼ਚਿਤਤਾ ਕੋਈ ਸ਼ੈ ਨਹੀਂ। ਪ੍ਰਸ਼ਨ ਕੇਵਲ ਇਹ ਹੈ ਕਿ ਜੋ ਨੇਮਬੱਧਤਾ ਵਿਸ਼ਵ-ਰਚਨਾ ਵਿਚ ਵਿਆਪਕ ਹੈ, ਉਸ ਦੀ ਚਾਲਕ ਸ਼ਕਤੀ ਦੈਵੀ ਹੈ, ਜਾਂ ਕਿ ਇਹ ਸਵੈ-ਚਾਲਕ ਪ੍ਰਬੰਧ ਹੈ? ਵਿਗਿਆਨ ਇਸ ਸੰਬੰਧ ਵਿਚ ਆਪਣੀ ਸੀਮਾ ਤੋਂ ਪਾਰ ਨਹੀਂ ਜਾਂਦਾ ਅਤੇ ਦੈਵੀ ਹਸਤੀ, ਈਸ਼ਵਰ ਜਾਂ ਵਿਧਾਤਾ ਬਾਰੇ ਕਿਆਸਕਾਰੀ ਨਹੀਂ ਕਰਦਾ। ਇਹ ਕਾਰਜ ਦਾਰਸ਼ਨਿਕ ਅਤੇ ਧਰਮ-ਚਿੰਤਕ ਦੇ ਖੇਤਰ ਵਿਚ ਸ਼ਾਮਿਲ ਹੈ। ਇਹੋ ਕਾਰਨ ਹੈ ਕਿ ਦੈਵੀ ਹਸਤੀ, ਦੈਵੀ ਹੁਕਮ ਜਾਂ ਦੈਵੀ ਪ੍ਰਯੋਜਨ ਜਿਹੇ ਮਸਲੇ ਸਾਇੰਸ ਦੇ ਮਸਲੇ ਨਹੀਂ ਬਣਦੇ, ਜਦ ਕਿ ਫ਼ਲਸਫਾ ਅਤੇ ਧਰਮ ਇਨ੍ਹਾਂ ਸਮੱਸਿਆਵਾਂ ਨਾਲ ਨਿਪਟਣ ਤੋਂ ਸੰਕੋਚ ਨਹੀਂ ਕਰਦੇ। ਇਹ ਗੱਲ ਵੱਖਰੀ ਹੈ ਕਿ ਆਈਨਸਟਾਈਨ ਜਿਹੇ ਉੱਚ-ਪ੍ਰਤਿਭਾਵਾਨ ਵਿਗਿਆਨੀ ਵਿਸ਼ਵ ਦੀ ਰਹੱਸਮਈ ਵਿਧੀ ਅੱਗੇ ਧਰਮਭਾਵੀ ਬਿਰਤੀ ਅਤੇ ਅਦਬ-ਭਰੀ ਪਹੁੰਚ ਅਪਨਾਉਣ ਦੇ ਹਾਮੀ ਹਨ, ਚਾਹੇ ਉਹ ਪਰੰਪਰਾਗਤ ਅਰਥਾਂ ਵਿਚ 'ਰੱਬ' ਨੂੰ ਆਪਣੇ ਚਿੰਤਨ ਦਾ ਭਾਗੀਦਾਰ ਨਾ ਹੀ ਬਣਾਉਣ।

ਬ੍ਰਹਿਮੰਡ ਦੇ ਰਹੱਸ ਤੇ ਗੁਹਜਾਂ ਸੰਬੰਧੀ ਸਿੱਖ ਮਤ ਦਾ ਰਵੱਈਆ ਵਿਸ਼ਵਾਸ ਤੇ ਸ਼ਰਧਾ ਵਾਲਾ ਹੈ। ਇਸ ਵਿਚ ਉਚੇਰੇ ਗਿਆਨ ਦੇ ਦਾਅਵਿਆਂ ਦੀ, ਜਾਂ ਸ਼ੰਕਾਵਾਦੀ ਬਿਰਤੀ ਦੀ ਅਹਿਮੀਅਤ ਨਹੀਂ, ਸਗੋਂ ਵਿਸ਼ੇਸ਼ਤਾ ਵਿਸਮਾਦ ਨੂੰ ਦਿੱਤੀ ਗਈ ਹੈ; ਰਚਨਾ ਦੇ ਵਿਡਾਣ ਨੂੰ ਅਸਚਰਜਤਾ ਨਾਲ ਨਿਹਾਰਨ ਦੀ, ਵਾਹਵਾ ਕਰ ਉਠਣ ਦੀ ਬਿਰਤੀ ਨੂੰ ਸਲਾਹਿਆ ਗਿਆ ਹੈ। ਕਿਤਾਬੀ ਗਿਆਨ ਦੇ ਘਮੰਡ ਨੂੰ ਹਉਮੈਂ ਦੀ ਝਖਣਾ-ਝਾਖ ਕਹਿ ਕੇ ਛੁਟਿਆਇਆ ਹੈ। ਤਾਰਿਕਾ ਮੰਡਲ, ਧਰਤੀ, ਤੇ ਇਸ ਦੇ ਪੌਣ, ਪਾਣੀ,

Sri Satguru Jagjit Singh Ji eLibrary NamdhariElibrary@gmail.com

ਅਗਨੀ ਸਭ ਹੁਕਮ ਦੀ ਖੇਡ ਖੇਡ ਰਹੇ ਹਨ; ਹੁਕਮੀ ਨੇ ਸਾਰੇ ਤੱਤਾਂ, ਕ੍ਰਿਆਵਾਂ, ਖੰਡਾਂ, ਮੰਡਲਾਂ ਨੂੰ ਨੇਮਬੱਧ ਕੀਤਾ ਹੋਇਆ ਹੈ। ਦੈਵੀ ਹੁਕਮਾਂ ਦੁਆਰਾ ਨਿਰਧਾਰਿਤ ਨੇਮਬੱਧਤਾ ਸਿੱਖ ਵਿਸ਼ਵ-ਸਿਧਾਂਤ ਦੀ ਬੁਨਿਆਦੀ ਧਾਰਨਾ ਹੈ। ਜਿੱਥੋਂ ਤਕ ਜਗਤ-ਰਚਨਾ ਦੇ ਪ੍ਰਯੋਜਨ ਦਾ ਸੰਬੰਧ ਹੈ, ਸਥਿਤੀ ਏਨੀ ਸਰਲ ਨਹੀਂ, ਕਿਉਂਕਿ ਕਾਇਨਾਤ ਦੀ ਉਤਪਤੀ ਤੇ ਸਥਾਪਨਾ ਦਾ ਜੇਕਰ ਕੋਈ ਮਨੋਰਥ ਹੈ, ਤਾਂ ਉਹ ਮਨੁੱਖ-ਮਾਤਰ ਦੇ ਸਿੱਧੇ ਅਨੁਭਵ ਵਿਚ ਆਉਣ ਵਾਲਾ ਤੱਥ ਨਹੀਂ। ਨੇਮਬੱਧਤਾ ਦਾ ਅਨੁਭਵ ਸਾਧਾਰਨ ਸੂਝ ਰਾਹੀਂ ਸੰਭਵ ਹੋ ਜਾਂਦਾ ਹੈ, ਪਰੰਤੂ ਮਨੋਰਥ ਦਾ ਪ੍ਰਤੱਖ ਅਨੁਭਵ ਸੰਭਵ ਨਹੀਂ। ਇਸ ਬਾਰੇ ਕਿਆਸ ਜਾਂ ਵਿਸ਼ਵਾਸ ਦੀ ਓਟ ਲੈਣੀ ਪੈਂਦੀ ਹੈ। ਸਿੱਖ ਚਿੰਤਨ ਫ਼ਿਲਾਸਫ਼ਰਾਂ ਵਾਲੀ ਕਿਆਸਕਾਰੀ ਦੀ ਥਾਂ, ਇਸ ਸਮੱਸਿਆ ਸੰਬੰਧੀ, ਕੇਵਲ ਵਿਸ਼ਵਾਸ ਦਾ ਰਵੱਈਆ ਧਾਰਨ ਕਰਦਾ ਹੈ। ਇਸ ਦਾ ਮਤ ਹੈ ਕਿ ਕੁਦਰਤ ਦੀ ਸਿਰਜਨਾ ਕਿਸੇ ਵਿਸ਼ੇਸ਼ ਪ੍ਰਯੋਜਨ ਹਿਤ ਕੀਤੀ ਗਈ ਹੈ, ਚਾਹੇ ਇਸ ਦਾ ਪੂਰਨ ਗਿਆਨ ਕੇਵਲ ਸਿਰਜਕ ਨੂੰ ਹੀ ਹੈ।

ਅਰੱਸਤੂ ਦੇ ਸਮੇਂ ਤੋਂ ਲੈ ਕੇ ਦਾਰਸ਼ਨਿਕ ਹਰ ਵਸਤੂ ਦੇ 'ਅੰਤਿਮ ਕਾਰਨ' ਜਾਂ ਮਨੋਰਥ ਦੀ ਗੱਲ ਕਰਦੇ ਆਏ ਹਨ। ਸੱਜਰੇ ਦਹਾਕਿਆਂ ਵਿਚ ਚਿੰਤਕਾਂ ਨੇ ਇਸ ਕਿਸਮ ਦੇ ਮਕੈਨਕੀ ਕਾਰਨ ਦੀ ਥਾਂ ਕਿਸੇ ਰਚਨਾਤਮਕ ਕਾਰਨ ਦੀ ਸਥਾਪਨਾ ਕੀਤੀ ਹੈ, ਜਿਸ ਵਿਚ 'ਕਾਰਨ' ਤੇ 'ਕਾਰਜ' ਦਾ ਪਰਸਪਰ ਸੰਬੰਧ ਅਗੇਤਰੀ ਸਥਿਤੀਆਂ ਤੋਂ ਉਤਪੰਨ ਪਿਛੇਤਰੀ ਸਥਿਤੀ ਵਾਲਾ ਨਹੀਂ, ਸਗੋਂ ਕਿਸੇ ਸ਼ੈ ਜਾਂ ਤੱਥ ਦੀ ਬਣਤਰ ਭਵਿੱਖ-ਮੁਖੀ ਸੰਭਾਵਨਾਵਾਂ ਉੱਤੇ ਨਿਰਭਰ ਕਰਦੀ ਹੈ। ਜਗਤ-ਪਰਪੰਚ ਕਿਸੇ ਅੰਤਿਮ ਉਦੇਸ਼ ਵੱਲ ਵਧ ਰਿਹਾ ਹੈ, ਅਤੇ ਇਸ ਦਿਸ਼ਾ ਵਿਚ ਵਧਦਿਆਂ ਉਸ ਦਾ ਹਰ ਪਲ ਨਵ-ਨਿਰਮਾਣ ਹੋ ਰਿਹਾ ਹੈ। ਸਿੱਖ-ਸਿਧਾਂਤ ਨੂੰ ਵਿਸ਼ਵਮਈ ਪ੍ਰਯੋਜਨ ਦਾ ਅਜਿਹਾ ਦ੍ਰਿਸ਼ਟੀਕੋਣ ਪਰਵਾਨ ਹੈ, ਕਿਉਂਕਿ ਇਸ ਵਿਚ ਕਰਤਾਰੀ ਸ਼ਕਤੀ ਰਾਹੀਂ ਨਿਰੰਤਰ ਰਚਨਾਕਾਰੀ ਦੀ ਗੱਲ ਕੀਤੀ ਗਈ ਹੈ, ਇੱਥੋਂ ਤਕ ਕਿ ਰਚਨਹਾਰ ਆਪ ਵੀ ਨਿੱਤ-ਨਵੇਂ ਰੂਪ ਵਿਚ ਵਿਅਕਤ ਹੁੰਦਾ ਹੈ—"ਸਾਹਿਬੁ ਮੇਰਾ ਨੀਤ ਨਵਾਂ, ਸਦਾ ਸਦਾ ਦਾਤਾਰੁ।" ਸਮਕਾਲੀ ਦਾਰਸ਼ਨਿਕ ਵ੍ਹਾਈਟਹੈੱਡ ਦਾ ਵਿਚਾਰ, ਕਿ ਸਾਡੀ ਦੁਨੀਆਂ ਨਵੀਨਤਾ ਦੀ ਸੇਧ ਵਿਚ ਰਚਨਾਤਮਕ ਉੱਨਤੀ ਕਰ ਰਹੀ ਹੈ, ਸਿੱਖ-ਵਿਸ਼ਵਾਸ ਦੀ ਪੁਸ਼ਟੀ ਕਰਦਾ ਹੈ।

ਸਿੱਖ-ਮਤ ਵਿਚ ਈਸ਼ਵਰ ਦਾ ਹੁਕਮੀ ਪੱਖ ਖ਼ੁਦਮੁਖ਼ਤਾਰ, ਅਧਿਕਾਰ-ਸੰਪੰਨ ਦੈਵੀ ਪੁਰਖ ਦਾ ਪੱਖ ਹੈ, ਜੋ ਜਗਤ-ਰਚਨਾ ਦੀ ਨੇਮ-ਬੱਧਤਾ, ਨਵੀਨਤਾ ਅਤੇ ਪ੍ਰਯੋਜਨ ਦਾ ਮੂਲ-ਸਰੋਤ ਹੈ, ਅਤੇ ਇਸ ਦਾ ਵਿਧਾਤਾ ਤੇ ਭੰਡਾਰੀ ਹੈ। ਉਸ ਦੀ ਸੁਤੰਤਰ ਅਨੰਦ-ਸਰੂਪ ਹਸਤੀ ਜਗਤ ਦੀ 'ਲੀਲ੍ਹਾ' ਨੂੰ ਆਪਣੀ ਮੌਜ ਤੇ ਮਰਜ਼ੀ ਅਨੁਸਾਰ ਚਲਾ ਰਹੀ ਹੈ। ਉਹ ਇਸ ਦਾ ਨਿਰਮਾਣ ਤੇ ਨਵ-ਨਿਰਮਾਣ ਕਰਦਾ ਰਹਿੰਦਾ ਹੈ। ਜਗਤ ਦੇ ਸਾਰੇ ਕਾਰ-ਵਿਹਾਰ ਤੇ ਧੰਦੇ, ਜੀਵਨ ਤੇ ਮੌਤ, ਉਪਜ ਤੇ ਖਪਤ, ਨੇਕੀ ਤੇ ਬਦੀ ਉਸ ਦੀ ਸੁਤੰਤਰ ਮਰਜ਼ੀ ਤੇ ਚੋਣ ਅਨੁਸਾਰ ਕਾਰਜ ਕਰਦੇ ਹਨ। ਦੁਨੀਆਂ ਵਿਚ ਬੁਰਾਈ ਤੇ

Sri Satguru Jagjit Singh Ji eLibrary NamdhariElibrary@gmail.com

ਦੁਖ-ਸੰਤਾਪ ਕਿਉਂ ਹਨ? ਇਹ ਮਨੁੱਖੀ ਪੱਧਰ ਦਾ ਪ੍ਰਸ਼ਨ ਹੈ। ਕੀ ਪਤਾ ਵਿਧਾਤਾ ਦਾ ਕੋਈ ਰਹੱਸਮਈ ਉਦੇਸ਼ ਇਸ ਸਥਿਤੀ ਰਾਹੀਂ ਸੰਪੰਨ ਹੁੰਦਾ ਹੋਵੇ, ਜਾਂ ਕਿਸੇ ਉਚੇਰੀ, ਅਧਿਆਤਮਿਕ ਦ੍ਰਿਸ਼ਟੀ ਤੋਂ ਮਨੁੱਖੀ ਅਨੁਭਵ ਵਿਚ ਆਉਣ ਵਾਲੀ ਬੁਰਾਈ ਤੇ ਦੁੱਖ-ਕਲੇਸ਼ ਦੈਵੀ ਪੱਧਰ ਉੱਤੇ ਨਾ ਨੇਕੀ-ਬਦੀ, ਨਾ ਸੁਖ-ਦੁੱਖ ਦੇ ਘੇਰੇ ਵਿਚ ਆਉਂਦੇ ਹੋਣ, ਜਿਵੇਂ ਕਿ ਜਪੁਜੀ ਵਿਚ ਆਇਆ ਹੈ—"ਇਕਨਾ ਦੂਖ ਭੂਖ ਸਦ ਮਾਰ, ਏਹ ਭਿ ਦਾਤ ਤੇਰੀ ਦਾਤਾਰੁ।"

## ਸਿੱਖ-ਚਿੰਤਨ ਦਾ ਅੰਤਰਯਾਮੀ

ਹੱਥਲੇ ਅਧਿਐਨ ਅਨੁਸਾਰ, ਸਿੱਖ-ਚਿੰਤਨ ਵਿਚ ਰੱਬਤਾ ਦਾ ਚੌਥਾ ਪੱਖ ਈਸ਼ਵਰ ਦਾ ਸਰਬ-ਗਿਆਤਾ, ਅੰਤਰਯਾਮੀ ਸਰੂਪ ਹੈ। ਉਸ ਦੀ ਸਰਬੱਗਤਾ ਤੋਂ ਭਾਵ ਹੈ ਕਿ ਸਭ ਕੁਝ ਈਸ਼ਵਰ ਦੇ ਰੂ-ਬਰੂ ਹੈ; ਉਹ ਆਦਿ ਕਾਲ ਤੋਂ ਸਭ ਕੁਝ ਜਾਣਦਾ ਹੈ; ਉਸ ਦੀ ਦ੍ਰਿਸ਼ਟੀ ਤੋਂ ਕੁਝ ਵੀ ਛੁਪਿਆ ਹੋਇਆ ਨਹੀਂ। ਦੂਸਰੇ ਸ਼ਬਦਾਂ ਵਿਚ, ਸਰਬੱਗਤਾ ਈਸ਼ਵਰ ਦੇ ਅੰਤ੍ਰੀਵੀ ਤੱਤ ਦਾ ਹਿੱਸਾ ਹੈ। ਭਾਰਤੀ ਪਰੰਪਰਾ ਵਿਚ ਪਰਮਾਤਮਾ ਨੂੰ 'ਅੰਤਰਯਾਮੀ' ਕਹਿ ਕੇ ਸੰਬੋਧਨ ਕੀਤਾ ਗਿਆ ਹੈ; ਇਹ ਨਾਮ ਗੁਰਬਾਣੀ ਨੇ ਵੀ ਅਪਨਾਇਆ ਹੈ, ਅਤੇ ਰੱਬ ਨੂੰ ਘਟਿ-ਘਟਿ (ਹਰ ਹਿਰਦੇ) ਦੇ ਜਾਣਨ ਵਾਲਾ ਦਰਸਾਇਆ ਹੈ। ਮਨੁੱਖੀ ਮਨ ਵਿਚ ਜੋ ਕੁਝ ਵੀ ਵਾਪਰਦਾ ਹੈ, ਉਸ ਦਾ ਪੂਰਾ ਗਿਆਨ ਸਰਬ-ਗਿਆਤਾ ਨੂੰ ਹੈ। ਇਹ ਦੈਵੀ ਪੁਰਖ ਦੀ 'ਮਾਨਸਿਕਤਾ' (ਚਿਤ) ਦਾ ਪੱਖ ਹੈ, ਜੋ ਉਸ ਨੂੰ 'ਪੁਰਖ' ਦਾ ਸਰੂਪ ਦੇਂਦਾ ਹੈ। ਚੇਤਨਾ ਤੋਂ ਬਿਨਾਂ ਕੋਈ ਵਸਤੂ ਪੁਰਖ-ਪਦ ਜਾਂ ਸ਼ਖ਼ਸੀਅਤ ਨੂੰ ਪ੍ਰਾਪਤ ਨਹੀਂ ਹੁੰਦੀ। ਗੁਰਬਾਣੀ ਨੇ ਪਾਰਬ੍ਰਹਮ ਨੂੰ ਅਫੁਰ ਤੋਂ ਸਫੁਰ ਸਰੂਪ ਵਿਚ ਪ੍ਰਸਤੁਤ ਕਰਦਿਆਂ, ਫੁਰਨਾ (ਸਫੁਰਤਾ) ਨੂੰ ਮਾਪ-ਦੰਡ ਮੰਨਿਆ ਹੈ, ਜਿਸ ਅਨੁਸਾਰ ਅਫੁਰ-ਬ੍ਰਹਮ ਸਫੁਰ-ਪ੍ਰਭੂ ਦਾ ਰੂਪ ਧਾਰਨ ਕਰਦਾ ਹੈ, ਅਤੇ ਇੰਜ ਰਚਨਾ ਦਾ ਕਰਤਾ, ਇਸ ਦੇ ਵਿਧਾਨ ਦਾ ਹੁਕਮੀ, ਇਸ ਦਾ ਜਾਣਨਹਾਰ ਤੇ ਪ੍ਰਿਤਪਾਲਕ ਹੋ ਨਿਬੜਦਾ ਹੈ।

ਸਰਬ-ਗਿਆਤਾ ਪੁਰਖ ਵਿਚ ਚੇਤਨਾ, ਜਾਂ ਚਿਤ, ਇਕ ਗੁਣ ਦੇ ਰੂਪ ਵਿਚ ਮੌਜੂਦ ਨਹੀਂ, ਸਗੋਂ ਸਤ-ਚਿਤ-ਆਨੰਦ ਸਰੂਪ ਵਿਚ ਉਹ ਆਪ ਹੀ ਚਿਤ ਹੈ, ਆਪ ਹੀ ਆਨੰਦ ਹੈ। ਦੂਸਰੇ ਸ਼ਬਦਾਂ ਵਿਚ, ਦੈਵੀ ਹਸਤੀ ਸਾਡੇ ਕੁੱਲ ਗਿਆਨ-ਵਿਗਿਆਨ, ਸੋਚ-ਵਿਚਾਰ, ਬੁੱਧੀ ਤੇ ਚੇਤਨਾ ਦੀ ਅੰਤਿਮ ਕਸਵੱਟੀ ਤੇ ਮਿਆਰ ਹੈ। ਉਸ ਦੀ ਜੋਤ ਸਭ ਜੀਵਾਂ ਨੂੰ ਜੋਤੀ ਦੇ ਰਹੀ ਹੈ, "ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।" ਮਨੁੱਖੀ ਚੇਤਨਾ ਦੈਵੀ ਪ੍ਰਕਾਸ਼ ਵਿਚੋਂ ਪ੍ਰਾਪਤ ਹੋਈ ਚਿਣਗ-ਮਾਤਰ ਹੈ। ਗੁਰਬਾਣੀ ਨੇ ਚਾਨਣ-ਪ੍ਰਦਾਤਾ ਪੁਰਖ ਨੂੰ 'ਗੁਰ' ਤੇ 'ਗੁਰੂ' ਕਹਿ ਕੇ ਸੰਬੋਧਨ ਕੀਤਾ ਹੈ। ਮਨੁੱਖ ਦੀ ਬੌਧਿਕਤਾ ਦਾ ਮੂਲ-ਸਰੋਤ ਦੈਵੀ ਪ੍ਰਕਾਸ਼ ਹੋਣ ਕਾਰਨ, ਉਸ ਦੇ ਸੰਸਾਰ ਵਿਚ ਕੋਈ ਨੇਮ, ਸਿਲਸਿਲਾ ਜਾਂ ਸੰਜਮ ਵਰਤ ਰਿਹਾ ਜਾਪਦਾ ਹੈ। ਜੇਕਰ ਬੌਧਿਕ ਨਿਯਮ ਦਾ ਅਭਾਵ ਹੁੰਦਾ ਤਾਂ ਇਹ ਦੁਨੀਆਂ ਕਿਸੇ ਨਜ਼ਾਮ ਵਿਚ ਬੱਧੀ ਕਾਰਜ ਨਾ ਕਰਦੀ, ਕੋਈ ਵਿਕਾਸ ਸੰਭਵ ਨਾ ਹੁੰਦਾ;

Sri Satguru Jagjit Singh Ji eLibrary NamdhariElibrary@gmail.com

ਗੜਬੜੀ ਦੀ ਅਨੇਮੀ ਅਵਸਥਾ ਰਾਇਜ ਹੁੰਦੀ। ਜਿਹੜੇ ਚਿੰਤਕ ਮਨੁੱਖੀ ਸੰਸਾਰ ਨੂੰ ਵਿਵੇਕਹੀਣ ਜਾਂ ਐਬਸਰਡ ਕਹਿੰਦੇ ਹਨ, ਉਨ੍ਹਾਂ ਲਈ ਸੰਸਾਰ ਵਿਚ ਕੋਈ ਰੱਬ ਮੌਜੂਦ ਨਹੀਂ ਜੋ ਇਸ ਨੂੰ ਵਿਵੇਕਸ਼ੀਲਤਾ ਪ੍ਰਦਾਨ ਕਰੇ।

ਰੱਬ ਦੀ ਸਰਬੱਗਤਾ ਜਾਂ ਪੂਰਨ ਗਿਆਨ ਤੋਂ ਇਹ ਭਾਵ ਨਹੀਂ ਕਿ ਉਹ ਕੇਵਲ ਆਪਣੀ ਰਚਨਾ ਦੇ ਜੀਵ-ਜੰਤਾਂ ਦਾ ਹੀ ਗਿਆਤਾ ਹੈ। ਗੁਰਬਾਣੀ ਅਨੁਸਾਰ ਉਹ ਆਪਣੇ ਆਪ ਦਾ ਗਿਆਤਾ ਵੀ ਹੈ। ਤੇਰੀਆ ਤੂੰਹੈਂ ਜਾਣੇ!—ਇਸ ਤੋਂ ਭਾਵ ਹੈ ਕਿ ਮਨੁੱਖ ਨੂੰ ਸਮਝਣਾ ਦੁਸ਼ਵਾਰ ਹੈ; ਉਹ ਆਪ ਹੀ ਜਾਣਦਾ ਹੈ ਉਸ ਦੀ ਨੀਤ ਕੀ ਹੈ, ਉਸ ਦੀ ਜੁਗਤ ਕੀ ਹੈ। ਮਨੁੱਖ ਨੂੰ ਅੰਤਰਬੋਧੀ ਅਵਸਥਾ ਵਿਚ ਕਦੀ ਕਦੀ ਦੈਵੀ ਚੇਤਨਾ ਦੀ ਝਲਕ ਜ਼ਰੂਰ ਮਿਲਦੀ ਹੈ, ਅਤੇ ਉਹ 'ਅਰਥ' ਨੂੰ ਕਥਨ ਦਾ ਜਤਨ ਕਰਦਾ ਹੈ। ਸਮੁੱਚੇ ਰੂਪ ਵਿਚ, ਗੁਰਬਾਣੀ ਨੇ ਮਨੁੱਖ ਨੂੰ ਅਲਪੱਗ (ਅਲਪ ਤੇ ਸੀਮਿਤ ਗਿਆਨ ਵਾਲਾ) ਅਤੇ ਪ੍ਰਭੂ ਨੂੰ ਸਰਬੱਗ ਕਿਹਾ ਹੈ। ਅਲਪੱਗ ਜੀਵ ਦੀ ਏਨੀ ਸਮਰੱਥਾ ਨਹੀਂ ਕਿ ਉਹ ਆਪਣੀ ਬੁੱਧ-ਬਲ ਤੇ ਭਾਸ਼ਾਈ ਯੋਗਤਾ ਦੇ ਆਧਾਰ ਉੱਤੇ ਕਥਨੋਂ ਬਾਹਰੇ ਸੱਚ ਦੀ ਪੂਰੀ ਸੂਝ ਪ੍ਰਾਪਤ ਕਰ ਲਵੇ ਤੇ ਉਸ ਨੂੰ ਆਪਣੇ ਸ਼ਬਦਾਂ ਵਿਚ ਕਥਨ ਕਰ ਸਕੇ। ਇਸੇ ਲਈ ਪਰੰਪਰਾ ਨੇ ਪਰਮ ਸੱਤਾ ਨੂੰ ਅਕਥ, ਅਕਥਨੀ ਤੇ ਅਨਿਰਵਚਨੀ ਕਿਹਾ ਹੈ। ਜੋ ਅਨੰਤ ਹੈ, ਉਸ ਦਾ ਅੰਤ ਜਾਂ ਪਾਰਾਵਾਰ ਕਿਸੇ ਅੰਤਸ਼ੀਲ ਪ੍ਰਾਣੀ ਲਈ ਸੰਭਵ ਨਹੀਂ।

ਸਰਬੱਗਤਾ ਦੇ ਵਿਚਾਰ ਵਿਚੋਂ ਇਕ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਰਬੱਗ ਤੇ ਅਲਪੱਗ ਦਾ, ਪ੍ਰਭੂ ਤੇ ਜੀਵ ਦਾ ਪਰਸਪਰ ਸੰਬੰਧ ਕੈਸਾ ਹੈ? ਮਨੁੱਖੀ ਮਨ ਵਿਚ ਪ੍ਰਭੂ ਲਈ ਜੋ ਪ੍ਰੀਤ ਤੇ ਸ਼ਰਧਾ ਹੈ, ਉਸ ਦੀ ਕੀ ਖ਼ਾਸੀਅਤ ਹੈ? ਦੈਵੀ ਹਸਤੀ ਸੰਬੰਧੀ ਮਨੁੱਖੀ ਗਿਆਨ ਦਾ ਆਧਾਰ ਵਿਵੇਕਸ਼ੀਲਤਾ ਤੇ ਵਿਸ਼ਵਾਸ ਦੋ ਕਿਸਮ ਦਾ ਹੋ ਸਕਦਾ ਹੈ। ਧਰਮ ਦੇ ਚਿੰਤਕਾਂ ਨੇ ਇਨ੍ਹਾਂ ਵਿਚੋਂ ਵਿਸ਼ਵਾਸ ਤੇ ਸ਼ਰਧਾ ਦੇ ਆਧਾਰ ਨੂੰ ਪਹਿਲ ਦਿੱਤੀ ਹੈ। ਵਿਵੇਕ ਰਾਹੀਂ ਬ੍ਰਹਿਮੰਡ ਦੀ ਅਤੇ ਵਿਸ਼ਵਾਸ ਰਾਹੀਂ ਬ੍ਰਹਮ ਦੀ ਖੋਜ ਨੂੰ ਵਧੇਰੇ ਸਾਰਥਿਕ ਮੰਨਿਆ ਗਿਆ ਹੈ। ਪੂਰਨ ਵਿਸ਼ਵਾਸ ਦੀ ਅਵਸਥਾ ਵਿਚ ਕੋਈ ਸ਼ੰਕਾ, ਸੰਸਾ ਬਾਕੀ ਨਹੀਂ ਰਹਿੰਦਾ, ਅਤੇ ਵਿਅਕਤੀ ਜਿਸ ਪ੍ਰਭੂ ਨੂੰ ਆਪਣੇ ਨਾਲੋਂ ਭਿੰਨ, ਉਚੇਰੀ ਹਸਤੀ ਮੰਨ ਕੇ, ਉਸ ਦੀ ਯਾਦ ਵਿਚ ਲੀਨ ਹੁੰਦਾ ਹੈ, ਉਸ ਨੂੰ ਆਪਣੇ ਅੰਦਰੋਂ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਤੇ ਭਗਤ ਦਾ ਪਰਸਪਰ ਵਿਸ਼ਵਾਸ ਦਾ ਇਹ ਰਿਸ਼ਤਾ ਅਲਪੱਗ ਜੀਵ ਨੂੰ ਸਰਬੱਗ ਪੁਰਖ ਦੀ ਗੋਦ ਵਿਚ ਲਿਆ ਬਿਠਾਉਂਦਾ ਹੈ। ਜਿਹੜੇ ਚਿੰਤਕ ਬੌਧਿਕਤਾ ਦੀ ਸਮਰੱਥਾ ਰਾਹੀਂ ਪੂਰਨ ਗਿਆਨ ਦੀ ਪ੍ਰਾਪਤੀ ਵਿਚ ਯਕੀਨ ਰਖਦੇ ਹਨ, ਉਨ੍ਹਾਂ ਦਾ ਮਾਰਗ ਬੇਸ਼ੱਕ ਵੱਖਰਾ ਹੈ, ਪਰ ਉਦੇਸ਼ ਵਿਚ ਉਨ੍ਹਾਂ ਦੀ ਭਗਤੀ-ਭਾਵ ਨਾਲ ਸਾਂਝ ਹੈ।

ਸਿੱਖ-ਮਤ ਦਾ ਵਿਸ਼ਵਾਸ ਹੈ ਕਿ ਦੈਵੀ ਪੁਰਖ-ਅੰਤਰਯਾਮੀ ਹੋਣ ਦੇ ਨਾਤੇ ਆਪਣੇ ਜੀਵਾਂ ਦੇ ਮਨੋਭਾਵਾਂ, ਵਲਵਲਿਆਂ ਤੇ ਅਰਜ਼ੋਈਆਂ ਨੂੰ ਜਾਣਦਾ-ਬੁਝਦਾ ਤੇ

Sri Satguru Jagjit Singh Ji eLibrary NamdhariElibrary@gmail.com

ਧਿਆਨ ਵਿਚ ਰਖਦਾ ਹੈ। ਜੇਕਰ ਉਹ ਅਫੁਰ ਅਵਸਥਾ ਦਾ ਨਿਰਗੁਣ ਤੇ ਅਗੋਚਰ ਬ੍ਰਹਮ ਹੀ ਰਹਿੰਦਾ ਤਾਂ ਨਾ ਕਿਸੇ ਦੀ ਅਰਦਾਸ ਸੁਣਦਾ, ਨਾ ਸ਼ਾਇਦ ਅਰਦਾਸ ਕਰਨ ਵਾਲਾ ਕੋਈ ਮੌਜੂਦ ਹੀ ਹੁੰਦਾ। ਬ੍ਰਹਮ ਦਾ ਅੰਤਰਯਾਮੀ ਸਰੂਪ ਉਸ ਨੂੰ ਭਗਤਾਂ ਦਾ ਪ੍ਰਭੂ ਬਣਾਉਂਦਾ ਹੈ, ਜਿਸ ਨੂੰ ਉਹ ਸ਼ਰਧਾ ਨਾਲ ਧਿਆਉਂਦੇ ਹਨ, ਅਤੇ ਜਿਸ ਦੀ ਮੌਜੂਦਗੀ ਉਹ ਅੰਤਰ-ਆਤਮਾ ਵਿਚ ਅਨੁਭਵ ਕਰਦੇ ਹਨ। ਗੁਰਬਾਣੀ-ਚਿੰਤਨ ਦੀ ਸੇਧ ਇਹ ਹੈ ਕਿ ਵਿਅਕਤੀ ਈਸ਼ਵਰ ਨੂੰ ਕੇਵਲ ਜਾਣੇ ਹੀ ਨਾ, ਉਸ ਨੂੰ ਮਾਣੇ ਵੀ। ਭਗਤ ਆਪਣੇ ਪ੍ਰਭੂ ਨੂੰ ਜਾਣਦਾ ਤੇ ਮਾਣਦਾ ਹੈ। ਉਸਨੂੰ ਆਪਣੇ ਅੰਦਰ ਤੇ ਬਾਹਰ ਹਰ ਪਾਸੇ ਆਤਮਾ ਦਾ ਨੂਰ ਪਸਰਿਆ ਅਨੁਭਵ ਹੁੰਦਾ ਹੈ। ਇਹ ਨੂਰ ਤੇ ਜੋਤੀ ਹੀ ਦੈਵੀ ਪੁਰਖ ਦੀ ਸਰਬੱਗਤਾ ਹੈ, ਉਸ ਦੀ ਅੰਤਰਯਾਮਤਾ ਹੈ।

## ਰੱਬ ਦਾ ਮਿਹਰਵਾਨ ਸਰੂਪ

ਸਿੱਖ-ਚਿੰਤਨ ਦਾ ਕਿਰਪਾਲੂ, ਮਿਹਰਵਾਨ ਈਸ਼ਵਰ ਰੱਬਤਾ ਦਾ ਉਹ ਪੱਖ ਹੈ ਜੋ ਮਨੁੱਖ ਮਾਤਰ ਦਾ ਤਾਰਨਹਾਰ ਹੈ; ਜੋ ਆਪਣੇ ਜੀਵਾਂ ਦੀਆਂ ਲੋੜਾਂ ਪ੍ਰਤੀ ਸੁਚੇਤ ਹੈ, ਸਨੇਹ-ਭਾਵੀ ਹੈ, ਭਗਤ-ਵੱਛਲ ਹੈ। ਗੁਰੂ-ਬਾਣੀ ਅਤੇ ਭਗਤ-ਬਾਣੀ ਵਿਚ ਕਿਰਪਾ-ਸਰੂਪ ਪਰਮਾਤਮਾ ਨੂੰ ਅਨੇਕ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ, ਜਿਵੇਂ ਕਿ ਦਇਆ-ਪੁੰਜ ਤੇ ਦਿਆਲੂ, ਪਿਤਾ ਤੇ ਮਾਤਾ, ਮਿਤ੍ਰ ਤੇ ਸਖਾ, ਦਾਤਾਰ ਤੇ ਮਿਹਰਵਾਨ। ਕਰਤਾ ਹੋਣ ਦੇ ਨਾਤੇ, ਉਸ ਵਿਚ ਪਾਲਣ-ਪੋਸ਼ਣ, ਸੁਰੱਖਿਆ ਦੇਣ, ਤੇ ਆਪਣੇ ਸਿਰਜੇ ਹੋਏ ਜੀਵ-ਜੰਤਾਂ ਲਈ ਸਨੇਹ-ਭਾਵ ਸੁਭਾਵਕ ਹਨ। ਹੋਰਨਾਂ ਈਸ਼ਵਰਵਾਦੀ ਧਰਮਾਂ ਵਾਂਗ, ਸਿੱਖ-ਮਤ ਨੇ ਵੀ ਪਰਮਾਤਮਾ ਨੂੰ ਪ੍ਰੀਤਵਾਨ ਪ੍ਰਭੂ ਕਿਹਾ ਹੈ, ਬਲਕਿ ਰੱਬ ਨੂੰ 'ਪ੍ਰੇਮ' ਦਾ ਦਰਜਾ ਹੀ ਦੇ ਦਿੱਤਾ ਹੈ। ਈਸ਼ਵਰ ਤੇ ਮਨੁੱਖ ਦੇ ਪਰਸਪਰ ਰਿਸ਼ਤੇ ਵਿਚ, ਭਗਤ ਆਪਣੇ ਪ੍ਰਭੂ ਨੂੰ ਪ੍ਰੇਮ ਕਰਦਾ ਹੈ, ਅਤੇ ਪ੍ਰਭੂ ਉਸ ਨੂੰ ਪਿਆਰ ਨਾਲ ਚਿਤਾਰਦਾ ਹੈ।

ਰੱਬ ਦੀ ਮਿਹਰ (ਪ੍ਰਸਾਦ) ਦਾ ਪਹਿਲਾ ਸੰਕੇਤ, ਜੋ ਧਰਮ-ਗ੍ਰੰਥਾਂ ਵਿਚ ਪ੍ਰਾਪਤ ਹੈ, ਉਹ ਨਿਆਮਤਾਂ ਹਨ ਜੋ ਉਸ ਨੇ ਸੰਸਾਰ ਤੇ ਮਨੁੱਖਤਾ ਨੂੰ ਬਖ਼ਸ਼ੀਆਂ ਹੋਈਆਂ ਹਨ। ਜਗਤ-ਰਚਨਾ ਆਪਣੇ ਆਪ ਵਿਚ ਹੀ ਇਕ ਵਰਦਾਨ ਹੈ, ਜੋ ਬ੍ਰਹਮ ਦੀ ਸਿਰਜਨਾਤਮਕ ਕ੍ਰਿਆ ਵਿਚੋਂ ਉਪਜਿਆ ਹੈ। ਸਿੱਖ-ਚਿੰਤਨ ਅਨੁਸਾਰ, ਕਰਤਾ ਪੁਰਖ ਦੀ ਮਿਹਰ ਦੁਆਰਾ ਹੀ ਇਸ ਧਰਤੀ ਉੱਤੇ ਪਵਨ ਤੇ ਪਾਣੀ ਦੇ ਅਤੁੱਟ ਭੰਡਾਰ ਮੌਜੂਦ ਹਨ ਜਿਨ੍ਹਾਂ ਉੱਤੇ ਜੀਵਨ ਦਾ ਨਿਰਭਰ ਹੈ; ਉਸ ਦੀ ਕਿਰਪਾ ਸਦਕਾ ਹੀ ਮਨੁੱਖ ਵਿਚ ਬੁੱਧੀ ਦੀ ਚਿਣਗ ਪ੍ਰਾਪਤ ਹੈ ਜਿਸ ਨਾਲ ਉਹ ਆਪਣੇ ਮੌਲਣ ਤੇ ਫਲਣ-ਫੁੱਲਣ ਦੀਆਂ ਸੰਭਾਵਨਾਵਾਂ ਨੂੰ ਵਾਸਤਵਿਕ ਰੂਪ ਦੇਂਦਾ ਹੈ, ਅਤੇ ਕੁਦਰਤ ਦੀਆਂ ਹੋਰ ਨਿਆਮਤਾਂ ਤੇ ਦਾਤਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਪੱਛਮੀ ਚਿੰਤਕ ਅਲਿਜ਼ਬਥ ਗ੍ਰੇਅ ਕਹਿੰਦੀ ਹੈ— "ਸਾਡੀਆਂ ਅੱਖਾਂ, ਮਨ, ਕੰਨਾਂ ਤੇ ਪੇਟ ਲਈ ਭਰਪੂਰ ਖ਼ੁਰਾਕ ਰੱਬ ਦੀ ਦੇਣ ਤੇ ਦਾਤ ਹੈ। ਸਾਡਾ ਇਹ ਜੀਵਨ, ਇਹ ਸੰਸਾਰ, ਇਹ ਜਗਤ-ਰਚਨਾ ਸਭ ਪਰਮਾਤਮਾ ਵੱਲੋਂ

Sri Satguru Jagjit Singh Ji eLibrary NamdhariElibrary@gmail.com

ਮਿਲੇ ਤੁਹਫ਼ੇ ਹਨ।" ਈਸਾਈ ਚਿੰਤਕਾਂ ਨੇ ਬਾਈਬਲ ਦੀ ਸ਼ਬਦਾਵਲੀ ਵਿਚ ਰੱਬ ਤੇ ਮਨੁੱਖ ਦੇ ਸੰਬੰਧ ਨੂੰ, 'ਵਿਸ਼ਵਮਈ ਅਹਿਦਨਾਮਾ' ਦਾ ਦਰਜਾ ਦਿੱਤਾ ਹੈ। ਹੈਨਰੀ ਥਾਂਪਸਨ ਕਹਿੰਦਾ ਹੈ—"ਰੱਬ ਆਪਣੀ ਰਚਨਾ ਨੂੰ ਸਰਬ-ਸ਼ਕਤੀਮਾਨ ਦੇ ਰੂਪ ਵਿਚ ਚਲਾਉਂਦਾ ਤੇ ਸੇਧ ਦੇਂਦਾ ਹੈ। ਇਤਿਹਾਸ ਤੇ ਜਗਤ-ਰਚਨਾ ਦੋਵੇਂ ਪਰਮਾਤਮਾ ਦੇ ਅਧਿਕਾਰ ਵਿਚ ਕਾਰਜ ਕਰਦੇ ਹਨ; ਰੱਬ ਦਾ ਮਨੁੱਖਤਾ ਨਾਲ ਮਿਹਰ-ਭਰਿਆ ਅਹਿਦਨਾਮਾ ਮੁੱਢ ਤੋਂ ਚਲਿਆ ਆਉਂਦਾ ਹੈ।"

ਇਹ ਠੀਕ ਹੈ ਕਿ ਭਾਰਤੀ ਹਿੰਦੂ-ਮਤ ਦੇ ਕਰਮ ਸਿਧਾਂਤ ਨੂੰ ਮਿਹਰ ਦੇ ਸੰਕਲਪ ਨਾਲ ਜੋੜਨਾ ਸੌਖਾ ਨਹੀਂ, ਫਿਰ ਵੀ ਭਾਰਤੀ ਪਰੰਪਰਾ ਵਿਚ ਈਸ਼ਵਰ ਲਈ 'ਕ੍ਰਿਪਾ' ਤੇ 'ਪ੍ਰਸਾਦ' ਦੀ ਸ਼ਬਦਾਵਲੀ ਵਰਤੀ ਗਈ ਹੈ, ਜੋ ਸਾਮੀ ਧਰਮਾਂ ਦੇ 'ਕਰਮ' ਤੇ 'ਮਿਹਰ' ਦੇ ਸਮਾਨਾਂਤਰ ਹੈ। ਸਿੱਖ ਧਰਮ-ਗ੍ਰੰਥਾਂ ਵਿਚ ਭਾਰਤੀ ਤੇ ਸਾਮੀ ਸਰੋਤਾਂ ਦੇ ਸ਼ਬਦਾਂ ਅਤੇ ਇਨ੍ਹਾਂ ਨਾਲ ਜੁੜਵੇਂ ਕਿਰਤਮ ਨਾਵਾਂ ਦੀ ਖੁਲ੍ਹੀ ਵਰਤੋਂ ਹੋਈ ਹੈ। 'ਪ੍ਰਸਾਦ' ਸ਼ਬਦ ਮੂਲ-ਮੰਤਰ ਵਿਚ ਵੀ ਪ੍ਰਾਪਤ ਹੈ, ਜਿਥੇ ਇਸ ਨੂੰ ਵਿਭਿੰਨ ਅਰਥਾਂ ਵਿਚ ਵਿਆਖਿਆ ਗਿਆ ਹੈ, ਜਿਵੇਂ ਕਿ 'ਗੁਰ ਪ੍ਰਸਾਦਿ' (ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ), ਜਾਂ 'ਜਿਸ ਦੀ ਮਿਹਰ ਸਦਕਾ ਬਾਣੀ ਦੀ ਰਚਨਾ ਕੀਤੀ' ਜਾਂ 'ਪਰਮ-ਸੱਤਾ ਜੋ ਕਿਰਪਾ-ਸਰੂਪ ਤੱਤ ਹੈ'। ਗੁਰੂ ਗੋਬਿੰਦ ਸਿੰਘ ਨੇ ਆਪਣੀ ਰਚਨਾ 'ਜਾਪੁ' ਦੇ ਅਰੰਭਕ ਛੰਦਾਂ ਵਿਚ ਪਰਮ ਹਕੀਕਤ ਨੂੰ ਨਮਸਕਾਰ ਕਰਦਿਆਂ, ਉਸ ਨੂੰ 'ਅਕਾਲ' ਤੇ 'ਕ੍ਰਿਪਾਲ' ਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ, ਜੋ ਪਰਮ-ਸੱਤਾ ਦੇ ਸਦੀਵੀ ਤੱਤ ਅਦੇ ਮਿਹਰਵਾਨ ਸਰੂਪ ਦੀ ਪ੍ਰਤਿਨਿਧਤਾ ਕਰਦੇ ਹਨ। ਇਥੇ, ਸਿੱਖ-ਚਿੰਤਨ ਵਿਚ ਪ੍ਰਾਪਤ ਅਪੁਰਖੀ ਤੇ ਪੁਰਖੀ ਪੱਖਾਂ ਵਿਚਲੇ ਅੰਤ੍ਰੀਵੀ ਸੰਬੰਧ ਦਾ ਪ੍ਰਮਾਣ ਪ੍ਰਤੱਖ ਹੈ। ਅਕਾਲ ਰੂਪ ਵਿਚ ਪਰਮ ਸਤਿ ਅਗੋਚਰ ਬ੍ਰਹਮ ਹੈ, ਜੋ ਪੁਲਾੜ-ਕਾਲ ਤੋਂ ਉਪਰ, ਸਦੀਵੀ ਆਤਮਿਕ ਤੱਤ ਹੈ, ਅਤੇ ਜਿਸ ਦਾ ਪੂਰਨ ਕਥਨ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਕਿਰਪਾ-ਸਰੂਪ ਵਿਚ ਉਹ ਕਰਤਾ ਤੇ ਪ੍ਰਭੂ ਹੈ, ਜੋ ਸ੍ਰਿਸ਼ਟੀ ਦਾ ਪਾਲਣਹਾਰ ਤੇ ਰਖਵਾਲਾ ਹੈ।

ਜਗਤ-ਰਚਨਾ ਵਿਚ ਵਿਆਪਕ ਮਿਹਰਵਾਨ ਰੱਬ ਦਾ ਆਪਣੀ ਰਚਨਾ ਨਾਲ ਅਜਿਹਾ ਸੰਬੰਧ ਸਥਾਪਿਤ ਹੈ ਕਿ ਉਹ ਆਪਣੀ ਲੋਕਾਈ ਦੇ ਦੁਖਾਂ ਵਿਚ ਦੁਖੀ ਹੁੰਦਾ ਹੈ, ਅਤੇ ਭਗਤਾਂ, ਸਾਧ-ਪੁਰਸ਼ਾਂ ਦੇ ਖੇੜੇ ਵਿਚ ਖਿੜਦਾ ਹੈ। ਇਸੇ ਕਿਸਮ ਦਾ ਵਿਚਾਰ ਈਸਾਈ ਚਿੰਤਕਾਂ ਨੇ ਬਾਈਬਲ ਵਿਚਲੇ ਦਰਦੀ ਰੱਬ ਸੰਬੰਧੀ ਪ੍ਰਗਟਾਇਆ ਹੈ— "ਸੰਸਾਰ ਦੇ ਇਤਿਹਾਸ ਵਿਚ ਜਿੰਨਾ ਦੁਖ-ਸੰਤਾਪ ਪਰਮਾਤਮਾ ਨੇ ਹੰਢਾਇਆ ਹੈ, ਓਨਾ ਕਿਸੇ ਹੋਰ ਦਰਦਮੰਦ ਦੇ ਹਿੱਸੇ ਨਹੀਂ ਆਇਆ।" ਸਿੱਖ-ਚਿੰਤਨ ਦੁਨੀਆਂ ਵਿਚ ਵਰਤ ਰਹੇ ਦੁਖ ਤੇ ਬੁਰਾਈ ਦੇ ਤੱਥਾਂ ਨੂੰ ਦੈਵੀ ਯੋਜਨਾ ਦਾ ਭਾਗ ਮੰਨ ਕੇ ਸਵੀਕਾਰ ਕਰਦਾ ਹੈ; ਸ਼ਾਇਦ ਇਹ ਵੀ ਦਾਤਾਰ ਦੀ ਦਾਤ ਹੀ ਹੋਵੇ, ਤੇ ਇਸੇ ਵਿਚ ਕੋਈ ਭਲਾਈ ਛੁਪੀ ਹੋਵੇ। ਕਦੋਂ ਉਹ ਆਪਣੇ ਜੀਵਾਂ ਦਾ ਉਧਾਰ ਕਰੇਗਾ, ਮਿਹਰਵਾਨ ਪ੍ਰਭੂ ਆਪ ਹੀ

Sri Satguru Jagjit Singh Ji eLibrary NamdhariElibrary@gmail.com

ਜਾਣਦਾ ਹੈ। ਧਰਤੀ ਦੀ ਲੋਕਾਈ ਲਈ ਉਸ ਦਾ ਹਿੱਤ ਉਸ ਸਰੋਕਾਰ ਵਿਚ ਪ੍ਰਾਪਤ ਹੈ ਜੋ ਉਸ ਦੀਆਂ ਨਿਆਮਤਾਂ ਤੇ ਬਖ਼ਸ਼ਿਸ਼ਾਂ ਵਿਚੋਂ ਉਜਾਗਰ ਹੁੰਦਾ ਹੈ। ਉਸ ਨੇ ਆਪਣੀ ਕਿਰਪਾਲੂ ਬਿਰਤੀ ਵਿਚੋਂ ਕੁਝ ਅੰਸ਼ ਮਨੁੱਖ ਬਣਤਰ ਵਿਚ ਵੀ ਸੰਮਿਲਤ ਕਰ ਰਖੇ ਹਨ। ਮਨੁੱਖ ਦਾ ਸਦਾਚਾਰ ਦੈਵੀ ਨੈਤਿਕਤਾ ਦਾ ਅੰਸ਼-ਮਾਤਰ ਹੀ ਹੈ। ਸਿੱਖ ਦ੍ਰਿਸ਼ਟੀਕੋਣ ਤੋਂ, ਪਰਮਾਤਮਾ ਸਦਭਾਵਨਾ ਦਾ ਪੁੰਜ ਹੈ, ਉਹ ਸਦਗੁਣੀ ਰੱਬ ਹੈ।

ਗੁਰੂ ਅਰਜਨ ਦੇਵ ਨੇ ਸ੍ਰੇਸ਼ਟ ਧਰਮ ਦੀ ਪਰਿਭਾਸ਼ਾ ਵਿਚ ਹਰੀ-ਨਾਮ ਦਾ ਸਿਮਰਨ ਅਤੇ ਨਿਰਮਲ ਕਰਮ ਸ਼ਾਮਿਲ ਕੀਤੇ ਹਨ। ਮਾਨਵੀ ਜਗਤ ਵਿਚ, ਅਧਿਆਤਮਕ ਜੀਵਨ ਅਤੇ ਸਦਾਚਾਰਕ ਜੀਵਨ ਇਕ ਦੂਜੇ ਨਾਲ ਓਤ-ਪੋਤ ਹਨ। ਜਪੁਜੀ ਵਿਚ ਗੁਰੂ ਨਾਨਕ ਦੇਵ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ—"ਵਿਣੁ ਗੁਣ ਕੀਤੇ ਭਗਤਿ ਨ ਹੋਇ।"

Sri Satguru Jagjit Singh Ji eLibrary NamdhariElibrary@gmail.com

# 2.
# ਸਿੱਖ ਤੱਤ-ਮੀਮਾਂਸਾ (ਮੈਟਾਫ਼ਿਜ਼ਿਕਸ)

ਫ਼ਲਸਫੇ ਦੇ ਦ੍ਰਿਸ਼ਟੀਕੋਣ ਤੋਂ, ਸਿੱਖ-ਮਤ ਦਾ ਤੱਤ-ਮੀਮਾਂਸਾ ਬੁਨਿਆਦੀ ਮਹੱਤਵ ਵਾਲਾ ਸਿਧਾਂਤ ਹੈ। ਇਸ ਵਿਚ ਗੁਰੂ ਸਾਹਿਬਾਨ ਦੇ ਉਨ੍ਹਾਂ ਅਕੀਦਿਆਂ ਦੀ ਦਾਰਸ਼ਨਿਕ ਵਿਆਖਿਆ ਪ੍ਰਾਪਤ ਹੈ, ਜਿਨ੍ਹਾਂ ਦਾ ਸੰਬੰਧ ਪਰਮ ਹਕੀਕਤ ਦੀ ਹਸਤੀ ਤੇ ਹੋਂਦ ਨਾਲ ਹੈ, ਬ੍ਰਹਮ ਤੇ ਬ੍ਰਹਿਮੰਡ ਦੀ ਸਚਾਈ ਨਾਲ ਹੈ, ਕਾਦਰ ਤੇ ਕੁਦਰਤ ਦੀ ਸਾਂਝ ਨਾਲ ਹੈ। ਦਾਰਸ਼ਨਿਕ ਕਿਆਸਕਾਰੀ ਵਿਚ ਪਦਾਰਥਕ ਜਗਤ ਅਤੇ ਇਸ ਤੋਂ ਉਚੇਰੇ ਮੰਡਲਾਂ ਦੀ ਹਕੀਕਤ ਨੂੰ ਜਾਣਨ-ਬੁੱਝਣ ਦਾ ਵਿਵੇਕਸ਼ੀਲ ਉਪਰਾਲਾ ਕੀਤਾ ਜਾਂਦਾ ਹੈ। ਜੇਕਰ ਵਿਸ਼ਵ ਰਚਨਾ ਤੋਂ ਉਚੇਰੀ ਕੋਈ ਪਰਾ-ਭੌਤਿਕ ਪਰਮ ਸੱਤਾ ਮੌਜੂਦ ਹੈ, ਤਾਂ ਉਸ ਦਾ ਕਿਆਸ ਤੱਤ-ਮੀਮਾਂਸਾ (Metaphysics) ਦਾ ਵਿਸ਼ਾ ਅਵੱਸ਼ ਹੈ, ਪਰ ਇਹ ਕਿਆਸਕਾਰੀ ਦਲੀਲ ਉੱਤੇ ਆਧਾਰਿਤ ਹੋਣ ਕਰਕੇ, ਤਰਕ-ਸੰਗਤ ਅਤੇ ਵਿਵੇਕ-ਪੂਰਨ ਹੁੰਦੀ ਹੈ। ਫ਼ਲਸਫ਼ਾ ਦਲੀਲ ਦਾ ਲੜ ਨਹੀਂ ਛੱਡਦਾ। ਇਸੇ ਲਈ ਦਾਰਸ਼ਨਿਕ ਹੋਂਦ-ਸਿਧਾਂਤ ਉੱਚਤਮ ਹਕੀਕਤ ਸੰਬੰਧੀ ਆਪਣਾ ਦ੍ਰਿਸ਼ਟੀਕੋਣ ਤਾਰਕਿਕ ਕਿਆਸਕਾਰੀ ਦੀ ਕ੍ਰਿਆ ਰਾਹੀਂ ਪ੍ਰਸਤੁਤ ਕਰਦਾ ਹੈ। ਸਿੱਖ-ਮਤ ਦਾ ਇਹ ਸਿਧਾਂਤ ਗੁਰੂ-ਗ੍ਰੰਥ ਬਾਣੀ ਵਿਚ ਵਿਅਕਤ ਪਰਮ ਸੱਤਾ ਦੇ ਸੁਭਾ ਤੇ ਲੱਛਣਾਂ ਦਾ ਦਾਰਸ਼ਨਿਕ ਸ਼ਬਦਾਵਲੀ ਵਿਚ ਵਿਧੀਬੱਧ ਵਰਣਨ ਹੈ।

### ਹੋਂਦ-ਸਿਧਾਂਤ

ਕਿਸੇ ਵਿਸ਼ੇਸ਼ ਧਰਮ-ਪਰੰਪਰਾ ਦੀ ਦਾਰਸ਼ਨਿਕ ਵਿਆਖਿਆ, ਨਿਰੋਲ ਫ਼ਲਸਫ਼ਾ ਨਾ ਰਹਿ ਕੇ, ਧਰਮ-ਚਿੰਤਨ ਦੇ ਘੇਰੇ ਵਿਚ ਆ ਜਾਂਦੀ ਹੈ। ਸਿੱਖ-ਦਾਰਸ਼ਨਿਕਤਾ ਵੀ, ਇਸੇ ਤਰ੍ਹਾਂ ਸਿੱਖੀ ਪਰੰਪਰਾ ਨਾਲ ਸੰਬੰਧਿਤ ਧਾਰਨਾਵਾਂ, ਵਿਸ਼ਵਾਸਾਂ ਤੇ ਮਨੌਤਾਂ ਉੱਤੇ ਆਧਾਰਿਤ ਵਿਚਾਰ-ਪ੍ਰਬੰਧ ਹੈ, ਜੋ ਸਮੁੱਚੇ ਸਿੱਖ-ਚਿੰਤਨ ਦੀਆਂ ਹੱਦਾਂ ਵਿਚ ਰਹਿ ਕੇ ਆਪਣੇ ਸਿਧਾਂਤਾਂ ਦਾ ਨਿਰਮਾਣ ਕਰਦਾ ਹੈ। ਈਸ਼ਵਰ ਵਿਚ ਵਿਸ਼ਵਾਸ ਸਿੱਖ ਧਰਮ ਦਾ ਬੁਨਿਆਦੀ ਅਕੀਦਾ ਹੈ, ਜਿਸ ਕਾਰਨ ਸਿੱਖ-ਚਿੰਤਨ ਲਈ ਈਸ਼ਵਰਵਾਦੀ ਹੋਣਾ ਸੁਭਾਵਕ ਹੈ। ਜੇਕਰ ਪਰਮ ਸਤਿ ਨੂੰ ਈਸ਼ਵਰ ਦੇ ਰੂਪ ਵਿਚ ਚਿਤਵਿਆ ਜਾਵੇ ਤਾਂ ਸਿੱਖ-ਮੱਤ ਦਾ ਹੋਂਦ-ਸਿਧਾਂਤ (ontology) ਈਸ਼ਵਰੀ ਗੁਣਾਂ ਵਾਲੀ ਹਕੀਕਤ ਦਾ ਤਾਰਕਿਕ ਕਿਆਸ ਹੀ ਪ੍ਰਸਤੁਤ ਕਰੇਗਾ; ਇਸ ਵਿਚ ਈਸ਼ਵਰਵਾਦੀ ਧਾਰਨਾ ਤੋਂ



Sri Satguru Jagjit Singh Ji eLibrary NamdhariElibrary@gmail.com

ਮੁਨਕਰ ਹੋਣ ਦੀ ਗੁੰਜਾਇਸ਼ ਨਹੀਂ ਹੋਵੇਗੀ। ਸੋ, ਸਿੱਖ ਦਾਰਸ਼ਨਿਕ ਚਿੰਤਨ ਮੂਲ-ਰੂਪ ਵਿਚ ਧਰਮ-ਚਿੰਤਨ ਹੈ, ਅਤੇ ਇਹ ਨਿਰੋਲ ਫ਼ਲਸਫ਼ੇ ਵਾਲੀ ਨਿਰਪੱਖ ਬਿਰਤੀ ਦਾ ਧਾਰਨੀ ਨਹੀਂ ਹੋ ਸਕਦਾ। ਇਸ ਨੇ ਗੁਰਬਾਣੀ ਦੇ ਵਿਸ਼ਵਾਸ-ਪ੍ਰਬੰਧ ਦੀ ਚਿੰਤਨਸ਼ੀਲ ਵਿਆਖਿਆ ਨੂੰ ਹੀ ਆਪਣੇ ਅਧਿਐਨ ਦਾ ਮੁੱਖ ਵਿਸ਼ਾ ਬਣਾਉਣਾ ਹੈ।

ਹੋਂਦ-ਸਿਧਾਂਤ ਨੂੰ ਅਕਸਰ ਤੱਤ-ਮੀਮਾਂਸਾ ਦਾ ਸਮਾਨ-ਅਰਥਕ ਮੰਨ ਲਿਆ ਜਾਂਦਾ ਹੈ। ਬਹੁਤ ਹੱਦ ਤਕ ਇਨ੍ਹਾਂ ਦਾ ਵਿਸ਼ਾ-ਖੇਤਰ ਸਾਂਝਾ ਹੈ, ਜੋ ਕਿ ਬੁਨਿਆਦੀ ਹਕੀਕਤ ਦੀ ਪ੍ਰਕਿਰਤੀ ਜਾਂ ਮੂਲਕ ਨਿਯਮਾਂ ਦੀ ਵਿਧੀਬੱਧ ਪੜਤਾਲ ਹੈ। ਇਸ ਦ੍ਰਿਸ਼ਟੀ ਤੋਂ, ਸਿੱਖ-ਮਤ ਦਾ ਤੱਤ ਮੀਮਾਂਸਾ ਉਸੇ ਹਕੀਕਤ ਦੀ ਪੇਸ਼ਕਾਰੀ ਕਰਦਾ ਹੈ ਜਿਸ ਦੀ ਖੋਜ ਹੋਂਦ-ਸਿਧਾਂਤ ਦਾ ਕਾਰਜ ਹੈ। ਪਰ, ਕਈ ਵਾਰੀ ਤੱਤ ਮੀਮਾਂਸਾ ਨੂੰ ਵਿਸ਼ਾਲਤਰ ਅਰਥਾਂ ਵਿਚ ਲਿਆ ਜਾਂਦਾ ਹੈ, ਅਤੇ ਇਸ ਨੂੰ ਸਮੁੱਚੀ ਦਾਰਸ਼ਨਿਕਤਾ ਨਾ ਮੇਲ ਕੇ, ਇਸ ਦੇ ਵਿਸ਼ਾ-ਖੇਤਰ ਵਿਚ ਹਕੀਕਤ ਦੇ ਸਿਧਾਂਤ ਤੋਂ ਬਿਨਾਂ ਗਿਆਨ-ਸਿਧਾਂਤ ਤੇ ਕੀਮਤ-ਸਿਧਾਂਤ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਸ ਦਸ਼ਾ ਵਿਚ, ਹੋਂਦ-ਸਿਧਾਂਤ ਨੂੰ ਤੱਤ-ਮੀਮਾਂਸਾ ਦੇ ਇਕ ਵਿਸ਼ੇਸ਼ ਭਾਗ ਵਜੋਂ ਪਰਵਾਨ ਕਰਨਾ ਪੈਂਦਾ ਹੈ। ਤੱਤ-ਮੀਮਾਂਸਾ ਜਦੋਂ ਕੇਵਲ ਹਕੀਕਤ ਦੀ ਪ੍ਰਕਿਰਤੀ ਉੱਤੇ ਧਿਆਨ ਕੇਂਦਰਿਤ ਕਰੇ ਅਤੇ ਪਰਮ-ਸੱਤਾ ਦੀ ਹਸਤੀ ਤੇ ਹੋਂਦ ਦੀ ਚਰਚਾ ਕਰੇ, ਤਾਂ ਇਹ ਉਸ ਦਾ ਹੋਂਦ-ਸਿਧਾਂਤੀ ਕਾਰਜ ਹੀ ਹੁੰਦਾ ਹੈ।

## ਹਸਤੀ ਤੇ ਹੋਂਦ

ਤੱਤ-ਮੀਮਾਂਸਾ ਦੇ ਹੋਂਦ-ਸਿਧਾਂਤੀ ਭਾਗ ਵਿਚ ਜਿਨ੍ਹਾਂ ਸੰਕਲਪਾਂ ਤੇ ਧਾਰਨਾਵਾਂ ਦੀ ਵਿਸ਼ੇਸ਼ ਚਰਚਾ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਹਸਤੀ ਅਤੇ ਹੋਂਦ (Being and existence) ਪ੍ਰਮੁੱਖ ਹਨ। ਸਾਧਾਰਨ ਰੂਪ ਵਿਚ ਇਨ੍ਹਾਂ ਸ਼ਬਦਾਂ ਨੂੰ ਇੱਕੋ ਅਰਥ ਦਿੱਤਾ ਜਾਂਦਾ ਹੈ ਅਤੇ ਇਹ ਇਕ ਦੂਜੇ ਦੀ ਥਾਂ ਲੈ ਲੈਂਦੇ ਹਨ। ਪਰ ਫ਼ਲਸਫ਼ੇ ਦੇ ਤਕਨੀਕੀ ਅਰਥਾਂ ਵਿਚ ਇਨ੍ਹਾਂ ਨੂੰ ਨਿਖੇੜ ਕੇ ਸਮਝਣਾ ਅਵੱਸ਼ਕ ਹੈ। ਹਸਤੀ ਤੋਂ 'ਹੈ-ਤਵ' ਦਾ ਭਾਵ ਲਿਆ ਜਾਂਦਾ ਹੈ; ਇਸ ਨੂੰ 'ਭਵਤਾ' ਦਾ ਨਾਮ ਵੀ ਦਿੱਤਾ ਗਿਆ ਹੈ। ਇਹ ਜ਼ਰੂਰੀ ਨਹੀਂ ਕਿ ਜਿਸ 'ਤੱਥ' ਦੀ ਹਸਤੀ ਵਿਚਾਰ-ਅਧੀਨ ਹੈ, ਉਸ ਦੀ ਪੁਲਾੜ-ਕਾਲ ਵਿਚ ਹੋਂਦ ਵੀ ਹੋਵੇ, ਜਾਂ ਉਹ ਸਾਡੇ ਇੰਦਰੀ-ਪ੍ਰੇਖਣ ਦੀ ਵਸਤੂ ਵੀ ਬਣੇ। ਆਧੁਨਿਕ ਵਿਗਿਆਨ ਨੇ ਕਈ ਅਜਿਹੀਆਂ ਵਸਤਾਂ ਤੇ ਕ੍ਰਿਆਵਾਂ ਸੰਬੰਧੀ ਸਾਨੂੰ ਨਿਸ਼ਚਾ ਕਰਵਾਇਆ ਹੈ, ਜਿਨ੍ਹਾਂ ਦੀ ਹੋਂਦ ਨੂੰ ਅਸੀਂ ਦੇਖ-ਸੁਣ ਨਹੀਂ ਸਕਦੇ। ਇਸ ਦੀਆਂ ਕੁਝ ਮਿਸਾਲਾਂ ਐਕਸ-ਰੇ, ਪਰਮਾਣੂ ਤੇ ਬਿਜਲਾਣੂ ਹਨ। ਮਨੁੱਖ ਆਪਣੇ ਸੀਮਿਤ ਸਰੀਰਕ ਯੰਤਰ ਰਾਹੀਂ ਜੋ ਕੁਝ ਦੇਖ ਜਾਂ ਸੁਣ ਸਕਦਾ ਹੈ, ਉਸ ਤੋਂ ਕਿਤੇ ਵਧੇਰੇ ਅਜਿਹੇ 'ਤੱਥ' ਵਿਸ਼ਵ ਵਿਚ ਮੌਜੂਦ ਹਨ, ਜੋ ਉਸ ਦੀ ਪ੍ਰੇਖਣ-ਸ਼ਕਤੀ ਤੋਂ ਬਾਹਰ ਹਨ; ਕਈ ਆਵਾਜ਼ਾਂ ਅਜਿਹੀਆਂ ਹਨ, ਜੋ ਉਹ ਸੁਣ ਨਹੀਂ ਸਕਦਾ; ਕਈ ਅਜਿਹੀਆਂ ਰੋਸ਼ਨੀਆਂ ਹਨ, ਜੋ

Sri Satguru Jagjit Singh Ji eLibrary NamdhariElibrary@gmail.com

ਉਸ ਦੀ ਦ੍ਰਿਸ਼ਟੀ ਵਿਚ ਨਹੀਂ ਆ ਸਕਦੀਆਂ। ਮਨੁੱਖ ਅਕਸਰ ਪਰਵਾਨ ਕਰਦਾ ਹੈ ਕਿ ਉਹ 'ਆਤਮਾ' ਨੂੰ ਇੰਦਰੀ-ਪ੍ਰੇਖਣ ਦਾ ਵਿਸ਼ਾ ਨਹੀਂ ਬਣਾ ਸਕਦਾ। ਪਰਮ-ਆਤਮਾ (ਈਸ਼ਵਰ) ਨੂੰ ਸਾਧਾਰਨ ਅੱਖਾਂ ਨਾਲ ਕਿਸੇ ਨੇ ਨਹੀਂ ਦੇਖਿਆ। ਫਿਰ ਵੀ, ਆਤਮਾ ਤੇ ਪਰਮਾਤਮਾ ਦੀ ਹਸਤੀ ਤੋਂ ਸਾਧਾਰਨ ਤੌਰ ਤੇ ਉਹ ਇਨਕਾਰ ਨਹੀਂ ਕਰਦਾ। ਜੇ ਆਤਮਾ ਹੈ, ਤਾਂ ਉਸਦੀ 'ਹਸਤੀ' ਹੈ, ਚਾਹੇ ਪੁਲਾੜ-ਕਾਲ ਵਿਚ ਉਸ ਦੀ 'ਹੋਂਦ' ਬਾਰੇ ਸ਼ੰਕਾ ਹੀ ਰਹੇ।

ਜਦੋਂ ਕਿਸੇ ਤੱਥ ਦੀ ਹੋਂਦ ਬਾਰੇ ਗੱਲ ਕੀਤੀ ਜਾਂਦੀ ਹੈ, ਤਾਂ ਉਸ ਤੋਂ ਭਾਵ ਹੁੰਦਾ ਹੈ ਕਿ ਇਸ ਦਾ ਕੋਈ ਆਕਾਰ ਹੈ ਜੋ ਸਥਾਨ ਜਾਂ ਪੁਲਾੜ ਵਿਚ ਸਥਿਤ ਹੈ; ਇਸ ਦਾ ਅਜਿਹਾ ਰੂਪ ਹੈ ਜਿਸ ਦਾ ਆਦਿ ਵੀ ਸੀ ਤੇ ਅੰਤ ਵੀ ਹੋਵੇਗਾ; ਅਤੇ ਜਿਸ ਨੂੰ ਕਿਸੇ-ਨਾ-ਕਿਸੇ ਵਿਧੀ ਰਾਹੀਂ ਦੇਖਿਆ-ਭਾਲਿਆ ਜਾ ਸਕਦਾ ਹੈ। ਦੇਖਣ ਤੋਂ ਭਾਵ ਇੱਥੇ ਗਿਆਨ-ਇੰਦਰੀਆਂ ਰਾਹੀਂ ਪ੍ਰੇਖਣ ਦੀ ਹੈ ਅਤੇ ਵਿਗਿਆਨਕ ਯੰਤਰਾਂ-ਵਿਧੀਆਂ ਰਾਹੀਂ ਕਿਸੇ ਤੱਥ, ਵਸਤੂ ਜਾਂ ਘਟਨਾ ਦੀ ਮੌਜੂਦਗੀ ਨੂੰ ਪੜਤਾਲਣਾ ਵੀ ਹੈ। ਨਿਤਾ-ਪ੍ਰਤੀ ਪਦਾਰਥਕ/ਸਮਾਜਕ ਸੰਸਾਰ ਦੇ ਅਨੇਕ ਤੱਥ ਸਾਡੇ ਅਨੁਭਵ ਵਿਚ ਆਉਂਦੇ ਹਨ, ਇਨ੍ਹਾਂ ਨੂੰ ਅਸੀਂ ਦ੍ਰਿਸ਼ਟੀਗੋਚਰ ਕਰਦੇ ਹਾਂ, ਸੁਣਦੇ ਹਾਂ, ਸੁੰਘਦੇ, ਚੱਖਦੇ, ਛੂੰਹਦੇ ਹਾਂ, ਤੇ ਕਈ ਵਾਰੀ ਇਨ੍ਹਾਂ ਦਾ ਵਜ਼ਨ ਮਹਿਸੂਸ ਕਰਦੇ ਹਾਂ। ਇਹ ਸਾਡਾ 'ਦ੍ਰਿਸ਼ਟਮਾਨ' ਸੰਸਾਰ ਹੈ, ਜਿਸਨੂੰ 'ਪਰਪੰਚ' (phenomena) ਦਾ ਨਾਮ ਦਿੱਤਾ ਗਿਆ ਹੈ। ਵਿਅਕਤੀ ਦੇ ਅਨੁਭਵ ਵਿਚ ਆਉਣ ਵਾਲਾ ਇਹ ਪਰਪੰਚ ਜਗਤ 'ਹੋਂਦ' ਵਿਚ ਹੈ, ਚਾਹੇ ਇਸ ਦੀ ਹੋਂਦ ਦਾ ਮੂਲ-ਆਧਾਰ ਅਨੁਭਵ (experience) ਹੀ ਹੈ। ਜੋ ਵਸਤੂ ਸਾਡੇ ਅਨੁਭਵ ਵਿਚ ਨਹੀਂ ਆਈ ਉਸ ਦੀ ਹੋਂਦ ਬਾਰੇ ਅਸੀਂ ਕਿਵੇਂ ਗੱਲ ਕਰਾਂਗੇ? ਕੀ ਪਤਾ ਉਹ ਵਸਤੂ ਹੈ ਵੀ ਜਾਂ ਨਹੀਂ। ਸ਼ਾਇਦ ਉਹ ਸਾਡੀ ਕਲਪਨਾ ਦੀ ਘਾੜਤ ਹੋਵੇ, ਜਾਂ ਅਸੀਂ ਕਿਸੇ ਪ੍ਰਭਾਵ ਅਧੀਨ ਉਸ ਦੀ ਹਸਤੀ ਵਿਚ ਵਿਸ਼ਵਾਸ ਕਰ ਲਿਆ ਹੋਵੇ।

ਜਿਥੋਂ ਤਕ ਪਰਪੰਚ ਅਤੇ ਅਨੁਭਵ ਦਾ ਪਰਸਪਰ ਸੰਬੰਧ ਹੈ, ਹੋਂਦ-ਸਿਧਾਂਤ ਪੱਕੇ ਪੈਰਾਂ ਉੱਤੇ ਹੁੰਦਾ ਹੈ। ਵਿਗਿਆਨ ਵੀ ਇਸ ਸੰਬੰਧ ਦੇ ਆਧਾਰ ਉੱਤੇ ਆਪਣੇ ਸਿਧਾਂਤਾਂ ਦੀ ਰਚਨਾ ਕਰਦਾ ਹੈ। ਪਰ ਜਦੋਂ ਗੱਲ ਪਰਪੰਚ ਤੋਂ ਅੱਗੇ ਵਧਦੀ ਹੈ, ਜਦੋਂ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵੱਲ ਵਧਣ ਦਾ ਸਾਹਸ ਕੀਤਾ ਜਾਂਦਾ ਹੈ, ਤਾਂ ਇੰਦਰੀ-ਅਨੁਭਵ ਦੀ ਸੀਮਾ ਆ ਜਾਂਦੀ ਹੈ। ਇਸ ਖੇਤਰ ਵਿਚ ਪ੍ਰਵੇਸ਼ ਕਰਦਿਆਂ ਵਿਗਿਆਨ ਦੀ ਕਾਰਵਾਈ ਵੀ ਸਮਾਪਤ ਹੋ ਜਾਂਦੀ ਹੈ। ਪਰ ਦਾਰਸ਼ਨਿਕ ਦਾ ਹੋਂਦ-ਸਿਧਾਂਤ ਪੁਲਾੜ-ਕਾਲ ਵਿਚ ਸਥਿਤ ਤੱਥਾਂ ਦੀ ਹੋਂਦ ਤੋਂ ਅਗੇਰੇ 'ਹਸਤੀ' ਦੀ ਭਾਲ ਵਿਚ ਜੁੱਟ ਜਾਂਦਾ ਹੈ। ਉਸ ਦਾ ਤੱਤ ਮੀਮਾਂਸਾ ਅਰੂਪ ਦਾ ਮੁਤਲਾਸ਼ੀ ਹੈ। ਉਹ ਮਨੁੱਖ ਦੇ ਸਾਧਾਰਨ ਅਨੁਭਵੀ ਸੰਸਾਰ ਤੋਂ ਉਚੇਰੇ ਕਿਸੇ ਅਦਿੱਖ, ਗੈਬੀ ਮੰਡਲ ਵਿਚ ਵਿਚਰਨਾ ਲੋਚਦਾ ਹੈ, ਬੇਸ਼ੱਕ ਉਸ ਦਾ ਸਹਾਰਾ ਕੇਵਲ ਕਾਵਿ-ਕਲਪਨਾ ਨਹੀਂ ਹੁੰਦੀ, ਬੁੱਧੀ ਤੇ ਦਲੀਲ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਭਾਰਤੀ ਚਿੰਤਨ ਦੀ ਪਰੰਪਰਾ ਵਿਚ ਫ਼ਲਸਫ਼ੇ ਨੂੰ 'ਦਰਸ਼ਨ' ਇਸ ਲਈ ਕਿਹਾ ਗਿਆ ਹੈ, ਕਿ ਇਹ ਅਰੂਪ ਤੇ ਅਦ੍ਰਿਸ਼ਟ ਹਸਤੀ ਦਾ ਦੀਦਾਰ ਕਰਾਉਣ ਦਾ ਵਸੀਲਾ ਹੈ। ਇਸ ਦੀ ਵਿਧੀ ਵਿਵੇਕਸ਼ੀਲ ਵੀ ਹੋ ਸਕਦੀ ਹੈ, ਅੰਤਰਬੋਧੀ ਵੀ। ਇਸੇ ਦਰਸ਼ਨ-ਦੀਦਾਰ ਵਿਚ ਮਨੁੱਖ ਦੀ ਅੰਤਿਮ ਹੋਣੀ ਜਾਂ ਨਿਜਾਤ ਮਿੱਥੀ ਗਈ ਹੈ। ਪੱਛਮੀ ਫ਼ਲਸਫ਼ੇ ਨੇ ਪਦਾਰਥਕ ਜਗਤ-ਪਰਪੰਚ ਤੋਂ ਅਗੇਰੇ ਝਾਕਣ ਦੇ ਵਿਵੇਕਸ਼ੀਲ ਉਪਰਾਲੇ ਨੂੰ 'ਮੈਟਾਫਿਜ਼ਿਕਸ' ਆਖਿਆ ਹੈ, ਜੋ ਭਾਰਤੀ ਤੱਤ-ਮੀਮਾਂਸਾ ਵਾਂਗ ਅਸਲੀਅਤ ਦੇ 'ਤੱਤ' ਨੂੰ ਖੋਜਦਾ ਹੈ; ਪਰ ਇਹ ਖੋਜ ਮੁਕਤੀ ਜਾਂ ਨਿਰਵਾਣ ਦੀ ਖ਼ਾਤਿਰ ਨਹੀਂ, ਸਗੋਂ ਮਨੁੱਖੀ ਮਨ ਦੀ ਜਿਗਿਆਸਾ ਪੂਰੀ ਕਰਨ ਹਿਤ ਹੈ, ਅਸਚਰਜ ਨੂੰ ਜਾਣਨ-ਬੁੱਝਣ ਦੀ ਸੰਤੁਸ਼ਟੀ ਲਈ ਹੈ। ਗੁਰੂ ਸਾਹਿਬਾਨ ਨੇ ਸਮੁੱਚੇ ਰੂਪ ਵਿਚ ਭਾਰਤੀ ਚਿੰਤਨ ਦੀ ਪਰੰਪਰਾ ਦਾ ਅਨੁਸਰਣ ਕੀਤਾ ਹੈ। ਉਨ੍ਹਾਂ ਦਾ ਫ਼ਲਸਫ਼ਾ, ਜੋ ਗੁਰਬਾਣੀ ਦੇ ਮਾਧਿਅਮ ਰਾਹੀਂ ਵਿਅਕਤੀ ਹੋਇਆ, ਕੇਵਲ ਬੌਧਿਕ ਜਿਗਿਆਸਾ ਦੀ ਪੂਰਤੀ ਹਿਤ ਕਾਰਜ ਨਹੀਂ ਕਰਦਾ, ਸਗੋਂ ਇਸ ਵਿਚ ਮਨੁੱਖ-ਮਾਤਰ ਨੂੰ ਨੈਤਿਕ-ਅਧਿਆਤਮਿਕ ਸੇਧ ਦੇ ਕੇ ਜੀਵਨ-ਆਦਰਸ਼ ਦੀ ਪ੍ਰਾਪਤੀ ਹਿਤ ਸਬਲ ਬਣਾਉਣ ਦਾ ਭਰਪੂਰ ਉਪਰਾਲਾ ਹੈ।

## ਏਕਤਾ-ਅਨੇਕਤਾ

ਸਾਡਾ ਨਾਮ-ਰੂਪ ਦਾ ਸੰਸਾਰ ਜਾਂ ਜਗਤ-ਪਰਪੰਚ ਹਰ ਪਲ ਸਾਨੂੰ ਅਨੇਕਤਾ ਦਾ ਅਹਿਸਾਸ ਕਰਾਉਂਦਾ ਹੈ। ਜਿਸ ਬਹੁ-ਰੂਪੀ ਬ੍ਰਹਿਮੰਡ ਵਿਚ ਅਸੀਂ ਵਿਚਰਦੇ ਹਾਂ, ਜਿਸ ਭਾਂਤ-ਭਾਂਤੀ ਰਚਨਾ ਨਾਲ ਹਰ ਕਦਮ ਉੱਤੇ ਸਾਡਾ ਵਾਹ ਪੈਂਦਾ ਹੈ, ਉਹ ਵੰਨ-ਸੁਵੰਨਤਾ ਭਰਿਆ, ਅਣਗਿਣਤ ਸ਼ੈਆਂ, ਪੁਰਖਾਂ, ਬਿਰਖਾਂ, ਜੀਵ-ਜੰਤਾਂ ਨਾਲ ਭਰਪੂਰ ਜਗਤ ਹੈ। ਜਿਸ ਦੇ ਗਗਨਾਂ ਵਿਚ ਤੇ ਇਸ ਦੇ ਪਾਤਾਲਾਂ ਵਿਚ ਗਿਣਤੀਆਂ-ਮਿਣਤੀਆਂ ਦੀ ਕੋਈ ਥਾਹ ਨਹੀਂ। ਇਸ ਦੇ ਤਾਰਿਕਾ ਮੰਡਲ ਵਿਚ ਕੋਟਾਨ-ਕੋਟ ਸਿਤਾਰੇ, ਸਿਆਰੇ ਤੇ ਚੰਨ-ਸੂਰਜ ਹਨ; ਇਸ ਦੀ ਧਰਤੀ ਦੇ ਅਨੰਤ ਕਣਾਂ ਵਿਚ ਬੇਸ਼ੁਮਾਰ ਬਿਜਲਾਣੂ ਤੇ ਨਿਊਟ੍ਰਾਨੂ ਨਿਰੰਤਰ ਉਪਜਦੇ, ਬਿਣਸਦੇ ਹਨ। ਭਾਰਤੀ ਧਰਮ-ਗ੍ਰੰਥਾਂ ਨੇ ਜੀਵ-ਜਾਤੀਆਂ ਦੀ ਅਚੰਭੇ-ਭਰੀ ਬਹੁਲਤਾ ਨੂੰ ਚੁਰਾਸੀ ਲੱਖ ਜੂਨਾਂ ਦੇ ਮੁਹਾਵਰੇ ਰਾਹੀਂ ਸੰਕੇਤਿਆ ਹੈ। ਗੁਰਬਾਣੀ ਨੇ 'ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ' ਅਤੇ 'ਕੇਤੀਆ ਖਾਣੀ, ਕੇਤੀਆ ਬਾਣੀ' ਦੀ ਸ਼ਬਦਾਵਲੀ ਰਾਹੀਂ ਇਸ ਅਦਭੁਤ ਅਨੇਕਤਾ ਦਾ ਭਾਵ ਪ੍ਰਗਟਾਇਆ ਹੈ। ਇਸ ਅਨੰਤ, ਅਣਗਿਣਤ ਭਰਪੂਰਤਾ ਦੇ ਸਨਮੁਖ ਚਿੰਤਕਾਂ ਦੇ 'ਏਕਤਾ' ਸਿਧਾਂਤ ਦੀ ਸਾਰਥਿਕਤਾ ਪ੍ਰਸ਼ਨ-ਚਿੰਨ੍ਹ ਬਣ ਕੇ ਉਭਰਦੀ ਹੈ।

ਧਰਮ-ਚਿੰਤਕਾਂ ਨੇ ਇਕ ਪਾਸੇ ਨਾਮ-ਰੂਪ ਸੰਸਾਰ ਵਿਚ ਤੱਥਾਂ ਦੀ ਵਿਭਿੰਨਤਾ ਵੱਲ ਸੰਕੇਤ ਕੀਤੇ ਹਨ, ਦੂਜੇ ਪਾਸੇ ਹਕੀਕਤ ਦੀ ਏਕਤਾ ਦਾ ਵਿਚਾਰ ਦ੍ਰਿੜ੍ਹਾਇਆ ਹੈ। ਵੇਦਕ ਸਾਹਿਤ, ਵਿਸ਼ੇਸ਼ ਕਰਕੇ ਉਪਨਿਸ਼ਦਾਂ ਵਿਚ 'ਇਕਾਈਆਂ ਦੀ ਇਕਾਈ' ਦਾ ਵਰਣਨ ਹੈ। ਵੇਦਾਂਤ ਦੀ ਅਦ੍ਵੈਤਵਾਦੀ ਧਾਰਾ ਜੀਵ ਤੇ ਜਗਤ ਨੂੰ ਬ੍ਰਹਮ ਦੀ ਸਮੁੱਚੀ

Sri Satguru Jagjit Singh Ji eLibrary NamdhariElibrary@gmail.com

ਏਕਤਾ ਵਿਚ ਸਮੋ ਕੇ, ਦੂਈ ਦਾ ਭਾਵ ਮਿਟਾਉਣ ਦੀ ਸੇਧ ਵਿਚ ਤੁਰਦੀ ਹੈ। ਧਰਮ ਦੇ ਆਦਰਸ਼ ਨੂੰ ਇੱਕੋ 'ਏਕਤੱਵ' ਦੀ ਪ੍ਰਾਪਤੀ ਮਿੱਥਿਆ ਗਿਆ ਹੈ। ਗੁਰਬਾਣੀ ਵਿਚ ਏਕਤਾ ਅਨੇਕਤਾ ਨੂੰ ਇੱਕੋ ਪਰਮ ਸਚਾਈ ਦੇ ਦੋ ਸਰੂਪ ਦਰਸਾਇਆ ਗਿਆ ਹੈ। 'ਅਨੇਕ ਹੈਂ, ਫਿਰਿ ਏਕ ਹੈਂ" ਦੇ ਸ਼ਬਦਾਂ ਵਿਚ ਬਹੁ-ਭਾਂਤੀ ਅਨੇਕਤਾ ਨੂੰ ਇੱਕੋ ਪਰਮ ਹਕੀਕਤ ਦਾ ਪ੍ਰਕਾਸ਼ ਮੰਨਿਆ ਹੈ, ਅਤੇ ਅਨੇਕਤਾ ਵਿਚ ਏਕਤਾ ਦੇ ਆਤਮਿਕ ਅਨੁਭਵ ਦੀ ਸਾਰਥਿਕਤਾ ਵੱਲ ਸੰਕੇਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਰੰਭ ਇਕ-ਓਅੰਕਾਰ ਦੇ ਸ਼ਬਦਾਂ ਨਾਲ ਕਰ ਕੇ, ਗੁਰੂ ਸਾਹਿਬਾਨ ਨੇ ਏਕਤਾ ਦੇ ਸੰਕਲਪ ਦੀ ਪੁਸ਼ਟੀ ਕੀਤੀ ਹੈ। ਮੂਲ-ਮੰਤਰ ਦੇ ਆਦਿ ਵਿਚ 'ਇਕ' ਦਾ ਹਿੰਦਸਾ ਵਰਤ ਕੇ ਪਰਮ ਸੱਤਾ ਦੇ ਏਕਤੱਵ ਨੂੰ ਨਿਸ਼ਚਿਤ ਰੂਪ ਦਿੱਤਾ ਗਿਆ ਹੈ।

ਹੋਂਦ-ਸਿਧਾਂਤੀ ਦ੍ਰਿਸ਼ਟੀ ਤੋਂ ਏਕ-ਅਨੇਕ ਦਾ ਪ੍ਰਸ਼ਨ ਵਿਸ਼ੇਸ਼ ਮਹੱਤਵ ਵਾਲਾ ਹੈ। ਹਸਤੀ ਤੇ ਹੋਂਦ ਦੇ ਸੰਕਲਪਾਂ ਵਿਚਲੇ ਅੰਤਰ ਨੂੰ ਧਿਆਨ ਵਿਚ ਰਖਦਿਆਂ, ਇਹ ਜਾਣਨਾ ਆਵੱਸ਼ਕ ਹੋ ਜਾਂਦਾ ਹੈ ਕਿ 'ਹਸਤੀ' ਇਕ ਹੈ ਜਾਂ ਇਕ ਤੋਂ ਵਧੀਕ। ਹੋਂਦ ਬਾਰੇ ਇਹ ਪ੍ਰਸ਼ਨ ਏਨਾ ਜਟਿਲ ਨਹੀਂ, ਕਿਉਂਕਿ ਦ੍ਰਿਸ਼ਟਮਾਨ ਜਗਤ ਦੇ ਤੱਥਾਂ ਦੀ ਹੋਂਦ ਦੇਖੀ-ਪਰਖੀ ਜਾ ਸਕਦੀ ਹੈ, ਅਤੇ ਜੇਕਰ ਵਸਤਾਂ ਅਨੇਕ ਹਨ, ਤਾਂ ਉਨ੍ਹਾਂ ਦੀ ਹੋਂਦ ਵੀ ਅਨੇਕਤਾ ਦਾ ਸੰਕੇਤ ਦੇਵੇਗੀ। ਪਰ ਉੱਚਤਮ ਹਕੀਕਤ, ਜਿਸ ਨੂੰ ਪੁਲਾੜ-ਕਾਲ ਦੇ ਚੌਖਟੇ ਵਿਚ ਬੰਨ੍ਹ ਕੇ ਨਹੀਂ ਰਖਿਆ ਜਾ ਸਕਦਾ, ਨਾ ਹੀ ਜਿਸ ਨੂੰ ਕੇਵਲ ਪਦਾਰਥਕ ਸੀਮਾਵਾਂ ਦੇ ਅੰਤਰਗਤ ਸੋਚਿਆ ਜਾ ਸਕਦਾ ਹੈ, ਕਿਸੇ ਗਿਣਤੀ-ਮਿਣਤੀ ਦਾ ਵਿਸ਼ਾ ਨਹੀਂ ਬਣਦੀ। ਜਿਸ ਬੁਨਿਆਦੀ ਤੱਤ ਤੋਂ ਸ੍ਰਿਸ਼ਟੀ ਦੀ ਅਨੇਕਤਾ ਦਾ ਵਿਕਾਸ ਹੋਇਆ, ਜਾਂ ਉਹ ਹਸਤੀ ਜੋ ਸਭ ਤੱਥਾਂ, ਵਸਤਾਂ ਵਿਚ ਪ੍ਰਕਾਸ਼ਿਤ ਹੈ, ਉਸ ਨੂੰ ਦੋ, ਤਿੰਨ ਜਾਂ ਵਧੀਕ ਕਹਿਣਾ ਨਿਰਾਰਥਕ ਜਾਪਦਾ ਹੈ। ਧਰਮ-ਚਿੰਤਨ ਦਾ ਪਰਮਾਤਮਾ ਦੇ ਸੰਬੰਧ ਵਿਚ ਸਪੱਸ਼ਟ ਮਤ ਹੈ ਕਿ ਉਹ ਕੇਵਲ ਇਕ ਹੈ; ਇਸ ਸਿਧਾਂਤ ਨੂੰ ਚਿੰਤਕਾਂ ਨੇ ਏਕੀਸ਼ਵਰਵਾਦ (monotheism) ਦਾ ਨਾਮ ਦਿੱਤਾ ਹੈ। ਪਰ ਇਥੇ ਪ੍ਰਭੂ ਤੇ ਭਗਤ ਦੀ ਭਿੰਨਤਾ ਘੱਟ ਤੋਂ ਘੱਟ ਦੋ ਹਸਤੀਆਂ ਦੀ ਸਮੱਸਿਆ ਵੱਲ ਜ਼ਰੂਰ ਸੰਕੇਤ ਕਰਦੀ ਹੈ, ਜਿਸ ਦਾ ਹੱਲ ਚਿੰਤਕਾਂ ਨੇ 'ਬ੍ਰਹਮ' ਦੀ ਸਮੁੱਚਤਾ ਦੇ ਵਿਚਾਰ ਰਾਹੀਂ ਪ੍ਰਸਤੁਤ ਕੀਤਾ। ਨਿਰੋਲ ਫ਼ਲਸਫ਼ੇ ਦੀ ਦ੍ਰਿਸ਼ਟੀ ਤੋਂ, ਏਕਵਾਦ (monism) ਦਾ ਸਿਧਾਂਤ ਹਰ ਕਿਸਮ ਦੀ ਅਨੇਕਤਾ ਨੂੰ ਏਕਤਾ ਵਿਚ ਸਮੇਟਣ ਦਾ ਵਿਵੇਕਸ਼ੀਲ ਉਪਰਾਲਾ ਹੈ।

ਦਾਰਸ਼ਨਿਕ ਏਕਵਾਦ ਨੇ ਵਿਭਿੰਨ ਸਰੂਪ ਧਾਰਨ ਕੀਤੇ ਹਨ। ਪ੍ਰਾਚੀਨ ਏਕਵਾਦੀ ਮਤ ਅਨੁਸਾਰ ਬੁਨਿਆਦੀ ਹਕੀਕਤ ਇੱਕੋ ਹੈ। ਇਕ ਹੋਰ ਦ੍ਰਿਸ਼ਟੀਕੋਣ ਸਾਰੇ ਵਿਸ਼ਵ ਜਾਂ ਸਮੁੱਚੀ 'ਕੁਦਰਤ' ਨੂੰ ਇੱਕੋ-ਇਕ ਹਕੀਕਤ ਪਰਵਾਨ ਕਰਦਾ ਹੈ; ਕੁਦਰਤ ਤੋਂ ਬਾਹਰਵਾਰ, ਪਰੇਡੇ ਜਾਂ ਅਗੋਚਰ ਹੋਰ ਕੋਈ ਪਰਾ-ਪ੍ਰਕਿਰਤਕ ਸ਼ਕਤੀ ਮੌਜੂਦ ਨਹੀਂ। ਇਕ ਤੀਸਰਾ ਸਿਧਾਂਤ ਦ੍ਰਿਸ਼ਟਮਾਨ ਜਗਤ ਤੇ ਜੀਵ ਦੋਹਾਂ ਨੂੰ ਮਿਥਿਆ ਤੇ ਮਾਇਆ

Sri Satguru Jagjit Singh Ji eLibrary NamdhariElibrary@gmail.com

ਮੰਨ ਕੇ, ਪਰਮ ਗਿਆਨ ਦੀ ਅਵਸਥਾ ਵਿਚ 'ਮੈਂ ਹੀ ਬ੍ਰਹਮ ਹਾਂ' ਦੀ ਏਕਤਾ ਦਾ ਅੰਤਰਬੋਧੀ ਅਨੁਭਵ ਨਿਸ਼ਚੇ ਕਰਾਉਂਦਾ ਹੈ। ਦਾਰਸ਼ਨਿਕ ਗਿਆਨ-ਸਿਧਾਂਤ ਦਾ ਇਕ ਮਤ ਯਥਾਰਥਕ ਤੱਥ ਅਤੇ ਇਸ ਬਾਰੇ ਵਿਅਕਤੀ ਦੇ ਵਿਚਾਰ ਨੂੰ ਇਕਮਿਕ ਦਰਸਾਂਦਾ ਹੈ; ਵਸਤੂ ਅਤੇ ਇਸ ਦਾ ਗਿਆਨ ਦੋ ਨਹੀਂ, ਇੱਕੋ ਅਸਲੀਅਤ ਹੈ। ਸਿੱਖ ਧਰਮ ਵਿਚ ਏਕਵਾਦੀ ਸਿਧਾਂਤ ਉਪਰੋਕਤ ਕਿਸੇ-ਇਕ ਦ੍ਰਿਸ਼ਟੀਕੋਣ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। ਇਸ ਦੀ ਬੁਨਿਆਦੀ ਹਕੀਕਤ ਕਰਤਾਰੀ ਸ਼ਕਤੀ ਹੈ, ਜੋ ਆਤਮਿਕ ਤੱਤ ਹੈ, ਅਤੇ ਜੋ ਸਰਬੱਤ ਲੋਕਾਈ ਦਾ ਆਦਿ ਵੀ ਹੈ ਤੇ ਅੰਤ ਵੀ। ਕੁਦਰਤ ਉਸ ਕਰਤਾ ਦੀ ਸਿਰਜਨਾ ਹੈ; ਇਹ ਕੋਈ ਸੁਤੰਤਰ ਤੇ ਸਵੈ-ਚਾਲਕ ਸ਼ਕਤੀ ਨਹੀਂ। ਪਰ ਕੁਦਰਤ ਵਿਚ ਕਾਦਰ ਸਮੋਇਆ ਹੋਇਆ ਹੈ, ਜਿਵੇਂ ਕਲਾਕਾਰ ਆਪਣੀ ਕਲਾ-ਕ੍ਰਿਤ ਵਿਚ ਰਚਿਆ ਹੁੰਦਾ ਹੈ। ਉਸ ਕਰਤਾਰੀ ਸ਼ਕਤੀ ਦੀ ਜੋਤ ਹਰ ਕਣ, ਹਰ ਹਿਰਦੇ ਵਿਚ ਵਿਆਪਕ ਹੈ, ਜੋ ਜੀਵ, ਜਗਤ ਤੇ ਬ੍ਰਹਮ ਦੀ ਇਕਸੁਰਤਾ ਦਾ ਪ੍ਰਮਾਣ ਹੈ। ਮੂਲ-ਹਕੀਕਤ ਇੱਕੋ ਹੈ, ਬੇਸ਼ੱਕ ਇਸ ਦਾ ਪਰਗਟ ਸਰੂਪ ਅਨੇਕਤਾ ਵਾਲਾ ਹੈ। ਅਗੋਚਰ ਬ੍ਰਹਮ ਤੇ ਵਿਆਪਕ ਸਚਾਈ ਇੱਕੋ-ਇਕ ਇਕਾਈ ਹੈ।

## ਭੌਤਿਕਤਾ ਤੇ ਮਾਨਸਿਕਤਾ

ਹਕੀਕਤ ਸੰਬੰਧੀ ਏਕ-ਅਨੇਕ ਦੇ ਪ੍ਰਸ਼ਨ ਵਾਂਗ, 'ਮਾਦਾ ਕਿ ਮਨ?' ਦਾ ਪ੍ਰਸ਼ਨ ਵੀ ਚਿੰਤਨ ਦਾ ਵਿਸ਼ਾ ਬਣਿਆ ਰਿਹਾ ਹੈ। ਜੋ ਵਿਚਾਰਵਾਨ ਮਾਦੇ (ਮੈਟਰ) ਜਾਂ ਪਦਾਰਥ ਨੂੰ ਬੁਨਿਆਦੀ ਹਕੀਕਤ ਮੰਨਦੇ ਹਨ, ਉਹ ਭੌਤਿਕਵਾਦ (materialism) ਦੇ ਸਮਰਥਕ ਹਨ। ਉਨ੍ਹਾਂ ਦੇ ਨਜ਼ਰੀਏ ਤੋਂ ਬੇਜਾਨ ਵਸਤਾਂ, ਜਾਨਦਾਰ ਜੀਵ-ਜੰਤੂ ਅਤੇ ਮਨੁੱਖ ਦਾ ਮਾਨਸਿਕ ਜੀਵਨ ਇਕ ਵਿਕਾਸ-ਲੜੀ ਵਿਚ ਪਰੁੱਚੇ ਹੋਏ ਹਨ। ਜਾਂ ਤਾਂ ਇਹ ਸਭ ਇੱਕੋ ਪਦਾਰਥਕ ਤੱਤ ਦੇ ਭਿੰਨ-ਭਿੰਨ ਪ੍ਰਗਟਾਵੇ ਹਨ, ਤੇ ਜਾਂ ਮੂਲ ਪਦਾਰਥ ਵਿਕਾਸ ਦੇ ਅਮਲ ਵਿਚੋਂ ਗੁਜ਼ਰਦਾ ਸਥੂਲ ਤੋਂ ਸੂਖ਼ਮ ਤੇ ਵਧੇਰੇ ਸੂਖ਼ਮ ਹੁੰਦਾ ਜਾਂਦਾ ਹੈ। 'ਮਨ' ਹੋਰ ਕੁਝ ਨਈਂ, ਭੌਤਿਕਵਾਦੀ ਦ੍ਰਿਸ਼ਟੀ ਤੋਂ, ਇਹ ਦਿਮਾਗ਼ ਦੀਆਂ ਕ੍ਰਿਆਵਾਂ ਦਾ ਹੀ ਸੂਖ਼ਮ ਰੂਪ ਹੈ, ਜਾਂ ਵੱਧ ਤੋਂ ਵੱਧ ਇਨ੍ਹਾਂ ਕ੍ਰਿਆਵਾਂ ਦਾ ਪ੍ਰਕਾਸ਼ਮਈ ਕ੍ਰਿਸ਼ਮਾ, ਜਿਸ ਦਾ ਦਿਮਾਗ਼ ਦੀ ਸਮਾਪਤੀ ਨਾਲ ਹੀ ਅੰਤ ਹੋ ਜਾਂਦਾ ਹੈ। ਦੂਜੇ ਪਾਸੇ, ਮਾਨਸਿਕਤਾ ਵਿਚ ਵਿਸ਼ਵਾਸ ਰੱਖਣ ਵਾਲੇ ਚਿੰਤਕ ਮਨ ਨੂੰ, ਜਾਂ ਇਸ ਦੇ ਵਿਚਾਰਾਂ/ਧਾਰਨਾਵਾਂ ਨੂੰ ਬੁਨਿਆਦੀ ਹਕੀਕਤ ਮੰਨਦੇ ਹਨ। ਉਨ੍ਹਾਂ ਦੇ ਫ਼ਲਸਫ਼ੇ ਨੂੰ ਧਾਰਨਾਵਾ (Idealism ਜਾਂ 'ਆਦਰਸ਼ਵਾਦ') ਦਾ ਨਾਮ ਦਿੱਤਾ ਜਾਂਦਾ ਹੈ। ਧਾਰਨਾਵਾਂ ਅਨੇਕ/ਅਣਗਿਣਤ ਵੀ ਹੋ ਸਕਦੀਆਂ ਹਨ, ਜਾਂ ਕੇਵਲ ਇੱਕੋ-ਇਕ ਵਿਸ਼ਵਮਈ ਮਨ ਜਾਂ ਆਤਮਾ ਮੂਲ-ਹਕੀਕਤ ਹੋ ਸਕਦੀ ਹੈ।

ਕੱਟੜ ਕਿਸ ਦੇ ਭੌਤਿਕਵਾਦੀ, ਜੋ ਕੇਵਲ ਮਾਦੇ ਨੂੰ ਯਥਾਰਥਕ ਮੰਨਦੇ ਹਨ, ਏਕਵਾਦੀ ਹਨ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਇੱਕੋ-ਇਕ ਤੱਤ (ਮੈਟਰ) ਵਿਚ ਹੈ।

Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ, ਧਾਰਨਾਵਾਦੀ ਵੀ ਏਕਵਾਦੀ ਹਨ; ਉਹ ਕੇਵਲ ਮਾਨਸਿਕ ਤੱਤ ਦੇ ਸਮਰਥਕ ਹਨ। ਪਰ ਕਈ ਅਜਿਹੇ ਚਿੰਤਕ ਵੀ ਹਨ, ਜੋ ਮਾਦਾ ਤੇ ਮਨ ਦੋਹਾਂ ਦੀ ਅਸਲੀਅਤ ਨੂੰ ਪਰਵਾਨ ਕਰਦੇ ਹਨ; ਸਾਰੀ ਸ੍ਰਿਸ਼ਟੀ ਪਦਾਰਥਕ ਤੇ ਮਾਨਸਿਕ ਤੱਤਾਂ ਦਾ ਮਿਸ਼ਰਨ ਹੈ, ਦੋਹਾਂ ਦੀ ਸਾਂਝੀ ਰਚਨਾ ਹੈ; ਜਿਵੇਂ ਵਿਅਕਤੀ ਦਾ ਸਰੀਰ ਤੇ ਮਨ ਮਿਲ ਕੇ ਉਸ ਦੀ ਸ਼ਖ਼ਸੀਅਤ ਨੂੰ ਘੜਦੇ ਹਨ। ਇਨ੍ਹਾਂ 'ਦੋ' ਮੂਲ-ਤੱਤਾਂ (ਮਾਦਾ ਤੇ ਮਨ) ਦੇ ਸਮਰਥਕ 'ਦਵੈਤਵਾਦੀ' ਅਖਵਾਂਦੇ ਹਨ। ਇਕ ਹੋਰ ਵਰਗ ਉਨ੍ਹਾਂ ਚਿੰਤਕਾਂ ਦਾ ਹੈ ਜੋ ਨਾ ਮਨ ਨੂੰ, ਨਾ ਮਾਦੇ ਨੂੰ ਪਰਵਾਨ ਕਰਦੇ ਹਨ, ਸਗੋਂ ਕਿਸੇ ਅਦ੍ਰਿਸ਼ਟ ਨਿਰਪੇਖ ਤੱਤ ਨੂੰ ਮੂਲ ਹਕੀਕਤ ਮੰਨਦੇ ਹਨ, ਮਨ ਤੇ ਪਦਾਰਥ ਜਿਸ ਦੇ ਪਰਗਟ ਸਰੂਪ ਹਨ। ਇਨ੍ਹਾਂ ਦੇ ਸਿਧਾਂਤ ਨੂੰ 'ਨਿਰਪੱਖ ਏਕਵਾਦ' ਕਿਹਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਕਿਸੇ ਪਰਾ-ਪੂਰਬਲੀ ਅਪਰੰਪਰ ਹਸਤੀ ਦੀ ਚਿਤਵਨਾ ਕੀਤੀ ਹੈ, ਜਿਸ ਨੇ 'ਕਲਾ' ਧਾਰ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਸਿੱਖ ਫ਼ਲਸਫ਼ੇ ਅਨੁਸਾਰ, ਇਹ ਆਤਮਿਕ ਹਸਤੀ ਹੀ ਮੂਲ-ਹਕੀਕਤ ਹੈ। ਇਸ ਨਿਰਗੁਣ, ਅਗੋਚਰ, ਨਿਰ-ਆਕਾਰ ਸ਼ਕਤੀ ਨੂੰ ਵਿਸ਼ਵ-ਰਚਨਾ ਦਾ ਰਹੱਸਮਈ ਮੂਲ ਸਵੀਕਾਰ ਕਰ ਲਈਏ, ਤਾਂ ਗੁਰੂ ਸਾਹਿਬਾਨ ਦਾ ਅਕੀਦਾ ਨਿਰਪੱਖ ਏਕਵਾਦ ਦੇ ਸਿਧਾਂਤ ਨਾਲ ਮੇਲ ਖਾਂਦਾ ਜਾਪਦਾ ਹੈ। ਸੰਸਾਰ ਵਿਚ ਪਦਾਰਥਕ ਤੇ ਮਾਨਸਿਕ ਦੋਹਾਂ ਕਿਸਮਾਂ ਦੇ ਤੱਥ ਮੌਜੂਦ ਹਨ, ਅਤੇ ਦੋਵੇਂ ਕਿਸੇ ਅਦਿੱਖ, ਰਹੱਸਮਈ ਤੱਤ ਦੀ ਉਪਜ ਹੋ ਸਕਦੇ ਹਨ। ਪਰ, ਸਿੱਖ-ਚਿੰਤਨ ਵਿਚ ਅਜਿਹੇ 'ਨਿਰਪੱਖ' ਏਕਵਾਦੀ ਸਿਧਾਂਤ ਨੂੰ ਅਹਿਮੀਅਤ ਨਹੀਂ ਦਿੱਤੀ ਗਈ। ਗੁਰਬਾਣੀ ਦੇ ਵਿਸ਼ਵਾਸ ਪ੍ਰਬੰਧ ਅਨੁਸਾਰ, ਮਨੁੱਖ ਜੋਤ-ਸਰੂਪ ਹੈ, ਅਤੇ ਉਸ ਦੇ ਸਰੀਰ ਵਿਚ ਸਥਿਤ ਜੋਤੀ ਉਸੇ ਮੂਲ-ਜੋਤ ਪਾਸੋਂ ਪ੍ਰਕਾਸ਼ ਲੈ ਰਹੀ ਹੈ, ਜਿਸ ਦੀ ਪਛਾਣ ਮਨੁੱਖ ਦਾ ਅਧਿਆਤਮਿਕ ਕਰਤੱਵ ਹੈ। ਗੁਰਬਾਣੀ ਨੇ ਕਾਇਆ (ਸਰੀਰ) ਨੂੰ ਭੌਤਿਕ ਕਹਿ ਕੇ ਛੁਟਿਆਇਆ ਨਹੀਂ, ਸਗੋਂ ਇਸ ਨੂੰ ਜੋਤ ਦਾ ਧਾਰਨੀ ਮੰਨ ਕੇ ਇਸ ਦੀ ਵਿਸ਼ੇਸ਼ਤਾ ਦ੍ਰਿੜ੍ਹਾਈ ਹੈ। ਤਨ ਵਿਚ ਹੀ ਮਨ ਕਾਰਜ ਕਰਦਾ ਹੈ, ਇਸੇ ਵਿਚ ਹੀ ਚਿੰਤਨ ਹੁੰਦਾ ਹੈ, ਇਸੇ ਵਿਚ ਰਸ-ਕਸ ਹਨ, ਇਸੇ ਵਿਚ "ਅੰਤਰਿ ਖੂਹਟਾ, ਅੰਮ੍ਰਿਤ ਭਰਿਆ" ਸਥਿਤ ਹੈ।

ਗੁਰੂ ਅਮਰਦਾਸ ਬਾਣੀ ਵਿਚ ਤਨ ਤੇ ਮਨ ਦਾ ਸੁਮੇਲ ਵਿਸ਼ੇਸ਼ ਰੂਪ ਵਿਚ ਉਘੜ ਕੇ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਭੌਤਿਕਤਾ ਤੇ ਮਾਨਸਿਕਤਾ ਨੂੰ ਮਨੁੱਖੀ ਅਸਤਿੱਤਵ ਦੇ ਦੋ ਸਾਰਥਿਕ ਪਹਿਲੂ ਸਵੀਕਾਰ ਕਰਦਿਆਂ, ਵਿਅਕਤੀ ਨੂੰ ਲਿਵਲੀਨਤਾ ਦੀ ਸੇਧ ਵੱਲ ਤੋਰਿਆ ਹੈ। ਸੱਚੀ ਲਿਵ ਤੋਂ ਬਿਨਾਂ ਦੇਹੀ ਸੱਖਣੀ, ਨਿਮਾਣੀ ਤੇ ਵੇਚਾਰੀ ਹੈ। ਸਰੀਰ ਦੀ 'ਗੁਫ਼ਾ' ਵਿਚ ਜੋ ਅਖੁਟ ਭੰਡਾਰ ਭਰੇ ਹਨ, ਜੋ 'ਹਾਟ, ਪਟਣ, ਬਾਜ਼ਾਰ' ਛੁਪੇ ਪਏ ਹਨ, ਉਨ੍ਹਾਂ ਦੀ ਖੋਜ ਵਿਅਕਤੀ ਲਈ ਸਕਾਰਥੀ ਹੈ, ਕਿਉਂਕਿ ਅੰਦਰੋਂ ਖੋਜ ਕੇ ਹੀ ਉਹ ਅਸਲ ਤੱਤ ਦੀ ਪ੍ਰਾਪਤੀ ਕਰ ਸਕਦਾ ਹੈ। ਸਰੀਰ ਦਾ ਆਪਣੇ ਆਪ ਵਿਚ

Sri Satguru Jagjit Singh Ji eLibrary NamdhariElibrary@gmail.com

ਮੁੱਲ ਨਹੀਂ, ਇਸ ਦਾ ਮੁੱਲ ਉਸ 'ਖੇਲ' ਕਰਕੇ ਹੈ, ਜੋ ਕਰਤਾ ਨੇ ਰਚਾਇਆ ਹੈ, ਉਸ ਅਮੋਲਕ ਵਸਤੂ ਦੇ ਕਾਰਨ ਹੈ ਜੋ ਕਾਇਆਂ ਵਿਚ ਮੌਜੂਦ ਹੈ। ਸਰੀਰ ਕੇਵਲ ਵਾਸ਼ਨਾਵਾਂ ਦਾ ਪੁਤਲਾ ਤੇ ਮੰਦਾਚਾਰ ਦਾ ਕੇਂਦਰ ਨਹੀਂ, ਉੱਚੀ ਮਤਿ ਵੀ ਇਸੇ ਵਿਚ ਸਥਿਤ ਹੈ, ਜੋਤੀ ਦਾ ਪ੍ਰਕਾਸ਼ ਵੀ ਇਥੇ ਹੀ ਹੁੰਦਾ ਹੈ। ਗੁਰੂ ਅੰਗਦ ਦੇਵ ਨੇ ਜਗਤ ਨੂੰ 'ਕੋਠੜੀ' ਕਿਹਾ ਹੈ, ਜਿਸ ਵਿਚ ਸੱਚੇ ਦਾ ਵਾਸਾ ਹੈ; ਤਿਵੇਂ ਹੀ ਕੰਚਨ ਕਾਇਆਂ ਵਿਚ ਆਤਮਾ ਦਾ ਨੂਰ ਪਸਰਿਆ ਹੋਇਆ ਹੈ।

## ਆਦਰਸ਼ਵਾਦ

ਧਰਮ-ਚਿੰਤਨ ਸਮੁੱਚੇ ਰੂਪ ਵਿਚ ਉਸ ਦਰਸ਼ਨਧਾਰਾ ਦਾ ਹਾਮੀ ਹੈ ਜੋ ਮਾਨਸਿਕ-ਆਤਮਿਕ ਤੱਤ ਨੂੰ ਪਹਿਲ ਦੇਂਦੀ ਹੈ। ਭੌਤਿਕਵਾਦ ਵਿਚ ਇਸ ਦਾ ਕੋਈ ਵਿਸ਼ਵਾਸ ਨਹੀਂ। ਇਸ ਦਾ ਤੱਤ-ਮੀਮਾਂਸਾ 'ਧਾਰਨਾਵਾਦ' ਦਾ ਸਮਰਥਕ ਹੈ, ਜਿਸ ਲਈ 'ਆਦਰਸ਼ਵਾਦ' ਦਾ ਲੇਬਲ ਇਸ ਦੇ ਮਨ-ਭਾਉਂਦਾ ਹੈ। ਇਸ ਦੀ ਸੇਧ ਅਧਿਆਤਮਵਾਦ ਹੈ, ਜਿਸ ਨੂੰ ਧਰਮ ਚਿੰਤਨ ਆਦਰਸ਼ਵਾਦ ਦਾ ਹੀ ਅਗਲੇਰਾ ਪੜਾ ਮੰਨਦਾ ਹੈ। ਦੂਜੇ ਸ਼ਬਦਾਂ ਵਿਚ : ਮਾਨਸਿਕਤਾ, ਵਿਚਾਰ, ਧਾਰਨਾ, ਅਤੇ ਆਤਮਿਕ ਤੱਤ ਦੀ ਸ਼ਬਦਾਵਲੀ ਧਰਮ-ਚਿੰਤਨ ਦੇ ਖੇਤਰ ਦੀ ਪਰਵਾਨਿਤ ਸੰਕੇਤਾਵਲੀ ਹੈ। ਇਸ ਦ੍ਰਿਸ਼ਟੀ ਤੋਂ, ਆਤਮਾ ਕੇਵਲ ਆਦਰਸ਼ ਹੀ ਨਹੀਂ, ਸਭ ਕਾਸੇ ਦਾ ਮੂਲ-ਆਧਾਰ ਅਤੇ ਵਿਸ਼ਵ-ਜੀਵਨ ਦਾ ਧੁਰਾ ਹੈ। ਮਨ ਅਤੇ ਆਤਮਾ ਵਿਚ ਭੌਤਿਕ-ਹੀਣਤਾ ਦੀ ਸਾਂਝ ਹੈ; ਨਾ ਮਨ ਦੀ ਤੇ ਨਾ ਆਤਮਾ ਦੀ ਬਣਤਰ ਪਦਾਰਥ ਹੈ। ਆਤਮ-ਤੱਤ ਨੂੰ ਸਰੀਰਕ ਸੀਮਾ ਦੇ ਅੰਦਰ ਸਥਿਤ ਰਹਿਣ ਦੀ ਮਜ਼ਬੂਰੀ ਨਹੀਂ। ਵਿਅਕਤੀਗਤ ਆਤਮਾਵਾਂ ਪਰਸਪਰ ਸੰਪਰਕ ਵਿਚ ਆ ਸਕਦੀਆਂ ਹਨ, ਸਗੋਂ ਇਹ ਇੱਕੋ ਪਰਮ-ਆਤਮਾ ਦੇ ਪ੍ਰਕਾਸ਼ ਹਨ, ਜਿਨ੍ਹਾਂ ਵਿਚ ਆਦਰਸ਼ਕ ਸਾਂਝ ਸਥਾਪਿਤ ਹੈ।

ਸਿੱਖ ਫ਼ਲਸਫ਼ਾ ਅਧਿਆਤਮਵਾਦੀ ਹੋਣ ਦੇ ਨਾਤੇ ਆਦਰਸ਼ਵਾਦੀ ਤੱਤ-ਮੀਮਾਂਸਾ ਦੇ ਚੌਖਟੇ ਵਿਚ ਵਿਚਰਦਾ ਹੈ। ਇਸ ਦੀ ਦਾਰਸ਼ਨਿਕਤਾ ਅਜਿਹੇ ਮੂਲ-ਤੱਤ ਦੀ ਸਮਰਥਕ ਹੈ ਜੋ 'ਚੇਤਨ' ਤੱਤ ਹੈ। ਜੜ੍ਹ ਤੇ ਚੇਤਨ ਦੇ ਅੰਤਰ ਨੂੰ ਧਿਆਨ ਵਿਚ ਰਖਦਿਆਂ, ਸਿੱਖ-ਮਤ ਦਾ ਧਰਮ-ਦਰਸ਼ਨ ਭੌਤਿਕਵਾਦ ਨੂੰ ਰੱਦ ਕਰੇਗਾ ਅਤੇ ਧਾਰਨਾਵਾਦ/ਆਦਰਸ਼ਵਾਦ ਦੀ ਹਮਾਇਤ ਕਰੇਗਾ। ਭਾਰਤੀ ਚਿੰਤਨ ਦੀ ਸਮੁੱਚੀ ਪਰੰਪਰਾ ਸਤ-ਚਿਤ-ਆਨੰਦ ਦੀ ਪੈਰੋਕਾਰ ਹੋਣ ਕਰਕੇ, ਚਿਤ (ਚੇਤਨ) ਦੇ ਨਿਯਮ ਦੀ ਪਾਬੰਦ ਰਹੀ ਹੈ। ਜਿਸ ਮੂਲ-ਦ੍ਰਵ ਵਿਚ ਚੇਤਨਾ ਮੌਜੂਦ ਹੈ, ਉਹ ਭੌਤਿਕਵਾਦੀਆਂ ਦਾ ਮੈਟਰ (ਨਿਰਜਿੰਦ/ਅਚੇਤ ਪਦਾਰਥ) ਨਹੀਂ ਹੋ ਸਕਦਾ। ਜਿੱਥੇ ਚੇਤਨਤਾ ਹੈ ਉਥੇ ਮਾਨਸਿਕਤਾ ਦਾ ਗੁਣ ਹਾਜ਼ਿਰ ਹੈ। ਇਹੋ ਗੁਣ ਜੀਵ ਨੂੰ ਵਿਅਕਤੀ ਜਾਂ ਪੁਰਖ ਬਣਾਉਂਦਾ ਹੈ। ਪੁਰਖ ਉਹ ਹੈ ਜਿਸ ਵਿਚ ਚੇਤਨਤਾ ਦਾ ਗੁਣ ਮੌਜੂਦ ਹੈ। ਗੁਰੂ ਸਾਹਿਬਾਨ ਨੇ ਪਰਮ ਸੱਤਾ ਨੂੰ 'ਪੁਰਖ' ਕਹਿ ਕੇ ਇਸ ਦੀ ਸੁਚੇਤ ਹਸਤੀ ਵੱਲ ਸੰਕੇਤ ਕੀਤਾ ਹੈ। ਭਾਰਤੀ ਸਾਂਖ

Sri Satguru Jagjit Singh Ji eLibrary NamdhariElibrary@gmail.com

ਤੇ ਯੋਗ ਦੇ ਫ਼ਲਸਫ਼ੇ ਵਿਚ ਵੀ 'ਪੁਰਸ਼' ਆਤਮਿਕਤਾ, ਸ਼ੁੱਧ ਚੇਤਨਾ, ਚੇਤਨ ਹਸਤੀ ਦਾ ਪ੍ਰਤੀਕ ਹੈ। ਇਸ ਦੇ ਟਾਕਰੇ ਉੱਤੇ ਅਚੇਤ ਪਦਾਰਥ ਜਾਂ ਮੈਟਰ ਲਈ 'ਪ੍ਰਕਿਰਤੀ' ਦਾ ਨਿਯਮ ਸਥਾਪਿਤ ਕੀਤਾ ਗਿਆ ਹੈ, ਜੋ ਜੜ੍ਹਤਾ ਦਾ ਸੰਕੇਤਕ ਹੈ।

ਸਿੱਖ-ਚਿੰਤਨ ਚੇਤਨਾ ਨੂੰ ਪਰਮ-ਸੱਤਾ ਦੇ ਇਕ ਗੁਣ-ਮਾਤਰ ਦੇ ਰੂਪ ਵਿਚ ਹੀ ਨਹੀਂ ਦੇਖਦਾ। ਪਰਮ ਹਸਤੀ ਆਪ ਹੀ ਚਿਤ ਹੈ। ਵਿਅਕਤੀ ਦਾ ਚੇਤਨਾ-ਯੁਕਤ ਹੋਣਾ ਉਸ ਨੂੰ ਉਹ ਦਰਜਾ ਪ੍ਰਦਾਨ ਨਹੀਂ ਕਰਦਾ, ਜੋ ਪਰਮ ਸੱਤਾ ਨੂੰ ਚੇਤਨਾ-ਸਰੂਪ ਹੋਣ ਕਾਰਨ ਦਿੱਤਾ ਗਿਆ ਹੈ। ਉੱਚਤਮ ਹਸਤੀ 'ਵਿਚ' ਅਨੰਦ ਨਹੀਂ, ਉਹ ਆਪ ਹੀ ਅਨੰਦ-ਸਰੂਪ ਹੈ। ਸਤ-ਚਿਤ-ਆਨੰਦ : ਹਸਤੀ, ਚੇਤਨਾ, ਸੁਤੰਤਰ ਮੌਜ ਦੀ ਸਮੁੱਚਤਾ ਹੈ; ਉਹ ਇੱਕੋ ਇਕਾਈ ਹੈ, ਜਿਸ ਨੂੰ ਤਿੰਨ ਪੱਖਾਂ ਤੋਂ ਸੰਕਲਪਿਆ ਗਿਆ ਹੈ। ਉਸ ਹਸਤੀ ਉੱਤੇ ਪ੍ਰਕਿਰਤੀ ਦੇ ਗੁਣ ਲਾਗੂ ਨਹੀਂ ਹੁੰਦੇ, ਇਸੇ ਲਈ ਉਸ ਨੂੰ ਤ੍ਰੈ-ਗੁਣ ਅਤੀਤ ਕਿਹਾ ਗਿਆ ਹੈ। ਗੁਰਬਾਣੀ ਨੇ ਵੀ ਇਸ ਪਰਮ ਸਤਿ ਨੂੰ ਨਿਰਗੁਣ ਦਾ ਨਾਮ ਦਿੱਤਾ ਹੈ। ਇਹ ਨਿਰਗੁਣ : ਸਦੀਵੀ ਹਸਤੀ, ਚੇਤਨਾ ਸਰੂਪ ਤੇ ਅਨੰਦ-ਸਰੂਪ 'ਬ੍ਰਹਮ' ਹੈ। ਪਰ ਨਾਲ ਹੀ ਉਹ 'ਪ੍ਰਭੂ' ਹੈ। ਉਸ ਦੇ ਈਸ਼ਵਰੀ ਗੁਣ, ਬ੍ਰਹਿਮੰਡ ਵਿਚ ਉਸ ਦੀ ਵਿਆਪਕਤਾ, ਆਪਣੀ ਰਚਨਾ ਨਾਲ ਉਸ ਦਾ ਸਨੇਹ-ਭਾਵ ਅਤੇ ਮਨੁੱਖ-ਮਾਤਰ ਲਈ ਮਿਹਰ ਉਸ ਨੂੰ ਸਾ-ਗੁਣ (ਸਰਗੁਣ) ਸਰੂਪ ਵਿਚ ਸਥਾਪਿਤ ਕਰਦੇ ਹਨ। ਸਿੱਖ ਦ੍ਰਿਸ਼ਟੀਕੋਣ ਤੋਂ, ਨਿਰਗੁਣ ਹੀ ਸਰਗੁਣ ਸਰੂਪ ਵਿਚ ਕਾਰਜਸ਼ੀਲ ਹੈ; ਬ੍ਰਹਮ ਹੀ ਈਸ਼ਵਰ ਹੈ; ਅਗੋਚਰ ਹਸਤੀ ਹੀ ਵਿਸ਼ਵ-ਰਚਨਾ ਵਿਚ ਵਿਆਪਕ ਹੈ।

ਸਿੱਖ ਆਦਰਸ਼ਵਾਦ ਨਿਰੋਲ ਫ਼ਲਸਫ਼ਾ ਨਾ ਰਹਿ ਕੇ ਧਰਮ-ਸਿਧਾਂਤ ਦੇ ਖੇਤਰ ਵਿਚ ਵਿਚਰਦਾ ਹੈ। ਇਸ ਦੀ ਉੱਚਤਮ ਹਕੀਕਤ ਕੇਵਲ ਮਾਨਸਿਕਤਾ ਜਾਂ ਆਤਮਿਕਤਾ ਨਹੀਂ, ਪਾਰਬ੍ਰਹਮ-ਪ੍ਰਭੂ ਆਪ ਹੈ। ਇਸ ਦੇ ਵਿਸ਼ਵਾਸ-ਪ੍ਰਬੰਧ ਵਿਚ ਦਾਰਸ਼ਨਿਕਤਾ ਤੇ ਅਧਿਆਤਮਿਕਤਾ ਦਾ ਮਿਸ਼ਰਨ ਹੈ, ਜੋ ਇਕ ਦੂਜੀ ਤੋਂ ਅਨਿਖੜ ਹੋ ਗਈਆਂ ਹਨ। ਇਸ ਦੀ ਪਰਮ-ਸੱਤਾ ਨਿਰ-ਆਕਾਰ ਹੁੰਦੀ ਹੋਈ ਵੀ ਸਾਕਾਰ ਹੈ : ਚੱਕਰ-ਚਿਹਨ, ਰੂਪ-ਰੰਗ, ਰੇਖ-ਭੇਖ ਤੋਂ ਉਪਰ ਹੁੰਦੀ ਹੋਈ ਵੀ ਸ਼ਾਹਾਂ ਦੀ ਸ਼ਾਹ ਹੈ, ਤ੍ਰੈ-ਭਵਨਾਂ ਦੀ ਹਾਕਮ ਸ਼ਕਤੀ ਹੈ। ਉਹ ਅਨਾਮ ਹੈ, ਪਰ ਉਸ ਨੂੰ ਅਣਗਿਣਤ ਨਾਮ ਦਿੱਤੇ ਗਏ ਹਨ। ਆਪਣੇ ਆਪ ਵਿਚ ਉਹ ਸਦਾ ਸਥਿਰ, ਸਦੀਵੀ ਹਸਤੀ ਤੇ ਅਕਾਲ ਹੈ; ਉਸ ਦਾ ਪੂਰਾ-ਪੂਰਬਲਾ ਨਾਮ ਕੇਵਲ 'ਸਤਿ' ਹੈ; ਫਿਰ ਵੀ ਉਸ ਦੇ ਗੁਣਾਂ ਕਰਮਾਂ ਦੀ ਦ੍ਰਿਸ਼ਟੀ ਤੋਂ ਉਸ ਨੂੰ ਅਨੇਕ ਕਿਰਤਮ ਨਾਵਾਂ ਨਾਲ ਕਥਨ ਕੀਤਾ ਜਾਂਦਾ ਹੈ, ਅਤੇ ਕਾਲਗਤ ਵਸਤਾਂ, ਜੀਵਾਂ ਤੇ ਕਾਇਨਾਤ ਨਾਲ ਇਕਸੁਰ ਸੰਕਲਪਿਆ ਗਿਆ ਹੈ। ਉਸ ਨੂੰ ਕਿਸੇ ਨੇ ਨਹੀਂ ਰਚਿਆ, ਪਰ ਉਹ ਸਮੁੱਚੀ ਰਚਨਾ ਦਾ ਸਿਰਜਨਹਾਰ ਹੈ। ਉਸ ਦਾ ਨਾ ਪਿਤਾ ਹੈ, ਨਾ ਮਾਤਾ, ਪਰ ਗੁਰਬਾਣੀ ਨੇ ਉਸ ਨੂੰ "ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ" ਕਹਿ ਕੇ ਸੰਬੋਧਨ ਕੀਤਾ ਹੈ।

## ਸਤ, ਸਤਿ ਤੇ ਸੱਚ

ਗੁਰੂ-ਗ੍ਰੰਥ ਬਾਣੀ ਵਿਚ 'ਸਤਿ' ਤੇ 'ਸਚੁ' ਸ਼ਬਦਾਂ ਦੀ ਖੁੱਲ੍ਹੀ ਵਰਤੋਂ ਹੋਈ ਹੈ। ਅਕਸਰ ਇਨ੍ਹਾਂ ਦੋਹਾਂ ਸੰਕੇਤਾਂ ਨੂੰ ਇੱਕ ਅਰਥ ਵਿਚ ਲਿਆ ਗਿਆ ਹੈ। ਸਰਬੋਤਮ ਹਸਤੀ ਦੀ ਸਦੀਵਤਾ ਨੂੰ ਦਰਸਾਉਣ ਲਈ ਇਸ ਨੂੰ ਸਤਿ ਵੀ ਕਿਹਾ ਗਿਆ ਹੈ, ਸੱਚ ਵੀ। 'ਸਤਿ' ਉਹ ਹੈ ਜੋ ਸਦਾ ਕਾਇਮ ਰਹੇ (ਸੱਤਯ, ਯਥਾਰਥ, ਵਾਸਤਵਿਕ ਤੱਤ)। ਮੂਲ-ਮੰਤਰ ਵਿਚ 'ਸਤਿ-ਨਾਮੁ' ਦਾ ਸਮਾਸ ਸਦੀਵੀ ਹਸਤੀ ਦੀ ਸਭਿਅਤਾ ਅਤੇ ਇਸ ਦੇ ਨਾਮ-ਰੂਪੀ ਪ੍ਰਕਾਸ਼ ਦਾ ਪ੍ਰਤੀਕ ਹੈ। ਆਦਿ-ਜੁਗਾਦਿ, ਪਰਾ-ਪੂਰਬਲੀ ਹਸਤੀ ਨੂੰ ਜੇਕਰ ਭਾਸ਼ਾਈ ਚਿੰਨ੍ਹ ਦੇਣਾ ਹੋਵੇ ਤਾਂ ਇਸ ਨੂੰ 'ਸਤਿ' ਕਹਿਣਾ ਕਾਫ਼ੀ ਹੈ। ਉਸ ਅ-ਨਾਮ ਹਕੀਕਤ ਨੂੰ ਸ਼ਾਬਦਿਕ ਪ੍ਰਗਟਾਵਾ ਦੇਣ ਲਈ ਹੀ ਗੁਰੂ ਅਰਜਨ ਦੇਵ ਨੇ "ਸਤਿ ਨਾਮੁ ਤੇਰਾ ਪਰਾ ਪੂਰਬਲਾ" ਦੇ ਵਾਕੰਸ਼ ਦੀ ਵਰਤੋਂ ਕੀਤੀ ਹੈ। ਸਿਧਾਂਤਕ ਦ੍ਰਿਸ਼ਟੀ ਤੋਂ, ਇਸ ਸਤਿ ਹਕੀਕਤ ਨੂੰ ਨਿਰਗੁਣ ਰੂਪ ਵਿਚ ਹੀ ਸੰਕਲਪਿਆ ਜਾ ਸਕਦਾ ਹੈ, ਕਿਉਂਕਿ ਜਿਸ ਨਿਰ-ਆਕਾਰ, ਅਕਾਲ ਹਸਤੀ ਦਾ ਭਾਵ ਪ੍ਰਗਟਾਇਆ ਜਾ ਰਿਹਾ ਹੈ, ਉਸ ਨੂੰ 'ਨੇਤਿ ਨੇਤਿ' ਅਤੇ ਗੁਣ-ਅਤੀਤ ਦਰਸਾਇਆ ਗਿਆ ਹੈ। ਇਹ ਬ੍ਰਹਮ ਦਾ ਅਫੁਰ ਸਰੂਪ ਹੈ, ਸੁੰਨ-ਸਮਾਧੀ ਹੈ, ਅਪਰੰਪਰਾ ਦੀ ਤਾੜੀ ਦੀ ਅਵਸਥਾ ਹੈ।

ਬਾਣੀਕਾਰਾਂ ਨੇ ਲਗਭਗ ਇਸੇ ਭਾਗ ਨੂੰ ਪ੍ਰਗਟਾਉਣ ਲਈ 'ਸੱਚ' ਦੇ ਸੰਕੇਤ ਦੀ ਵਰਤੋਂ ਵੀ ਕੀਤੀ ਹੈ। ਸੱਚ ਉਹ ਹੈ ਜੋ ਵਾਸਤਵਿਕ ਹੋਂਦ ਦਾ ਲਖਾਇਕ ਹੈ। ਧਰਮ-ਚਿੰਤਕਾਂ ਨੇ ਈਸ਼ਵਰ ਜਾਂ ਪ੍ਰਭੂ ਨੂੰ ਸੱਚ ਕਹਿ ਕੇ, ਇਸ ਦੀ ਹੋਂਦ ਦਾ ਭਾਵ ਸਹੀ ਕੀਤਾ ਹੈ। ਸ੍ਰਿਸ਼ਟੀ ਨੂੰ ਸੱਚ ਕਹਿਣ ਦਾ ਅਰਥ ਹੈ ਇਸ ਦੀ ਯਥਾਰਥਕ ਹੋਂਦ ਨਿਸ਼ਚੇ ਕਰਾਉਣੀ। ਗੁਰਬਾਣੀ ਵਿਚ ਸੱਚ ਨੂੰ ਸੱਚਾ, ਸਾਚਾ ਆਦਿਕ ਰੂਪ ਵੀ ਦਿੱਤੇ ਗਏ ਹਨ। ਜਿਵੇਂ "ਇਹੁ ਜਗੁ ਸਚੇ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ" ਅਤੇ "ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ।" ਸੱਚਾ ਤੇ ਸਾਚਾ ਸ਼ਬਦਾਂ ਦੀ ਵਰਤੋਂ ਵਿਸ਼ੇਸ਼ਣ ਰੂਪ ਵਿਚ ਵਧੇਰੇ ਹੋਈ ਹੈ, ਜਿਵੇਂ "ਸਚੇ ਤੇਰੇ ਖੰਡ, ਸਚੇ ਬ੍ਰਹਮੰਡ" ਅਤੇ "ਸਾਚਾ ਸਾਹਿਬੁ ਸਾਚੁ ਨਾਇ।" ਸੱਚ ਦਾ ਵਿਰੋਧੀ ਸੰਕੇਤ ਕੂੜ ਹੈ (ਜਿਸ ਨੂੰ ਝੂਠ, ਮਿਥਿਆ, ਨਾਸ਼ਮਾਨ, ਅਸਥਿਰ ਦੇ ਅਰਥਾਂ ਵਿਚ ਲਿਆ ਜਾਂਦਾ ਹੈ) ਸਿਧਾਂਤਕ ਨਜ਼ਰੀਏ ਤੋਂ, ਸੱਚ ਨੂੰ 'ਹੋਂਦ' ਨਾਲ ਸੰਬੰਧਿਤ ਕਰਨਾ ਵਧੇਰੇ ਸਾਰਥਿਕ ਹੈ, ਬੇਸ਼ੱਕ ਚਿੰਤਕਾਂ ਤੇ ਬਾਣੀਕਾਰਾਂ ਨੇ ਇਸ ਨੂੰ 'ਸਤਿ' ਦੇ ਸਮਾਨਾਰਥ ਰੱਖ ਕੇ 'ਹਸਤੀ' ਦਾ ਭਾਵ ਵੀ ਪ੍ਰਗਟਾਇਆ ਹੈ। ਸਮੁੱਚੇ ਤੌਰ 'ਤੇ, ਸੱਚ ਨੂੰ ਸਰਗੁਣ ਰੂਪ ਵਿਚ ਚਿਤਵਿਆ ਜਾਂਦਾ ਹੈ, ਕਿਉਂਕਿ ਇਹ ਹੋਂਦ ਦਾ ਸੰਕੇਤਕ ਹੈ, ਅਤੇ ਇਸ ਨੂੰ ਨੇਤਿ-ਨੇਤਿ ਦੀ ਬਜਾਇ 'ਇਤਿ-ਇਤਿ' ਕਹਿ ਕੇ ਗੁਣਾਂ ਨਾਲ ਸੁਸ਼ੋਭਿਤ ਕੀਤਾ ਗਿਆ ਹੈ।

ਸਤਿ (ਸਥਿਰ ਹਸਤੀ) ਅਤੇ ਸੱਚ (ਯਥਾਰਥਕ ਹੋਂਦ) ਤੋਂ ਬਿਨਾਂ, 'ਸਤ' ਇਕ ਹੋਰ ਦਾਰਸ਼ਨਿਕ ਸੰਕੇਤ ਹੈ, ਜੋ ਕੇਵਲ ਹੈ-ਤਵ (ਹਸਤੀ) ਦਾ ਸੂਚਕ ਹੈ। ਤੱਤ-ਮੀਮਾਂਸਾ

Sri Satguru Jagjit Singh Ji eLibrary NamdhariElibrary@gmail.com

ਦੇ ਪ੍ਰਕਰਣ ਵਿਚ 'ਸਤ' ਤੇ 'ਅ-ਸਤ' ਵਿਰੋਧੀ ਸੰਕਲਪ ਹਨ; ਸਤ ਉਹ ਹੈ ਜੋ "ਹੈ" ਅਤੇ ਅਸਤ ਜੋ "ਨਹੀਂ ਹੈ"। ਇਹ ਅੰਤਰ ਸੱਚੇ ਤੇ ਝੂਠੇ ਦਾ ਨਹੀਂ, ਨਾ ਹੀ ਹਸਤੀ ਤੇ ਹੋਂਦ ਦਾ ਹੈ। ਸਤ ਨੂੰ ਕੇਵਲ ਨਿਰੋਲ ਹੈ-ਤਵ, ਸ਼ੁੱਧ ਹਸਤੀ (ਪਿਉਰ ਬੀਇੰਗ) ਦੇ ਅਰਥ ਵਿਚ ਚਿਤਵਣਾ ਆਵੱਸ਼ਕ ਹੈ। (ਇਥੇ ਜਤ-ਸਤ ਜਾਂ ਜਤੀ-ਸਤੀ ਵਾਲਾ ਨੈਤਿਕ ਅਰਥ ਵੀ ਉਚਿਤ ਨਹੀਂ।) ਇਸ ਦੀ ਪਰੰਪਰਾਗਤ ਵਰਤੋਂ ਸਤ-ਚਿਤ-ਆਨੰਦ (ਸਚਿਦਾਨੰਦ) ਦੇ ਰੂਪ ਵਿਚ ਹੋਈ ਹੈ, ਜਿਥੇ ਇਸ ਨੂੰ ਨਿਰੋਲ 'ਹਸਤੀ' ਦੇ ਪ੍ਰਮਾਣਿਕ ਅਰਥ ਵਿਚ ਸੰਕੇਤਿਆ ਗਿਆ ਹੈ। ਜੋ ਹਸਤੀ ਨਹੀਂ, ਉਹ ਨਾਸਤੀ ਹੈ; ਜਿਸ ਦਾ ਅਭਾਵ ਹੈ, ਜੋ ਗ਼ੈਰ-ਮੌਜੂਦ ਹੈ। ਕਈ ਦਾਰਸ਼ਨਿਕ ਨਾਸਤੀ (Nothingness) ਨੂੰ ਵੀ ਹੋਂਦ-ਪਰਕ ਦਰਜਾ ਦੇ ਦੇਂਦੇ ਹਨ, ਜਦੋਂ ਉਹ 'ਨਾਸਤੀ ਹੈ' ਦੀ ਸ਼ਬਦਾਵਲੀ ਵਰਤਦੇ ਹਨ। ਪਰ ਇਹ ਕੇਵਲ ਭਾਸ਼ਾਈ ਹੇਰ-ਫੇਰ ਹੈ, ਜਿਸ ਦਾ ਯਥਾਰਥਕ ਆਧਾਰ ਕੋਈ ਨਹੀਂ।

ਸਤ, ਸਤਿ ਅਤੇ ਸੱਚ ਦੇ ਤਕਨੀਕੀ ਅਰਥ-ਭੇਦ ਦਾਰਸ਼ਨਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ, ਅਤੇ ਗੁਰਬਾਣੀ ਦੇ ਸੰਕਲਪਕ ਢਾਂਚੇ ਨੂੰ ਸਮਝਣ ਵਿਚ ਸਹਾਈ ਹਨ। ਇਹ ਠੀਕ ਹੈ ਕਿ ਇਹ ਤਿੰਨੇ ਸ਼ਬਦ ਇੱਕੋ ਹਕੀਕਤ ਨੂੰ ਵਿਅਕਤ ਕਰਨ ਲਈ ਵਰਤੇ ਗਏ ਹਨ। ਬ੍ਰਹਮ ਹੀ 'ਸਤ' ਹੈ, ਉਹੀ 'ਸਤਿ' ਤੇ 'ਸੱਚ' ਹੈ। ਉਸੇ ਨੂੰ ਨਿਰਗੁਣ ਰੂਪ ਵਿਚ ਸੰਕਲਪਿਆ ਗਿਆ ਹੈ, ਅਤੇ ਨਾਲ ਹੀ ਸਰਗੁਣ ਰੂਪ ਵਿਚ। ਇਸ ਤੱਥ ਨੂੰ ਗੁਰੂ ਅਰਜਨ ਦੇਵ ਨੇ "ਸਰਗੁਨ, ਨਿਰਗੁਨ, ਨਿਰੰਕਾਰ, ਸੁੰਨ ਸਮਾਧੀ ਆਪਿ" ਦੇ ਵਾਕ ਵਿਚ ਪੁਸ਼ਟ ਕੀਤਾ ਹੈ। ਨਿਰਗੁਣਵਾਦੀਆਂ ਲਈ ਪਰਮ-ਸੱਤਾ ਸਮੇਂ, ਸਥਾਨ, ਰੂਪਾਕਾਰ ਆਦਿਕ ਕਿਸੇ ਬੰਧਨ ਵਿਚ ਨਹੀਂ, ਨਾ ਹੀ ਉਸ ਦੀ ਕੋਈ ਮੂਰਤ, ਚਿੱਤਰ ਸੰਭਵ ਹੈ। ਨਿਰਗੁਣ ਬ੍ਰਹਮ ਨਾਲ ਪੂਜਾ ਅਰਚਾ, ਅਰਦਾਸ ਬੇਨਤੀ ਰਾਹੀਂ ਸੰਪਰਕ ਸਥਾਪਿਤ ਕਰਨਾ ਸੰਭਾਵਿਤ ਨਹੀਂ ਜਾਪਦਾ; ਪਰ ਉਸੇ ਬ੍ਰਹਮ ਨੂੰ ਸਰਗੁਣ ਸਰੂਪ ਵਿਚ ਚਿਤਵੀਏ, ਤਾਂ ਸਾਰੇ ਸੰਬੰਧ ਸਥਾਪਿਤ ਹੋ ਜਾਂਦੇ ਹਨ। ਪ੍ਰਭੂ ਰੂਪ ਵਿਚ ਉਹੀ ਬ੍ਰਹਮ ਭਗਤਾਂ ਦੀ ਪ੍ਰੇਮ-ਉਪਾਸ਼ਨਾ ਦਾ ਪਾਤਰ ਹੈ; ਉਸ ਨੂੰ ਪ੍ਰਿਤਪਾਲਕ, ਦਾਤਾਰ, ਸਖਾ, ਪ੍ਰੀਤਮ ਆਦਿਕ ਕਹਿ ਕੇ, ਅਨੇਕ ਪੁਰਖੀ ਗੁਣਾਂ ਦਾ ਪੁੰਜ ਪਰਵਾਨ ਕੀਤਾ ਗਿਆ ਹੈ। ਇਹ ਨਿਰਗੁਣ-ਸਰਗੁਣ ਹਸਤੀ ਬ੍ਰਹਮ-ਈਸ਼ਵਰ ਦੀ ਸਮੁੱਚਤਾ ਹੈ, ਜੋ ਸਿੱਖ-ਦਾਰਸ਼ਨਿਕਤਾ ਦਾ ਅੰਤਿਮ ਸੱਚ ਹੈ।

ਆਧੁਨਿਕ ਫ਼ਲਸਫ਼ੇ ਨੇ ਸਚਾਈ ਨੂੰ ਭਾਸ਼ਾ ਦੀ ਇਕ ਵਿਸ਼ੇਸ਼ ਬਣਤਰ ਨਾਲ ਜੋੜਿਆ ਹੈ। ਇਸ ਮਤ ਦੇ ਹਾਮੀਆਂ ਨਾਲ 'ਸੱਚਾ' ਤੇ 'ਝੂਠਾ' ਕੇਵਲ ਵਾਕਾਂ ਦੀ ਜੁਗਤ ਉੱਤੇ ਲਾਗੂ ਹੋਣ ਵਾਲੇ ਸ਼ਬਦ ਹਨ। ਜੋ ਤਰਕ-ਵਾਕ ਵਿਸ਼ਵ ਜਾਂ ਜੀਵਨ ਦੇ ਕਿਸੇ ਯਥਾਰਥ ਦਾ ਅਨੁਸਾਰੀ ਹੈ, ਉਹ ਸੱਚਾ ਹੈ; ਜਿਸ ਵਾਕ-ਜੁਗਤ ਵਿਚ ਯਥਾਰਥ ਨਾਲ ਸੁਮੇਲ ਦੀ ਅਣਹੋਂਦ ਹੈ, ਉਸ ਵਿਚ ਸਚਾਈ ਨਹੀਂ, ਉਹ ਝੂਠਾ ਵਾਕ ਹੈ। ਇਸ ਦ੍ਰਿਸ਼ਟੀਕੋਣ ਤੋਂ ਸਚਾਈ ਕੇਵਲ ਵਿਗਿਆਨ ਦੇ ਪਰਖੇ-ਪੜਚੋਲੇ ਨਿਯਮਾਂ ਤੇ ਕਥਨਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਹੋਵੇਗੀ; ਫ਼ਲਸਫ਼ਾ, ਧਰਮ, ਕਲਾ ਦੇ ਕਥਨ ਕਾਵਿ-ਕਲਪਨਾ ਵਾਂਗ ਸੁਹਾਉਣੇ ਜ਼ਰੂਰ ਹਨ, ਪਰ ਉਨ੍ਹਾਂ ਵਿਚ 'ਸਚਾਈ' ਦਾ ਅਭਾਵ ਹੈ। ਸਚਾਈ ਦੀ ਇਹ ਸੀਮਿਤ ਪਰਿਭਾਸ਼ਾ ਧਰਮ-ਚਿੰਤਨ ਦੇ ਖੇਤਰ ਵਿਚ ਪਰਵਾਨ ਨਹੀਂ ਚੜ੍ਹੀ, ਜਿਥੇ ਸੱਚਾ ਗਿਆਨ ਕੇਵਲ ਵਿਗਿਆਨਕ ਵਿਧੀਆਂ ਉੱਤੇ ਆਧਾਰਿਤ ਨਹੀਂ ਮੰਨਿਆ ਗਿਆ। ਸਚਾਈ ਦੀ ਟੋਹ ਅੰਤਰਬੋਧੀ ਸਾਧਨਾ ਰਾਹੀਂ ਐਣ ਸੰਭਵ ਹੈ, ਕੇਵਲ ਇਸ ਦੀ ਪ੍ਰਸਤੁਤੀ ਵਿਵੇਕਸ਼ੀਲ, ਤਰਕ-ਸੰਗਤ ਹੋਣੀ ਜ਼ਰੂਰੀ ਹੈ। ਕਵੀ ਦੀ ਕਲਪਨਾ ਜਦੋਂ ਕਾਵਿਕ ਪ੍ਰਗਟਾਵਾ ਲੈਂਦੀ ਹੈ, ਤਾਂ ਉਸ ਨੂੰ ਦਲੀਲ ਦੀ ਮੁਥਾਜੀ ਨਹੀਂ ਹੁੰਦੀ; ਪਰ ਦਾਰਸ਼ਨਿਕ ਜਦੋਂ ਕਿਆਸਕਾਰੀ ਕਰਦਾ ਹੈ, ਜਾਂ ਧਰਮ-ਚਿੰਤਕ ਜਦੋਂ ਕਿਸੇ ਵਿਸ਼ਵਾਸ-ਪ੍ਰਬੰਧ ਦੀ ਵਿਆਖਿਆ ਦਾ ਕਾਰਜ ਨਿਭਾਉਂਦਾ ਹੈ, ਤਾਂ ਉਸ ਨੂੰ ਤਰਕ ਤੇ ਦਲੀਲ ਦੇ ਲੜ ਲੱਗੇ ਰਹਿਣ ਦੀ ਮਜ਼ਬੂਰੀ ਹੁੰਦੀ ਹੈ। ਇਹ ਸੰਜਮ ਉਸ ਨੂੰ ਪਿਆਰਾ ਹੈ; ਇਸ ਨੂੰ ਉਹ ਤਿਆਗ ਨਹੀਂ ਸਕਦਾ।

Sri Satguru Jagjit Singh Ji eLibrary NamdhariElibrary@gmail.com

# 3.
# ਸਿੱਖ ਵਿਸ਼ਵ-ਸਿਧਾਂਤ

ਵਿਸ਼ਵ-ਰਚਨਾ ਦੀ ਸਥਿਤੀ, ਇਸ ਦੇ ਲੱਛਣਾਂ ਅਤੇ ਆਦਿ ਸੰਬੰਧੀ ਧਰਮ, ਫ਼ਲਸਫ਼ਾ ਤੇ ਵਿਗਿਆਨ ਆਪਣੇ-ਆਪਣੇ ਮਤ ਪ੍ਰਸਤੁਤ ਕਰਦੇ ਆਏ ਹਨ। ਵਿਸ਼ਵ ਦੀ ਵਿਸ਼ਾਲਤਾ, ਅਨੰਤਤਾ ਅਤੇ ਪੁਰਾਤਨਤਾ ਨੂੰ ਧਿਆਨ ਵਿਚ ਰਖਦਿਆਂ, ਕੋਈ ਵੀ ਮਤ ਨਿਸ਼ਚਿਤਤਾ ਦਾ ਦਾਅਵਾ ਨਹੀਂ ਕਰ ਸਕਦਾ; ਵੱਧ ਤੋਂ ਵੱਧ ਵਿਸ਼ਵ-ਰਚਨਾ ਨਾਲ ਸੰਬੰਧਿਤ ਸਿਧਾਂਤ ਕਿਆਸਕਾਰੀ ਦਾ ਦਰਜਾ ਹੀ ਰਖਦੇ ਹਨ। ਵਿਸ਼ੇਸ਼ ਕਰਕੇ ਧਰਮ ਅਤੇ ਫ਼ਲਸਫ਼ਾ ਆਪਣੇ ਸਿਧਾਂਤਾਂ ਲਈ ਵਿਸ਼ਵਾਸ ਤੇ ਅਕੀਦੇ ਨੂੰ ਆਧਾਰ ਬਣਾਉਂਦੇ ਹਨ, ਅਤੇ ਪ੍ਰਸਤੁਤ ਸਿਧਾਂਤਾਂ ਦੀ ਪ੍ਰੋੜ੍ਹਤਾ ਲਈ ਦਲੀਲ ਦੀ ਵਰਤੋਂ ਕਰਦੇ ਹਨ। ਆਧੁਨਿਕ ਦੌਰ ਵਿਚ ਵਿਗਿਆਨ ਨੇ ਆਪਣੀਆਂ ਵਿਕਸਿਤ ਵਿਧੀਆਂ, ਜੰਤਰਾਂ ਤੇ ਹਿਸਾਬੀ ਤਕਨੀਕਾਂ ਰਾਹੀਂ ਪ੍ਰੇਖਣ ਤੇ ਖੋਜ ਉੱਤੇ ਆਧਾਰਿਤ ਨਵੇਂ ਸਿਧਾਂਤਾਂ ਦਾ ਨਿਰਮਾਣ ਕੀਤਾ ਹੈ, ਪਰ ਕਿਸੇ ਇਕ ਸਿਧਾਂਤ ਨੂੰ ਅਜੇ ਤਕ ਨਿਸ਼ਚਿਤ ਗਿਆਨ ਦਾ ਦਰਜਾ ਨਹੀਂ ਮਿਲ ਸਕਿਆ। ਵਿਸ਼ਵ ਬਾਰੇ ਨਵੇਂ ਤੋਂ ਨਵੇਂ ਤੱਥ ਮਨੁੱਖਤਾ ਦੇ ਸਨਮੁਖ ਪੇਸ਼ ਹੋ ਰਹੇ ਹਨ, ਜਿਨ੍ਹਾਂ ਦੇ ਆਧਾਰ ਉੱਤੇ ਪਹਿਲਾਂ ਤੋਂ ਕਾਇਮ ਸਿਧਾਂਤਾਂ ਵਿਚ ਸੋਧ-ਸੁਧਾਈ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਵਿਗਿਆਨ ਦੀ ਅਨੁਭਵਸ਼ੀਲ (empirical) ਵਿਧੀ ਰਾਹੀਂ ਪ੍ਰਾਪਤ ਸਿੱਟੇ, ਕਈ ਵਾਰੀ ਧਰਮ ਅਤੇ ਫ਼ਲਸਫ਼ੇ ਦੀਆਂ ਅੰਤਰਬੋਧੀ ਅਤੇ ਕਿਆਸਮਈ ਵਿਧੀਆਂ ਦੇ ਸਿੱਟਿਆਂ ਨਾਲ ਮੇਲ ਖਾ ਜਾਂਦੇ ਹਨ, ਅਤੇ ਇਸ ਤਰ੍ਹਾਂ ਜਾਪਦਾ ਹੈ ਕਿ ਆਧੁਨਿਕ ਵਿਗਿਆਨ ਪ੍ਰਾਚੀਨ ਧਰਮ-ਚਿੰਤਕਾਂ ਤੇ ਦਰਸ਼ਨਵੇਤਾਵਾਂ ਦੀ ਦਿੱਬ-ਦ੍ਰਿਸ਼ਟੀ ਦਾ ਸਮਰਥਨ ਹੀ ਕਰ ਰਿਹਾ ਹੈ, ਚਾਹੇ ਇਸ ਕਿਸਮ ਦਾ ਸੰਪਰਕ ਵਿਸ਼ਵ-ਸਿਧਾਂਤ ਦੇ ਕੁਝ ਸੀਮਿਤ ਖੇਤਰਾਂ ਵਿਚ ਹੀ ਦ੍ਰਿਸ਼ਟੀਗੋਚਰ ਹੋਇਆ ਹੈ।

ਹੋਰਨਾਂ ਧਰਮਾਂ ਅਤੇ ਦਾਰਸ਼ਨਿਕ ਮਤਾਂ ਵਾਂਗ ਸਿੱਖ ਧਰਮ ਨੇ ਵੀ ਵਿਸ਼ਵ-ਰਚਨਾ ਸੰਬੰਧੀ ਆਪਣੀ ਧਾਰਨਾ ਪ੍ਰਗਟਾਈ ਹੈ। ਸਿੱਖ-ਮਤ ਦਾ ਵਿਸ਼ਵ-ਸਿਧਾਂਤ (cosmology) ਇਸ ਦੇ ਤੱਤ-ਮੀਮਾਂਸਾ (ਮੈਟਾਫ਼ਿਜ਼ਿਕਸ) ਦਾ ਹੀ ਵਿਸਤਾਰ ਹੈ, ਅਤੇ ਇਸ ਦੀ ਈਸ਼ਵਰ-ਭਾਵਨਾ ਦੇ ਅਨੁਕੂਲ ਹੈ। ਸਿੱਖ ਦ੍ਰਿਸ਼ਟੀਕੋਣ ਦੀ ਸ਼ਿਰੋਮਣੀ ਹਸਤੀ ਕਰਤਾ-ਪੁਰਖ ਹੈ, ਜੋ ਵਿਸ਼ਵ-ਰਚਨਾ ਦੀ ਵਿਕਾਸ-ਕ੍ਰਿਆ ਰਾਹੀਂ ਆਪਣੇ ਆਪ ਨੂੰ ਵਿਅਕਤ ਕਰ ਰਿਹਾ ਹੈ। ਸਿੱਖ ਧਰਮ ਦੇ ਵਿਸ਼ਵ-ਸਿਧਾਂਤ ਦੀ ਇਕ ਨਿਵੇਕਲੀ



Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ਤਾ ਇਸ ਦਾ, ਬ੍ਰਹਮ ਦੀ ਉਸ ਅਵਸਥਾ ਸੰਬੰਧੀ ਵਿਸ਼ਵਾਸ ਹੈ, ਜਿਸ ਨੂੰ ਰਚਨਾ ਤੋਂ ਪੂਰਬਲੀ 'ਗੁਪਤ' ਅਵਸਥਾ ਕਿਹਾ ਗਿਆ ਹੈ। ਹੋਰਨਾਂ ਧਾਰਮਿਕ ਵਿਸ਼ਵ-ਸਿਧਾਂਤਾਂ ਵਾਂਗ, ਸਿੱਖ ਸਿਧਾਂਤ ਵੀ ਸਾਹਸ-ਪੂਰਨ ਵਿਚਾਰਧਾਰਾ ਹੈ, ਅਤੇ ਵਿਗਿਆਨ ਦੀਆਂ ਲੱਭਤਾਂ ਨਾਲੋਂ ਅਗੇਰੇ ਤੇ ਉਚੇਰੇ ਮੰਡਲਾਂ ਵਿਚ ਵਿਚਰਦਾ ਹੈ। ਪੂਰਬ ਤੇ ਪੱਛਮ ਦੋਹਾਂ ਦੇ ਧਰਮ-ਗ੍ਰੰਥਾਂ ਵਿਚ ਪ੍ਰਸਤੁਤ ਵਿਸ਼ਵ-ਰਚਨਾ ਅਤੇ ਕਰਤਾਰੀ ਸ਼ਕਤੀ ਦਾ ਵਰਣਨ ਬਹੁਤ ਹੱਦ ਤਕ ਅਚੰਭੇ-ਭਰੀ ਕਲਪਨਾ ਉੱਤੇ ਆਧਾਰਿਤ ਹੈ। ਧਾਰਮਿਕ ਨੇਤਾਵਾਂ ਦੇ ਕਾਵਿਕ ਅੰਤਰਬੋਧ ਅਤੇ ਅਗੰਮੀ ਅਨੁਭਵਾਂ ਦਾ ਇਸ ਰਚਨਾਤਮਕ ਕਲਪਨਾਕਾਰੀ ਵਿਚ ਚੋਖਾ ਹਿੱਸਾ ਰਿਹਾ ਹੈ, ਜੋ ਵਿਗਿਆਨਕ ਪੜਤਾਲ ਦਾ ਵਿਸ਼ਾ ਬੇਸ਼ੱਕ ਨਾ ਹੋਣ, ਪਰ ਮਨੁੱਖੀ ਮਨ ਉੱਤੇ ਡੂੰਘਾ ਪ੍ਰਭਾਵ ਅਵੱਸ਼ ਛੱਡਦੇ ਹਨ। ਸਿੱਖ ਧਰਮ ਦੇ ਸੰਚਾਲਕਾਂ ਤੇ ਰਾਹਬਰਾਂ ਨੇ ਜੋ ਵਿਸ਼ਵ-ਸਿਧਾਂਤੀ ਵਿਚਾਰਧਾਰਾ ਪ੍ਰਸਤੁਤ ਕੀਤੀ ਹੈ, ਉਸ ਦਾ ਕੁਝ ਮੇਲ ਭਾਰਤੀ ਵੈਦਿਕ ਚਿੰਤਨ ਨਾਲ ਅਤੇ ਕੁਝ ਸਾਮੀ ਧਰਮ-ਚਿੰਤਨ ਨਾਲ ਪ੍ਰਾਪਤ ਹੈ। ਕਈ ਨੁਕਤਿਆਂ ਉੱਤੇ ਇਸ ਦੀ ਆਧੁਨਿਕ ਵਿਗਿਆਨ ਦੀਆਂ ਲੱਭਤਾਂ ਨਾਲ ਸਾਂਝ ਵੀ ਦੇਖਣ ਵਿਚ ਆਉਂਦੀ ਹੈ। ਸਿੱਖ ਵਿਆਖਿਆਕਾਰ ਇਸ ਸਾਂਝ ਨੂੰ ਹੱਕੀ ਤੇ ਪਕੇਰੀ ਸਿੱਧ ਕਰਨ ਵਿਚ ਰੁਚੀ ਦਿਖਾ ਰਹੇ ਹਨ।

## ਗੁਰਬਾਣੀ ਵਿਚ ਵਿਸ਼ਵ-ਸਿਧਾਂਤੀ ਧਾਰਨਾਵਾਂ

ਸਿੱਖ-ਮਤ ਨੇ ਆਪਣੇ ਰਾਹਬਰ ਗੁਰੂ ਸਾਹਿਬਾਨ ਦੀ, ਉੱਚਤਮ ਹਕੀਕਤ ਅਤੇ ਇਸ ਦੇ ਪ੍ਰਗਟਾਵਿਆਂ ਸੰਬੰਧੀ ਅੰਤਰਬੋਧੀ ਦ੍ਰਿਸ਼ਟੀ ਨੂੰ, ਬਾਣੀ ਦੇ ਮਾਧਿਅਮ ਰਾਹੀਂ ਵਿਅਕਤ ਕੀਤਾ ਹੈ। ਸਿੱਖ ਧਰਮ ਨੇ ਆਪਣੇ ਸਿਧਾਂਤਕ ਢਾਂਚੇ ਦੀ ਉਸਾਰੀ ਬਹੁਤ ਹੱਦ ਤਕ ਭਾਰਤੀ ਦਾਰਸ਼ਨਿਕ ਪਰੰਪਰਾ ਦੇ ਸੰਕਲਪਿਕ ਆਧਾਰਾਂ ਉੱਤੇ ਕੀਤੀ ਹੈ, ਪਰ ਇਸ ਨੇ ਭਾਰਤੀ ਵਿਰਸੇ ਦੇ ਉਨ੍ਹਾਂ ਅੰਸ਼ਾਂ ਨੂੰ ਰੱਦ ਕਰ ਦਿੱਤਾ ਹੈ ਜੋ ਨਿਰੋਲ ਮਿਥਿਹਾਸ ਤੇ ਵਹਿਮ-ਪ੍ਰਸਤੀ ਨਾਲ ਜੁੜੇ ਹੋਏ ਸਨ ਅਤੇ ਲੋਕ-ਮਨ ਨੂੰ ਭੁਲਾਵੇ ਵਿਚ ਪਾ ਰਹੇ ਸਨ। ਆਪਣੇ ਵਿਸ਼ਵ-ਸਿਧਾਂਤ ਵਿਚ ਸਿੱਖ-ਮਤ ਨੇ ਅਜਿਹੀਆਂ ਵਾਰਤਾਵਾਂ ਤੋਂ ਕੰਮ ਨਹੀਂ ਲਿਆ ਜਿਨ੍ਹਾਂ ਅਨੁਸਾਰ ਦੇਵਤਿਆਂ ਨੇ ਕਿਸੇ ਮਹਾਂਬਲੀ ਦੈਂਤ ਦਾ ਸੰਘਾਰ ਕੀਤਾ, ਜਾਂ ਵਿਸ਼ਵ ਦੀ ਰਚਨਾ ਹਿਤ ਕਿਸੇ ਦੇਵੀ-ਦੇਵਤੇ ਦੀ ਜੋੜੀ ਨੇ ਮੈਥੁਨ ਕੀਤਾ। ਗੁਰੂ ਨਾਨਕ ਦੇਵ ਅਨੁਸਾਰ ਪਰੰਪਰਾਈ ਚਿੰਤਨ ਦੇ ਅਜਿਹੇ ਪੱਖ ਕਪੋਲ ਕਲਪਨਾ ਹੈ। ਰਵਾਇਤੀ ਵਿਸ਼ਵਾਸ ਨੂੰ ਪਰਵਾਨ ਸੀ ਕਿ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨ ਮਹਾਨ ਦੇਵਤੇ ਹਨ ਜੋ ਉਤਪਤੀ, ਪ੍ਰਿਤਪਾਲਨਾ ਤੇ ਸੰਘਾਰ ਦਾ ਕਾਰਜ ਕਰਦੇ ਹਨ, ਪਰ ਗੁਰੂ ਨਾਨਕ ਬਾਣੀ ਦਾ ਪ੍ਰਸਤਾਵ ਹੈ ਕਿ ਕੇਵਲ ਦੈਵੀ ਇੱਛਾ ਜਾਂ 'ਹੁਕਮ' ਅਨੁਸਾਰ ਸਾਰੇ ਕਾਰਜ ਚਲਦੇ ਹਨ—"ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ।" ਸੰਸਾਰ, ਭੰਡਾਰੀ ਆਦਿਕ ਸਭ ਸ਼ਕਤੀਆਂ ਕਰਤਾ-ਪੁਰਖ ਵਿਚ ਸੰਮਿਲਤ ਹਨ।

ਵਿਸ਼ਵ-ਰਚਨਾ ਤੋਂ ਪੂਰਬਲੀ, ਬ੍ਰਹਮ ਦੀ ਅਫੁਰ ਅਵਸਤਾ ਦਾ ਨਿਰੂਪਣ ਜੋ

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ-ਬਾਣੀ ਵਿਚ ਪ੍ਰਾਪਤ ਹੈ, ਉਸ ਦਾ ਟਾਕਰਾ ਰਿਗ-ਵੇਦ ਦੇ ਪੁਰਸ਼-ਸੂਕਤ ਨਾਲ ਸੰਭਵ ਹੈ, ਜਿਸ ਵਿਚ ਸ੍ਰਿਸ਼ਟੀ-ਰਚਨਾ ਨਾਲ ਸੰਬੰਧਿਤ ਮੰਤਰਾਂ ਦਾ ਉਲੇਖ ਹੈ। ਗੁਰੂ ਸਾਹਿਬ ਨੇ ਨਿਰ-ਆਕਾਰ ਆਤਮ-ਤੱਤ ਦੀ 'ਸਮਾਧੀ' ਦੀ ਗੱਲ ਕੀਤੀ ਹੈ; ਉਨ੍ਹਾਂ ਨੇ 'ਸੁੰਨ' ਦੀ, ਅਪਰੰਪਰ ਬ੍ਰਹਮ ਦੀ 'ਕਲਾ' ਦੀ, ਉਸ ਦੀ ਕਰਤਾਰੀ ਸ਼ਕਤੀ ਅਤੇ ਸਵੈ-ਪ੍ਰਗਟਾਵੇ ਦੀਆਂ ਸੰਭਾਵਨਾਵਾਂ ਦੀ ਗੱਲ ਕੀਤੀ ਹੈ। ਮਾਰੂ ਰਾਗ ਦੇ 'ਸੋਲਹਿਆਂ' ਵਿਚ ਉਨ੍ਹਾਂ ਨੇ "ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ, ਹੁਕਮੁ ਅਪਾਰਾ" ਦੇ ਸ਼ਬਦਾਂ ਰਾਹੀਂ ਆਦਿ-ਕਾਲ ਦੇ ਉਸ ਅਕਥਨੀ ਹਨ੍ਹੇਰੇ ਦੀ ਦਸ਼ਾ ਉਲੀਕੀ ਹੈ, ਜਦੋਂ ਨਾ ਧਰਤੀ ਹੋਂਦ ਵਿਚ ਸੀ, ਨਾ ਆਕਾਸ਼; ਕੇਵਲ 'ਉਸ' ਦਾ ਨਿਰੰਤਰ ਹੁਕਮ ਹੀ ਪਸਰਿਆ ਹੋਇਆ ਸੀ। ਨਾ ਉਦੋਂ ਦਿਨ ਤੇ ਰਾਤ ਸਨ, ਨਾ ਹੀ ਚੰਦ ਤੇ ਸੂਰਜ ਚੜ੍ਹਦੇ ਸਨ। ਕੇਵਲ ਬ੍ਰਹਮ ਹੀ ਬ੍ਰਹਮ ਸੀ, ਜੋ ਆਪਣੀ ਸੁੰਨ-ਸਮਾਧੀ ਵਿਚ ਲੀਨ ਸੀ। "ਬ੍ਰਹਮਾ ਬਿਸਨੁ ਮਹੇਸੁ ਨ ਕੋਈ। ਅਵਰ ਨ ਦੀਸੈ, ਏਕੋ ਸੋਈ। ਨਾਰਿ ਪੁਰਖੁ ਨਹੀਂ ਜਾਤਿ ਨ ਜਨਮਾ, ਨਾ ਕੋ ਦੁਖੁ ਸੁਖੁ ਪਾਇਦਾ।" "ਨਾ ਕੋ ਮੁਲਾ, ਨਾ ਕੋ ਕਾਜੀ। ਨਾ ਕੋ ਸੇਖੁ, ਮਸਾਇਕੁ, ਹਾਜੀ। ਰਈਅਤਿ ਰਾਉ, ਨ ਹਉਮੈ ਦੁਨੀਆ, ਨਾ ਕੋ ਕਹਣੁ ਕਹਾਇਦਾ।" ਮਾਰੂ ਸੋਲਹਿਆਂ ਦੇ ਇਨ੍ਹਾਂ ਪਦਿਆਂ ਵਿਚ ਗੁਰੂ ਨਾਨਕ ਦੇਵ ਨੇ ਉਪਜ ਤੇ ਖਪਤ, ਆਵਣ-ਜਾਣ, ਹਵਾ-ਪਾਣੀ, ਪਾਤਾਲ ਤੇ ਸੱਤ ਸਮੁੰਦਰ, ਸਭ ਕਾਸੇ ਦਾ ਜ਼ਿਕਰ ਕਰ ਕੇ, ਕਾਵਿਕ ਸ਼ਬਦਾਂ ਰਾਹੀਂ ਦ੍ਰਿੜ੍ਹ ਕਰਾਇਆ ਹੈ ਕਿ ਇਹ ਸਭ ਕੁਝ 'ਨਹੀਂ' ਸੀ। ਇਹ ਕੁਝ-ਵੀ-ਨਹੀਂ ਦੀ ਅਵਸਥਾ ਸੀ, ਖ਼ਾਲਮ-ਖਾਲੀ, ਸੁੰਨ ਮਸੁੰਨ ਦੀ ਦਸ਼ਾ ਸੀ। ਪਰ, ਜਦੋਂ ਉਸ ਨਿਰੰਕਾਰ ਆਤਮ-ਤੱਤ ਨੇ ਚਾਹਿਆ, ਜਦੋਂ ਉਸ ਨੂੰ ਫੁਰਨਾ ਫੁਰਿਆ—

ਜਾ ਤਿਸੁ ਭਾਣਾ, ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।...
ਖੰਡ, ਬ੍ਰਹਮੰਡ, ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ।

ਉਹੀ ਅਫੁਰ ਤੋਂ ਸਫੁਰ ਅਵਸਥਾ ਵਿਚ ਆ ਗਿਆ, ਗੁਪਤ ਤੋਂ ਪਰਗਟ ਰੂਪ ਵਿਚ ਆ ਵਿਚਰਿਆ, ਅਤੇ ਸ੍ਰਿਸ਼ਟੀ ਹੋਂਦ ਵਿਚ ਆ ਗਈ।

ਕਾਦਰ ਦੀ ਕਰਤਾਰੀ ਸ਼ਕਤੀ ਨੇ ਨਾ ਕੇਵਲ ਜਗਤ-ਰਚਨਾ ਹੀ ਕੀਤੀ, ਨਾ ਕੇਵਲ ਕੁਦਰਤ ਹੀ ਸਿਰਜੀ, ਸਗੋਂ ਇਸ ਵਿਚ ਉਹ ਆਪ ਬਿਰਾਜਮਾਨ ਹੋ ਗਿਆ। ਉਸ ਦਾ ਆਤਮ-ਤੱਤ ਸ੍ਰਿਸ਼ਟੀ ਵਿਚ ਇੰਜ ਰਚ ਗਿਆ, ਜਿਵੇਂ ਕਲਾਕਾਰ ਦੀ ਰੂਹ ਉਹ ਦੀ ਕਲਾ-ਕ੍ਰਿਤ ਵਿਚ ਰਮੀ ਹੁੰਦੀ ਹੈ। ਉਹ ਕੇਵਲ ਅਪਰੰਪਰ ਤੱਤ ਹੀ ਨਾ ਰਿਹਾ, ਕੇਵਲ ਅਕਾਲ ਤੇ ਨਿਰੰਕਾਰ ਹੀ ਨਾ ਰਿਹਾ, ਸਗੋਂ ਵਿਆਪਕ ਸ਼ਕਤੀ ਦਾ ਸਰੂਪ ਧਾਰਨ ਕਰ ਗਿਆ, ਸਮੇਂ-ਸਥਾਨ ਦੇ ਆਕਾਰਾਂ ਵਿਚ, ਕਣ-ਕਣ ਵਿਚ ਸਮਾ ਗਿਆ। ਨਿਰਗੁਣ ਸਰੂਪ ਤੋਂ ਸਰਗੁਣ ਵਿਚ ਪਲਟ ਗਿਆ, ਪਰ ਨਿਰਗੁਣ ਵੀ ਉਹ ਆਪ ਸੀ, ਸਰਗੁਣ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਰੂਪ ਵਿਚ ਵੀ ਉਹ ਆਪ ਹੈ; ਇਕ ਪੱਖ ਤੋਂ ਉਹ ਗੁਣ-ਅਤੀਤ ਬ੍ਰਹਮ ਹੈ, ਦੂਸਰੇ ਪੱਖ ਤੋਂ ਉਹ ਸਾ-ਗੁਣ ਈਸ਼ਵਰ ਹੈ। ਗੁਰੂ ਅੰਗਦ ਦੇਵ ਦੇ ਇਕ ਸਲੋਕ ਅਨੁਸਾਰ—"ਇਹ ਜਗੁ ਸਚੇ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ।" ਜਗਤ-ਰਚਨਾ (ਕੁਦਰਤ) ਦੀ ਕੋਠੜੀ ਵਿਚ ਕਰਤਾ-ਪੁਰਖ (ਕਾਦਰ) ਵਸਿਆ ਹੋਇਆ ਹੈ। ਜਦੋਂ ਕੁਝ-ਵੀ-ਨਹੀਂ ਸੀ, ਉਦੋਂ ਉਸ ਦੀ ਕਰਤਾਰੀ ਸ਼ਕਤੀ, ਉਸ ਦੀ ਸੁੰਨ-ਕਲਾ ਮੌਜੂਦ ਸੀ; ਇਹੀ ਉਸ ਦਾ 'ਗੁਪਤ' ਸਰੂਪ ਸੀ, ਇਹੀ ਉਸ ਦਾ ਪਰਾ-ਪੂਰਬਲਾ 'ਸੱਚ' ਸੀ। ਵਿਸ਼ਵ ਦੀ ਸਿਰਜਨਾ ਕਰ ਕੇ ਉਹ 'ਪਰਗਟ' ਸਰੂਪ ਵਿਚ ਆ ਗਿਆ, ਜੋ ਉਸ ਦਾ ਵਿਆਪਕ 'ਸੱਚ' ਹੈ।

ਅਫੁਰ ਬ੍ਰਹਮ ਦੀ ਉਸ ਅਵਸਥਾ ਨੂੰ ਕਾਵਿਕ ਰੂਪ ਦੇਣ ਲਈ, ਜੋ ਮਨੁੱਖੀ ਮਾਪ-ਦੰਡ ਜਾਂ ਮਹੀਨਿਆਂ-ਸਾਲਾਂ ਦੇ ਪੈਮਾਨੇ ਨਾਲ ਨਾਪੀ ਜਾ ਸਕਦੀ, ਗੁਰੂ ਸਾਹਿਬ ਜੁਗਾਂ-ਜੁਗਾਂਤਰਾਂ ਦੀ ਸ਼ਬਦਾਵਲੀ ਵਰਤਦੇ ਹਨ। ਨਿਰਗੁਣ ਬ੍ਰਹਮ ਦੀ 'ਤਾੜੀ' ਦੀ ਇਹ ਅਵਸਥਾ ਕਿੰਨੇ ਜੁਗ ਕਾਇਮ ਰਹੀ?—ਕੋਈ ਨਹੀਂ ਦਸ ਸਕਦਾ। ਗੁਰੂ ਨਾਨਕ ਦੇਵ ਨੇ 'ਕੇਤੇ ਜੁਗ' ਕਹਿ ਕੇ ਸਮੇਂ ਦੀ ਅਨੰਦ ਲੰਮਾਈ ਦਾ ਸੰਕੇਤ ਦਿੱਤਾ ਹੈ—"ਕੇਤੇ ਜੁਗ ਵਰਤੇ ਗੁਬਾਰੈ। ਤਾੜੀ ਲਾਈ ਅਪਰ ਅਪਾਰੈ।" "ਕੇਤੜਿਆ ਜੁਗ ਧੁੰਧੂਕਾਰੈ। ਤਾੜੀ ਲਾਈ ਸਿਰਜਣਹਾਰੈ।" ਗੁਰਬਾਣੀ ਵਿਚ ਛੱਤੀ ਜੁਗਾਂ ਦਾ ਸੰਕੇਤ ਵੀ ਸਮੇਂ ਦੀ ਅਨੰਤਤਾ ਦਾ ਭਾਵ ਪ੍ਰਗਟਾਣ ਲਈ ਵਰਤਿਆ ਗਿਆ ਹੈ, ਚਾਹੇ ਸਮਾਂ ਜਾਂ ਜੁਗ ਜਿਹੇ ਸ਼ਬਦ ਅਕਥਨੀ ਦਸ਼ਾ ਦੇ ਅੰਤ੍ਰੀਵੀ ਭਾਵ ਨੂੰ ਉਜਾਗਰ ਕਰਨ ਵਿਚ ਬਹੁਤੇ ਸਹਾਈ ਨਹੀਂ। ਮਨੁੱਖੀ ਪੱਧਰ ਉੱਤੇ ਸਮੇਂ ਜਾਂ ਕਾਲ ਦਾ ਅਨੁਭਵ ਕਿਸੇ-ਨਾ-ਕਿਸੇ ਅਰਥ ਵਿਚ ਸੰਭਵ ਹੈ, ਪਰ 'ਸਦੀਵਤਾ' ਕੇਵਲ ਸੰਕਲਪ ਵਜੋਂ ਹੀ ਮਨੁੱਖੀ ਸ਼ਬਦਾਵਲੀ ਵਿਚ ਸ਼ਾਮਿਲ ਹੈ, ਇਸ ਦਾ ਯਥਾਰਥਕ ਅਨੁਭਵ ਸੰਭਵ ਨਹੀਂ ਜਾਪਦਾ। ਬ੍ਰਹਮ ਦੀ ਸਦੀਵਤਾ ਦਾ ਨਿਸ਼ਚਿਤ ਕਥਨ ਅਤੇ ਇਸ ਦਾ ਅਨੁਭਵ ਮਨੁੱਖੀ ਸਮਰੱਥਾ ਤੋਂ ਪਰੇਡੇ ਹਨ। ਗੁਰੂ ਸਾਹਿਬ ਨੇ ਆਪਣੇ ਅੰਤਰਬੋਧੀ ਅਤੇ ਆਵੇਸ਼ਮਈ ਅਨੁਭਵ ਦੇ ਆਧਾਰ ਉੱਤੇ ਅਕਥ ਦੀ ਕਥਾ ਪ੍ਰਸਤੁਤ ਕੀਤੀ ਹੈ। ਅਕਥਨੀ ਸੱਚ ਨੂੰ ਕਥਨ ਲਈ, ਉਨ੍ਹਾਂ ਨੇ ਕਾਵਿਕ ਬਿੰਬਾਂ ਦੀ ਵਰਤੋਂ ਰਾਹੀਂ ਸਦੀਵੀ ਹਸਤੀ ਦੇ ਗੁਪਤ ਤੇ ਪਰਗਟ ਸਰੂਪਾਂ ਵੱਲ ਸੰਕੇਤ ਕੀਤੇ ਹਨ; ਅਤੇ ਰਚਨਾ ਤੋਂ ਪੂਰਬਲੀ ਮਹਾਂ-ਸੁੰਨ ਦੀ ਅਵਸਥਾ ਨੂੰ ਜੁਗਾਂ-ਜੁਗਾਂਤਰਾਂ ਦੀ ਸ਼ਬਦਾਵਲੀ ਰਾਹੀਂ ਪ੍ਰਗਟਾਇਆ ਹੈ।

ਗੁਰਬਾਣੀ ਦੇ ਵਿਸ਼ਵ-ਸਿਧਾਂਤ ਅਨੁਸਾਰ ਕਰਤਾ ਆਪਣੀ ਕਰਤਾਰੀ ਸ਼ਕਤੀ ਰਾਹੀਂ ਲਗਾਤਾਰ ਸਿਰਜਨਾ ਕਰਦਾ ਰਹਿੰਦਾ ਹੈ। ਇਸ ਅਮਲ ਵਿਚ ਉਪਜ ਤੇ ਵਿਨਾਸ਼ ਨਾਲ-ਨਾਲ ਚਲਦੇ ਹਨ। ਇਕ ਪਾਸੇ ਰਚਣਹਾਰ ਰਚਨਾ ਰਚ ਰਿਹਾ ਹੈ, ਦੂਜੇ ਪਾਸੇ ਉਹ ਰਚਨਾ ਦੇ ਕੁਝ ਭਾਗਾਂ ਨੂੰ ਸਮੇਟੀ ਜਾਂਦਾ ਹੈ। ਸੰਸਾਰ ਦੇ ਇਸ ਕਾਲ-ਚੱਕਰ ਵਿਚ ਕੋਈ ਆਕਾਰ ਸਦੀਵੀ ਨਹੀਂ; ਜੋ ਉਪਜਿਆ ਹੈ, ਉਹ ਬਿਨਸੇਗਾ ਅਵੱਸ਼। ਸੰਸਾਰ ਦੀ 'ਖੇਡ'

Sri Satguru Jagjit Singh Ji eLibrary NamdhariElibrary@gmail.com

ਖੇਡਣ ਵਾਲਾ ਅਨੇਕ ਘਾੜਤਾਂ ਘੜਦਾ ਹੈ, ਅਤੇ ਜਦੋਂ ਚਾਹੇ ਖੇਡ ਦੀ ਸਮਾਪਤੀ ਕਰ ਦੇਂਦਾ ਹੈ। ਇਹ ਉਸ ਦੀ 'ਲੀਲ੍ਹਾ' ਹੈ, ਜਿਸ ਦਾ ਰਹੱਸ ਉਹ ਆਪ ਹੀ ਜਾਣਦਾ ਹੈ। ਸਿੱਖ-ਚਿੰਤਨ ਅਨੁਸਾਰ, ਮਨੁੱਖ ਲਈ ਇਸ ਕਰਤਾਰੀ ਲੀਲ੍ਹਾ ਦਾ ਭੇਦ ਅਤੇ ਥਾਹ ਪਾਉਣਾ ਸੰਭਵ ਨਹੀਂ। "ਏਕ ਤੂ ਹੋਰਿ ਵੇਸ ਬਹੁਤੇਰੇ। ਨਾਨਕ ਜਾਣੈ ਚੋਜ ਨ ਤੇਰੇ।"— ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਨੇ ਮਨੁੱਖੀ ਸਮਰੱਥਾ ਦੀ ਇਸ ਸੀਮਾ ਵੱਲ ਇਸ਼ਾਰਾ ਕੀਤਾ ਹੈ। ਜਿਥੋਂ ਤਕ ਵਿਸ਼ਵ-ਰਚਨਾ ਦੀ ਵਿਸ਼ਾਲਤਾ ਅਤੇ ਅਨੰਤਤਾ ਦਾ ਸੰਬੰਧ ਹੈ, ਗੁਰਬਾਣੀ ਵਿਚ ਇਸ ਬਾਰੇ ਅਨੇਕ ਹਵਾਲੇ ਉਪਲਬਧ ਹਨ, ਜਿਹਾ ਕਿ—"ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ। ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕਵਾਤ।" ਰਚਨਾ ਦੇ ਵੇਰਵੇ ਦਾ ਜੇ ਲੇਖਾ ਹੋ ਸਕਦਾ ਹੋਵੇ, ਤਾਂ ਕੋਈ ਇਹ ਲੇਖਾ ਕਰ ਵੀ ਲਵੇ। ਗੁਰਬਾਣੀ-ਚਿੰਤਨ ਦੀ ਸਿਫ਼ਾਰਿਸ਼ ਹੈ ਕਿ ਇਸ ਝਮੇਲੇ ਵਿਚ ਨਾ ਹੀ ਪਿਆ ਜਾਵੇ, ਇਹ ਨਿਰਾਰਥਕ ਕ੍ਰਿਆ ਹੈ।

ਰਚਨਾ ਸੰਬੰਧੀ ਇਕ ਹੋਰ ਪ੍ਰਸ਼ਨ ਇਹ ਹੈ ਕਿ ਕੀ ਪਰਪੰਚ ਜਗਤ ਯਥਾਰਥਕ ਹੈ, ਗੁਰਬਾਣੀ ਵਿਚ ਜਗ-ਰਚਨਾ ਨੂੰ ਝੂਠ ਤੇ ਕੂੜ, ਧੂੰਏਂ ਦਾ ਪਹਾੜ, ਮਿਥਿਆ ਆਦਿਕ ਸ਼ਬਦਾਂ ਵਿਚ ਗਰਦਾਨਿਆ ਗਿਆ ਹੈ, ਪਰ ਨਾਲ ਹੀ "ਸਚੇ ਤੇਰੇ ਖੰਡ, ਸਚੇ ਬ੍ਰਹਮੰਡ। ਸਚੇ ਤੇਰੇ ਲੋਅ, ਸਚੇ ਆਕਾਰ।"—ਵੀ ਕਿਹਾ ਗਿਆ ਹੈ। ਸਚੇ ਪਾਤਸ਼ਾਹ ਦੀ 'ਸੱਚੀ ਕੁਦਰਤ' ਵੱਲ ਸਪੱਸ਼ਟ ਸੰਕੇਤ ਪ੍ਰਾਪਤ ਹਨ। ਜੇਕਰ "ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰੁ।" ਹੈ, ਤਾਂ "ਆਪਿ ਸਤਿ, ਕੀਆ ਸਭੁ ਸਤਿ। ਤਿਸੁ ਪ੍ਰਭ ਤੇ ਸਗਲੀ ਉਤਪਤਿ।"—ਨਾਲ ਇਸ ਦੀ ਅਨੁਕੂਲਤਾ ਕਿਵੇਂ ਸਥਾਪਿਤ ਹੋਵੇ? ਇਸ ਦਾ ਇਕ ਉੱਤਰ ਇਹ ਹੈ ਕਿ ਜਗਤ-ਪਰਪੰਚ ਸਦਾ ਰਹਿਣ ਵਾਲੀ ਹੋਂਦ ਨਹੀਂ; ਇਸ ਦਾ ਆਦਿ ਵੀ ਹੈ ਤੇ ਅੰਤ ਵੀ। ਜੋ ਸ਼ੈ ਜਨਮ ਲੈਂਦੀ ਹੈ ਤੇ ਸਮਾਂ ਪਾ ਕੇ ਮਰ ਜਾਂਦੀ ਹੈ, ਉਹ 'ਕੱਚ-ਨਿਕੱਚ' ਹੈ। ਇਸ ਦ੍ਰਿਸ਼ਟੀਕੋਣ ਤੋਂ ਕੇਵਲ ਆਤਮ-ਤੱਤ ਹੀ ਸਦੀਵੀ ਹੈ, ਤੇ ਇਸ ਲਈ 'ਸੱਚ' ਹੈ। ਦੂਸਰਾ ਨੁਕਤਾ ਇਹ ਹੈ ਕਿ ਜਗਤ ਦੀ ਹੋਂਦ ਨੂੰ ਸੁਤੰਤਰ ਹੋਂਦ ਦੇ ਰੂਪ ਵਿਚ ਸਵੀਕਾਰਨਾ, ਗੁਰਬਾਣੀ ਅਨੁਸਾਰ, ਭੁਲੇਖਾ ਹੈ। ਇਹ 'ਹੋਂਦ' ਵਿਚ ਦੈਵੀ 'ਤੱਤ' ਰਚਿਆ ਹੋਇਆ ਹੈ, ਆਤਮ-ਜੋਤੀ ਸਥਿਤ ਹੈ। ਜੇਕਰ ਇਸ ਤੱਤ ਨੂੰ ਨਿਹਾਰਿਆ ਨਾ ਜਾਵੇ, ਜੋਤ-ਸਰੂਪੀ ਮੂਲ ਨੂੰ ਪਛਾਨਿਆ ਨਾ ਜਾਵੇ ਤਾਂ ਪਦਾਰਥਕ ਜਗਤ ਸੱਖਣਾ ਤੇ ਝੂਠਾ ਹੈ। ਹੋਂਦ ਵਿਚ ਵਿਆਪਿਤ ਤੱਤ ਹੀ ਇਸ ਨੂੰ ਯਥਾਰਥਕ ਬਣਾਉਂਦਾ ਹੈ। ਸੋ, ਜਗਤ-ਰਚਨਾ ਇਕ ਅਰਥ ਵਿਚ 'ਝੂਠ' ਹੈ, ਤੇ ਇਕ ਹੋਰ ਅਰਥ ਵਿਚ 'ਸੱਚ' ਹੈ।

## ਰਚਨਾ ਦਾ ਸੰਬਾਦਿਕਤਾ

ਰਚਨਾ ਸੰਬੰਧੀ ਸਿੱਖ ਦ੍ਰਿਸ਼ਟੀਕੋਣ ਸਥਾਪਿਤ ਜਗਤ ਨੂੰ, ਅਵਿਅਕਤ ਮੂਲ-ਤੱਤ ਦੇ ਵਿਅਕਤ ਪੱਖ ਨਾਲ ਬਰਾਬਰੀ ਦੇਂਦਾ ਹੈ। ਆਪਣੀ ਫੁਰਨਾ-ਰਹਿਤ, ਵਿਸ਼ਵ-

ਰਚਨਾ ਤੋਂ ਪੂਰਬਲੀ ਦਸ਼ਾ ਦਾ ਨਿਰ-ਆਕਾਰ, ਆਤਮ-ਤੱਤ (ਬ੍ਰਹਮ) 'ਗੁਪਤ' ਹਕੀਕਤ ਹੈ, ਜੋ ਕਿ ਆਪਣੀ ਫੁਰਨਾ-ਸਹਿਤ (ਸ-ਫੁਰ) ਦਸ਼ਾ ਵਿਚ 'ਪਰਗਟ' ਹਕੀਕਤ ਦਾ ਸਰੂਪ ਧਾਰਨ ਕਰਦਾ ਹੈ। ਜਿਸ ਪਲ ਇਹ ਗੁਪਤ ਸਚਾਈ ਜ਼ਾਹਿਰ ਹੋ ਕੇ ਪਰਗਟ ਸੱਚ ਵਿਚ ਬਦਲਦੀ ਹੈ, ਉਹ ਸਿਰਜਨਾ ਦਾ ਪਲ ਹੁੰਦਾ ਹੈ। ਉਸ ਪਲ ਅਪੁਰਖੀ ਹਸਤੀ ਪੁਰਖੀ ਰੂਪ ਧਾਰਨ ਕਰਦੀ ਹੈ। ਇਕ ਨਿਰੋਲ ਅਰੂਪ ਤੱਤ ਵਿਸ਼ਵਮਈ ਹੋਂਦ ਵਿਚ ਪਲਟ ਜਾਂਦਾ ਹੈ, ਜਿਸ ਦੇ ਨਾਲ ਇਸ ਦੇ ਰੂਪ-ਰੰਗ, ਚੱਕਰ-ਚਿਹਨ, ਪਦਾਰਥਕ ਸਾਮੱਗਰੀਆਂ, ਵਿਕਾਸ-ਕ੍ਰਿਆਵਾਂ ਅਤੇ ਅਨੇਕ ਰਚਨਾਤਮਕ ਜੁਗਤਾਂ ਉਜਾਗਰ ਹੋ ਜਾਂਦੀਆਂ ਹਨ। ਇਕ ਦਸ਼ਾ ਵਿਚ ਜੋ ਸੰਭਵ-ਸ਼ਕਤੀ ਸੀ, ਦੂਜੀ ਦਸ਼ਾ ਵਿਚ ਵਾਸਤਵਿਕ ਹੋਂਦ ਬਣ ਜਾਂਦੀ ਹੈ। ਸੰਭਾਵਨਾ ਦੇ ਮੰਡਲ ਵਿਚੋਂ ਵਾਸਤਵਿਕਤਾ ਦੇ ਮੰਡਲ ਵਿਚ ਇਹ ਪਰਿਵਰਤਨ ਆਪਣੇ-ਆਪ ਹੋ ਜਾਂਦਾ ਹੈ, ਪੂਰੇ ਸੁਤੰਤਰ ਰੂਪ ਵਿਚ, ਬਿਨਾਂ ਕਿਸੇ ਸ਼ਰਤ ਜਾਂ ਦਬਾ ਦੇ। ਇਸ ਵਿਚ ਕਿਸੇ ਬਾਹਰੀ ਸ਼ਕਤੀ ਜਾਂ ਸਥਿਤੀ ਦਾ ਦਖ਼ਲ ਨਹੀਂ, ਕਿਉਂਕਿ ਬ੍ਰਹਮ ਤੋਂ ਬਾਹਰ ਕੁਝ ਹੈ ਹੀ ਨਹੀਂ।

ਦਰਸ਼ਨਵੇਤਾਵਾਂ ਨੇ ਵਿਸ਼ਵ-ਰਚਨਾ ਦੇ ਵਰਤਾਰੇ ਨੂੰ ਵਿਆਖਣ ਲਈ ਮਨੁੱਖੀ ਮਾਨਸਿਕਤਾ ਰਾਹੀਂ ਘੜੇ ਗਏ ਨਿਯਮਾਂ ਦੀ ਵਰਤੋਂ ਕੀਤੀ ਹੈ, ਜਿਹਾ ਕਿ ਪ੍ਰੇਮ ਤੇ ਵਿਰੋਧ (ਝਗੜਾ-ਝੇੜਾ); ਆਕਰਸ਼ਣ (ਖਿੱਚ ਜਾਂ ਕਸ਼ਿਸ਼) ਤੇ ਘਿਰਣਾ; ਏਕਤਾ ਤੇ ਵਖਰੇਵਾਂ; ਇਕਮੁਠਤਾ ਤੇ ਵਿਗਠਨ। ਗੁਰੂ ਨਾਨਕ ਤੇ ਉਨ੍ਹਾਂ ਦੇ ਅਨੁਯਾਈਆਂ ਨੇ ਸਮੁੱਚੀ ਰਚਨਾ ਦੇ ਅੰਤਿਮ ਪ੍ਰਬੰਧਕੀ ਨਿਯਮਾਂ ਸੰਬੰਧੀ ਆਪਣਾ ਮਤ ਪ੍ਰਗਟਾਣ ਹਿਤ 'ਸੰਜੋਗ' ਤੇ 'ਵਿਜੋਗ' ਦੀ ਸ਼ਬਦਾਵਲੀ ਵਰਤੀ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਦੀ ਪੰਕਤੀ ਹੈ—"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ।" ਗੁਰੂ ਅਮਰਦਾਸ ਜੀ ਨੇ ਵੀ ਸਮੱਸਤ ਹੋਂਦ ਦੀ ਬੁਨਿਆਦ ਦੈਵੀ ਹੁਕਮ ਰਾਹੀਂ ਸਥਾਪਿਤ ਮੇਲ ਤੇ ਵਿਛੋੜਾ ਮੰਨੀ ਹੈ। ਪੰਜਵੀਂ ਸਦੀ ਪੂਰਵ-ਈਸਵੀ ਵਿਚ ਯੂਨਾਨੀ ਦਾਰਸ਼ਨਿਕ ਐਂਪੀਡੋਕਲੀਸ ਨੇ ਕੁਦਰਤ ਵਿਚ ਵਰਤ ਰਹੀਆਂ ਪ੍ਰੇਮ ਤੇ ਘਿਰਣਾ ਦੀਆਂ ਸ਼ਕਤੀਆਂ ਦਾ ਪ੍ਰਸਤਾਵ ਪੇਸ਼ ਕੀਤਾ ਸੀ। ਉਸ ਦਾ ਵਿਚਾਰ ਭਾਰਤੀ ਵਿਚਾਰ ਦੇ ਸੰਜੋਗ-ਵਿਜੋਗ ਜੁੱਟ ਨਾਲੋਂ ਬਹੁਤਾ ਵੱਖਰਾ ਨਹੀਂ। ਦਸਮ-ਗ੍ਰੰਥ ਵਿਚਲੀ 'ਬੇਨਤੀ ਚੌਪਈ' ਦੇ ਕਰਤਾ ਨੇ ਫੈਲਾਵਟ ਤੇ ਸੁੰਗੇੜ ਦੇ ਨਿਯਮਾਂ 'ਉਦਕਰਖ' ਤੇ 'ਆਕਰਖ' ਦੀ ਸ਼ਬਦਾਵਲੀ ਵਿਚ ਵਿਸ਼ਵ-ਸਿਧਾਂਤੀ ਨਿਯਮਾਂ ਦਾ ਉੱਲੇਖ ਦਿੱਤਾ ਹੈ, ਜੋ ਉਕਤ ਦਾਰਸ਼ਨਿਕ ਮਤ ਦੇ ਸਮਾਨਾਂਤਰ ਹੈ :

ਜਬ ਉਦਕਰਖ ਕਰਾ ਕਰਤਾਰਾ।
ਪ੍ਰਜਾ ਧਰਤ ਤਬ ਦੇਹ ਅਪਾਰਾ।
ਜਬ ਆਕਰਖ ਕਰਤ ਹੋ ਕਬਹੂੰ।
ਤੁਮ ਮੈ ਮਿਲਤ ਦੇਹਧਰ ਸਭਹੂੰ।

Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਇਹੋ ਨਿਯਮ ਆਧੁਨਿਕ ਝੂਲਣਾਮਈ ਬ੍ਰਹਿਮੰਡ (ਪਲਸੇਟਿੰਗ ਜਾਂ ਔਸੀਲੇਟਿੰਗ ਯੂਨੀਵਰਸ) ਦੇ ਸਿਧਾਂਤ ਦਾ ਆਧਾਰ ਹੈ, ਜਿਸ ਅਨੁਸਾਰ ਬ੍ਰਹਿਮੰਡ ਇਕ ਵਾਰੀ ਸੁੰਗੜਦਾ ਤੇ ਇਕ ਵਾਰੀ ਫੈਲਦਾ ਹੈ, ਅਤੇ ਇਹ ਕ੍ਰਿਆ ਨਿਰੰਤਰ ਜਾਰੀ ਰਹਿੰਦੀ ਹੈ। ਕਲਾਕ ਦੇ ਪੈਂਡੂਲਮ ਵਾਂਗ ਇਹ ਬ੍ਰਹਿਮੰਡੀ ਝੂਲ ਇਕ ਸਿਰੇ ਤੋਂ ਦੂਜੇ ਸਿਰੇ ਤਕ ਚਲਦੀ ਹੈ, ਅਤੇ ਵਿਸ਼ਵ ਦੀ ਹੋਂਦ ਤੇ ਅਣਹੋਂਦ ਦਾ ਆਧਾਰ ਬਣਦੀ ਹੈ।

ਗੁਰਬਾਣੀ ਦੀ ਸਮੁੱਚੀ ਭਾਵਨਾ, ਵਿਸ਼ਵ-ਸਿਧਾਂਤੀ ਸੰਦਰਭ ਵਿਚ, ਉਸ ਆਤਮਿਕ ਤੱਤ ਨੂੰ ਸਵੀਕ੍ਰਿਤੀ ਦੇਣ ਦੀ ਹੈ, ਜੋ ਸਾਰੀ ਕਾਇਨਾਤ ਦਾ ਮੁੱਢ ਤੇ ਸੋਮਾ ਹੈ। ਇਹ ਨਿਰੋਲ 'ਤੱਤ' ਆਪਣੀ ਅਨੰਦਮਈ ਸੁਤੰਤਰ ਹਸਤੀ ਦੇ ਰੂਪ ਵਿਚ ਕਿਸੇ ਪਦਾਰਥਕ ਆਕਾਰ ਜਾਂ ਢਾਂਚੇ ਨਾਲ ਸੰਯੁਕਤ ਨਹੀਂ, ਪਰ ਇਹੋ ਤੱਤ ਵਿਸ਼ਵਮਈ 'ਹੋਂਦ' ਦੇ ਰੂਪ ਵਿਚ ਸਾਕਾਰ ਹੋ ਜਾਂਦਾ ਹੈ। ਆਤਮ-ਤੱਤ ਇੱਕੋ ਹੈ, ਏਕਤਾ ਹੈ; ਚਾਹੇ ਇਸ ਦੀ ਏਕਤਾ ਖ਼ਾਲਮ-ਖਾਲੀ ਸ਼ੂਨਤਾ ਜਾਂ ਸਿਫ਼ਰ-ਮਾਤਰ ਨਹੀਂ। ਇਹ 'ਇਕ' ਤੋਂ 'ਅਨੇਕ' ਹੋ ਜਾਂਦੀ ਹੈ, ਭਾਵ ਗੁਪਤ-ਰੂਪ ਤੋਂ ਪਰਗਟ ਵਿਅਕਤੀ ਸਰੂਪ ਧਾਰ ਲੈਂਦੀ ਹੈ। ਅਤੇ ਫਿਰ, ਅਨੇਕਤਾ ਤੋਂ ਏਕਤਾ ਦਾ ਅਮਲ ਅਰੰਭ ਹੋ ਜਾਂਦਾ ਹੈ। ਜਾਪੁ ਸਾਹਿਬ ਵਿਚ ਇਸ ਕ੍ਰਿਆ ਨੂੰ ਅਤਿ ਸੰਖੇਪ ਸ਼ਬਦਾਂ ਵਿਚ ਪ੍ਰਗਟਾਇਆ ਗਿਆ ਹੈ—"ਅਨੇਕ ਹੈਂ ਫਿਰਿ ਏਕ ਹੈਂ।" ਜਗਤ ਦੇ ਵਿਭਿੰਨ, ਵੰਨ-ਸੁਵੰਨੇ ਰੂਪਾਕਾਰਾਂ ਦੀ ਅਨੰਤਤਾ ਵਾਪਸ ਇਕਵਚਨੀ ਮੌਲਿਕਤਾ ਵਿਚ ਪਰਿਵਰਤਿਤ ਹੋ ਜਾਂਦੀ ਹੈ। ਦਾਰਸ਼ਨਿਕ ਸ਼ਬਦਾਵਲੀ ਵਿਚ, ਹੋਂਦ ਦੇ ਫ਼ਲਸਫ਼ੇ ਵਿਚਲਾ 'ਅਨੇਕਵਾਦ', ਤੱਤ ਦੀ ਦਾਰਸ਼ਨਿਕਤਾ ਨਾਲ ਸੰਬੰਧਿਤ 'ਏਕਵਾਦ' ਵਿਚ ਪਲਟ ਜਾਂਦਾ ਹੈ। ਸਿੱਖ ਦ੍ਰਿਸ਼ਟੀਕੋਣ ਦੀ ਰਚਨਾ-ਦੀ-ਸੰਬਾਦਿਕਤਾ ਦਾ ਇਹ ਇਕ ਹੋਰ ਪੱਖ ਹੈ।

## ਕੁਦਰਤ ਦਾ ਪ੍ਰਬੰਧਕੀ ਨਿਯਮ

ਗੁਰਬਾਣੀ ਵਿਚ ਸ਼ਿਰੋਮਣੀ ਹਸਤੀ ਨੂੰ ਕੇਵਲ ਰਚਨਾ ਦੇ ਕਰਤਾ ਵਜੋਂ ਹੀ ਨਹੀਂ ਦਰਸਾਇਆ ਗਿਆ, ਉਸ ਨੂੰ ਦੁਨੀਆਂ ਦਾ ਭਰਤਾ ਤੇ ਪਾਲਣਹਾਰ ਵੀ ਕਿਹਾ ਗਿਆ ਹੈ। ਉਸ ਦਾ 'ਹੁਕਮ' ਹੀ ਕੁਦਰਤ ਦਾ ਪ੍ਰਬੰਧਕੀ ਨਿਯਮ ਹੈ। ਕਈ ਵਾਰੀ ਬ੍ਰਹਿਮੰਡ ਨੂੰ ਮਨੁੱਖ ਦੀ ਖ਼ੁਦੀ ਜਾਂ ਹਉਮੈ ਉਪਰ ਆਧਾਰਿਤ ਮੰਨ ਲਿਆ ਜਾਂਦਾ ਹੈ। 'ਸਿਧ ਗੋਸਟਿ' ਬਾਣੀ ਵਿਚਲੀ ਪੰਕਤੀ "ਹਉਮੈ ਵਿਚਿ ਜਗੁ ਉਪਜੈ ਪੁਰਖਾ" ਦੀ ਵਿਆਖਿਆ ਜੇਕਰ ਇਸ ਅਰਥ ਵਿਚ ਕੀਤੀ ਜਾਵੇ ਕਿ ਜਗਤ ਦੀ ਉਪਜ (ਉਤਪਤੀ) ਮਨੁੱਖੀ ਹਉਂ ਵਿਚ ਹੁੰਦੀ ਹੈ, ਤਾਂ ਇਹ ਵਿਆਖਿਆ ਸਿੱਖ-ਚਿੰਤਨ ਦੇ ਸਮੁੱਚੇ ਵਿਸ਼ਵ ਸਿਧਾਂਤੀ ਵਿਚਾਰ ਨਾਲ ਮੇਲ ਨਹੀਂ ਖਾਂਦੀ। ਹਉਮੈ ਵਿਚ ਜਗਤ ਦੇ 'ਉਪਜਣ' ਤੋਂ ਭਾਵ ਹੈ ਮਨੁੱਖ ਅਨੁਭਵ ਵਿਚ ਬ੍ਰਹਿਮੰਡ ਦਾ ਉਦੈ ਹੋਣਾ। ਅਨੁਭਵ ਤੇ ਪਰਪੰਚ ਦਾ ਪਰਸਪਰ ਸੰਬੰਧ ਡੂੰਘਾ ਤੇ ਅਨਿਖੜ ਹੈ। ਜਗਤ-ਪਰਪੰਚ ਦੀ ਹੋਂਦ ਸੰਬੰਧੀ ਕੋਈ ਸਾਰਥਿਕ ਕਥਨ ਤਦ ਹੀ ਸੰਭਵ ਹੈ, ਜੇਕਰ ਇਸ ਹੋਂਦ ਦਾ ਮਨੁੱਖੀ ਮਨ ਵਿਚ ਅਨੁਭਵ ਵਾਪਰੇ। ਪਰ,

Sri Satguru Jagjit Singh Ji eLibrary NamdhariElibrary@gmail.com

ਇਸ ਦਾ ਭਾਵ ਇਹ ਨਹੀਂ ਕਿ 'ਹੋਂਦ' 'ਅਨੁਭਵ' ਉੱਤੇ ਆਧਾਰਿਤ ਹੈ। ਦੋਹਾਂ ਦਾ ਸੰਬੰਧ ਇਕ-ਦੂਜੇ ਦੇ 'ਆਧਾਰ' ਉੱਤੇ ਨਿਰਭਰ ਨਹੀਂ। ਸੋ, ਜਗਤ ਕਿਵੇਂ 'ਉਪਜਦਾ' ਹੈ?—ਇਹ ਜੀਉਂਦੇ-ਜਾਗਦੇ ਵਿਅਕਤੀਆਂ ਦੀ ਚੇਤਨਾ ਵਿਚ ਉਪਜਦਾ (ਉਦੈ ਹੁੰਦਾ) ਹੈ। ਪਰ, ਜਗਤ ਦਾ ਕਰਤਾ ਕੌਣ ਹੈ?—ਮਨੁੱਖ ਦੀ ਹਉਮੈ ਨਹੀਂ; ਇਸ ਦਾ ਕਰਤਾ ਸ਼ਿਰੋਮਣੀ ਸੱਤਾ ਆਪ ਹੈ। ਇਸ ਦ੍ਰਿਸ਼ਟੀਕੋਣ ਤੋਂ, ਕੁਦਰਤ ਦਾ ਪ੍ਰਬੰਧਕੀ ਨਜ਼ਾਮ ਪਰਮ ਹਸਤੀ ਦੇ ਹੁਕਮ, ਉਸ ਦੇ ਕਾਨੂੰਨ ਅਧੀਨ ਚਲਦਾ ਹੈ। ਇਸੇ ਦੈਵੀ ਨਿਯਮ ਅਨੁਸਾਰ ਕੁੱਲ ਪਦਾਰਥਕ ਤੱਤ, ਧਰਤੀ ਤੇ ਸਾਗਰ, ਸਿਤਾਰੇ ਤੇ ਨਛੱਤਰ, ਗੱਲ ਕੀ ਸਮੁੱਚੀ ਪੁਲਾੜ-ਕਾਲ ਕਾਇਨਾਤ ਅਤੇ ਇਸ ਦੀਆਂ ਵਿਕਾਸ-ਕ੍ਰਿਆਵਾਂ ਕਾਰਜ ਕਰ ਰਹੀਆਂ ਹਨ। ਸਾਰਾ ਭੌਤਿਕ ਪਦਾਰਥ, ਜੀਵਨ ਤੇ ਮਨ ਉਸੇ ਇੱਕੋ-ਇਕ ਸਰਬ ਸਮਰੱਥ ਅਧਿਕਾਰੀ ਦੇ ਸੰਜਮ ਅਧੀਨ ਚੱਲ ਰਿਹਾ ਹੈ, ਜੋ ਹੋਰ ਸਾਰੇ ਸੰਜਮਾਂ ਤੋਂ ਅਤੀਤ ਹੈ, ਸਭ ਆਦੇਸ਼ਾਂ ਤੇ ਵਸੀਕਾਰਾਂ ਤੋਂ ਉਚੇਰਾ ਤੇ ਅਪਰੰਪਰ ਹੈ। ਸਭ ਕੋਈ ਉਸ ਦੇ 'ਭਉ' ਵਿਚ ਹੈ; ਆਪਣੇ-ਆਪ ਵਿਚ ਉਹ ਨਿਰ-ਭਉ ਹੈ।

ਵਿਸ਼ਵ-ਰਚਨਾ ਵਿਚ ਵਿਆਪਿਤ ਦੈਵੀ ਕਾਨੂੰਨ ਦੇ ਅਰਥ ਵਿਚ, 'ਹੁਕਮ' ਦਾ ਸੰਕਲਪ 'ਰਜ਼ਾ' ਦੇ ਸੰਕਲਪ ਨਾਲ ਸੰਯੁਕਤ ਰੂਪ ਵਿਚ ਵੀ ਵਰਤਿਆ ਮਿਲਦਾ ਹੈ। ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਹੁਕਮ-ਰਜ਼ਾ ਦਾ ਉੱਲੇਖ ਪ੍ਰਾਪਤ ਹੈ—"ਹੁਕਮ ਰਜਾਈਂ ਚਲਣਾ, ਨਾਨਕ ਲਿਖਿਆ ਨਾਲਿ।" ਹੁਕਮੀ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਸਿਖਿਆ ਗੁਰਬਾਣੀ ਵਿਚ ਬਾਰ-ਬਾਰ ਦੁਹਰਾਈ ਗਈ ਹੈ। ਰਜ਼ਾ ਤੋਂ ਭਾਵ ਪਰਮ ਹਸਤੀ ਦੀ ਖੁਸ਼ੀ, ਉਸ ਦੀ ਮਰਜ਼ੀ ਜਾਂ ਇੱਛਾ ਹੈ। ਮਨੁੱਖ ਲਈ ਰੱਬ ਦੀ ਖੁਸ਼ੀ ਵਿਚ ਖੁਸ਼ ਰਹਿਣ ਦਾ, ਸ਼ੁਕਰਾਨੇ ਦਾ ਮਾਰਗ ਉਲੀਕਿਆ ਗਿਆ ਹੈ; ਕਿਉਂਕਿ ਜਿਸ 'ਠਾਕੁਰ' ਉੱਤੇ ਮਨੁੱਖ-ਮਾਤਰ ਦਾ ਜ਼ੋਰ ਚੱਲ ਨਹੀਂ ਸਕਦਾ, ਉਸ ਨੂੰ ਨਮਸਕਾਰ ਕਰਨੀ ਹੀ ਬਣਦੀ ਹੈ। ਭਾਣਾ ਉਹ ਹੈ ਜੋ 'ਉਸ' ਨੂੰ ਭਾਉਂਦਾ ਹੈ, ਜੋ ਉਸ ਦੀ ਖੁਸ਼ੀ ਹੈ, ਰਜ਼ਾ ਹੈ। ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਸਿੱਖ ਜੀਵਨ-ਜਾਚ ਦਾ ਇਕ ਬੁਨਿਆਦੀ ਸੂਤਰ ਮੰਨਿਆ ਗਿਆ ਹੈ। ਵਿਸ਼ਵਮਈ ਦ੍ਰਿਸ਼ਟੀ ਤੋਂ, ਰਜ਼ਾ-ਭਾਣਾ ਤੇ ਹੁਕਮ ਇੱਕੋ ਪੱਧਰ ਦੇ ਸੰਕਲਪ ਹਨ ਅਤੇ ਦੈਵੀ ਇੱਛਾ ਦਾ ਭਾਵ ਪ੍ਰਗਟਾਂਦੇ ਹਨ।

ਸਿੱਖ-ਚਿੰਤਨ ਅਨੁਸਾਰ, ਹੁਕਮ-ਰਜ਼ਾ ਤੋਂ ਬਿਨਾਂ ਕੁਦਰਤ ਦੇ ਵਰਤਾਰੇ ਵਿਚ ਵਰਤ ਰਿਹਾ ਦੈਵੀ ਮਿਹਰ (ਕਿਰਪਾ) ਦਾ ਨਿਯਮ ਅਜਿਹਾ ਹੈ, ਜਿਸ ਦੇ ਅੰਤ੍ਰੀਵੀ ਤੱਤ ਤੇ ਰਹੱਸ ਨੂੰ ਗ੍ਰਹਿਣ ਕਰਨਾ ਮਨੁੱਖੀ ਸਮਰੱਥਾ ਤੋਂ ਬਾਹਰਾ ਹੈ। ਹੁਕਮ ਬਾਰੇ ਗੁਰੂ ਨਾਨਕ ਦਾ ਕਥਨ ਹੈ—"ਹੁਕਮੁ ਨ ਕਹਿਆ ਜਾਈ।" ਇਸੇ ਤਰ੍ਹਾਂ ਦੈਵੀ ਪੁਰਖ ਦੀ ਮਿਹਰ, ਉਸ ਦੀਆਂ ਦਾਤਾਂ ਸੰਬੰਧੀ ਕਥਨ ਹੈ—"ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ। ਇਕਿ ਜਾਗੰਦੇ ਨਾ ਲਹਨਿ, ਇਕਨਾ ਸੁਤਿਆ ਦੇਇ ਉਠਾਲਿ।" ਜਿਸ ਪੱਧਰ ਉੱਤੇ ਦੈਵੀ ਮਿਹਰ ਦਾ ਨਿਯਮ ਕਾਰਜ ਕਰਦਾ ਹੈ, ਉਸ ਦਾ ਕਿਆਸ ਬੌਧਿਕਤਾ ਦੇ

Sri Satguru Jagjit Singh Ji eLibrary NamdhariElibrary@gmail.com

ਵੱਸ ਦੀ ਗੱਲ ਨਹੀਂ। ਮਨੁੱਖ ਲਈ ਜੋ ਬੁਰਾਈ ਹੈ, ਦੁੱਖ-ਸੰਤਾਪ ਤੇ ਪੀੜਾ ਹੈ, ਉਹ ਦੈਵੀ ਦ੍ਰਿਸ਼ਟੀ ਤੋਂ ਦਾਤੇ ਦੀ 'ਦਾਤ' ਹੋ ਸਕਦੀ ਹੈ। ਗੁਰੂ ਸਾਹਿਬ ਦੀ ਇਸ ਬਾਰੇ ਸਪੱਸ਼ਟ ਸੇਧ ਹੈ—"ਕੇਤਿਆ ਦੂਖ ਭੂਖ ਸਦ ਮਾਰ। ਏਹਿ ਭਿ ਦਾਤਿ ਤੇਰੀ ਦਾਤਾਰੁ।" ਕਰਤਾਰ ਅਤੇ ਉਸ ਦੀ ਕ੍ਰਿਤ (ਰਚਨਾ) ਵਿਚਕਾਰ ਮਿਹਰ ਇਕ ਪੁਲ ਦਾ ਕੰਮ ਕਰਦੀ ਹੈ, ਦੋਹਾਂ ਵਿਚ ਮੈਤ੍ਰੀ ਸੰਬੰਧ ਸਥਾਪਿਤ ਕਰਦੀ ਹੈ। ਕੇਵਲ-ਮਾਤਰ 'ਹੁਕਮ' ਦਾ ਕਰੜਾ ਵਿਧਾਨ ਹੀ ਕਾਇਨਾਤ ਉੱਤੇ ਲਾਗੂ ਨਹੀਂ; ਸਿੱਖ ਚਿੰਤਨ ਨੇ ਹੁਕਮ ਦੇ ਨਾਲ ਮਿਹਰ ਦੀ ਸਥਾਪਨਾ ਕਰ ਕੇ, ਹੁਕਮੀ ਨੂੰ ਮਾਤਾ-ਪਿਤਾ ਵਾਲੇ ਬਿਰਦ ਦਾ ਕਿਰਦਾਰ ਦਿੱਤਾ ਹੈ। ਉਹ ਪ੍ਰੇਮ ਦਾ ਪੁੰਜ ਹੈ, ਪ੍ਰੇਮ ਦਾ ਸਰੂਪ ਹੈ। ਆਪਣੀ ਲੋਕਾਈ ਲਈ ਉਹ ਬਖ਼ਸ਼ਿਸ਼ਾਂ ਤੇ ਨਿਆਮਤਾਂ ਮੁਹੱਈਆ ਕਰਦਾ ਹੈ। ਸਿੱਖ ਵਿਸ਼ਵ-ਸਿਧਾਂਤ ਦਾ ਹੁਕਮੀ ਕਿਸੇ ਪ੍ਰੀਤਵਾਨ, ਉਦਾਰ-ਚਿੱਤ, ਮਾਨਵ-ਹਿਤੈਸ਼ੀ ਸੱਜਣ ਪੁਰਖ ਦਾ ਚਿੱਤਰ ਹੈ।

## ਮਾਇਆ ਦਾ ਰੁਤਬਾ

ਇਕ ਦਾਰਸ਼ਨਿਕ ਪ੍ਰਵਰਗ ਤੇ ਮੂਲ-ਧਾਰਨਾ ਵਜੋਂ 'ਮਾਯਾ' ਨੂੰ ਭਾਰਤੀ ਚਿੰਤਨ-ਪਰੰਪਰਾ ਵਿਚ ਨਿਵੇਕਲਾ ਤੇ ਅਧਿਕਾਰ-ਸੰਪੰਨ ਰੁਤਬਾ ਪ੍ਰਾਪਤ ਹੈ। ਵੇਦਾਂਤ ਦੇ ਅਦ੍ਵੈਤਿਕ ਦ੍ਰਿਸ਼ਟੀਕੋਣ ਤੋਂ ਮਾਇਆ ਦੇ ਸੰਕਲਪ ਦੀ ਘਾੜਤ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਹ ਸੰਸਾਰ-ਵਿਆਪੀ ਹੋਂਦ ਦਾ ਬੁਨਿਆਦੀ ਸੂਤਰ ਬਣ ਗਿਆ ਹੈ, ਜਿਸ ਵਿਚ ਅਸੀਮ ਸ਼ਕਤੀਆਂ ਛੁਪੀਆਂ ਪਈਆਂ ਹਨ। ਮਾਇਆ ਨੂੰ ਇਸ ਵਿਚਾਰਧਾਰਾ ਨੇ ਬ੍ਰਹਮ ਦੇ ਬਰਾਬਰ ਪਦਵੀ ਦਿੱਤੀ ਹੈ। ਦੋਵੇਂ ਅਨਾਦੀ ਹਨ, ਜਿਵੇਂ ਬ੍ਰਹਮ ਦਾ ਕੋਈ ਆਦਿ ਚਿਤਵਿਆ ਨਹੀਂ ਜਾ ਸਕਦਾ, ਅਦ੍ਵੈਤ-ਮਤ ਅਨੁਸਾਰ ਮਾਇਆ ਦਾ ਵੀ ਕੋਈ ਮੁੱਢ, ਕੋਈ ਆਦਿ ਹੈ ਨਹੀਂ। ਇਸ ਵਿਚਾਰਧਾਰਾ ਨੇ ਮਾਇਆ ਨੂੰ ਅਕਥਨੀ, ਅਨਿਰਵਚਨੀ ਮੰਨਿਆ ਹੈ, ਜਿਸ ਦਾ ਮਨੁੱਖੀ ਭਾਸ਼ਾ ਵਿਚ ਪੂਰਾ ਕਥਨ ਅਸੰਭਵ ਹੈ। ਇਸ ਜਗਤ-ਪਰਪੰਚ ਦੇ ਨਾਮ-ਰੂਪ ਸਭ ਮਾਇਆ ਦੀ ਉਪਜ ਹਨ। ਸੋ ਮਾਇਆ ਵਿਚ ਹਰ ਤਰ੍ਹਾਂ ਦੀ ਰਚਨਾਤਮਕ ਸ਼ਕਤੀ ਸਥਿਤ ਹੈ ਅਤੇ ਇਸ ਵਿਚ ਹਕੀਕਤ ਉੱਤੇ ਪੜਦਾ ਪਾਉਣ ਦੀ ਬੇਅੰਤ ਸਮਰੱਥਾ ਹੈ। ਮਾਇਆ ਸ਼ਕਤੀ ਨੇ ਹੀ ਲੋਕਾਂ ਦੀ ਮਤ ਨੂੰ ਭੁਲੇਖਿਆਂ ਵਿਚ ਉਲਝਾਇਆ ਹੋਇਆ ਹੈ। ਜਿਸ ਜਗਤ ਨੂੰ ਵਿਅਕਤੀ ਨਿਤਾ-ਪ੍ਰਤੀ ਜੀਵਨ ਦੀ ਸਚਾਈ ਮੰਨੀ ਬੈਠਾ ਹੈ, ਉਹ ਕੇਵਲ ਪਰਪੰਚ ਹੈ, ਜੋ ਉਸ ਦੇ ਗਿਆਨ-ਇੰਦਰੀਆਂ ਨੂੰ ਪ੍ਰਭਾਵਿਤ ਕਰ ਕੇ ਅਸਲੀਅਤ ਦਾ ਭੁਲੇਖਾ ਦੇ ਰਿਹਾ ਹੈ। ਵਿਅਕਤੀ ਆਪਣੇ ਆਪ ਨੂੰ ਜਗਤ ਨਾਲੋਂ ਤੇ ਬ੍ਰਹਮ ਨਾਲੋਂ ਭਿੰਨ ਇਕਾਈ ਮੰਨ ਕੇ ਚਲਦਾ ਹੈ। ਮਾਇਆ ਵਾਦ ਅਨੁਸਾਰ ਇਹ ਭੁਲੇਖਾ ਵਿਅਕਤੀ ਦੇ ਅਗਿਆਨ ਕਾਰਨ ਹੈ, ਜੋ ਮਾਇਆ ਦੀ ਦੇਣ ਹੈ।

ਅਦ੍ਵੈਤ-ਮਤ ਨੇ ਮਾਇਆ ਦੇ ਪ੍ਰਭਾਵ ਤੋਂ ਸੁਤੰਤਰ ਹੋਣ ਦੀ ਸੰਭਾਵਨਾ ਵੱਲ ਵੀ ਸੰਕੇਤ ਕੀਤਾ ਹੈ। ਜਿਸ ਵਿਅਕਤੀ ਨੂੰ ਆਤਮਿਕ ਵਿਕਾਸ ਦੀ ਉਚੇਰੀ ਪੱਧਰ ਉੱਤੇ ਗਿਆਨ ਦਾ ਪ੍ਰਕਾਸ਼ ਪ੍ਰਾਪਤ ਹੋ ਜਾਵੇ, ਉਸ ਲਈ ਮਾਇਆ ਦਾ ਅੰਤ ਹੋ ਜਾਂਦਾ ਹੈ,

Sri Satguru Jagjit Singh Ji eLibrary NamdhariElibrary@gmail.com

ਕੇਵਲ ਬ੍ਰਹਮ ਹੀ ਇਕੋ-ਇਕ ਹਕੀਕਤ ਰਹਿ ਜਾਂਦੀ ਹੈ। ਅਜਿਹੇ ਗਿਆਨਵਾਨ ਵਿਅਕਤੀ ਲਈ ਉਸ ਦੀ ਆਪਣੀ ਹੋਂਦ, ਜਗਤ, ਤੇ ਬ੍ਰਹਮ ਵਿਚਲੀ ਭਿੰਨਤਾ ਮਿਟ ਜਾਂਦੀ ਹੈ, ਦੁਜੈਗੀ ਖ਼ਤਮ ਹੋ ਜਾਂਦੀ ਹੈ, ਆਤਮਾ ਤੇ ਬ੍ਰਹਮ ਦੋ ਨਹੀਂ ਰਹਿੰਦੇ, ਏਕਤਾ ਦਾ ਅਨੁਭਵ ਦ੍ਵੈਤ ਦਾ ਅੰਤ ਕਰ ਕੇ ਅਦ੍ਵੈਤ ਦੀ ਪਦਵੀ ਤਕ ਲੈ ਜਾਂਦਾ ਹੈ। ਇਸ ਦਲੀਲ ਤੋਂ ਇਹ ਸੰਕੇਤ ਅਵੱਸ਼ ਮਿਲਦਾ ਹੈ ਕਿ ਗਿਆਨਵਾਨ ਵਿਅਕਤੀ ਨੂੰ ਛੱਡ ਕੇ ਬਾਕੀ ਲੋਕਾਈ ਲਈ ਮਾਇਆ ਕਾਇਮ ਰਹਿੰਦੀ ਹੈ। ਮਾਇਆ ਦੀ ਇਹ ਵਸਤੂਪਰਕਤਾ (objectivity) ਅਦ੍ਵੈਤਵਾਦੀ ਮਤ ਦੀ ਚੂਲ ਹੈ। ਵੇਦਾਂਤਕ ਸਿਧਾਂਤ ਦੀ ਇਸ ਬੇਮੇਚੀ ਵਸਤੂਪਰਕਤਾ ਦੇ ਵਿਚਾਰ ਨਾਲ ਸਿੱਖ-ਚਿੰਤਨ ਦਾ ਮਤ-ਭੇਦ ਹੈ। ਗੁਰੂ ਸਾਹਿਬਾਨ ਨੇ ਮਾਇਆ ਨੂੰ ਕਿਸੇ ਤੱਤ-ਮੀਮਾਂਸਿਕ, ਦਾਰਸ਼ਨਿਕ ਪ੍ਰਵਰਗ ਦਾ ਦਰਜਾ ਨਹੀਂ ਦਿੱਤਾ, ਨਾ ਹੀ ਸਿੱਖ-ਮਤ ਅਨੁਸਾਰ ਮਾਇਆ 'ਅਨਾਦੀ' ਹੈ। ਮਾਇਆ ਦਾ ਆਦਿ ਵੀ ਹੈ ਅਤੇ ਅੰਤ ਵੀ। ਅਨਾਦੀ ਕੇਵਲ ਬ੍ਰਹਮ ਹੈ। ਮਾਇਆ ਕੇਵਲ ਬ੍ਰਹਮ ਦੀ ਸ਼ਕਤੀ ਹੈ, ਉਸ ਦੀ ਕੁਦਰਤ ਹੈ, ਉਸ ਦਾ ਕੌਤਕ ਹੈ। ਮਨੁੱਖੀ ਪੱਧਰ ਉੱਤੇ ਇਹ ਵਿਅਕਤੀ ਦਾ ਅਗਿਆਨ ਹੈ, ਜੋ ਆਤਮਪਰਕ (subjective) ਹੈ। ਬ੍ਰਹਮ-ਗਿਆਨੀ ਦੀ ਦ੍ਰਿਸ਼ਟੀ ਤੋਂ ਆਤਮਾ ਪਰਮਾਤਮਾ ਵਿਚ ਕੋਈ ਭਿੰਨ-ਭੇਦ ਨਹੀਂ ਰਹਿ ਜਾਂਦਾ।

ਇਹ ਠੀਕ ਹੈ ਕਿ ਗੁਰਬਾਣੀ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ, ਅਤੇ ਨਾਲ ਹੀ ਮਾਇਆ ਦਾ ਜ਼ਿਕਰ ਅਨੇਕ ਪ੍ਰਕਰਣਾਂ ਵਿਚ ਆਇਆ ਹੈ, ਜਿਸ ਨਾਲ ਬਾਣੀ ਦਾ ਭਾਰਤੀ ਚਿੰਤਨ ਦੀ ਪਰੰਪਰਾ ਨਾਲ ਸੰਬੰਧ ਸਥਾਪਿਤ ਹੁੰਦਾ ਹੈ, ਪਰ ਗੁਰਬਾਣੀ ਵਿਚ ਆਈ ਇਹ ਸ਼ਬਦਾਵਲੀ ਦੈਵੀ ਹਸਤੀ ਦੀਆਂ ਸ਼ਕਤੀਆਂ ਦੇ ਪ੍ਰਤੀਕ ਵਜੋਂ ਵਰਤੀ ਗਈ ਹੈ। 'ਬ੍ਰਹਮਾ' ਨੂੰ ਗੁਰਬਾਣੀ ਨੇ, ਸ਼ਾਬਦਿਕ ਅਰਥਾਂ ਵਿਚ, ਰਚਨਾ ਦੇ ਸਿਰਜਣਹਾਰ ਵਜੋਂ ਜਾਂ ਪੂਰਨ ਖ਼ੁਦਮੁਖਤਾਰ ਅਧਿਕਾਰੀ ਦੇ ਰੂਪ ਵਿਚ ਪਰਵਾਨ ਨਹੀਂ ਕੀਤਾ। ਇਸੇ ਤਰ੍ਹਾਂ ਮਾਇਆ ਨੂੰ ਕਿਸੇ ਸੁਤੰਤਰ ਕਰਤਾਰੀ ਸ਼ਕਤੀ ਦੇ ਰੂਪ ਵਿਚ ਸਵੀਕਾਰਨਾ, ਗੁਰੂ ਨਾਨਕ-ਬਾਣੀ ਦੀ ਭਾਵਨਾ ਦੇ ਅਨੁਕੂਲ ਨਹੀਂ ਹੋਵੇਗਾ। ਕੁਦਰਤ ਦੀ ਕ੍ਰਿਆ ਨੂੰ ਕਰਮਸ਼ੀਲ ਰੱਖਣ ਵਾਲੀ ਇਕੋ-ਇਕ ਸ਼ਕਤੀ ਕੁਦਰਤ ਆਪ ਹੈ, ਜੋ ਦੈਵੀ ਹੁਕਮ ਦਾ ਹੀ ਸਰੂਪ ਹੈ। ਜੇਕਰ ਕੁਦਰਤ ਦੇ ਇਸ ਪੱਖ ਨੂੰ ਮਾਇਆ ਜਾਂ ਮਾਇਆ-ਸ਼ਕਤੀ ਕਹਿਣ ਦੀ ਚੇਸ਼ਟਾ ਕੀਤੀ ਜਾਵੇ ਤਾਂ ਇਸ ਵਿਚ ਖ਼ਾਸ ਇਤਰਾਜ਼ ਵਾਲੀ ਗੱਲ ਨਹੀਂ, ਕਿਉਂਕਿ ਕੁਦਰਤ ਦੀ ਹੋਂਦ ਨੂੰ ਬਾਣੀ ਵਿਚ ਕਾਦਰ ਦੀ ਕੁਦਰਤ (ਸ਼ਕਤੀ) ਦੇ ਰੂਪ ਵਿਚ ਪਰਵਾਨ ਕੀਤਾ ਗਿਆ ਹੈ। ਪਰ ਜੇਕਰ ਕੁਦਰਤ ਨੂੰ ਕਿਸੇ ਸੁਤੰਤਰ ਮੰਡਲ ਜਾਂ ਅੰਤਿਮ ਸੱਤਾ ਦਾ ਦਰਜਾ ਦਿੱਤਾ ਜਾਵੇ ਤਾਂ ਇਹ ਅਰਥ ਹਕੀਕਤ ਸੰਬੰਧੀ ਗੁਰੂ ਨਾਨਕ ਸਾਹਿਬ ਦੇ ਸਮੁੱਚੇ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਖਾਏਗਾ। ਗੁਰੂ ਸਾਹਿਬ ਨੇ ਆਪ ਹੀ ਅਜਿਹੇ ਜਗਤ ਨੂੰ ਕੂੜ ਜਾਂ ਝੂਠ ਦੀ ਸੰਖਿਆ ਦਿੱਤੀ ਹੈ, ਭਾਵ ਉਹ ਸੰਸਾਰ ਜਿਸ ਨੂੰ ਆਪਣੇ ਆਪ ਵਿਚ ਯਥਾਰਥਕ ਜਾਂ ਹਕੀਕੀ ਮੰਨ ਲਿਆ ਜਾਵੇ ਅਤੇ ਜਿਸ ਵਿਚ ਕਰਤਾਰੀ

Sri Satguru Jagjit Singh Ji eLibrary NamdhariElibrary@gmail.com

ਆਤਮ-ਸ਼ਕਤੀ ਦੀ ਵਿਆਪਕਤਾ ਨੂੰ ਅਨੁਭਵ ਨਾ ਕੀਤਾ ਜਾਵੇ। ਬਾਣੀ ਦੀ ਭਾਵਨਾ ਦਾ ਸਾਰ ਇਹ ਹੈ ਕਿ ਜਗਤ ਹਕੀਕੀ ਤਦ ਹੈ, ਜੇਕਰ ਇਸ ਦੇ ਹਰ ਭਾਗ ਤੇ ਕੋਨੇ ਵਿਚ ਦੈਵੀ ਵਿਆਪਕਤਾ ਨੂੰ ਪਰਵਾਨ ਕੀਤਾ ਜਾਵੇ; ਉਹੀ ਜਗਤ ਕੂੜ ਤੇ ਅਸਤਿ ਹੈ, ਜੇਕਰ ਕੁਦਰਤ ਦੇ ਖੰਡਾਂ-ਮੰਡਲਾਂ ਵਿਚ ਅਸੀਂ ਕਾਦਰ ਨੂੰ ਵਸਿਆ-ਰਸਿਆ ਅਨੁਭਵ ਨਾ ਕਰੀਏ। "ਬਲਿਹਾਰੀ, ਕੁਦਰਤ ਵਸਿਆ !" ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਨੇ ਇਸ ਵਿਸ਼ਵਾਸ ਨੂੰ ਪੁਸ਼ਟ ਕੀਤਾ ਹੈ।

ਮਾਇਆ ਅਤੇ ਜਗਤ-ਰਚਨਾ ਸੰਬੰਧੀ ਗੁਰੂ ਸਾਹਿਬਾਨ ਦੀ ਧਾਰਨਾ ਦੀ ਵਿਆਖਿਆ ਲਈ ਸੰਸਾਰ ਦੀ ਛਿਨ-ਭੰਗਰਤਾ ਜਾਂ ਅਲਪਕਾਲਿਕਤਾ ਅਤੇ ਇਸ ਦੀ ਅਸਥਾਈ/ਆਰਜ਼ੀ ਹੋਂਦ ਉੱਤੇ ਬਲ, ਕੁੰਜੀ ਦਾ ਕਾਰਜ ਕਰਦੇ ਹਨ। ਇਨ੍ਹਾਂ ਸੰਕਲਪਾਂ ਨੂੰ ਧਿਆਨ ਵਿਚ ਰੱਖ ਕੇ ਹੀ ਗੁਰਬਾਣੀ ਦੇ ਵਿਸ਼ਵ-ਸਿਧਾਂਤ ਅਤੇ ਮਾਇਆ ਦੇ ਵਿਚਾਰ ਦੀ ਸਹੀ ਵਿਆਖਿਆ ਕੀਤੀ ਜਾ ਸਕਦੀ ਹੈ। ਮਾਇਆ ਉਹ ਹੈ, ਜਿਸ ਦਾ ਸਾਰ-ਭੂਤ ਕਾਲ (ਸਮਾਂ) ਹੈ; ਇਸ ਦੀ ਉਤਪਤੀ ਦੈਵੀ ਹਸਤੀ ਦੀ ਇੱਛਾ (ਹੁਕਮ) ਨਾਲ ਹੋਈ ਹੈ ਅਤੇ ਜਦੋਂ 'ਉਸ' ਨੇ ਚਾਹਿਆ, ਇਸ ਦਾ ਅਵੱਸ਼ ਅੰਤ ਹੋ ਜਾਏਗਾ। ਕਾਲ ਤੋਂ ਉਪਰ ਕੇਵਲ ਅਕਾਲ ਹੈ; ਮਾਇਆ ਦੀ ਹੋਂਦ ਕਾਲ ਨਾਲ ਅੰਤ੍ਰੀਵੀ ਸੰਬੰਧ ਵਿਚ ਜੁੜੀ ਹੋਈ ਹੈ। ਦੂਸਰੇ ਸ਼ਬਦਾਂ ਵਿਚ ਕੁਦਰਤ ਜਾਂ ਜਗਤ-ਰਚਨਾ ਨਾ ਅਨਾਦੀ (ਆਦਿ-ਰਹਿਤ) ਹੈ ਅਤੇ ਨਾ ਹੀ ਸਵੈ-ਨਿਰਭਰ ਹੈ। ਇਸ ਦਾ ਆਧਾਰ ਕਰਤਾ ਆਪ ਹੈ, ਜਿਸ ਦਾ ਇਹ ਪ੍ਰਤੱਖ ਸਰੂਪ ਹੈ। ਸੋ ਮਾਇਆ ਅਤੇ ਕੁਦਰਤ ਨੂੰ ਗੁਰਬਾਣੀ ਵਿਚ ਇਕਰੂਪ ਮੰਨਿਆ ਗਿਆ ਹੈ। ਕੁਦਰਤ ਦੇ ਪਾਸਾਰ ਨੂੰ ਮਾਇਆ ਦਾ ਸਾਕਾਰ ਰੂਪ ਮੰਨਿਆ ਜਾ ਸਕਦਾ ਹੈ; ਇਸ ਨੂੰ ਕੋਈ ਵਿਸ਼ੇਸ਼ ਰੁਤਬਾ ਤੇ ਪਦਵੀ ਦੇਣ ਜਾਂ ਅਸਾਧਾਰਨ ਹੋਂਦ ਵਜੋਂ ਪਰਵਾਨ ਕਰਨ ਦੀ ਆਵੱਸ਼ਕਤਾ ਨਹੀਂ। ਇਸ ਦ੍ਰਿਸ਼ਟੀ ਤੋਂ ਦੇਖਿਆਂ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਜਗਤ-ਰਚਨਾ ਨੂੰ 'ਭੁਲੇਖਾ' ਕਹਿ ਕੇ ਰੱਦ ਨਹੀਂ ਕੀਤਾ ਗਿਆ।

## ਵਿਸ਼ਵ-ਰਚਨਾ ਦੇ ਰਹੱਸ

ਦਰਸ਼ਨਵੇਤਾ ਤੇ ਵਿਗਿਆਨੀ ਅਤੇ ਅਧਿਆਤਮਵਾਦੀ ਚਿੰਤਕ ਸਾਰੇ ਇਕ ਨੁਕਤੇ ਉੱਤੇ ਸਹਿਮਤ ਹਨ ਕਿ ਵਿਸ਼ਵ-ਸਿਧਾਂਤ ਉੱਤੇ ਕੁਝ ਅਜਿਹੇ ਰਹੱਸ ਤੇ ਰਮਜ਼ਾਂ ਹਾਵੀ ਹਨ, ਜਿਨ੍ਹਾਂ ਦਾ ਉੱਤਰ ਸਾਡੇ ਪਾਸ ਮੌਜੂਦ ਨਹੀਂ। ਇਹ ਬ੍ਰਹਿਮੰਡ ਸੀਮਿਤ ਹੈ ਜਾਂ ਅਸੀਮ ਤੇ ਅਨੰਤ? ਇਸ ਦਾ ਕੋਈ ਹੱਦ-ਬੰਨਾ ਹੈ ਜਾਂ ਨਹੀਂ? ਗੁਰੂ ਨਾਨਕ ਨੇ ਆਪਣੀ ਕਾਵਿਕ ਸ਼ੈਲੀ ਵਿਚ ਇਸ ਦਾ ਉੱਤਰ ਇੰਜ ਦਿੱਤਾ ਹੈ—"ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ। ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕਵਾਤ।"—(ਜਪੁਜੀ)। ਜਿਸ ਰਚਨਾ ਦਾ ਅੰਤ ਵੇਦਾਂ-ਸ਼ਾਸਤ੍ਰਾਂ ਨੇ ਨਹੀਂ ਪਾਇਆ, ਉਸ ਦੇ ਪਾਤਾਲਾਂ, ਆਕਾਸ਼ਾਂ ਦੀ ਗਿਣਤੀ ਕੌਣ ਕਰੇਗਾ? ਰਚਨਾ ਦਾ ਪਾਰਾਵਾਰ, ਰਚਨਾ ਦੀ ਪੂਰਨਤਾ ਵਿਚ, ਕਿਸੇ ਦੇ ਵੱਸ ਵਿਚ ਨਹੀਂ। ਅਤੇ ਉਹ ਫ਼ਾਸਲੇ ਕਿੰਨੇ ਕੁ ਵੱਡੇ ਹਨ, ਜੋ ਅਰਸ਼ੀ

Sri Satguru Jagjit Singh Ji eLibrary NamdhariElibrary@gmail.com

ਨਛੱਤਰਾਂ ਨੂੰ ਤਹਿ ਕਰਨੇ ਪੈਂਦੇ ਹਨ?—"ਭੈ ਵਿਚਿ ਸੂਰਜ, ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।"—(ਆਸਾ ਦੀ ਵਾਰ)। ਸੂਰਜਾਂ, ਗ੍ਰਹਿਆਂ ਦਾ ਪੈਂਡਾ ਕਦੀ ਮੁੱਕਣ ਵਾਲਾ ਨਹੀਂ ਜਾਪਦਾ। ਜਿਥੋਂ ਤਕ ਸਾਮਿਅਕ ਕ੍ਰਮ ਦਾ ਪ੍ਰਸ਼ਨ ਹੈ, ਕੋਈ ਚਿੰਤਕ, ਰਿਸ਼ੀ-ਮੁਨੀ, ਬੁੱਧੀਮਾਨ ਗਿਆਤਾ ਵਿਸ਼ਵ-ਰਚਨਾ ਦੀ ਮਿਤੀ ਉੱਤੇ ਉਂਗਲ ਨਹੀਂ ਰੱਖ ਸਕਿਆ :

ਕਵਣੁ ਸੁ ਵੇਲਾ, ਵਖਤੁ ਕਵਣੁ,
ਕਵਣ ਥਿਤਿ ਕਵਣੁ ਵਾਰੁ?
ਕਵਣਿ ਸਿ ਰੁਤੀ, ਮਾਹੁ ਕਵਣੁ,
ਜਿਤੁ ਹੋਆ ਆਕਾਰੁ?
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ।
ਥਿਤਿ, ਵਾਰੁ ਨਾ ਜੋਗੀ ਜਾਣੈ,
ਰੁਤਿ, ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ,
ਆਪੇ ਜਾਣੈ ਸੋਈ। —(ਜਪੁਜੀ)

ਸਿੱਖ-ਚਿੰਤਨ ਵਿਚ ਕਿਧਰੇ ਇਹ ਦਾਅਵਾ ਨਹੀਂ ਕੀਤਾ ਗਿਆ ਕਿ ਵਿਸ਼ਵ ਰਚਨਾ ਦੀ ਮਿਤੀ ਦਾ ਭੇਦ ਕਿਸੇ ਵਿਅਕਤੀ ਪਾਸ ਹੈ, ਬੇਸ਼ੱਕ ਉਹ ਕੋਈ ਸਿੱਧ ਪੁਰਸ਼ ਹੋਵੇ ਜਾਂ ਪ੍ਰਤਿਭਾਵਾਨ ਪੰਡਿਤ, ਕਾਜ਼ੀ ਜਾਂ ਯੋਗੀ। ਜਿਸ ਨੇ ਬ੍ਰਹਿਮੰਡ ਨੂੰ ਸਾਜਿਆ ਹੈ, ਉਹੀ ਜਾਣਦਾ ਹੈ ਸਿਰਜਨਾ ਕਦੋਂ ਹੋਈ, ਕਿਵੇਂ ਹੋਈ, ਜਾਂ ਕਿਉਂ ਹੋਈ? ਰਚਨਾ ਦੇ ਇਸ ਰਹੱਸ ਨੂੰ ਜਾਣਨ ਦੀ ਜਿਗਿਆਸਾ ਨੂੰ ਕਈ ਚਿੰਤਕਾਂ ਨੇ 'ਭਟਕਣ' ਦਾ ਨਾਮ ਦਿੱਤਾ ਹੈ।

ਪ੍ਰਾਚੀਨ ਕਾਲ ਦੇ ਵਿਚਾਰਵਾਨ ਅਤੇ ਅਜੋਕੇ ਦੌਰ ਦੇ ਵਿਗਿਆਨੀ, ਦੋਵੇਂ ਬ੍ਰਹਿਮੰਡ ਬਾਰੇ 'ਵਿਸ਼ਵਮਈ ਅੰਡਾ' ਦੇ ਮੁਹਾਵਰੇ ਵਿਚ ਗੱਲ ਕਰਦੇ ਹਨ, ਬਿਨਾਂ ਇਸ ਦੇ ਮੁੱਢ ਦੀ ਗੁੱਥੀ ਨੂੰ ਸੁਲਝਾਣ ਦੇ। ਇਹ 'ਅੰਡਾ' ਕਿਸ ਨੇ ਦਿੱਤਾ ਅਤੇ ਕਦੋਂ ਦਿੱਤਾ? ਪ੍ਰਾਚੀਨ ਕਾਲ ਤੋਂ ਬ੍ਰਹਿਮੰਡ ਦਾ ਸੰਕੇਤ ਵਿਸ਼ਵ-ਰਚਨਾ ਲਈ ਵਰਤਿਆ ਜਾ ਰਿਹਾ ਹੈ, ਜਿਸ ਤੋਂ ਮੁਰਾਦ ਹੈ 'ਬ੍ਰਹਮ-ਅੰਡ'। ਸਮਕਾਲੀਨ ਖਗੋਲ (ਅਸਟ੍ਰਾਨੋਮੀ) ਨੇ ਸੁਤੰਤਰ ਰੂਪ ਵਿਚ ਵਿਸ਼ਵਮਈ ਅੰਡੇ ਦੀ ਧਾਰਨਾ ਪ੍ਰਸਤੁਤ ਕੀਤੀ ਹੈ, ਜਿਸ ਦਾ ਆਸ਼ਾ ਹੈ ਕਿ ਬੀਜ-ਰੂਪ ਵਿਚ ਸਾਡਾ ਜਗਤ-ਪਾਸਾਰਾ ਅੰਡੇ ਵਾਂਗ ਸੀ, ਜਿਸ ਵਿਚੋਂ ਸੰਸਾਰ ਦੀ ਉਤਪਤੀ ਹੋਈ। ਵੈਸੇ ਵੀ ਆਕਾਸ਼ ਦੇ ਨਛੱਤਰਾਂ ਤੇ ਧਰਤੀਆਂ ਨੂੰ ਅੰਡਾਕਾਰ ਤਲ ਉੱਤੇ ਘੁੰਮਦਾ ਵਿਖਾਇਆ ਜਾਂਦਾ ਹੈ। ਸੋ, ਅੰਡੇ ਦਾ ਸੰਕਲਪ ਵਿਸ਼ਵ-ਸਿਧਾਂਤੀ ਪੱਧਰ ਉੱਤੇ ਵਰਤੋਂ ਵਿਚ ਆ ਗਿਆ ਹੈ। ਪਰ ਪ੍ਰਸ਼ਨਾਂ ਦਾ ਪ੍ਰਸ਼ਨ ਇਹ ਹੈ ਕਿ ਸਭ ਤੋਂ ਪਹਿਲੀ ਰਚਨਾ ਕਿਵੇਂ ਹੋਈ? ਚਾਹੇ ਉਦਕਰਖ-ਆਕਰਖ ਦੀ ਸ਼ਬਦਾਵਲੀ ਵਰਤੀਏ, ਚਾਹੇ ਫੈਲਾਵਟ ਤੇ

ਸੁੰਗੇੜ ਦੀ, ਜਦੋਂ 'ਪਹਿਲੀ' ਵਾਰੀ ਬ੍ਰਹਿਮੰਡ ਨੇ ਅੰਡਾ-ਰੂਪੀ ਬੀਜ ਵਿਚੋਂ ਜਨਮ ਲਿਆ, ਰਚਨਾ ਨਿਰ-ਆਕਾਰ ਤੋਂ ਸਾਕਾਰ ਹੋਈ, ਇਸ ਰਹੱਸ ਨੂੰ ਕਿਵੇਂ ਜਾਣਿਆ ਜਾਏ? ਵਿਸ਼ਵ-ਰਚਨਾ ਦਾ ਇਹ ਭੇਦ-ਭਰਿਆ, ਸ਼ਕਤੀਸ਼ਾਲੀ ਬੀਜ ਕਿਸ ਦੀ ਦੇਣ ਸੀ ਅਤੇ ਇਸ ਵਿਚਲੀ ਸੰਭਾਵਨਾਵਾਂ-ਭਰੀ ਸ਼ਕਤੀ ਕਿਥੋਂ ਆਈ, ਜਿਸ ਨੇ ਵਿਕਾਸ ਦੇ 'ਲਖ ਦਰੀਆਉ' ਸੰਚਾਲਿਤ ਕਰ ਦਿੱਤੇ?

ਗੁਰੂ ਨਾਨਕ ਦੇਵ ਨੇ ਰਚਨਾ ਦੇ ਆਦਿ ਨਾਲ ਜੁੜੇ ਰਹੱਸ ਨੂੰ ਬੌਧਿਕ ਯਤਨਾਂ ਨਾਲ ਸੁਲਝਾਣ ਦੀ ਬਜਾਇ, ਵਿਸਮਾਦ ਦਾ ਰਾਹ ਅਪਨਾਉਣ ਲਈ ਪ੍ਰੇਰਿਆ ਹੈ। ਵਰਤਮਾਨ ਦੌਰ ਵਿਚ ਡਾ. ਰਾਧਾਕ੍ਰਿਸ਼ਨ ਨੇ ਇਸ ਰਵੱਈਏ ਦੀ ਪ੍ਰੋੜ੍ਹਤਾ ਕੀਤੀ ਹੈ। ਉਸ ਦਾ ਵਿਸ਼ਵਾਸ ਹੈ ਕਿ ਜਗਤ-ਰਚਨਾ ਦੇ ਆਰੰਭ ਦਾ ਰਹੱਸ ਵਿਗਿਆਨ ਦੀਆਂ ਵਿਧੀਆਂ ਰਾਹੀਂ ਖੁਲ੍ਹਣਾ ਸੰਭਵ ਨਹੀਂ। "ਸੰਸਾਰ ਦੇ ਰਹੱਸ ਦੀ ਗੱਲ ਸੁਤੰਤਰਤਾ ਦੇ ਨਿਯਮ ਨਾਲ ਜੁੜੀ ਹੋਈ ਹੈ। ਰਚਨਾ ਦੀ ਹੋਂਦ ਦਾ ਮੂਲ-ਆਧਾਰ ਅਤੇ ਪਰਾ-ਪੂਰਬਲਾ ਸਰੋਤ ਸੁਤੰਤਰਤਾ ਹੈ। ਜੋ ਕੁਝ ਨਿਸ਼ਚਿਤ ਹੁੰਦਾ ਹੈ, ਜਾਂ ਰੂਪ ਧਾਰਦਾ ਹੈ, ਇਸੇ ਸਰੋਤ ਵਿਚੋਂ ਆਉਂਦਾ ਹੈ।" ਅਜਿਹੀ ਪੂਰਨ ਸੁਤੰਤਰਤਾ ਕਿਸੇ ਸੰਪੂਰਨ ਹਸਤੀ ਦੀ ਹੀ ਸੰਭਵ ਹੈ, ਜੋ ਧਰਮ-ਚਿੰਤਕਾਂ ਅਨੁਸਾਰ ਬ੍ਰਹਮ ਆਪ ਹੈ। 'ਮਾਇਆ' ਦੇ ਸੰਕਲਪ ਸੰਬੰਧੀ ਡਾ. ਰਾਧਾਕ੍ਰਿਸ਼ਨ ਦਾ ਮਤ ਹੈ ਕਿ ਮਾਇਆ ਮਨੁੱਖ ਦੀ ਬੇ-ਸਮਝੀ ਜਾਂ 'ਅਵਿਦਿਆ' ਹੈ, ਉਸ ਦਾ ਅਣਜਾਣਪੁਣਾ ਹੈ। ਗੁਰਬਾਣੀ ਨੇ ਇਸ ਨੂੰ ਸੰਸਾ, ਸਹਸਾ ਜਾਂ ਭੁਲੇਖਾ ਆਖਿਆ ਹੈ। ਇਸ ਭੁਲੇਖੇ ਕਾਰਨ ਵਿਅਕਤੀ ਕਰਤੇ ਦੀ ਸਿਰਜਨਾ ਵਿਚ ਵਿਆਪਕ ਦੈਵੀ ਨਿਯਮ ਨੂੰ ਅਖੋਂ-ਪਰੋਖੇ ਕਰੀ ਰਖਦਾ ਹੈ।

ਸਿੱਖ ਵਿਚਾਰਧਾਰਾ ਹੁਕਮ ਅਤੇ ਮਿਹਰ ਦੀਆਂ ਧਾਰਨਾਵਾਂ ਨੂੰ ਸਵੀਕਾਰ ਕਰਦੀ ਹੋਈ, ਮਨੁੱਖ-ਮਾਤਰ ਨੂੰ ਕਰਤਾਰੀ ਸ਼ਕਤੀ ਨਾਲ ਜੋੜਨ ਦਾ ਉਪਰਾਲਾ ਕਰਦੀ ਹੈ। ਸਿੱਖ-ਚਿੰਤਨ ਨੇ ਹੁਕਮ ਨੂੰ ਉਸ ਰਹੱਸ ਨਾਲ ਸੰਬੰਧਿਤ ਕੀਤਾ ਹੈ ਜੋ ਸਰਬ ਲੋਕਾਈ ਤੇ ਸ੍ਰਿਸ਼ਟੀ ਦੀ ਹੋਂਦ ਦੇ ਪਿੱਛੇ ਕਾਰਜ ਕਰ ਰਿਹਾ ਹੈ। ਮਨੁੱਖ ਲਈ, ਇਸ ਰਹੱਸ ਦੇ ਰੂਬਰੂ, ਵਿਸਮਾਦ ਦੀ ਭਾਵਨਾ ਗ੍ਰਹਿਣ ਕਰਨ ਅਤੇ ਹੁਕਮੀ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੋਂ ਸਿਵਾ ਕੋਈ ਕਾਰਗਰ ਰਸਤਾ ਨਹੀਂ। ਸਿੱਖ-ਮਤ ਦਾ ਵਿਸ਼ਵ-ਸਿਧਾਂਤ, ਜੋ ਡੂੰਘੇ ਈਸ਼ਵਰਵਾਦੀ ਵਿਸ਼ਵਾਸ ਉੱਤੇ ਆਧਾਰਿਤ ਹੈ, ਅੰਤਿਮ ਰੂਪ ਵਿਚ ਕੁਦਰਤ ਤੇ ਕਾਦਰ, ਹੋਂਦ ਤੇ ਤੱਤ ਦੇ ਆਪਸੀ ਵਿਰੋਧਾਂ ਦੀ ਸਮਾਪਤੀ ਕਰ ਦੇਂਦਾ ਹੈ। ਇਸ ਦਵੈਤ ਨੂੰ ਮਿਟਾਉਣ ਲਈ ਸਿੱਖ-ਚਿੰਤਨ ਦੀ ਸੇਧ ਉਸ ਫਾਰਮੂਲੇ ਪ੍ਰਤੀ ਹੈ ਜਿਸ ਨੂੰ ਹੋਂਦ-ਵਿਚ-ਤੱਤ ਦਾ ਰੂਪ ਦਿੱਤਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ "ਸਰਬ ਜੋਤਿ ਰੂਪੁ ਤੇਰਾ ਦੇਖਿਆ, ਸਗਲ ਭਵਨ ਤੇਰੀ ਮਾਇਆ" ਦੇ ਸ਼ਬਦਾਂ ਵਿਚ, ਬ੍ਰਹਿਮੰਡ ਦੇ ਰੂਪਾਕਾਰਾਂ ਤੇ ਇਸ ਦੀ ਅਨੇਕਤਾ ਵਿਚ ਪਸਰੀ ਉਸ ਦੈਵੀ ਜੋਤ ਦਾ ਸਪੱਸ਼ਟ ਸੰਕੇਤ ਦੇ ਰਹੇ ਹਨ, ਜੋ ਅਨੇਕਤਾ ਨੂੰ ਏਕਤਾ ਵਿਚ ਜੋੜ ਰਹੀ ਹੈ, ਅਤੇ ਜਿਸ਼ ਦੇ ਚਾਨਣ ਰਾਹੀਂ ਸਭ ਕਾਸੇ

Sri Satguru Jagjit Singh Ji eLibrary NamdhariElibrary@gmail.com

ਵਿਚ ਚਾਨਣ ਹੋ ਰਿਹਾ ਹੈ—"ਸਭ ਮਹਿ ਜੋਤਿ, ਜੋਤਿ ਹੈ ਸੋਇ। ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।" ਗੁਰੂ ਅਮਰਦਾਸ ਨੇ ਮਨੁੱਖ ਨੂੰ ਆਪਣੇ ਅੰਦਰ ਵੀ ਉਸੇ ਜੋਤ ਦਾ ਪ੍ਰਕਾਸ਼ ਅਨੁਭਵ ਕਰਨ ਦੀ ਪ੍ਰੇਰਨਾ ਦਿੱਤੀ ਹੈ :

ਮਨ ਤੂੰ ਜੋਤਿ ਸਰੂਪ ਹੈ
ਅਪਣਾ ਮੂਲੁ ਪਛਾਣੁ।

ਸਿੱਖ ਵਿਸ਼ਵ-ਸਿਧਾਂਤ ਅਨੁਸਾਰ ਜੋ ਤੱਤ ਵਿਸ਼ਵ ਵਿਚ ਵਿਆਪਕ ਹੈ, ਉਹੀ ਜੀਵ ਦੇ ਅੰਦਰਵਾਰ ਸਥਿਤ ਹੈ; ਜੋ ਬ੍ਰਹਿਮੰਡ ਵਿਚ ਹੈ, ਉਹੀ ਪਿੰਡ (ਸਰੀਰ) ਵਿਚ ਹੈ। ਇਹ ਵਿਸ਼ਵ-ਸਿਧਾਂਤ ਵਿਅਕਤੀ ਦੀ ਮਾਨਸਿਕਤਾ ਨੂੰ ਸਰਬ-ਵਿਆਪੀ ਆਤਮਿਕਤਾ ਨਾਲ ਇਕਰੂਪ ਕਰ ਦੇਂਦਾ ਹੈ।

Sri Satguru Jagjit Singh Ji eLibrary NamdhariElibrary@gmail.com

## 4.
# ਹੁਕਮ ਦਾ ਸੰਕਲਪ

ਸਿੱਖ-ਚਿੰਤਨ ਦੇ ਸੰਕਲਪਿਕ ਢਾਂਚੇ ਵਿਚ ਦੋ ਕਿਸਮ ਦੀਆਂ ਧਾਰਨਾਵਾਂ ਸੰਮਿਲਤ ਹਨ : ਇਕ ਬੁਨਿਆਦੀ ਅਤੇ ਦੂਜੀਆਂ ਸੰਰਚਨਾਤਮਿਕ। 'ਹੁਕਮ' ਸਿੱਖ ਚਿੰਤਨਧਾਰਾ ਦਾ ਪ੍ਰਮੁੱਖ ਸੰਬੋਧ ਹੋਣ ਦੇ ਨਾਤੇ, ਪਹਿਲੇ ਵਰਗ ਵਿਚ ਆਉਂਦਾ ਹੈ। ਇਹ ਸਿੱਖ ਤੱਤ-ਮੀਮਾਂਸਾ (ਮੈਟਾਫ਼ਿਜ਼ਿਕਸ) ਅਤੇ ਵਿਸ਼ਵ-ਸਿਧਾਂਤ ਤੇ ਅਤਿ ਵਿਸ਼ੇਸ਼ ਤੇ ਅਨਿਵਾਰੀ ਕਾਰਕਾਂ ਵਿਚੋਂ ਹੈ, ਅਤੇ ਨਾਲ ਹੀ ਸਿੱਖੀ ਸ਼ਰਧਾ ਦਾ ਬੁਨਿਆਦੀ ਸੂਤਰ ਹੈ। ਇਸ ਦੀ ਵਿਸ਼ੇਸ਼ਤਾ ਦਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਸ਼ਬਦ 'ਹੁਕਮ' ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਪ੍ਰਾਪਤ ਹੈ, ਜਿਸ ਬਾਣੀ ਨਾਲ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੁੰਦਾ ਹੈ। ਜਪੁਜੀ ਦੀ ਸਮੁੱਚੀ ਦੂਜੀ ਪਉੜੀ ਹੁਕਮ ਦੇ ਸੰਬੋਧ ਦੁਆਲੇ ਘੁੰਮਦੀ ਹੈ। ਸਿੱਖ ਫ਼ਲਸਫ਼ੇ ਦੀ ਸੰਕਲਪਿਕ ਦਰਜਾਕਾਰੀ ਵਿਚ 'ਹੁਕਮ' ਦਾ ਸਥਾਨ 'ਅਕਾਲ' ਅਤੇ 'ਕਰਤਾ' ਦੇ ਐਨ ਮਗਰੋਂ ਆਉਂਦਾ ਹੈ। ਅਕਾਲ ਸਦੀਵੀ ਤੇ ਨਿਰ-ਆਕਾਰ ਹਸਤੀ ਦਾ, ਅਤੇ ਕਰਤਾ ਕਰਤਾਰੀ ਸੱਤਾ ਜਾਂ ਸਮੱਸਤ ਹੋਂਦ ਦੇ ਅਧਿਆਤਮਿਕ ਸਰੋਤ ਦਾ ਸੂਚਕ ਹੈ। ਸਿਰਜਨਹਾਰ ਸ਼ਕਤੀ ਦੁਆਰਾ ਜੋ ਕੁਝ ਸਿਰਜਿਆ ਗਿਆ ਹੈ, ਉਹ ਵਿਸ਼ਵ-ਰਚਨਾ ਹੈ, ਜੋ ਅਦ੍ਰਿਸ਼ਟ ਹਸਤੀ ਦਾ ਦ੍ਰਿਸ਼ਟਮਾਨ ਪੱਖ ਹੈ, ਅਤੇ ਸਿੱਖ ਦ੍ਰਿਸ਼ਟੀਕੋਨ ਤੋਂ ਇਸੇ ਅੰਦਰ 'ਹੁਕਮ' ਵਿਆਪਿਤ ਹੈ।

ਸਿੱਖ-ਮਤ ਦੇ ਇਕ ਕੇਂਦਰੀ ਸੰਕਲਪ ਵਜੋਂ 'ਹੁਕਮ' ਆਪਣੀ ਭਾਸ਼ਾਈ ਬਣਤਰ ਵਿਚ ਇਸਲਾਮੀ-ਸੂਫ਼ੀ ਚਿੰਤਨ ਵਿਚੋਂ ਪਨਪਿਆ ਪ੍ਰਤੀਕ ਹੈ, ਜੋ ਮੂਲ-ਰੂਪ ਵਿਚ ਅਰਬੀ ਭਾਸ਼ਾ ਰਾਹੀਂ ਵਿਅਕਤ ਹੋਇਆ। ਉੱਥੇ ਇਸ ਦਾ ਸਿੱਧਾ ਅਰਥ ਕਿਸੇ ਅਧਿਕਾਰੀ ਵੱਲੋਂ ਜਾਰੀ ਕੀਤਾ ਆਦੇਸ਼ ਹੈ, ਜਿਸ ਦੇ ਸਮਾਨਾਂਤਰ ਫ਼ਾਰਸੀ ਵਿਚ 'ਫਰਮਾਨ' ਸ਼ਬਦ ਹੈ, ਭਾਵ ਅਜਿਹਾ ਹੁਕਮ ਜੋ ਕਿਸੇ ਉਚੇਰੀ ਪਦਵੀ ਵਾਲੇ ਜਾਂ ਹੁਕਮਰਾਨ ਵੱਲੋਂ ਆਪਣੇ ਤੋਂ ਨੀਵੇਂ ਵਿਅਕਤੀ ਜਾਂ ਵਰਗ ਨੂੰ ਸੰਬੋਧਨ ਕੀਤਾ ਜਾਵੇ। ਪੰਜਾਬੀ ਵਿਚ ਹੁਕਮ ਦਾ ਅਰਥ, ਚਾਹੇ ਇਸ ਵਿਚ ਅਰਬੀ-ਫ਼ਾਰਸੀ ਦੇ ਆਦੇਸ਼ ਜਾਂ ਫਰਮਾਨ ਦੀ ਰੰਗਨ ਵੀ ਕਾਇਮ ਹੈ, ਆਪਣੀ ਭਾਵ-ਜੁਗਤ ਨੂੰ ਵਿਸ਼ਾਲ ਕਰਦਾ ਹੋਇਆ, ਇਸ ਵਿਚ 'ਮਰਜ਼ੀ' ਦੀ ਅੰਸ਼ ਸ਼ਾਮਿਲ ਕਰ ਲੈਂਦਾ ਹੈ, ਵਿਸ਼ੇਸ਼ ਰੂਪ ਵਿਚ ਦੈਵੀ ਇੱਛਾ ਜਾਂ ਮਰਜ਼ੀ। ਇਕ ਹੋਰ ਅੰਸ਼ ਤਰਤੀਬ, ਪ੍ਰਣਾਲੀ ਜਾਂ ਨੇਮ ਹੈ, ਜਿਸ ਤੋਂ ਭਾਵ ਹੈ ਦੈਵੀ ਕਾਨੂੰਨ। ਇਕ



Sri Satguru Jagjit Singh Ji eLibrary NamdhariElibrary@gmail.com

ਤੀਸਰੀ ਅੰਸ਼ ਦੈਵੀ ਸ਼ਕਤੀ ਦੀ ਪਛਾਣ ਤੇ ਸਵੀਕ੍ਰਿਤੀ ਹੈ, ਜੋ ਮਨੁੱਖੀ ਸਮਰੱਥਾਵਾਂ ਤੋਂ ਉਚੇਰੀ ਹੈ। ਪੰਜਾਬੀ ਵਿਚ ਹੁਕਮ ਦੀ ਇਕ ਨਿਵੇਕਲੀ ਵਰਤੋਂ ਇਸ ਦਾ ਸੰਬੰਧਕੀ ਰੂਪ 'ਹੁਕਮੀ' ਹੈ, ਜਿਸ ਤੋਂ ਭਾਵ ਹੈ ਅਧਿਕਾਰ-ਸੰਪੰਨ ਹਸਤੀ, ਜੋ ਗੁਰਬਾਣੀ ਵਿਚ ਰੱਬਤਾ ਜਾਂ ਦੈਵੀ-ਸੱਤਾ ਹੈ, ਅਤੇ ਜਿਸ ਤੋਂ ਨਿਯਮ ਜਾਰੀ ਹੁੰਦਾ ਹੈ। (ਇੱਥੇ 'ਹੁਕਮੀ' ਕਿਰਿਆ-ਵਿਸ਼ੇਸ਼ਣੀ ਰੂਪ 'ਹੁਕਮੀ' ਨਾਲ ਰਲ-ਗਡ ਕਰਨਾ ਉਚਿਤ ਨਹੀਂ; ਹੁਕਮੀਂ ਤੋਂ ਭਾਵ ਹੈ, 'ਰੱਬ ਸਦੇ ਹੁਕਮ ਦੁਆਰਾ' ਜਾਂ ਦੈਵੀ ਹੁਕਮ ਰਾਹੀਂ ।)

ਹੁਕਮ ਦੇ ਦੋ ਲੱਛਣ, ਜੋ ਇਸਲਾਮੀ ਅਤੇ ਸਿੱਖ ਧਰਮ-ਮੀਮਾਂਸਾ (ਥੀਆਲੋਜੀ) ਵਿਚ ਸਾਂਝੇ ਹਨ, ਦੈਵੀ ਇੱਛਾ ਦੀ ਅਟੱਲਤਾ ਅਤੇ ਰਹੱਸ ਹਨ। ਜਿਵੇਂ ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਕਿਹਾ ਹੈ, "ਇਸਲਾਮਿਕ ਧਰਮ-ਸਿਧਾਂਤ ਵਿਚ ਹੁਕਮ ਦੀ ਵਰਤੋਂ 'ਫੁਰਮਾਨ' 'ਜ਼ਾਬਤਾ' ਆਦਿਕ ਦੇ ਅਰਥਾਂ ਵਿਚ ਹੁੰਦੀ ਹੈ ਨਾ ਕਿ ਰਹੱਸਾਤਮਕ 'ਨਿਯਮ' ਦੇ ਰੂਪ ਵਿਚ, ਜਿਹਾ ਕਿ ਸਿੱਖ-ਚਿੰਤਨ ਵਿਚ ਇਸ ਦਾ ਅਰਥ ਹੈ।" ਪਰ ਚਾਹੇ ਇਹ ਜ਼ਾਬਤਾ ਹੈ ਜਾਂ ਆਦੇਸ਼, ਦੈਵੀ ਇੱਛਾ ਨਿਸ਼ਚਿਤ ਕਾਨੂੰਨ ਦੀ ਸੰਕੇਤਕ ਹੈ, ਜਿਸ ਵਿਚ ਕਿਸੇ ਵਿਚਲਣ (deviation) ਦੀ ਗੁੰਜਾਇਸ਼ ਨਹੀਂ। ਇਹ ਵੀ ਠੀਕ ਹੈ ਕਿ ਹੁਕਮ ਦੇ ਰਹੱਸ ਦੀ ਕੋਈ ਥਾਹ ਨਹੀਂ। ਪ੍ਰੋ. ਤਾਲਿਬ ਦੀ ਇਕ ਹੋਰ ਟੂਕ ਅਨੁਸਾਰ, "ਦਾਰਸ਼ਨਿਕ ਦ੍ਰਿਸ਼ਟੀ ਤੋਂ ਹੁਕਮ ਉਸ ਰਹੱਸ ਦੀ ਸੋਝੀ ਹੈ, ਜੋ ਕਿ ਸਮੁੱਚੀ ਹੋਂਦ ਵਿਚ ਵਿਆਪਿਤ ਹੈ ਅਤੇ ਜਿਸ ਦਾ ਪ੍ਰਗਟਾਵਾ ਕੇਵਲ ਸਿਰ ਝੁਕਾਉਣ ਅਤੇ ਰਜ਼ਾ ਵਿਚ ਰਹਿਣ ਦੇ ਕਰਮ ਦੁਆਰਾ ਸੰਭਵ ਹੈ। ਇਹ ਦੈਵੀ ਸੱਤਾ ਦੀ ਅਸੀਮਿਤਾ ਦੇ ਸਨਮੁਖ ਕਣ-ਮਾਤਰ ਦੀ ਆਪਣੀ ਸੀਮਾਬੱਧਤਾ ਬਾਰੇ ਸੂਝ-ਬੂਝ ਹੈ। ..... ਇਹ ਆਦਰਸ਼ਵਾਦੀ ਦੀ ਉਹ ਦ੍ਰਿਸ਼ਟੀ ਹੈ, ਜੋ ਹਰ ਵਸਤੂ ਵਿਚ ਕਿਸੇ ਦੈਵੀ ਮਨੋਰਥ ਨੂੰ ਨਿਹਾਰਦੀ ਹੈ ਅਤੇ ਇਸ ਰਹੱਸ ਦੀ ਸੋਝੀ ਨੂੰ ਮਨੁੱਖੀ ਸਮਰੱਥਾ ਤੋਂ ਉਚੇਰੀ ਦੇਖਦਿਆਂ ਆਪਣੇ ਆਪ ਨੂੰ ਅਚੰਭੇ ਅਤੇ ਸਵੀਕ੍ਰਿਤ ਦੇ ਰਵੱਈਏ ਵਿਚ ਢਾਲ ਲੈਂਦੀ ਹੈ। " ਜੋ ਅਰਥ ਇਸਲਾਮੀ ਅਤੇ ਬਹੁਤ ਹੱਦ ਤੀਕ ਸਿੱਖ-ਚਿੰਤਨ ਵਿਚ ਲੁਪਤ ਹੈ, ਉਹ ਹੈ ਈਸ਼ਵਰ ਦਾ ਅਬੁੱਝ, ਬੇਲਚਕ ਤੇ ਅਟੱਲ ਕਾਨੂੰਨ।

## 'ਹੁਕਮ' ਦਾ ਪਿਛੋਕੜ

ਪ੍ਰਾਚੀਨ ਭਾਰਤੀ ਚਿੰਤਨ ਵਿਚ ਹੁਕਮ ਦੇ ਨਿਕਾਸ ਸੰਬੰਧੀ ਕੁਝ ਸੰਕੇਤ 'ਰਿਤ' ਅਤੇ 'ਵ੍ਰਤ' ਦੀਆਂ ਧਾਰਨਾਵਾਂ ਵਿਚ ਉਪਲੱਬਧ ਹਨ। ਰਿਤ ਤੋਂ ਭਾਵ ਵਿਸ਼ਵ-ਰਚਨਾ ਵਿਚ ਵਰਤ ਰਿਹਾ ਨੇਮ ਹੈ। "ਰਿਤ ਉਹ ਸੁਚੇਤ ਨਿਯਮ ਹੈ, ਜੋ ਸਾਰੇ ਬ੍ਰਹਿਮੰਡ ਨੂੰ ਅਤੇ ਵਿਅਕਤੀ ਨੂੰ ਮਰਿਆਦਿਤ ਕਰਦਾ ਹੈ। " ਜੇਕਰ ਰਿਤ ਸਮੁੱਚੀ ਵਿਸ਼ਵ-ਰਚਨਾ ਵਿਚ ਵਿਆਪਕ ਹੈ ਤਾਂ ਵ੍ਰਤ ਉਨ੍ਹਾਂ ਸਾਰੇ ਉਪ-ਸਿਲਸਿਲਿਆਂ ਦੇ ਕਾਰਜ ਦਾ ਨਿਯਮ ਹੈ, ਜੋ ਵਿਸ਼ਵ ਦੇ ਭਾਗ-ਮਾਤਰ ਹਨ। ਇਹ ਦੋਵੇਂ ਵੈਦਿਕ ਸ਼ਬਦ 'ਧਰਮ' ਦੇ ਪੂਰਵ-ਵਰਤੀ ਹਨ, ਜੋ ਕਿ ਵਿਸ਼ਾਲ ਵਰਤੋਂ ਵਿਚ ਆਉਣ ਵਾਲਾ ਸੰਕਲਪ ਹੈ। ਧਰਮ ਦੇ ਵਿਭਿੰਨ ਅਰਥਾਂ ਵਿਚ ਸ਼ੁਭ ਕਰਮ, ਕਰਤੱਵ ਤੇ ਸ਼ਰਧਾ ਤੋਂ ਬਿਨਾਂ 'ਕੁਦਰਤ ਦਾ ਕਾਨੂੰਨ', ਆਕਾਸ਼

Sri Satguru Jagjit Singh Ji eLibrary NamdhariElibrary@gmail.com

ਵਿਚ ਵਿਚਰ ਰਹੇ ਨਛੱਤਰਾਂ ਨੂੰ ਨਿਯਮਿਤ ਗਤੀ ਵਿਚ ਚਲਾਉਣ ਵਾਲਾ ਨੇਮ, ਧਰਤੀ ਨੂੰ ਸੰਤੁਲਨ ਵਿਚ ਰੱਖਣ ਵਾਲੀ ਸੱਤਾ ਸ਼ਾਮਿਲ ਹਨ। ਹੁਕਮ ਦਾ ਅਰਥ ਧਰਮ ਨਾਲੋਂ ਬਹੁਤਾ ਵੱਖਰਾ ਨਹੀਂ, ਜੇਕਰ ਧਰਮ ਨੂੰ ਇਸ ਦੇ ਵਿਸ਼ਾਲ ਅਰਥਾਂ, ਭਾਵ ਵਿਰਾਟ-ਜਗਤ ਤੇ ਲਘੂ-ਜਗਤ ਦੇ ਪ੍ਰਬੰਧਕੀ ਨਿਯਮ ਦੇ ਅਰਥਾਂ ਵਿਚ ਲਿਆ ਜਾਵੇ। ਜਪੁਜੀ ਵਿਚ ਆਏ 'ਧਰਮ ਖੰਡ' ਵਿਚ ਧਰਮ ਦੇ ਉਸ ਨੇਮ ਦਾ ਹਵਾਲਾ ਪ੍ਰਾਪਤ ਹੈ, ਜੋ ਉਚੇਰੀ ਤਾਰਿਕਾ ਮੰਡਲ ਵਿਚ ਅਤੇ ਮਾਨਵ-ਜਗਤ ਦੇ ਅੰਤਰੀਵੀ ਕਰਮ ਮੰਡਲ ਵਿਚ ਕਾਰਜਸ਼ੀਲ ਹੈ।

ਧਰਮ ਤੋਂ ਸਿਵਾ ਹੁਕਮ ਦਾ ਸੰਕਲਪ ਚਿੰਤਨ ਦੀਆਂ ਵਿਭਿੰਨ ਸ਼ਾਖਾਂ, ਜਿਹਾ ਕਿ ਵਿਗਿਆਨ ਅਤੇ ਪ੍ਰਕਿਰਤੀਵਾਦੀ ਤੱਤ-ਮੀਮਾਂਸਾ, ਈਸ਼ਵਰਵਾਦੀ ਅਤੇ ਨਿਰੀਸ਼ਵਰਵਾਦੀ ਦਾਰਸ਼ਨਿਕ ਚਿੰਤਨ ਦੇ ਕਈ ਸੰਕਲਪਾਂ ਨਾਲ ਮੇਲ ਖਾਂਦਾ ਹੈ। 'ਆਵੱਸ਼ਕਤਾ' (Necessity) ਦਾ ਮਾਰਕਸੀ ਵਿਚਾਰ 'ਹੁਕਮ' ਦੇ ਬਹੁਤੇ ਨੇੜੇ ਹੈ; ਇਹ ਦੋਵੇਂ ਸੰਬੋਧ ਅਨਿਵਾਰੀ ਕਾਨੂੰਨ ਦੇ ਉਸ ਮਾਨਵ-ਅਤੀਤ ਮੰਡਲ ਵੱਲ ਸੰਕੇਤ ਕਰਦੇ ਹਨ, ਜੋ ਪਦਾਰਥ, ਜੀਵਨ ਅਤੇ ਇਨ੍ਹਾਂ ਤੋਂ ਵਿਕਸਿਤ ਵਸਤਾਂ ਉੱਤੇ ਲਾਗੂ ਹੈ। ਮਨੁੱਖ ਦੇ ਸੰਬੰਧ ਵਿਚ ਮਾਰਕਸੀ ਸੰਕਲਪਨਾ ਦੀ 'ਆਵੱਸ਼ਕਤਾ' ਅਚੇਤ-ਅਬੋਧ ਹੋਣੀ ਤੋਂ ਬਦਲ ਕੇ ਗਿਆਤਮਈ ਤੱਥ ਬਣ ਜਾਂਦੀ ਹੈ। ਮਨੁੱਖ ਜਿਸ ਹੱਦ ਤੀਕ ਇਸ ਹੋਣੀ ਨੂੰ ਜਾਣ ਲੈਂਦਾ ਹੈ, ਉਸ ਹੱਦ ਤਕ ਉਹ ਆਵੱਸ਼ਕਤਾ ਦੀ ਕਰੜਾਈ ਤੋਂ ਮੁਕਤ ਹੋ ਜਾਂਦਾ ਹੈ। ਫਰੈਡ੍ਰਿਕ ਏਂਗਲਸ ਦੇ ਪ੍ਰਸਿੱਧ ਕਥਨ—"ਸੁਤੰਤਰਤਾ ਆਵੱਸ਼ਕ ਹੋਣੀ ਦਾ ਗਿਆਤ ਹੈ", ਨੂੰ ਜੇਕਰ ਵਿਚਾਰਧਾਰਾਈ ਅਰਥਾਂ ਤੋਂ ਨਿਖੇੜ ਕੇ ਸਮਝੀਏ ਤਾਂ ਇਹ ਗੁਰੂ ਨਾਨਕ ਦੀ ਨਿਮਨ ਪੰਕਤੀ ਦਾ ਰੂਪਾਂਤਰ ਜਾਪਦਾ ਹੈ :

ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ।

—(ਜਪੁਜੀ, ਪਉੜੀ 2, ਪੰ. 1)

ਸੁਆਦਲੀ ਗੱਲ ਇਹ ਹੈ ਕਿ ਉਪਰ ਕਥਿਤ ਦੋਵੇਂ ਅਧਿਕਾਰੀ ਹਸਤੀਆਂ ਦਾ ਕੁਦਰਤ ਦੇ ਨੇਮਾਂ ਦੀ ਬੋਧਸ਼ੀਲਤਾ ਵਿਚ ਅਤੇ ਅਜਿਹੇ ਗਿਆਨ ਦੇ ਮੁਕਤਕਾਰੀ ਪ੍ਰਭਾਵ ਵਿਚ ਪੱਕਾ ਵਿਸ਼ਵਾਸ ਹੈ। ਬ੍ਰਹਿਮੰਡ ਬਾਰੇ ਸਭ ਤੋਂ ਵੱਡਾ ਰਹੱਸ ਜਾਂ ਅਬੁੱਝ ਗੱਲ ਇਹ ਹੈ ਕਿ ਇਸ ਨੂੰ ਮਨੁੱਖੀ ਬੁੱਧੀ ਰਾਹੀਂ ਜਾਣਿਆ-ਬੁਝਿਆ ਜਾ ਸਕਦਾ ਹੈ। ਅਤੇ ਮਨੁੱਖ ਦਾ ਸਭ ਤੋਂ ਵੱਡਾ ਬੰਧਨ ਉਸ ਦੀ ਹਉਮੈ ਹੈ, ਜਿਸ ਤੋਂ ਉਹ ਸੁਤੰਤਰ ਹੋਣਾ ਲੋਚਦਾ ਹੈ, ਦੈਵੀ ਕਾਨੂੰਨ ਭਾਵ 'ਹੁਕਮ' ਦੀ ਸੋਝੀ ਪ੍ਰਾਪਤ ਕਰ ਕੇ।

'ਤੱਥਾਤਮਿਕਤਾ' (facticity) ਇਕ ਹੋਰ ਸੰਕਲਪ ਹੈ, ਜੋ ਅਸਤਿੱਤਵਵਾਦੀ ਚਿੰਤਕਾਂ, ਵਿਸ਼ੇਸ਼ ਕਰਕੇ ਹਾਇਡੇਗਰ ਤੇ ਸਾਰਤ੍ਰ ਨੇ ਪ੍ਰਚਲਿਤ ਕੀਤਾ ਹੈ, ਅਤੇ ਜੋ ਹੁਕਮ ਦੇ ਬਹੁਤ ਨੇੜੇ ਢੁੱਕਦਾ ਹੈ। ਮਨੁੱਖ ਆਪਣੇ ਆਪ ਨੂੰ ਕਿਸੇ ਵਿਸ਼ੇਸ਼ ਸਥਿਤੀ ਵਿਚ ਦੇਖਦਾ ਹੈ, ਜੋ ਕਿ ਉਸ ਦੀ ਆਪਣੀ ਚੁਣੀ ਹੋਈ ਨਹੀਂ ਹੁੰਦੀ; ਉਸ ਨੂੰ ਸਿਰਫ਼ ਇਸ ਸਥਿਤੀ ਵਿਚ 'ਧਕੇਲ' ਦਿੱਤਾ ਜਾਂਦਾ ਹੈ। ਦੂਜੀ ਗੱਲ ਇਹ ਹੈ ਕਿ ਉਸ ਨੂੰ ਕੁਝ 'ਤੱਥਾਂ'

Sri Satguru Jagjit Singh Ji eLibrary NamdhariElibrary@gmail.com

ਨੇ ਘੇਰਿਆ ਹੁੰਦਾ ਹੈ, ਜੋ ਕਿ ਉਸ ਦੀ ਸਥਿਤੀ ਨੂੰ ਘੜਦੇ ਜਾਂ ਨਿਰਧਾਰਿਤ ਕਰਦੇ ਹਨ। ਅਸਤਿੱਤਵਵਾਦ (Existentialism) 'ਤੱਥਾਤਮਿਕਤਾ' ਤੋਂ ਇਹ ਭਾਵ ਲੈਂਦਾ ਹੈ ਕਿ ਇਸ ਦਾ ਸੰਬੰਧ ਵਿਅਕਤੀ ਦੇ ਅਤੀਤ (ਭੂਤ-ਕਾਲ) ਨਾਲ ਹੈ, ਜੋ ਬਦਲ ਨਹੀਂ ਸਕਦਾ। ਜੋ ਕੁਝ ਉਹ 'ਹੈ', ਉਹ ਉਨ੍ਹਾਂ ਅਗੇਤਰਾਂ ਦਾ ਘੜਿਆ ਹੋਇਆ ਹੈ, ਜੋ ਦੇਵਨੇਤ ਦੁਆਰਾ ਨਿਰਧਾਰਿਤ ਤੱਥ ਹਨ; ਪਰ ਅਸਤਿੱਤਵਵਾਦੀਆਂ ਦਾ ਜ਼ੋਰ ਇਸ ਗੱਲ ਉੱਤੇ ਹੈ ਕਿ ਮਨੁੱਖ ਆਪਣੇ ਭਵਿੱਖਮੁਖੀ ਤੱਤ ਨੂੰ ਆਪ ਨਿਰਧਾਰਿਤ ਕਰਨ ਲਈ ਸੁਤੰਤਰ ਹੈ। ਉਹ ਆਪਣੀਆਂ ਕਦਰਾਂ-ਕੀਮਤਾਂ ਦਾ ਕਰਤਾ ਆਪ ਹੈ। ਇਸ ਸਾਰੇ ਬਲ ਦਾ ਭਾਵ ਇਹ ਨਿਕਲਦਾ ਹੈ ਕਿ ਸੰਸਾਰ ਵਿਚ ਕੀਮਤਾਂ ਦੀ ਮੌਜੂਦਗੀ ਵਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਦੀ ਸਿੱਖਿਆ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ ਕਿ ਮਨੁੱਖ ਆਪਣੇ ਆਪ ਨੂੰ ਬਣਾ ਵੀ ਸਕਦਾ ਹੈ, ਵਿਗਾੜ ਵੀ ਸਕਦਾ ਹੈ; ਉਹ ਸੁਚੱਜਾ ਵਿਅਕਤੀ (ਗੁਰਮੁਖ) ਜਾਂ ਕੁਚੱਜਾ ਵਿਅਕਤੀ (ਮਨਮੁਖ) ਬਣਨ ਦੀ ਦਿਸ਼ਾ ਵੱਲ ਵਧ ਸਕਦਾ ਹੈ। ਆਪਣੇ ਅਤੀਤ ਦੇ ਤੱਥਾਂ ਨੂੰ ਬਦਲਣ ਦੀ ਚੇਸ਼ਟਾ ਕਰਨ ਤੋਂ ਬਿਨਾਂ ਹੀ, ਮਨੁੱਖ ਆਪਣੀ ਤੱਥਾਤਮਿਕਤਾ ਤੋਂ ਉਪਰ ਉੱਠਣ ਲਈ ਸੁਤੰਤਰ ਹੈ।

## ਹੁਕਮ ਦੀ ਤੁਲਨਾਤਮਕ ਵਿਚਾਰ

ਹੁਕਮ ਦੀ ਵਿਆਖਿਆ ਕੁਝ ਹੋਰ ਸੰਕੇਤਾਂ ਰਾਹੀਂ ਵੀ ਸੰਭਵ ਹੈ, ਜਿਹਾ ਕਿ ਹੋਣੀ ਅਤੇ ਨਿਯਤੀਵਾਦ, ਭੈ ਅਤੇ ਸੰਜਮ, ਵਿਸ਼ਵ-ਸੱਤਾ ਅਤੇ ਪਰਾ-ਪ੍ਰਕਿਰਤਿਕ ਸ਼ਕਤੀ। ਹੁਕਮ ਨੂੰ ਕਥਨ ਕਰਨ ਲਈ 'ਭਾਵੀਵਾਦ' (Fatalism) ਦਾ ਸੰਕੇਤ ਵੀ ਵਰਤਿਆ ਜਾ ਸਕਦਾ ਹੈ, ਚਾਹੇ ਬਾਣੀ ਦੇ ਹਵਾਲਿਆਂ ਰਾਹੀਂ ਅਜਿਹੇ ਇਕ-ਪਾਸੜ ਅਰਥ ਨੂੰ ਪੁਸ਼ਟ ਕਰਨਾ ਸੌਖਾ ਨਹੀਂ। ਹੁਕਮ ਦੇ ਸੰਕਲਪ ਦਾ ਜੋ ਅਰਥ ਸਿੱਖ ਸੰਗਤ ਨੂੰ ਵਿਆਪਕ ਰੂਪ ਵਿਚ ਪਰਵਾਨ ਹੈ, ਉਹ ਈਸ਼ਵਰ ਦੀ ਇੱਛਾ ਜਾਂ ਭਾਣੇ ਦੇ ਸਮਾਨਾਂਤਰ ਹੈ। ਪ੍ਰੋਫ਼ੈਸਰ ਹਰਬੰਸ ਸਿੰਘ ਅਨੁਸਾਰ, "ਸਮੁੱਚੀ ਰਚਨਾ ਹੁਕਮ ਅਥਵਾ ਦੈਵੀ ਇੱਛਾ ਉੱਤੇ ਨਿਰਭਰ ਹੈ। ਇਹ ਹੁਕਮ ਹੀ ਕੁੱਲ ਜੀਵਨ ਦਾ ਨਿਯਮ ਹੈ। ਇਹ ਸਿਰਜਨਾ ਉਸ ਸੁਚੇਤ ਹਸਤੀ ਦੀ ਇੱਛਾ ਦਾ ਫ਼ਲ ਹੈ।" "ਹੁਕਮ ਦੈਵੀ ਕ੍ਰਿਆ ਦਾ ਬੁਨਿਆਦੀ ਨਿਯਮ ਹੈ, ਇਸ ਤਰ੍ਹਾਂ ਇਹ ਕੁਲ ਕਾਰਜਸ਼ੀਲਤਾ ਦਾ ਨੇਮ ਵੀ ਹੈ।"

'ਹੁਕਮ' ਦਾ ਉਹ ਅਰਥ ਜੋ ਈਸ਼ਵਰ ਵਲੋਂ ਕਾਇਮ ਬ੍ਰਹਿਮੰਡੀ ਸੰਜਮ ਦਾ ਭਾਵ ਦੇਂਦਾ ਹੈ, ਅਤੇ ਇਸ ਦਾ ਕਾਰਜਸ਼ੀਲਤਾ ਦੇ ਨਿਯਮ ਵਾਲਾ ਅਰਥ ਇਕ ਦੂਜੇ ਨਾਲ ਮੇਲ ਖਾਂਦੇ ਹਨ। ਬਾਣੀ ਵਿਚ ਭੈ ਜਾਂ ਭਉ (ਸ਼ਾਬਦਿਕ ਅਰਥ : ਡਰ) ਦੀ ਵਰਤੋਂ ਗਗਨ-ਮੰਡਲ ਦੇ ਨਛੱਤਰਾਂ ਉੱਤੇ ਲਾਗੂ ਸੰਜਮ (ਡਿਸਿਪਲਿਨ) ਦਾ ਅਰਥ ਦੇਂਦੀ ਹੈ। ਗੁਰੂ ਨਾਨਕ ਦੇਵ ਦਾ ਵਾਕ ਹੈ : "ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।" ਗੁਰੂ ਸਾਹਿਬ ਅਨੁਸਾਰ ਸਗਲ ਬ੍ਰਹਿਮੰਡ ਪ੍ਰਭੂ ਦੇ ਭਾਣੇ ਵਿਚ ਚਲਦਾ ਹੈ, ਹੁਕਮ ਤੋਂ ਬਾਹਰ ਕੁਝ ਵੀ ਨਹੀਂ, ਅਤੇ ਇਹ ਸੰਜਮ ਮਨੁੱਖ ਉੱਤੇ ਵੀ ਲਾਗੂ ਹੈ। ਅਸਲ ਵਿਚ ਭਉ ਜਾਂ ਡਰ ਦੀ ਧਾਰਨਾ ਸਹੀ ਅਰਥਾਂ ਵਿਚ ਮਨੁੱਖੀ ਸੰਸਾਰ ਉੱਤੇ ਹੀ

Sri Satguru Jagjit Singh Ji eLibrary NamdhariElibrary@gmail.com

ਢੁੱਕਦੀ ਹੈ। ਮਨੁੱਖ ਨੂੰ ਕਿਹਾ ਜਾਂਦਾ ਹੈ ਕਿ ਉਹ ਰੱਬ ਦੇ 'ਡਰ' ਵਿਚ ਰਹੇ ਅਤੇ ਹੋਰ ਸਾਰੇ ਡਰ ਤਜ ਦੇਵੇ। ਆਪਣੀ ਸਮੁੱਚੀ ਹੋਣੀ ਦੀਆਂ ਸੀਮਾਵਾਂ ਦੇ ਅੰਤਰਗਤ ਮਨੁੱਖ ਨੂੰ ਇਹ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਆਪਣਾ ਜੀਵਨ ਨਿਰਭੈ ਹੋ ਕੇ ਜੀ ਸਕੇ, ਪਰ ਨਾਲ ਹੀ ਕਿਸੇ ਉਚੇਰੇ ਭੈ ਨੂੰ ਗ੍ਰਹਿਣ ਵੀ ਕਰਦਾ ਜਾਵੇ। ਪਦਾਰਥਕ ਜਗਤ ਵਿਚ ਸੂਰਜਾਂ ਤੇ ਸਿਤਾਰਿਆਂ ਅੰਦਰ ਵਰਤ ਰਿਹਾ ਸੰਜਮ ਜਾਂ ਭਉ ਅੰਨ੍ਹੀ ਅਚੇਤ ਆਵੱਸ਼ਕਤਾ ਦੀ ਪੱਧਰ ਦਾ ਹੈ; ਜਿਸ ਕਿਸਮ ਦਾ ਭਉ ਮਨੁੱਖ ਲਈ ਨਿਯਤ ਕੀਤਾ ਗਿਆ ਹੈ, ਉਹ ਕਿਸੇ ਉਚੇਰੇ ਮੰਡਲ ਦਾ ਭੈ ਹੈ, ਸੁਚੇਤਨਾ ਤੇ ਸੁਤੰਤਰਤਾ ਦੀ ਪੱਧਰ ਦਾ ਭੈ ਹੈ।

ਵਿਗਿਆਨ ਦੇ ਖੇਤਰ ਵਿਚ ਬ੍ਰਹਿਮੰਡ ਵਿਚਲਿਆਂ ਘਟਨਾਵਾਂ ਦੀ ਅਨੇਕਤਾ ਅਤੇ ਪਦਾਰਥਕ ਵਸਤਾਂ ਦੀ ਵਿਭਿੰਨਤਾ ਨੂੰ ਵਿਆਖਣ ਲਈ ਸਮਕਾਲੀ ਚਿੰਤਨ ਨੇ ਊਰਜਾ (energy : ਸ਼ਕਤੀ) ਦੇ ਸੰਕਲਪ ਨੂੰ ਕੇਂਦਰੀ ਬਿੰਦੂ ਬਣਾ ਲਿਆ ਹੈ। ਪਦਾਰਥ ਜਾਂ ਮੈਟਰ ਕੁਝ ਵੀ ਨਹੀਂ, ਸਭ ਕੁਝ ਊਰਜਾ ਹੀ ਹੈ। ਉਨ੍ਹੀਵੀਂ ਸਦੀ ਦੇ ਪਦਾਰਥਕ ਪਰਮਾਣੂ ਨੇ ਵਰਤਮਾਨ ਅਣੂ ਦੇ ਉਪ-ਵਰਗੀ ਊਰਜਾ ਪੈਕਿਟ ਦੇ ਵਿਚਾਰ ਨੂੰ ਥਾਂ ਦੇ ਦਿੱਤੀ ਹੈ; ਸੂਰਜ ਤੇ ਨਛੱਤਰ ਹੋਰ ਕੁਝ ਵੀ ਨਹੀਂ, ਸ਼ਕਤੀ ਦੀਆਂ ਵਿਭਿੰਨ ਬਣਤਰਾਂ ਹਨ; ਬਿਜਲਈ ਚੁੰਬਕੀ ਲਹਿਰਾਂ, ਚਾਨਣ-ਕਿਰਨਾਂ, ਫੋਟੋਨਜ਼, ਜੀਵਨ-ਸ਼ਕਤੀ, ਸਭ ਊਰਜਾ ਹੀ ਹਨ। ਇਸ ਧਾਰਨਾ ਦਾ ਦਾਰਸ਼ਨਿਕ ਭਾਵ ਅਰਥ ਇਹ ਹੈ ਕਿ ਹਕੀਕਤ ਦੀ ਨਵ-ਉਸਾਰੀ ਪਰਪੰਚ-ਜਗਤ ਦੇ ਕੇਵਲ ਇਕੋ-ਇਕ ਸਰੋਤ, ਭਾਵ 'ਊਰਜਾ' ਦੇ ਸ਼ਬਦਾਂ ਵਿਚ ਕੀਤੀ ਜਾਵੇ। ਜੇਕਰ ਊਰਜਾ ਨੂੰ ਪਦਾਰਥਕ ਅਰਥਾਂ ਵਿਚ ਲਿਆ ਜਾਵੇ ਤਾਂ ਬ੍ਰਹਿਮੰਡ ਦੀ ਸੰਕਲਪਨਾ ਪਦਾਰਥਵਾਦੀ ਢੰਗ ਦੀ ਹੋ ਜਾਂਦੀ ਹੈ; ਪਰ ਜੇਕਰ ਊਰਜਾ 'ਸ਼ਕਤੀ' ਦਾ ਹੀ ਦੂਜਾ ਨਾਮ ਹੈ ਅਤੇ ਇਸ ਦੇ ਸੰਕਲਪ ਵਿਚ 'ਚੇਤਨਾ' ਦਾ ਭਾਵ ਸੰਮਿਲਤ ਹੈ, ਤਾਂ ਸਿੱਟਾ ਦਾਰਸ਼ਨਿਕ ਧਾਰਨਾਵਾਦ (ਆਦਰਸ਼ਵਾਦ) ਹੋਵੇਗਾ। ਸਤ-ਚਿਤ-ਆਨੰਦ ਦੀ ਸਮੁੱਚਤਾ ਵਿਚਲਾ 'ਚਿਤ' ਬ੍ਰਹਮ ਦੀ ਉਸ ਦਸ਼ਾ ਵੱਲ ਸੰਕੇਤ ਹੈ, ਜੋ ਚੇਤਨਾ-ਯੁਕਤ ਹੈ। ਪ੍ਰਾਥਮਿਕ, ਸੁਚੇਤ ਸ਼ਕਤੀ, ਦੂਜੇ ਸ਼ਬਦਾਂ ਵਿਚ 'ਆਤਮਾ' ਜਾਂ 'ਪਰਮ-ਆਤਮਾ' ਵਿਸ਼ਵ ਦੀਆਂ ਕੁੱਲ ਘਟਨਾਵਾਂ-ਵਸਤਾਂ ਦਾ ਮੂਲ-ਆਧਾਰ ਹੈ; ਅਤੇ ਇਹ ਆਤਮਾ ਹੀ ਸਹੀ ਸ਼ਬਦਾਂ ਵਿਚ 'ਹੁਕਮ' ਜਾਂ ਦੈਵੀ ਨਿਯਮ ਦਾ ਇਕੋ-ਇਕ ਸਰੋਤ ਹੈ।

ਦੈਵੀ-ਹਸਤੀ ਅਤੇ ਦੈਵੀ ਹਸਤੀ ਦੀ ਇੱਛਾ ਨੂੰ ਅਕਸਰ ਦੋ ਇਕਾਈਆਂ ਮੰਨ ਲਿਆ ਜਾਂਦਾ ਹੈ। ਸਿਧਾਂਤਕ ਨੁਕਤੇ ਤੋਂ ਇਨ੍ਹਾਂ ਦੋਹਾਂ ਵਿਚ ਵਖਰੇਵਾਂ ਠੀਕ ਹੀ ਜਾਪਦਾ ਹੈ, ਅਤੇ 'ਹੁਕਮੀ' ਤੇ 'ਹੁਕਮ' ਵਿਚਕਾਰ ਅੰਤਰ ਕਾਇਮ ਰਹਿ ਸਕਦਾ ਹੈ। ਫਿਰ ਵੀ, ਅਨੁਭਵ ਦੀ ਦ੍ਰਿਸ਼ਟੀ ਤੋਂ, ਰੱਬ ਦੇ ਮਾਮਲੇ ਵਿਚ ਫ਼ੁਰਮਾਨ-ਕਰਤਾ ਅਤੇ ਉਸ ਦਾ ਫ਼ੁਰਮਾਨ ਇਕ ਦੂਜੇ ਵਿਚ ਘੁਲ-ਮਿਲ ਜਾਂਦੇ ਹਨ। ਦੈਵੀ ਪੁਰਖ ਆਪਣੇ ਆਪ ਨੂੰ ਵਿਸ਼ਵ-ਰਚਨਾ ਦੇ ਰੂਪ ਵਿਚ ਸਾਜ ਲੈਂਦਾ ਹੈ; ਕਰਤਾ ਆਪਣੀ ਕ੍ਰਿਤ ਅਥਵਾ ਸਿਰਜਨਾ ਵਿਚ ਵਿਆਪਕ ਹੈ। ਸੋ, ਹੁਕਮੀ ਆਪਣੇ ਹੁਕਮ ਤੋਂ ਭਿੰਨ ਨਹੀਂ। ਆਪਣੀ ਅਦ੍ਰਿਸ਼ਟ,

Sri Satguru Jagjit Singh Ji eLibrary NamdhariElibrary@gmail.com

ਅਵਿਅਕਤ ਅਵਸਥਾ ਤੋਂ ਉਹ ਦ੍ਰਿਸ਼ਟਮਾਨ, ਵਿਅਕਤ ਅਵਸਥਾ ਵਿਚ ਬਦਲ ਜਾਂਦਾ ਹੈ। ਇਨ੍ਹਾਂ ਦੋ ਅਵਸਥਾਵਾਂ ਲਈ ਗੁਰਬਾਣੀ ਨੇ 'ਗੁਪਤ' ਅਤੇ 'ਪਰਗਟ' ਦੇ ਸੰਕੇਤ ਵਰਤੇ ਹਨ, ਜੋ ਕਿ ਕ੍ਰਮਵਾਰ ਪੂਰਵ-ਰਚਨਾ ਦੀ ਸ਼ੂਨਤਾ, ਅਤੇ ਵਿਸ਼ਵ-ਰਚਨਾ ਦੀਆਂ ਅਫੁਰ ਤੇ ਸਫੁਰ ਅਵਸਥਾਵਾਂ ਨੂੰ ਦਰਸਾਂਦੇ ਹਨ। ਮਾਰੂ ਰਾਗ ਦੇ ਸੋਲਹਿਆਂ ਵਿਚ ਗੁਰੂ ਨਾਨਕ ਦੇਵ ਨੇ ਬ੍ਰਹਮ ਦੀ ਪਰਾ-ਪੂਰਬਲੀ ਅਵਸਥਾ ਦਾ ਉੱਲੇਖ ਕੀਤਾ ਹੈ ਜੋ ਅਕੱਥ ਹਨੇਰੇ (ਧੁੰਧੂਕਾਰ) ਦੀ ਅਵਸਥਾ ਸੀ। ਗੁਰੂ ਸਾਹਿਬ ਉਸ ਨਿਰ-ਆਕਾਰ ਪਰਮ-ਆਤਮਾ ਦੀ 'ਸੁੰਨ-ਸਮਾਧੀ' ਦਾ, ਉਸ ਦੀ ਧਾਰਨ ਕੀਤੀ ਕਲਾ ਦਾ, ਉਸ ਦੀ ਰਚਨਾਤਮਿਕਤਾ ਦਾ, ਅਤੇ ਉਸ ਦੇ ਸਵੈ-ਪ੍ਰਗਟਾਵੇ ਦੀ ਸੰਭਵ-ਸ਼ਕਤੀ ਦਾ ਕਥਨ ਕਰਦੇ ਹਨ। ਉਸ ਅਵਸਥਾ ਵਿਚ ਬ੍ਰਹਿਮੰਡ ਦੀ ਕੋਈ ਰੂਪ-ਰੇਖਾ ਮੌਜੂਦ ਨਹੀਂ ਸੀ, ਨਾ ਸੂਰਜ ਸਨ, ਨਾ ਚੰਦਰਮਾ, ਨਾ ਕੋਈ ਧਰਤੀ। ਪਰ,

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।
... ... ... ...
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ।

— (ਮਾਰੂ ਮ: ੧, ਪੰ. ੧੦੩੬)

ਗੁਰੂ ਸਾਹਿਬਾਨ ਅਨੁਸਾਰ, ਬ੍ਰਹਿਮੰਡੀ ਹੋਂਦ ਦੀ ਕਾਰਜਸ਼ੀਲਤਾ ਦਾ ਨਿਯਮ ਕਿਹੜਾ ਹੈ? ਦਾਰਸ਼ਨਿਕਾਂ ਨੇ ਮਨੁੱਖੀ ਬੁੱਧੀ ਦੁਆਰਾ ਰਚੇ ਨਿਯਮਾਂ ਅਨੁਸਾਰ ਸਿਰਜਨਾ ਦੀ ਸੰਬਾਦਿਕਤਾ ਨੂੰ ਵਿਆਖਣ ਦਾ ਜਤਨ ਕੀਤਾ ਹੈ, ਜਿਵੇਂ ਕਿ ਪਿਆਰ ਤੇ ਵਿਰੋਧ, ਆਕਰਖਣ ਤੇ ਉਦਕਰਖਣ, ਏਕਤਾ ਤੇ ਭਿੰਨਤਾ, ਮਿਲਾਪ ਤੇ ਵਿਛੋੜਾ ਦੀ ਸ਼ਬਦਾਵਲੀ ਵਿਚ। ਯੂਨਾਨੀ ਫ਼ਿਲਾਸਫ਼ਰ ਐਂਪੀਡੋਕਲੀਸ ਨੇ ਪ੍ਰੇਮ ਤੇ ਘ੍ਰਿਣਾ ਦੀਆਂ ਸ਼ਕਤੀਆਂ ਦਾ ਸਿਧਾਂਤ ਪੇਸ਼ ਕੀਤਾ, ਜੋ ਕਿ ਉਸ ਅਨੁਸਾਰ ਪ੍ਰਕਿਰਤਕ ਸੰਸਾਰ ਉੱਤੇ ਲਾਗੂ ਸੀ। ਭਾਰਤੀ ਅਤੇ ਕਈ ਹੋਰਨਾਂ ਚਿੰਤਕਾਂ ਨੇ 'ਉਦਕਰਖ' ਤੇ 'ਆਦਰਖ' (ਫੈਲਾਵਟ ਅਤੇ ਸੁੰਗੇੜ) ਨੂੰ ਵਿਸ਼ਵਮਈ ਨਿਯਮਾਂ ਦੇ ਰੂਪ ਵਿਚ ਚਿਤਵਿਆ ਹੈ। ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਨੇ 'ਸੰਜੋਗ' ਤੇ 'ਵਿਜੋਗ' ਦੀ ਸ਼ਬਦਾਵਲੀ ਵਰਤ ਕੇ, ਸਮੁੱਚੀ ਸਿਰਜਨਾ ਉੱਤੇ ਲਾਗੂ ਅੰਤਿਮ ਨਿਯਮਾਂ ਸੰਬੰਧੀ ਆਪਣਾ ਵਿਚਾਰ ਪ੍ਰਗਟਾਇਆ ਹੈ। ਅਜਿਹੇ ਸਭ ਨਿਯਮਾਂ ਦੀ ਉਤਪਤੀ ਹੁਕਮੀ-ਕਰਤਾ ਦੇ ਹੁਕਮ ਦੀ ਖੇਡ ਹੈ।

### ਜੀਵਨ-ਮਰਿਆਦਾ ਵਿਚ 'ਹੁਕਮ'

ਹੁਕਮ ਦਾ ਸੰਕਲਪ, ਵਿਸ਼ਵਮਈ ਹੋਂਦ ਵਿਚ ਪਸਰੇ ਦੈਵੀ ਸੰਜਮ ਦੇ ਅਰਥਾਂ ਵਿਚ, ਸਿੱਖ ਚਿੰਤਨ ਦੇ 'ਰਜ਼ਾ' ਤੇ 'ਭਾਣਾ' ਦੇ ਸੰਕਲਪਾਂ ਨਾਲ ਜੁੜਵੇਂ ਰੂਪ ਵਿਚ ਵੀ ਪੇਸ਼ ਹੁੰਦਾ ਹੈ। ਅਰਬੀ ਮੂਲ ਦਾ ਸ਼ਬਦ 'ਰਜ਼ਾ' ਜਿਸ ਵਿਚ ਸੂਫ਼ੀ ਰੰਗਣ ਵੀ ਹੈ, ਹੁਕਮ

Sri Satguru Jagjit Singh Ji eLibrary NamdhariElibrary@gmail.com

ਵਾਂਗ ਸਿੱਖ ਧਰਮ ਦਾ ਇਕ ਪ੍ਰਮੁੱਖ ਸਿਧਾਂਤ ਵਿਅਕਤ ਕਰਦਾ ਹੈ। ਪੰਜਾਬੀ ਵਿਚ ਇਸ ਦਾ ਸਮਾਨ-ਅਰਥੀ 'ਭਾਣਾ' ਪੰਜਾਬੀ ਸਭਿਆਚਾਰ ਦੀ ਲੋਕ-ਪ੍ਰਿਯ ਪੱਧਰ ਉੱਤੇ ਰਚ ਗਿਆ ਹੈ। ਭਾਣਾ ਤੋਂ ਮੁਰਾਦ ਹੈ ਜੋ ਈਸ਼ਵਰ ਨੂੰ ਭਾਉਂਦਾ ਹੈ; ਇਹ ਉਸ ਦੀ ਖੁਸ਼ੀ ਹੈ, ਉਸ ਦੀ ਮਨ-ਚਾਹੀ ਇੱਛਾ ਹੈ। ਇਸ ਅਰਥ ਵਿਚ ਹੁਕਮ, ਰਜ਼ਾ ਤੇ ਭਾਣਾ ਇਕ ਦੂਜੇ ਦੇ ਅਤਿ ਨਿਕਟੀ ਹੋ ਜਾਂਦੇ ਹਨ। ਫਿਰ ਵੀ, ਹੁਕਮ ਆਪਣੇ ਨਿਰੋਲ ਦਾਰਸ਼ਨਿਕ/ਤੱਤ-ਮੀਮਾਂਸਿਕ ਅਰਥਾਂ ਵਿਚ ਮਾਨਵ-ਅਤੀਤ, ਵਿਸ਼ਵ-ਰਚਨਾ ਤੋਂ ਪੂਰਬਲੀ ਅਤੇ ਵਿਸ਼ਵਮਈ ਅਵਸਥਾ ਦਾ ਨਿਯਮ ਹੈ, ਜਦ ਕਿ ਰਜ਼ਾ ਤੇ ਭਾਣਾ ਦੀ ਵਿਆਖਿਆ ਮਨੁੱਖ ਦੇ ਸੰਬੰਧ ਵਿਚ ਹੀ ਹੋ ਸਕਦੀ ਹੈ। 'ਰਜ਼ਾ' ਦਾ ਭਾਵ-ਅਰਥ ਆਪਣੇ ਆਪ ਨੂੰ ਈਸ਼ਵਰ ਦੀ ਇੱਛਾ ਅੱਗੇ ਸਮਰਪਿਤ ਕਰਨਾ ਹੈ, ਤੇ ਇਹੀ ਗੱਲ 'ਭਾਣਾ' ਉੱਤੇ ਢੁਕਦੀ ਹੈ। ਦੋਹਾਂ ਦੀ ਸੇਧ ਪ੍ਰਭੂ ਵਲੋਂ ਜੀਵ ਲਈ ਨਿਰਧਾਰਿਤ ਖੇਡ ਦੀ ਭਰਪੂਰ ਪਰਵਾਨਗੀ ਤੇ ਸਵੀਕ੍ਰਿਤੀ ਹੈ।

ਹੁਕਮ ਅਤੇ ਰਜ਼ਾ/ਭਾਣਾ ਤੋਂ ਬਿਨਾਂ, ਪ੍ਰਕਿਰਤੀ ਦੇ ਸੰਚਾਲਕੀ ਨਿਯਮ ਦਾ ਇਕ ਹੋਰ ਪੱਖ, ਸਿੱਖ-ਮਤ ਅਨੁਸਾਰ, ਦੈਵੀ ਮਿਹਰ ਹੈ। ਕਰਤਾਰ ਅਤੇ ਉਸ ਦੀ ਰਚਨਾ ਵਿਚਕਾਰ ਮਿਹਰ (ਨਦਰ-ਕਰਮ) ਰਾਹੀਂ ਪਰਸਪਰ ਸੰਬੰਧ ਜੁੜਦਾ ਹੈ, ਜੋ ਕਿ ਹੁਕਮ ਦੀ ਨਿਰੋਲ ਕਾਨੂੰਨੀ ਸਥਿਤੀ ਨੂੰ ਪਿਤਰੀ ਸਨੇਹ ਤੇ ਅਪਣੱਤ ਦਾ ਪੱਖ ਪ੍ਰਦਾਨ ਕਰਦਾ ਹੈ। ਸਿੱਖ-ਚਿੰਤਨ ਵਿਚ ਮਿਹਰ ਦੀ ਵਿਆਖਿਆ, ਸੰਸਾਰੀ ਜੀਵਾਂ ਦੇ ਵਾਤਸਲ-ਮੁਖੀ ਵਲਵਲਿਆਂ ਹਿਤ ਦੈਵੀ ਪ੍ਰਤਿਕਰਮ ਦੇ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਹ ਮਨੁੱਖੀ ਕਾਰਜਾਂ ਵਿਚ ਅਰਸ਼ੀ ਦਿਲਚਸਪੀ ਹੈ। ਮਿਹਰ ਤੋਂ ਬਿਨਾਂ ਦੈਵੀ ਨਿਯਮ ਇਕ ਕਰੜਾ, ਬੇਲਚਕ ਕਾਨੂੰਨ ਹੋਵੇਗਾ, ਜਿਸ ਵਿਚ ਜੀਵ-ਜੰਤਾਂ ਲਈ ਕਿਸੇ 'ਧਿਆਨ' ਦੀ ਗੁੰਜਾਇਸ਼ ਨਹੀਂ ਹੋਵੇਗੀ। ਸਿੱਖ-ਧਰਮ ਕਿਸੇ ਕਿਰਪਾਲੂ, ਸਨੇਹੀ, ਧਿਆਨ-ਯੁਕਤ ਤੇ ਹਲੀਮ ਕਾਨੂੰਨਸਾਜ਼ ਦਾ ਚਿੱਤਰ ਪੇਸ਼ ਕਰਦਾ ਹੈ। ਇਹ ਚਿੱਤਰ ਸਿੱਖ-ਮਤ ਦੇ ਸੰਚਾਲਕ ਗੁਰੂ ਸਾਹਿਬਾਨ ਦੀ ਹੁਕਮ-ਤਥਾ-ਮਿਹਰ ਮੁਖੀ ਪਹੁੰਚ ਦਾ ਸਿੱਟਾ ਹੈ।

ਸਿੱਖ-ਚਿੰਤਨ ਵਿਚ ਈਸ਼ਵਰ ਨੂੰ ਅਕਸਰ ਜਲਦੀ-ਨਾ-ਪਸੀਜਣ ਵਾਲੀ ਹਸਤੀ ਦੇ ਰੂਪ ਵਿਚ ਦਰਸਾਇਆ ਜਾਂਦਾ ਹੈ। ਉਸ ਨੂੰ ਕਿਸੇ ਕਿਸਮ ਦਾ ਸ਼ਿਸ਼ਟਾਚਾਰ, ਰਸਮੀ, ਕ੍ਰਿਆਵਾਂ, ਭੇਟਾਵਾਂ, ਮੰਤਰ-ਪਾਠ ਆਦਿ ਰੀਝਾ ਨਹੀਂ ਸਕਦੇ। ਉਸ ਨੂੰ ਆਪਣੀ ਵਿਉਂਤ ਅਤੇ ਕਾਰਜ-ਕ੍ਰਿਆ ਵਿਚ ਅਦਲਾ-ਬਦਲੀ ਲਿਆਉਣ ਲਈ ਨਾ ਮਜਬੂਰ ਕੀਤਾ ਜਾ ਸਕਦਾ ਹੈ, ਨਾ ਮਿੰਨਤ-ਸਮਾਜਤ ਰਾਹੀਂ ਮਨਾਇਆ ਜਾਂ ਉਕਸਾਇਆ ਜਾ ਸਕਦਾ ਹੈ। ਦੁਨੀਆਂ ਦੀ ਕੋਈ ਤਾਕਤ ਦਾਅਵਾ ਨਹੀਂ ਕਰ ਸਕਦੀ ਕਿ ਉਸ ਦਾ ਰੱਬ ਉੱਤੇ ਕੋਈ ਅਧਿਕਾਰ ਜਾਂ ਵਸੀਕਾਰ ਹੈ। ਕੇਵਲ ਉਸ ਦੇ ਪ੍ਰੀਤਵਾਨ ਸ਼ਰਧਾਲੂ ਭਗਤ-ਜਨ ਹੀ ਹਨ ਜੋ ਉਸ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹਨ; ਅਤੇ ਭਗਤ ਹੀ ਹਨ ਜੋ ਉਸ ਦੀਆਂ ਵਿਸ਼ੇਸ਼ ਬਖਸ਼ਿਸ਼ਾਂ ਦੇ ਪਾਤਰ ਬਣਦੇ ਹਨ। ਪ੍ਰਭੂ ਅਤੇ ਭਗਤ ਦਾ ਪਰਸਪਰ ਸੰਬੰਧ ਗ਼ਬੀ ਤੇ ਅਬੁੱਝ ਹੋਣ ਕਾਰਨ, ਅਤੇ ਹੁਕਮ-ਮਿਹਰ ਦੇ ਨਿਯਮ ਦੀ ਰਹੱਸਮਈ ਪ੍ਰਕਿਰਤੀ

Sri Satguru Jagjit Singh Ji eLibrary NamdhariElibrary@gmail.com

ਕਾਰਨ, ਹੁਕਮ ਅਤੇ ਮਿਹਰ ਦੀ ਕਾਰਜਸ਼ੀਲਤਾ ਜਾਂ ਅੰਤਰੀਵੀ ਬਣਤਰ ਦਾ ਭਰਪੂਰ ਪ੍ਰਗਟਾਵਾ ਸੰਭਵ ਨਹੀਂ। ਜਪੁਜੀ ਦੀ ਦੂਜੀ ਪਉੜੀ ਦੇ ਪਹਿਲੇ ਬੰਦ ਵਿਚ ਗੁਰੂ ਨਾਨਕ ਦੇਵ ਦਾ ਕਥਨ ਹੈ : "ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ।" ਕਰਤਾ-ਹੁਕਮੀ-ਮਿਹਰਵਾਨ ਪ੍ਰਭੂ ਦੇ ਰਹੱਸਮਈ ਦੁਆਰ ਦੀ ਕੁੰਜੀ ਪ੍ਰੇਮਾ-ਭਗਤੀ ਅਤੇ ਦੈਵੀ ਭਾਣੇ ਅੱਗੇ ਆਤਮ-ਸਮਰਪਣ ਦੁਆਰਾ ਜੀਵ ਦੇ ਹੱਥ ਆਉਂਦੀ ਹੈ।

ਇਹ ਠੀਕ ਹੈ ਕਿ ਹੁਕਮ ਸਾਮੀ (ਸੈਮਿਟਿਕ) ਸਰੋਤ ਤੋਂ ਪ੍ਰਾਪਤ ਸ਼ਬਦ ਹੈ, ਪਰ ਸਿੱਖ-ਚਿੰਤਨ ਵਿਚ ਇਹ ਸੰਕਲਪ, ਕ੍ਰਿਆਤਮਕ ਤੌਰ ਉੱਤੇ ਮੂਲ-ਸੋਮਿਆਂ ਤੋਂ ਸੁਤੰਤਰ ਰੂਪ ਵਿਚ ਵਿਕਸਿਤ ਹੋਇਆ ਹੈ। ਸਿੱਖ ਦ੍ਰਿਸ਼ਟੀਕੋਨ ਦਾ 'ਹੁਕਮ' ਆਪਣੀ ਤੱਤ-ਮੀਮਾਂਸਿਕ ਸੇਧ ਉੱਤੇ ਵਧੇਰੇ ਬਲ ਦੇਣ ਅਤੇ ਹੁਕਮ ਦੇ ਬੋਧ ਰਾਹੀਂ ਪ੍ਰਾਪਤ ਹੋਣ ਵਾਲੀ ਸੁਤੰਤਰਤਾ ਨੂੰ ਧਿਆਨ ਵਿਚ ਰੱਖਣ ਦੇ ਬਾਵਜੂਦ, ਲੋਕ-ਧਾਰਾਈ ਪੱਧਰ ਉੱਤੇ ਆਪਣੇ 'ਰੱਬੀ ਆਦੇਸ਼' ਵਾਲੇ ਸਾਧਾਰਨ ਅਰਥ ਨੂੰ ਵੀ ਕਾਇਮ ਰਖਦਾ ਹੈ। ਇਸ ਪੱਧਰ ਉੱਤੇ ਇਸ ਦਾ ਸੰਬੰਧ ਸਾਮੀ ਅਰਥ ਵਾਲੇ ਸੰਕਲਪ ਨਾਲ ਵਧੇਰੇ ਘਣੇਰਾ ਹੈ। ਸਾਧਾਰਨ ਵਿਅਕਤੀ ਲਈ ਸਾਰਾ ਜਗਤ ਪਰਮਾਤਮਾ ਦੇ ਹੁਕਮ ਦੁਆਰਾ ਹੋਂਦ ਵਿਚ ਆਇਆ ਹੈ; ਰੱਬ ਦੀ ਮਰਜ਼ੀ ਤੋਂ ਬਿਨਾਂ ਜਗਤ ਵਿਚ ਪੱਤਾ ਨਹੀਂ ਹਿਲਦਾ; ਮੌਤ ਵੀ ਦੈਵੀ ਹੁਕਮ ਦੀ ਅਵੱਗਿਆ ਨਹੀਂ ਕਰ ਸਕਦੀ; ਨਾ ਹੀ ਇਸ ਦੀ ਪ੍ਰਭੁਤਾ ਨੂੰ ਚੁਨੌਤੀ ਦੇਣੀ ਸੰਭਵ ਹੈ। ਮਨੁੱਖ ਲਈ ਜੋ ਇੱਕੋ-ਇਕ ਰਸਤਾ ਅਪਨਾਉਣ ਜੋਗ ਹੈ, ਉਹ ਹੈ ਦੈਵੀ ਭਾਣੇ ਨੂੰ ਮੰਨ ਕੇ ਚੱਲਣਾ, ਕਿਉਂਕਿ ਵਿਰੋਧ ਵਿਅਰਥ ਹੈ। ਮਰਜ਼ੀ ਪ੍ਰਭੂ ਦੀ ਹੀ ਚੱਲਦੀ ਹੈ। ਫਿਰ ਕਿਉਂ ਨਾ ਉਸ ਦੇ ਭਾਣੇ ਅੱਗੇ ਸਿਰ ਨਿਵਾ ਦਿੱਤਾ ਜਾਵੇ?

ਸਿੱਖ ਜੀਵਨ-ਜਾਚ ਵਿਚ, ਹੁਕਮ ਉੱਤੇ ਬਲ ਦੇ ਨਾਲ ਜੀਵਨ ਦੀਆਂ ਸਮੱਸਿਆਵਾਂ ਪ੍ਰਤੀ ਕ੍ਰਿਆਸ਼ੀਲ ਪਹੁੰਚ ਨੂੰ ਸ਼ਾਮਿਲ ਕੀਤਾ ਗਿਆ ਹੈ। ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਅਰਥ ਨਾ ਤਾਂ ਭਾਵੀਵਾਦ ਅਤੇ ਨਾ ਹੀ ਭਾਂਜਵਾਦ ਦੇ ਸ਼ਬਦਾਂ ਵਿਚ ਹੋਇਆ ਹੈ। ਗੁਰੂ ਸਾਹਿਬਾਨ ਦੇ ਸ਼ਿਸ਼ ਪਾਸੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਜੀਵਨ ਨੂੰ ਬਾਣੀ ਅਤੇ ਪਰੰਪਰਾ ਰਾਹੀਂ ਵਿਕਸਿਤ ਹੋਏ ਆਤਮਿਕ ਸੰਜਮ ਅਤੇ ਸਦਾਚਾਰਕ ਜ਼ਾਬਤੇ ਅਨੁਸਾਰ ਢਾਲੇਗਾ। ਵਿਅਕਤੀ ਨੇ ਆਪਣੇ ਨਿਜੀ ਕਲਿਆਣ ਹਿਤ ਅਤੇ ਸਰਬ-ਸਾਂਝੀ ਭਲਾਈ ਦੀ ਪੂਰਤੀ ਹਿਤ ਜਤਨਸ਼ੀਲ ਹੋਣਾ ਹੈ। ਦੂਜੇ ਸ਼ਬਦਾਂ ਵਿਚ, ਵਿਅਕਤੀ ਨੇ ਸਮਾਜ ਦੇ ਘੇਰੇ ਵਿਚ ਆਪਣਾ ਕਰਤੱਵ, ਗੁਰਬਾਣੀ ਵਿਚ ਦਰਸਾਈਆਂ ਕਦਰਾਂ-ਕੀਮਤਾਂ ਦੀ ਰੋਸ਼ਨੀ ਵਿਚ ਨਿਭਾਉਣਾ ਹੈ। ਸਿੱਖ ਲਈ ਨਿਰਧਾਰਿਤ ਆਦੇਸ਼ ਦਾ ਇਹ ਪਹਿਲਾ ਅੰਗ ਹੈ। ਦੂਸਰਾ ਅੰਗ ਆਪਣੇ ਆਪ ਨੂੰ ਦੈਵੀ ਨਿਯਮ ਦੇ ਸਨਮੁਖ ਅਰਪਣ ਕਰਨਾ ਹੈ, ਜਿੱਥੋਂ ਤਕ ਆਪਣੇ ਜਤਨ ਦੇ ਫਲ ਜਾਂ ਸਿੱਟੇ ਦਾ ਸੰਬੰਧ ਹੈ। ਇਹ ਹੁਕਮ-ਰਜ਼ਾ ਦੀ ਸੇਧ ਦਾ ਖੇਤਰ ਹੈ, ਜਿਸ ਤੋਂ ਭਾਵ ਹੈ ਜੀਵਨ ਦੀਆਂ ਕੁੱਲ ਸਥਿਤੀਆਂ ਵਿਚ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣਾ।

Sri Satguru Jagjit Singh Ji eLibrary NamdhariElibrary@gmail.com

# 5.
# ਸਿੱਖ-ਮਤ ਦਾ ਗਿਆਨ-ਸਿਧਾਂਤ

ਸਿੱਖ ਦਾਰਸ਼ਨਿਕ ਚਿੰਤਨ ਵਿਚ ਗਿਆਨ-ਸਿਧਾਂਤ ਅਤਿਅੰਤ ਮਹੱਤਵਪੂਰਨ ਵਿਸ਼ਾ ਹੈ। ਇਕ ਦ੍ਰਿਸ਼ਟੀਕੋਣ ਤੋਂ 'ਗਿਆਨ' ਸਿੱਖ ਧਰਮ ਦਾ ਪ੍ਰਮੁੱਖ ਸਰੋਕਾਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਿੱਖ ਜੀਵਨ-ਜਾਂਚ ਦੀ ਸੇਧ ਕਾਇਮ ਕਰਦੀ ਹੈ, ਅਤੇ ਸ਼ਰਧਾਵਾਨ ਜਿਗਿਆਸੂ ਦੇ ਸਾਹਮਣੇ ਅਜਿਹੇ ਪੂਰਨ ਗਿਆਨ ਦਾ ਆਦਰਸ਼ ਥਾਪਦੀ ਹੈ, ਜੋ ਉਸ ਦੀ ਪਹੁੰਚ ਵਿਚ ਹੈ। 'ਸਿੱਖ' ਸ਼ਬਦ ਦਾ ਭਾਵ ਹੀ ਗੁਰੂ ਪਾਸੋਂ ਦੀਖਿਆ ਲੈਣ ਵਾਲਾ, ਗੁਰੂ ਦੀ ਸਿੱਖਿਆ ਉੱਤੇ ਵਿਚਾਰ ਅਤੇ ਅਮਲ ਕਰਨ ਵਾਲਾ ਵਿਅਕਤੀ ਹੈ। ਉਸ ਦੇ ਅੰਦਰ ਅਜਿਹੇ ਗਿਆਨ ਦੀ ਪ੍ਰਾਪਤੀ ਲਈ ਸਿੱਕ ਤੇ ਜਿਗਿਆਸਾ ਹੈ, ਜੋ ਮਨੁੱਖੀ ਕਲਿਆਣ ਹਿਤ ਗੁਰੂ ਨੇ ਆਦਰਸ਼ ਰੂਪ ਵਿਚ ਪ੍ਰਦਾਨ ਕੀਤਾ ਹੈ, ਅਤੇ ਇਸ ਗਿਆਨ ਦੀ ਪ੍ਰਾਪਤੀ ਉੱਤੇ ਉਸ ਨੂੰ ਅਨੁਭਵ ਹੁੰਦਾ ਹੈ ਕਿ ਗਿਆਨ ਆਪਣੇ ਆਪ ਵਿਚ ਹੀ ਕਲਿਆਣ ਹੈ, ਮੁਕਤੀ ਹੈ। ਗੁਰਬਾਣੀ ਨੇ ਗਿਆਨ-ਯੁਕਤ ਆਦਰਸ਼ ਨੂੰ 'ਬ੍ਰਹਮ ਗਿਆਨ' ਦਾ ਨਾਮ ਦਿੱਤਾ ਹੈ, ਜਿਸ ਤੋਂ ਉਚੇਰੀ ਕੋਈ ਹੋਰ ਅਵਸਥਾ ਮਨੁੱਖ ਲਈ ਸੋਚੀ ਨਹੀਂ ਜਾ ਸਕਦੀ। ਸੁਖਮਨੀ ਵਿਚ ਇਸ ਪੱਧਰ ਉੱਤੇ ਪੁੱਜੇ ਵਿਅਕਤੀ ਲਈ ਕਿਹਾ ਗਿਆ ਹੈ—"ਬ੍ਰਹਮ ਗਿਆਨੀ ਆਪਿ ਪਰਮੇਸੁਰ।" ਅਤੇ "ਬ੍ਰਹਮ ਗਿਆਨੀ ਸਰਬ ਕਾ ਠਾਕੁਰੁ।"

'ਗਿਆਨ' ਦੇ ਸ਼ਾਬਦਿਕ ਅਰਥਾਂ ਵਿਚ ਸਾਧਾਰਨ ਜਾਣਕਾਰੀ ਤੋਂ ਲੈ ਕੇ ਪਰਮਾਰਥਕ ਬੋਧ ਤੇ ਆਤਮਿਕ ਪ੍ਰਕਾਸ਼ ਸ਼ਾਮਿਲ ਹਨ। 'ਅਨੁਭਵ' ਵਾਂਗ ਇਸ ਸ਼ਬਦ ਨੂੰ ਕਈ ਪੱਧਰਾਂ ਉੱਤੇ ਵਰਤਿਆ ਜਾਂਦਾ ਹੈ। ਭਗਤ-ਬਾਣੀ ਤੇ ਗੁਰਬਾਣੀ ਵਿਚ ਵੀ ਗਿਆਨ ਸ਼ਬਦ ਦੀ ਵਰਤੋਂ ਵਿਭਿੰਨ ਪ੍ਰਕਰਣਾਂ ਵਿਚ ਹੋਈ ਹੈ, ਜਿਵੇਂ—"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।"—(ਬਾਵਨ ਅਖਰੀ, ਕਬੀਰ); "ਦੇਖੌ ਭਾਈ ਗਯਾਨ ਕੀ ਆਈ ਆਂਧੀ। ਸਭੈ ਉਡਾਨੀ ਭ੍ਰਮ ਕੀ ਟਾਟੀ, ਰਹੈ ਨ ਮਾਇਆ ਬਾਂਧੀ।"—(ਗਉੜੀ, ਕਬੀਰ); "ਦੀਵਾ ਬਲੈ, ਅੰਧੇਰਾ ਜਾਇ। ਬੇਦ-ਪਾਠ ਮਤਿ ਪਾਪਾ ਖਾਇ। ਉਗਵੈ ਸੂਰੁ, ਨ ਜਾਪੈ ਚੰਦੁ। ਜਹ ਗਿਆਨ ਪਰਗਾਸੁ, ਅਗਿਆਨੁ ਮਿਟੰਤੁ।"—(ਗੁਰੂ ਨਾਨਕ, ਵਾਰ ਸੂਹੀ); "ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ।"—(ਗੁਰੂ ਨਾਨਕ, ਰਾਮਕਲੀ); "ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨ



Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਗਿਆਨੁ ਨ ਹੋਇ।"—(ਗੁਰੂ ਨਾਨਕ, ਵਾਰ ਆਸਾ)। ਗੁਰਬਾਣੀ ਵਿਚ ਗਿਆਨ ਸ਼ਬਦ ਨੂੰ ਸਮਾਸ ਰੂਪਾਂ ਵਿਚ ਵੀ ਵਰਤਿਆ ਗਿਆ ਹੈ, ਜਿਵੇਂ 'ਬ੍ਰਹਮ-ਗਿਆਨ', 'ਗਿਆਨ ਖੰਡ' ਆਦਿਕ।

## ਗਿਆਨ-ਸਿਧਾਂਤ ਦੀ ਸਮੱਸਿਆ

ਸਿੱਖ-ਚਿੰਤਨ ਦਾ ਗਿਆਨ-ਸਿਧਾਂਤ, ਬਾਣੀ-ਰਚਨਾ ਦੇ ਕਾਵਿਕ ਮਾਧਿਅਮ ਰਾਹੀਂ ਪ੍ਰਸਤੁਤ ਹੋਣ ਕਾਰਨ, ਦਾਰਸ਼ਨਿਕ ਸ਼ੈਲੀ ਵਿਚ ਪ੍ਰਾਪਤ ਨਹੀਂ। ਇਸ ਦੇ ਬਾਣੀ ਵਿਚ ਲੁਪਤ ਅੰਸ਼ਾਂ ਨੂੰ ਤਾਰਕਿਕ ਵਿਧੀ ਰਾਹੀਂ ਸੂਤਰਬੱਧ ਕਰ ਕੇ, ਸਿਧਾਂਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਫ਼ਲਸਫ਼ੇ ਦੇ ਇਕ ਵਿਸ਼ੇਸ਼ ਭਾਗ ਵਜੋਂ, ਗਿਆਨ-ਸਿਧਾਂਤ (ਜਾਂ ਗਿਆਨ-ਮੀਮਾਂਸਾ/Epistemology) ਦਾਰਸ਼ਨਿਕ ਚਿੰਤਨ ਦਾ ਅਨਿਖੜ ਅੰਗ ਹੈ, ਜਿਸ ਦਾ ਸੰਬੰਧ ਮਨੁੱਖੀ ਗਿਆਨ ਦੀ ਸਮੱਸਿਆ ਨਾਲ, ਇਸ ਦੇ ਖੇਤਰ, ਸਰੋਤਾਂ, ਪ੍ਰਕਾਰਾਂ ਤੇ ਸੀਮਾਵਾਂ ਨਾਲ ਹੈ। ਗਿਆਨ-ਸਿਧਾਂਤ ਤਰਕ ਅਤੇ ਮਨੋਵਿਗਿਆਨ ਦੋਹਾਂ ਦੀ ਸਹਾਇਤਾ ਨਾਲ ਆਪਣੀ ਸਿਧਾਂਤਕ ਜੁਗਤ ਰਚਦਾ ਹੈ। ਬੁਨਿਆਦੀ ਤੌਰ ਤੇ, ਗਿਆਨ ਮਨੁੱਖੀ ਕ੍ਰਿਆ ਹੈ; ਇਸ ਦਾ ਸੰਬੰਧ ਮਨੁੱਖ ਦੀ ਬੌਧਿਕ ਸਮਰੱਥਾ ਨਾਲ ਹੈ। ਵਿਅਕਤੀ ਗਿਆਨ ਕਿਵੇਂ ਹਾਸਿਲ ਕਰਦਾ ਹੈ? ਇਸ ਦਾ ਉੱਤਰ ਮਨੋਵਿਗਿਆਨੀ ਨੇ ਦੇਣਾ ਹੁੰਦਾ ਹੈ। ਵਿਅਕਤੀ ਦੇ ਗਿਆਨ ਦੀ ਵਸਤੂ ਕਿਹੜੀ ਹੈ?—ਇਸ ਪ੍ਰਸ਼ਨ ਦਾ ਉੱਤਰ ਵਿਗਿਆਨੀ, ਦਰਸ਼ਨਵੇਤਾ, ਧਰਮ-ਮੀਮਾਂਸਕ ਤੇ ਕਈ ਹੋਰ ਚਿੰਤਕ ਦੇਂਦੇ ਹਨ। ਦੂਜੇ ਸ਼ਬਦਾਂ ਵਿਚ, ਵਿਅਕਤੀ 'ਕੀ' ਜਾਣਦਾ ਹੈ, ਅਤੇ 'ਕਿਵੇਂ' ਜਾਣਦਾ ਹੈ, ਇਹ ਦੂਹਰੀ ਸਮੱਸਿਆ ਦਾਰਸ਼ਨਿਕ ਗਿਆਨ-ਸਿਧਾਂਤ ਦੀ ਸਮੱਸਿਆ ਹੈ।

ਗਿਆਨ-ਪ੍ਰਾਪਤੀ ਅਤੇ ਗਿਆਨ ਦੀ ਸਿਧਾਂਤਕਾਰੀ ਵਿਚ ਇੰਦ੍ਰੀ-ਪ੍ਰੇਖਣ ਅਤੇ ਬੌਧਿਕ ਕ੍ਰਿਆ ਦੀ ਮਿਲਵਰਤਣ ਅਵੱਸ਼ਕ ਹੈ। ਗਿਆਨ-ਇੰਦਰੀਆਂ ਰਾਹੀਂ ਮਨੁੱਖ ਨੂੰ ਕੱਚੀ ਸਾਮਗ੍ਰੀ ਪ੍ਰਾਪਤ ਹੁੰਦੀ ਹੈ; ਅੱਖਾਂ ਰਾਹੀਂ ਦ੍ਰਿਸ਼ਟੀ-ਗੋਚਰ ਵਸਤਾਂ ਦੇ ਰੂਪ ਰੰਗ; ਕੰਨਾਂ ਰਾਹੀਂ ਆਵਾਜ਼ਾਂ; ਨੱਕ ਰਾਹੀਂ ਗੰਧ (ਸੁੰਘਣ-ਸਾਮਗ੍ਰੀ) ਆਦਿਕ। ਇੰਦ੍ਰੀ-ਪ੍ਰੇਖਣ ਦੀ ਸਹਾਇਤਾ ਲਈ ਵਿਗਿਆਨ ਤੇ ਤਕਨੀਕ ਦੁਆਰਾ ਨਿਰਮਿਤ ਦੂਰਬੀਨਾਂ, ਖ਼ੁਰਦਬੀਨਾਂ, ਵਿਭਿੰਨ ਸਾਜ਼-ਸਾਮਾਨ, ਜੰਤਰ ਤੇ ਸੰਦ ਉਪਬਲਧ ਹਨ। ਬੌਧਿਕ ਸ਼ਕਤੀ ਇਸ ਕੱਚੀ ਸਾਮਗ੍ਰੀ ਉੱਤੇ ਕਾਰਜ ਕਰਦੀ ਹੋਈ, ਵਿਅਕਤੀ ਨੂੰ ਗਿਆਨ ਦਾ ਚਾਨਣ ਬਖ਼ਸ਼ਦੀ ਹੈ, ਜਿਵੇਂ ਬਿਜਲੀ ਦੀ ਸ਼ਕਤੀ ਮਸ਼ੀਨਰੀ ਨੂੰ ਚਲਾ ਕੇ, ਕੱਚੇ ਮਾਲ ਤੋਂ ਕਪੜਾ, ਸਾਈਕਲ, ਮੋਟਰਾਂ ਆਦਿਕ ਦਾ ਉਤਪਾਦਨ ਕਰਦੀ ਹੈ। ਇਕ ਸਿੱਟੇ ਦੇ ਰੂਪ ਵਿਚ 'ਗਿਆਨ' ਪ੍ਰੇਖਣ ਤੇ ਬੁੱਧੀ ਦੀ ਆਪਸੀ ਸਾਂਝ ਦਾ ਫਲ ਹੈ। ਇਕ ਤੋਂ ਬਿਨਾਂ ਦੂਜਾ ਅਧੂਰਾ ਹੈ।

ਪ੍ਰੇਖਣ ਅਤੇ ਬੁੱਧੀ ਤੋਂ ਸਿਵਾ ਮਨੁੱਖੀ ਗਿਆਨ ਦਾ ਇਕ ਆਧਾਰ ਅੰਤਰਬੋਧ (intuition) ਨੂੰ ਮੰਨਿਆ ਜਾਂਦਾ ਹੈ। ਪ੍ਰੇਖਣ ਦਾ ਨਿਰਭਰ ਸੰਵੇਦਨਾ (sense) ਉੱਤੇ ਹੈ, ਜੋ ਗਿਆਨ-ਇੰਦਰੀਆਂ ਦੀ ਕ੍ਰਿਆ ਦਾ ਫਲ ਹੈ। ਬੁੱਧੀ (intellect) ਵਿਅਕਤੀ ਦੀ ਮਾਨਸਿਕਤਾ ਜਾਂ ਦਿਮਾਗੀ ਕਾਰਵਾਈ ਨਾਲ ਸੰਬੰਧਿਤ ਹੈ। ਪਰ ਅੰਤਰਬੋਧ ਦਾ

Sri Satguru Jagjit Singh Ji eLibrary NamdhariElibrary@gmail.com

ਆਧਾਰ ਨਾ ਸਰੀਰਕ ਯੰਤਰ ਹੈ, ਨਾ ਸਾਧਾਰਨ ਅਰਥਾਂ ਵਿਚ ਬੌਧਿਕ ਸ਼ਕਤੀ। ਇਸ ਨੂੰ ਆਤਮਾ ਦੀ ਗ਼ਬੀ ਸ਼ਕਤੀ ਨਾਲ ਜੋੜਿਆ ਜਾਂਦਾ ਹੈ, ਅਤੇ ਇਸ ਦਾ ਕਾਰਜ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਦਾ ਪ੍ਰਤੱਖ ਗਿਆਨ ਦੇਣਾ ਹੈ, ਬਿਨਾਂ ਸੰਵੇਦਨਾ ਜਾਂ ਬੁੱਧੀ ਦੀ ਸਹਾਇਤਾ ਦੇ। ਵਿਗਿਆਨੀ ਅੰਤਰਬੋਧ ਨੂੰ ਵਿਸ਼ੇਸ਼ਤਾ ਨਹੀਂ ਦੇਂਦੇ, ਉਨ੍ਹਾਂ ਲਈ ਸੰਵੇਦਨਾ ਅਤੇ ਬੌਧਿਕ ਸਮਰੱਥਾ ਹੀ ਗਿਆਨ ਪ੍ਰਾਪਤੀ ਦੇ ਸਾਧਨ ਵਜੋਂ ਕਾਫ਼ੀ ਹਨ। ਦਰਸ਼ਨਵੇਤਾ ਅਤੇ ਧਰਮ-ਚਿੰਤਕ ਅੰਤਰਬੋਧ ਨੂੰ ਉਚੇਰੇ ਗਿਆਨ ਦਾ ਮਾਧਿਅਮ ਸਵੀਕਾਰ ਕਰਦਿਆਂ, ਇਸ ਨੂੰ ਇੰਦ੍ਰੀ-ਪ੍ਰੇਖਣ ਅਤੇ ਬੁੱਧੀ ਨਾਲੋਂ ਵਧੇਰੇ ਸ੍ਰੇਸ਼ਟ ਦਰਜਾ ਦੇਣ ਦੇ ਹੱਕ ਵਿਚ ਹਨ। ਕਈ ਚਿੰਤਕਾਂ ਨੇ ਸੰਵੇਦਨਾ-ਬੁੱਧੀ-ਅੰਤਰਬੋਧ ਦੇ ਸਮੁੱਚ ਨੂੰ ਗਿਆਨ-ਪ੍ਰਾਪਤੀ ਲਈ ਸਹੀ ਤੇ ਪੂਰਨ ਮਾਧਿਅਮ ਪਰਵਾਨ ਕੀਤਾ ਹੈ। ਉਨ੍ਹਾਂ ਲਈ ਬੌਧਿਕ ਕ੍ਰਿਆ ਦਾ ਵਧੇਰੇ ਸੂਖਮ ਰੂਪ ਹੀ ਅੰਤਰਬੋਧ ਹੈ, ਜੋ ਵਿਅਕਤੀ ਦੀ ਵਿਕਸਿਤ ਮਾਨਸਿਕਤਾ ਦਾ ਸਿੱਟਾ ਹੈ।

ਗਿਆਨ ਦੇ ਸਰੋਤਾਂ ਵਿਚ ਚਾਹੇ ਪ੍ਰੇਖਣ ਤੇ ਬੁੱਧੀ ਨੂੰ ਸ਼ਾਮਿਲ ਕਰੀਏ, ਚਾਹੇ ਅੰਤਰਬੋਧ ਨੂੰ, ਉੱਦੇਸ਼ ਸਚਾਈ ਦਾ ਅਨੁਭਵ ਹੈ। ਗਿਆਨ-ਸਿਧਾਂਤ ਦਾ ਕੇਂਦਰ-ਬਿੰਦੂ ਹੀ ਜੇਕਰ 'ਸੱਚ' ਨੂੰ ਮੰਨ ਲਿਆ ਜਾਵੇ ਤਾਂ ਇਸ ਦੀ ਸਮੱਸਿਆ ਵਧੇਰੇ ਸਪੱਸ਼ਟ ਹੋ ਜਾਂਦੀ ਹੈ। ਵਿਅਕਤੀ ਜਦੋਂ ਕਿਸੇ ਕਿਸਮ ਦੀ ਜਾਣਕਾਰੀ ਹਾਸਿਲ ਕਰਦਾ ਹੈ, ਉਸ ਨੂੰ ਕਿਸੇ ਤੱਥ ਦਾ, ਕਿਸੇ ਸਚਾਈ ਦਾ ਬੋਧ ਹੁੰਦਾ ਹੈ। ਕਈ ਸਚਾਈਆਂ ਏਨੀਆਂ ਪ੍ਰਤੱਖ ਨਹੀਂ ਹੁੰਦੀਆਂ ਕਿ ਉਨ੍ਹਾਂ ਨੂੰ ਇੰਦ੍ਰੀ-ਪ੍ਰੇਖਣ ਰਾਹੀਂ ਗ੍ਰਹਿਣ ਕੀਤਾ ਜਾ ਸਕੇ। ਮਨੁੱਖ ਬੁੱਧੀ ਦੀ ਸਹਾਇਤਾ ਨਾਲ ਲੁਪਤ ਸਚਾਈਆਂ ਦੀ ਭਾਲ ਕਰਦਾ ਹੈ। ਜਿਸ ਨੂੰ ਉਹ 'ਸਚਾਈਆਂ ਦੀ ਸਚਾਈ' ਕਹਿੰਦਾ ਹੈ, ਉਹ ਸ਼ਾਇਦ ਬੌਧਿਕ ਸਮਰੱਥਾ ਤੋਂ ਪਰੇਡੀ, ਕੋਈ ਗ਼ਬੀ ਸਚਾਈ ਹੁੰਦੀ ਹੈ, ਜੋ ਅੰਤਰਬੋਧੀ ਢੰਗ ਨਾਲ ਪਰਗਟ ਹੋ ਸਕਦੀ ਹੈ। ਅਜਿਹੀ ਸਚਾਈ ਦੀ ਭਾਲ ਲਈ ਉਸ ਨੂੰ ਆਪਣੇ ਅੰਦਰੋਂ ਸੰਭਵ-ਸ਼ਕਤੀਆਂ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ, ਕਿਸੇ ਅਜਿਹੀ ਦਿਬ-ਦ੍ਰਿਸ਼ਟੀ ਨੂੰ ਅਮਲ ਵਿਚ ਲਿਆਉਣ ਦੀ ਆਵੱਸ਼ਕਤਾ ਹੁੰਦੀ ਹੈ, ਜੋ ਉਸ ਦੀ ਆਤਮਾ ਨੂੰ ਦੈਵੀ ਸਚਾਈ ਦੇ ਰੂ-ਬਰੂ ਕਰ ਦੇਵੇ। ਗੁਰਬਾਣੀ ਵਿਚ ਅਜਿਹੀ ਦ੍ਰਿਸ਼ਟੀ ਨੂੰ 'ਅਖ਼ੜੀਆਂ ਬਿਅੰਨ' ਦਾ ਨਾਮ ਦਿੱਤਾ ਗਿਆ ਹੈ, ਭਾਵ ਉਹ ਅਸਾਧਾਰਨ ਅੱਖੀਆਂ ਜੋ ਅਦ੍ਰਿਸ਼ਟ, ਅਰੂਪ ਪੀਤਮ ਨੂੰ ਪ੍ਰਤੱਖ ਰੂਪ ਵਿਚ ਦੇਖ ਲੈਣ, ਜਿਵੇਂ ਸਾਧਾਰਨ ਅੱਖਾਂ ਨਾਲ ਕਿਸੇ ਵਸਤੂ ਨੂੰ ਦੇਖੀਦਾ ਹੈ।

ਗਿਆਨ-ਸਿਧਾਂਤੀ ਚਿੰਤਕਾਂ ਨੇ 'ਸੱਚ' ਨੂੰ ਸਮੁੱਚੀ ਦਾਰਸ਼ਨਿਕ ਕ੍ਰਿਆ ਦੀ ਸੇਧ ਬਣਾਇਆ ਹੈ। ਸਚਾਈ ਕਈ ਪੜਦਿਆਂ, ਤੈਹਾਂ ਹੇਠ ਛੁਪੀ ਹੁੰਦੀ ਹੈ; ਇਸ ਨੂੰ ਪਰਗਟ ਕਰਨ ਲਈ ਮਨੁੱਖ ਨੂੰ ਆਪਣੀਆਂ ਕੁੱਲ ਬੌਧਿਕ ਤੇ ਆਤਮਿਕ ਸ਼ਕਤੀਆਂ ਜੁਟਾਣੀਆਂ ਪੈਂਦੀਆਂ ਹਨ। ਵਿਗਿਆਨੀ, ਦਰਸ਼ਨਵੇਤਾ, ਧਰਮ-ਚਿੰਤਕ, ਸਭ ਸਚਾਈ ਦੀ ਇਸ ਘੁੰਡ-ਚੁਕਾਈ ਦੇ ਕਾਰਜ ਵਿਚ ਰੁੱਝੇ ਹੋਏ ਹਨ। ਗੁਰੂ ਨਾਨਕ ਦੇਵ ਨੇ ਸਰਬੋਤਮ ਸਚਾਈ ਨੂੰ ਜਾਣਨ ਦਾ ਜੋ ਮਾਰਗ ਦਰਸਾਇਆ ਹੈ, ਉਹ ਉਨ੍ਹਾਂ ਦੇ ਇਕ ਸਲੋਕ ਵਿਚ ਇੰਜ

Sri Satguru Jagjit Singh Ji eLibrary NamdhariElibrary@gmail.com

ਕਥਿਤ ਹੈ—"ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ। ਕੂੜ ਦੀ ਮਲੁ ਉਤਰੈ, ਤਨੁ ਕਰੇ ਹਛਾ ਧੋਇ। ਸਚੁ ਤਾ ਪਰ ਜਾਣੀਐ ਜਾ ਸਚਿ ਧਰੇ ਪਿਆਰੁ।" ਇਸੇ ਸਲੋਕ ਵਿਚ ਉਹ ਸਚਾਈ ਨੂੰ ਜਾਣਨ ਜੁਗਤੀ, ਇਸ ਦੀ ਪਹੁੰਚ ਲਈ ਸਦਾਚਾਰਕ ਕਰਮ, ਇਸ ਦੀ ਪਛਾਣ ਲਈ ਆਤਮਿਕ ਕ੍ਰਿਆ ਦੇ ਸੰਕੇਤ ਦੇਂਦੇ ਹਨ। ਜਪੁਜੀ ਦੇ ਅਰੰਭਲੇ ਸਲੋਕ ਵਿਚ ਹੀ "ਆਦਿ ਸਚੁ ਜੁਗਾਦਿ ਸਚੁ" ਦਾ ਹਵਾਲਾ ਪ੍ਰਾਪਤ ਹੈ। ਇਕ ਦ੍ਰਿਸ਼ਟੀਕੋਨ ਤੋਂ, ਗੁਰਬਾਣੀ ਦੀ ਸਮੁੱਚੀ ਸੇਧ ਸੱਚ ਦੀ ਖੋਜ ਪ੍ਰਾਪਤ ਹੈ। ਉੱਚਤਮ ਗਿਆਨ ਉੱਚਤਮ ਸਚਾਈ ਦਾ ਗਿਆਨ ਹੈ, ਜਿਸ ਦੀ ਪ੍ਰਾਪਤੀ ਮਨੁੱਖ ਨੂੰ ਗਿਆਨਵਾਨਤਾ ਦੀ ਉਸ ਪੱਧਰ ਉੱਤੇ ਲੈ ਜਾਂਦੀ ਹੈ, ਜਿਥੇ ਉਹ ਬ੍ਰਹਮ-ਗਿਆਨੀ ਦੇ ਰੂਪ ਵਿਚ ਵਿਚਰਦਾ ਹੈ।

## ਸਿੱਖ ਗਿਆਨ-ਸਿਧਾਂਤ ਦੇ ਆਧਾਰ

ਸਿੱਖ ਦਰਸ਼ਨਧਾਰਾ ਦੇ ਗਿਆਨ-ਸਿਧਾਂਤ ਦਾ ਮੂਲ-ਆਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਅਤੇ ਕਿਸੇ ਹੱਦ ਤਕ ਦਸ਼ਮ ਗ੍ਰੰਥ ਵਿਚਲੀਆਂ ਅਧਿਆਤਮਿਕ ਰਚਨਾਵਾਂ ਹਨ। ਬਾਣੀ ਵਿਚ ਪ੍ਰਾਪਤ ਗਿਆਨ-ਸਿਧਾਂਤੀ ਸਾਮਗ੍ਰੀ ਬੇਸ਼ੱਕ ਕਿਸੇ ਤਾਰਕਿਕ ਜੁਗਤ ਵਿਚ ਬੱਧੀ ਥਿਊਰੀ ਦੇ ਰੂਪ ਵਿਚ ਉਪਲੱਬਧ ਨਹੀਂ, ਫਿਰ ਵੀ ਇਸ ਵਿਸ਼ੇ ਨਾਲ ਸੰਬੰਧਿਤ ਸ਼ਬਦ ਤੇ ਪੰਕਤੀਆਂ ਭਰਵੀਂ ਮਾਤ੍ਰਾ ਵਿਚ ਦਰਜ ਹੋਣ ਕਾਰਨ ਸਿਧਾਂਤ-ਪ੍ਰਣਾਲੀਆਂ ਵਿਚ ਵੀ ਗਿਆਨ-ਸਿਧਾਂਤੀ ਅੰਸ਼ਾਂ ਦੀ ਭਰਮਾਰ ਹੈ। ਇਹ ਠੀਕ ਹੈ ਕਿ ਮੁੱਢਲੇ ਵਿਆਖਿਆਕਾਰਾਂ ਨੇ ਕਿਸੇ ਵਿਉਂਤਬੱਧ ਢੰਗ ਨਾਲ ਸਿੱਖ ਗਿਆਨ-ਸਿਧਾਂਤ ਦੀ ਉਸਾਰੀ ਵੱਲ ਧਿਆਨ ਨਹੀਂ ਦਿੱਤਾ, ਉਹ ਕੇਵਲ ਦੈਵੀ ਸੱਤਾ ਦੇ ਬੋਧ ਹਿਤ ਰਹੱਸਮਈ-ਅੰਤਰਬੋਧੀ ਪਹੁੰਚ ਦਾ ਪੱਖ ਹੀ ਪੂਰਦੇ ਰਹੇ ਹਨ। ਆਧੁਨਿਕ ਦੌਰ ਦੀ ਨਵੀਨ ਦਰਸ਼ਨਧਾਰਾ ਦੇ ਪ੍ਰਭਾਵ ਅਧੀਨ ਸਮਕਾਲੀ ਚਿੰਤਕਾਂ ਤੇ ਵਿਆਖਿਆਕਾਰਾਂ ਨੇ ਸਿੱਖ ਦ੍ਰਿਸ਼ਟੀਕੋਣ ਤੋਂ ਗਿਆਨ ਦੀ ਸਮੱਸਿਆ ਨਾਲ ਨਿਪਟਣ ਦੇ ਜਤਨ ਕੀਤੇ ਹਨ। ਇਨ੍ਹਾਂ ਜਤਨਾਂ ਵਿਚ ਵਧੇਰੇ ਕਰਕੇ ਇਕ ਬਲਵਾਨ ਰੁਚੀ ਗੁਰੂ-ਗ੍ਰੰਥ ਬਾਣੀ ਵਿਚਲੇ ਗਿਆਨ-ਸਿਧਾਂਤੀ ਅੰਸ਼ਾਂ ਨੂੰ ਭਾਰਤੀ ਫ਼ਲਸਫ਼ੇ ਦੇ ਪ੍ਰਮਾਣਿਕ ਸਿਧਾਂਤਾ ਨਾਲ ਮੇਲਣ ਦੀ ਪਾਠਕਾਂ ਸਾਹਮਣੇ ਆਈ ਹੈ, ਬੇਸ਼ੱਕ ਇਸ ਕਿਸਮ ਦੇ ਅਧਿਐਨ ਦੀ ਮੁੱਖ-ਪ੍ਰੇਰਨਾ ਪੱਛਮੀ ਫ਼ਲਸਫ਼ੇ ਦੀਆਂ ਪ੍ਰਾਪਤੀਆਂ ਵਿਚੋਂ ਹੀ ਮਿਲੀ ਹੈ।

ਸਿੱਖ ਗਿਆਨ-ਸਿਧਾਂਤ ਦੀ ਸਮੁੱਚੇ ਰੂਪ ਵਿਚ ਭਾਰਤੀ ਚਿੰਤਨ ਦੀ ਇਸ ਧਾਰਨਾ ਨਾਲ ਸੰਮਤੀ ਹੈ ਕਿ ਧਰਮ-ਗ੍ਰੰਥਾਂ ਅਤੇ ਦਾਰਸ਼ਨਿਕ ਸਾਹਿਤ ਦਾ ਗਿਆਨ ਮਨੁੱਖੀ ਮਨ ਨੂੰ ਰੁਸ਼ਨਾਉਂਦਾ ਹੈ, ਇਸ ਦੇ ਅੰਧਕਾਰ ਤੇ ਭਰਮ-ਭੁਲੇਖਿਆਂ ਨੂੰ ਮਿਟਾਉਂਦਾ ਹੈ। ਗਿਆਨ ਦਾ ਦੀਵਾ ਜਦੋਂ ਬਲਦਾ ਹੈ, ਮਨ ਦਾ ਹਨੇਰਾ ਦੂਰ ਹੁੰਦਾ ਹੈ। ਮਲੀਨ ਹੋਈ ਮਤ ਨੂੰ 'ਬੇਦ ਪਾਠ' ਸ਼ੁੱਧੀ ਬਖ਼ਸ਼ਦਾ ਹੈ। ਭਾਰਤੀ ਪਰੰਪਰਾ ਨੇ 'ਵੇਦ' ਦੇ ਪ੍ਰਤੀਕ ਨੂੰ ਸੁਗਿਆਨ, ਅਧਿਆਤਮਿਕ ਸੁਚੇਤਨਾ ਅਤੇ ਦੈਵੀ ਬੋਧ ਦੇ ਅਰਥਾਂ ਨਾਲ ਸ਼ਿੰਗਾਰਿਆ ਹੈ। ਗੁਰੂ ਨਾਨਕ ਦੇਵ ਨੇ 'ਵੇਦ' ਦਾ ਸ਼ਬਦ ਮਾਨਵੀ ਹਿਰਦੇ ਦਾ ਰੁਸ਼ਨਾਮਾਈ, ਜਾਗ੍ਰਿਤੀ ਤੇ ਚਿੰਤਨਸ਼ੀਲਤਾ ਨੂੰ ਦਰਸਾਉਣ ਹਿਤ ਵਰਤੋਂ ਵਿਚ ਲਿਆਂਦਾ ਹੈ। ਬੁੱਧ-ਵਿਵੇਕ ਦੇ

Sri Satguru Jagjit Singh Ji eLibrary NamdhariElibrary@gmail.com

ਪ੍ਰਤੀਕ ਵਜੋਂ ਵਰਤ ਕੇ ਉਨ੍ਹਾਂ ਨੇ 'ਵੇਦ' ਨੂੰ ਚਾਰ ਵੇਦਾਂ ਦੇ ਸੀਮਿਤ ਘੇਰੇ ਵਿਚੋਂ ਕੱਢ ਲਿਆ ਹੈ ਅਤੇ ਨਾਲ ਹੀ ਵੇਦਕ ਸਾਹਿਤ ਦੇ ਕਥਾ-ਕਹਾਣੀ ਵਾਲੇ, ਕਰਮ-ਕਾਂਡੀ ਤੇ ਅਰਚਾ-ਪੂਜਾ ਵਾਲੇ ਪੱਖਾਂ ਨੂੰ ਰੱਦ ਕੀਤਾ ਹੈ। ਵੇਦਾਂ ਦੇ ਜਿਸ ਭਾਗ ਨੂੰ ਗੁਰੂ ਸਾਹਿਬਾਨ ਦੀ ਹਮਾਇਤ ਮਿਲੀ ਹੈ, ਉਹ ਵੇਦਕ ਗ੍ਰੰਥਾਂ ਵਿਚਲਾ ਤੱਤ-ਗਿਆਨੀ ਅੰਸ਼ ਹੈ, ਜੋ ਮਾਨਵੀ ਕਲਿਆਣ ਦਾ ਪੰਧ ਉਲੀਕਦਾ ਹੈ। ਸਾਧਾਰਨ ਵਿਅਕਤੀ ਵੇਦਾਂ ਦੇ ਅੰਮ੍ਰਿਤ-ਰੂਪੀ ਨਾਮ ਦੇ ਸੰਕੇਤਾਂ ਵਲ ਗਹੁ ਨਹੀਂ ਕਰਦਾ ਅਤੇ ਇਨ੍ਹਾਂ ਦੇ ਬਹਰਮੁਖੀ, ਰਸਮੀ ਪ੍ਰਗਟਾਵਿਆਂ, ਰੀਤਾਂ-ਰਸਮਾਂ, ਬਲੀਦਾਨ ਕ੍ਰਿਆਵਾਂ, ਹਵਨਾਂ, ਆਰਤੀਆਂ ਵਿਚ ਉਲਝਿਆ ਰਹਿੰਦਾ ਹੈ। ਗੁਰੂ ਅੰਗਦ ਦੇਵ ਨੇ ਇਕ ਸਲੋਕ ਵਿਚ ਗੁਰਬਾਣੀ ਨੂੰ 'ਅੰਮ੍ਰਿਤ ਬਾਣੀ ਤਤ ਵਖਾਣੀ' ਦੀ ਪਦਵੀ ਦਿੱਤੀ ਹੈ। ਗੁਰੂ ਅਮਰਦਾਸ ਦੀ ਰਚਨਾ 'ਅਨੰਦੁ' ਵਿਚ ਸਪੱਸ਼ਟ ਕਥਨ ਹੈ —"ਵੇਦਾਂ ਮਹਿ ਨਾਮੁ ਉਤਮੁ, ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।" ਅਜਿਹੇ ਵਿਕੇਂਦ੍ਰਿਤ ਵਿਅਕਤੀ ਸੱਚ ਨੂੰ ਤਜ ਕੇ ਕੂੜ ਵਿਚ ਗ੍ਰਸਤ ਹਨ, ਉਨ੍ਹਾਂ ਨੇ "ਜਨਮ ਦੂਐ ਹਾਰਿਆ"ਹੈ।

ਇਕ ਹੋਰ ਸੰਕਲਪ, ਜੋ ਸਿੱਖ ਮਤ ਦੀ ਗਿਆਨ-ਸਿਧਾਂਤੀ ਸਥਿਤੀ ਲਈ ਬੁਨਿਆਦੀ ਮਹੱਤਵ ਰਖਦਾ ਹੈ, 'ਸ਼ਬਦ' (ਸ਼ਬਦ : ਧੁਨਿ ਜਾਂ ਲਫ਼ਜ਼) ਦਾ ਸੰਕੇਤ ਹੈ। ਭਾਰਤੀ ਫ਼ਲਸਫ਼ੇ ਦੇ ਅਨੇਕ ਮਤਾਂ ਤੇ ਸੰਪ੍ਰਦਾਵਾਂ ਨੇ ਗਿਆਨ ਦੇ ਵਿਭਿੰਨ 'ਪ੍ਰਮਾਣਾ' ਦਾ ਉੱਲੇਖ ਦਿੱਤਾ ਹੈ, ਜਿਹਾ ਕਿ ਪ੍ਰੇਖਣ, ਅਨੁਮਾਨ, ਉਪਮਾਨ, ਅਰਥਾਪੱਤੀ, ਅਭਾਵ ਅਤੇ ਸ਼ਬਦ। ਇਨ੍ਹਾਂ ਪ੍ਰਮਾਣਾਂ ਦੀ ਵਰਤੋਂ ਨਿਤਾ-ਪ੍ਰਤੀ ਜੀਵਨ, ਦਾਰਸ਼ਨਿਕ ਚਿੰਤਨ, ਵਿਗਿਆਨ ਅਤੇ ਧਰਮ ਦੇ ਖੇਤਰਾਂ ਵਿਚ ਨਿਰੰਤਰ ਕੀਤੀ ਜਾਂਦੀ ਹੈ। ਜਿਥੋਂ ਤਕ ਸ਼ਬਦ-ਪ੍ਰਮਾਣ ਦਾ ਸੰਬੰਧ ਹੈ, ਇਸ ਨੂੰ ਸਾਖੀ, ਗਵਾਹੀ, ਸ਼ਾਹਦੀ ਜਾਂ ਸਬੂਤ ਦੇ ਅਰਥ ਵਿਚ ਲਿਆ ਜਾਂਦਾ ਹੈ। ਸ਼ਬਦ ਉਹ ਹੈ ਜੋ ਕਿਸੇ ਨੇ ਉਚਾਰਿਆ ਹੈ; ਇਹ ਇਕ ਧੁਨੀ ਹੈ, ਆਵਾਜ਼ ਹੈ, ਜੋ ਕਿਸੇ ਨੇ ਸਾਜ਼ ਰਾਹੀਂ ਜਾਂ ਬਿਨਾਂ ਸਾਜ਼ ਉਤਪੰਨ ਕੀਤੀ ਹੈ; ਇਹ ਲਿਖਿਆ ਹੋਇਆ ਸ਼ਬਦ ਜਾਂ ਅੱਖਰਾਂ ਦਾ ਜੋੜ ਹੈ ਜੋ ਕਿਸੇ ਸੰਕਲਪ ਜਾਂ ਧਾਰਨਾ ਦਾ ਸੰਕੇਤਕ ਹੈ। ਹਰ ਹਾਲਤ ਵਿਚ, 'ਸ਼ਬਦ' ਕਿਸੇ ਵਿਅਕਤੀ-ਵਿਸ਼ੇਸ਼ ਦੀ ਭਾਵਨਾ ਦੀ ਸਾਖੀ ਭਰਦਾ ਹੈ, ਉਸ ਦੇ ਕਿਸੇ ਵਿਚਾਰ ਦਾ ਪ੍ਰਮਾਣ ਹੈ। ਮਨੁੱਖ ਦੇ ਸਰੀਰਕ ਯੰਤਰ ਜਾਂ ਇੰਦ੍ਰਿਆਈ ਯੋਗਤਾਵਾਂ ਤੋਂ ਪਰੇਡੀਆਂ, ਅਗੋਚਰ ਸਚਾਈਆਂ ਦੇ ਗਿਆਨ ਵੱਲ ਸੰਕੇਤ ਕਰਦਿਆਂ, 'ਸ਼ਬਦ' ਦਾ ਪ੍ਰਮਾਣ ਈਸ਼ਵਰ, ਆਤਮਾ, ਸਦੀਵਤਾ ਆਦਿਕ ਸਮੱਸਿਆਵਾਂ ਨਾਲ ਨਜਿਠਦਾ ਹੈ, ਜਿਨ੍ਹਾਂ ਲਈ ਉਸ ਨੂੰ ਮਹਾਂ-ਪੁਰਖਾਂ, ਰਿਸ਼ੀਆਂ, ਤੇ ਪਹੁੰਚੇ ਹੋਏ ਵਿਅਕਤੀਆਂ ਦੀ ਅਥਾਰਿਟੀ ਤੇ ਪ੍ਰਭੁਤਾ ਦਾ ਹਵਾਲਾ ਦੇਣ ਦੀ ਆਵੱਸ਼ਕਤਾ ਹੁੰਦੀ ਹੈ। ਸਿੱਖ ਧਰਮ ਦੇ ਪੈਰੋਕਾਰਾਂ ਲਈ ਇਹ ਪ੍ਰਭੁਤਾ ਤੇ ਪ੍ਰਾਧਿਕਾਰ 'ਗੁਰੂ' ਵਿਚ ਸਥਿਤ ਹੈ, ਜੋ ਕਿ ਅਧਿਆਤਮਿਕ ਰਾਹਬਰ ਦੇ ਸਰੂਪ ਵਿਚ ਜਾਂ ਗੁਰੂ ਦੀ ਬਾਣੀ ਦੇ ਰੂਪ ਵਿਚ ਉਸ ਦਾ ਮਾਰਗ-ਦਰਸ਼ਨ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਦੈਵੀ ਪੁਰਖ ਦੀ ਬਾਣੀ ਆਖਿਆ ਹੈ। ਉਨ੍ਹਾਂ ਦੀ ਬਾਣੀ-ਰਚਨਾ "ਖਸਮ ਕੀ ਬਾਣੀ" ਹੈ; ਜਿਵੇਂ ਇਸ ਦਾ ਆਵੇਸ਼ ਹੁੰਦਾ ਹੈ, ਤੈਸਾ ਹੀ ਗਿਆਨ ਉਹ ਲੋਕਾਈ ਸਾਹਮਣੇ ਪਰਗਟ ਕਰਦੇ ਹਨ। ਆਵੇਸ਼ ਇਕ ਰਹੱਸਮਈ ਅਨੁਭਵ ਹੈ, ਜੋ ਅਕੱਥ ਹੈ; ਇਸ ਦੇ ਆਪਣੇ ਕੋਈ ਸ਼ਬਦ ਨਹੀਂ, ਨਾ ਹੀ ਕਿਸੇ ਵਿਸ਼ੇਸ਼ ਭਾਸ਼ਾ ਰਾਹੀਂ ਇਹ ਵਾਪਰਦਾ ਹੈ। ਪਰ ਇਸ ਆਵੇਸ਼ਮਈ ਅਨੁਭਵ ਨੂੰ ਸ਼ਬਦਾਂ ਰਾਹੀਂ ਕਥਨ ਕਰਨ ਦੀ ਕ੍ਰਿਆ ਵਿਚੋਂ ਜੋ ਬਾਣੀ-ਰਚਨਾ ਹੋਈ ਹੈ, ਉਹ ਗੁਰੂ ਸਾਹਿਬ ਨੇ ਸਮੇਂ ਸਮੇਂ ਅੰਕਿਤ ਕੀਤੀ ਹੈ, ਅਤੇ ਇਸ ਗੱਲ ਦੀ ਸਾਖੀ ਭਰੀ ਹੈ ਕਿ ਉਹ 'ਖਸਮ' ਦੀ ਬਾਣੀ ਨੂੰ ਸ਼ਾਬਦਿਕ ਪ੍ਰਗਟਾਵਾ ਦੇ ਰਹੇ ਹਨ। ਸਮੁੱਚੇ ਰੂਪ ਵਿਚ ਗੁਰਬਾਣੀ ਦਾ ਸ਼ਬਦ-ਪ੍ਰਮਾਣ ਬ੍ਰਹਮ ਨਾਲ ਇਕਸੁਰ ਹੋਈ ਆਤਮਾ ਦੇ ਬੋਲ ਹਨ। ਸਿੱਖ-ਚਿੰਤਨ ਅਨੁਸਾਰ, 'ਗੁਰੂ' ਦੇ ਮਾਧਿਅਮ ਰਾਹੀਂ ਦੈਵੀ ਪੁਰਖ ਦੀ ਇੱਛਾ ਵਿਅਕਤ ਹੋ ਰਹੀ ਹੈ, ਉਸ ਦਾ ਹੁਕਮ ਮਾਨਵੀ ਭਾਸ਼ਾ ਦਾ ਸਰੂਪ ਲੈ ਰਿਹਾ ਹੈ। ਗੁਰੂ ਤੇ ਪ੍ਰਭੂ ਦਾ ਸੰਬੰਧ ਅਕਥਨੀ ਹੈ; ਇਹ ਸੰਬੰਧ ਜਿਸ ਰਹੱਸਮਈ ਪੱਧਰ ਉੱਤੇ ਕਾਇਮ ਹੈ, ਉਹ ਸਾਧਾਰਨ ਬੁੱਧੀ ਦੀ ਪਹੁੰਚ ਤੋਂ ਉਚੇਰੀ ਪੱਧਰ ਹੈ, ਜਿਥੇ ਲਫ਼ਜ਼ਾਂ ਦਾ ਹੱਥ ਨਹੀਂ ਪੁੱਜਦਾ। ਗੁਰੂ, ਸਿਖਿਆਦਾਤਾ ਹੋਣ ਦੇ ਨਾਤੇ, ਮਾਨਵ-ਜਗਤ ਨਾਲ ਸੰਪਰਕ ਕਾਇਮ ਕਰਦਾ ਹੈ, ਲੋਕਾਂ ਦੀ ਬੋਲੀ ਬੋਲਦਾ ਹੈ, ਅਤੇ ਭਾਸ਼ਾਈ ਪ੍ਰਤੀਕਾਂ ਰਾਹੀਂ, ਕਾਵਿਕ ਮਾਧਿਅਮ ਤੇ ਸੰਗੀਤ ਰਾਹੀਂ, ਆਪਣੇ ਦੈਵੀ ਆਵੇਸ਼ ਦੀ ਕੁਝ ਝਲਕ ਸੰਗ-ਸਾਥ ਨਾਲ ਸਾਂਝੀ ਕਰਦਾ ਹੈ। ਗੁਰੂ ਆਪਣੀ ਬਾਣੀ ਦੁਆਰਾ ਲੋਕਾਈ ਨੂੰ ਸੰਬੋਧਨ ਕਰਦਾ ਹੈ, ਉਸ ਦਾ 'ਸ਼ਬਦ' ਪ੍ਰਭੂ ਦੀ ਆਵਾਜ਼ ਬਣ ਕੇ ਲੋਕਾਂ ਦਾ ਮਾਰਗ-ਦਰਸ਼ਨ ਕਰਦਾ ਹੈ। ਸਿੱਖ ਅਧਿਆਤਮਿਕ ਪਰੰਪਰਾ ਨੇ ਗੁਰਬਾਣੀ ਦੇ ਹਰ ਵਾਕ, ਪਦੇ, ਸਲੋਕ, ਲਫ਼ਜ਼ ਨੂੰ 'ਸ਼ਬਦ' ਦਾ ਆਦਰ ਦੇ ਕੇ ਵਡਿਆਇਆ ਹੈ।

## ਗਿਆਨ ਦੇ ਸਰੋਤ ਤੇ ਦਰਜੇ

ਸਿੱਖ ਮਤ ਅਨੁਸਾਰ ਭਾਸ਼ਾਈ ਪ੍ਰਮਾਣ (ਸ਼ਬਦ) ਦਾ ਅੰਤਿਮ ਸਰੋਤ ਦੈਵੀ ਸੱਤਾ ਦਾ ਅਬੁੱਝ ਰਹੱਸ ਹੈ, ਅਤੇ ਇਹ ਕਿਸੇ ਵਿਰਲੇ, ਪਹੁੰਚੇ-ਹੋਏ ਵਿਅਕਤੀ ਦੇ ਅਨੁਭਵ ਵਿਚ ਹੀ ਆਉਂਦਾ ਹੈ। ਸ਼ਬਦ ਆਪਣੇ ਉਚੇਰੇ ਅਰਥ ਵਿਚ ਅੰਤਿਮ ਸੱਤਾ, ਅਰੂਪ-ਅਕਾਲ ਪ੍ਰਭੁਤਾ ਜਾਂ ਨਿਰਗੁਣ-ਸਰਗੁਣ ਬ੍ਰਹਮ ਦਾ ਸੰਕੇਤਕ ਹੈ। ਇਸ ਨੂੰ ਕਈ ਸੰਗਿਆਵਾਂ ਦਿੱਤੀਆਂ ਗਈਆਂ ਹਨ, ਜਿਹਾ ਕਿ ਸ਼ਬਦ-ਬ੍ਰਹਮ, ਸ਼ਬਦ-ਗੁਰੂ। ਭਾਰਤੀ ਪਰੰਪਰਾ ਨੇ ਸ਼ਬਦ ਨੂੰ 'ਆਉਮ' (ਓਮ) ਦੇ ਤੁਲ ਰੱਖਿਆ ਹੈ, ਜਿਸ ਨੂੰ ਕਿ ਪਵਿੱਤਰਤਾ ਦੀ ਸਿਖਰ ਮੰਨਿਆ ਗਿਆ ਹੈ। ਆਉਮ ਦੀ ਧੁਨੀ ਨੂੰ ਭਾਸ਼ਾਈ ਰੂਪ ਵਿਚ ਪਲਟੀਏ ਤਾਂ ਇਹ 'ਓਮ' ਦਾ ਸ਼ਾਬਦਿਕ ਪ੍ਰਤੀਕ ਬਣ ਜਾਂਦਾ ਹੈ, ਜਿਸ ਨੂੰ ਹੋਰਨਾਂ ਅੱਖਰਾਂ ਵਾਂਗ ਲਿਖਿਆ ਜਾ ਸਕਦਾ ਹੈ। ਵਰਣਮਾਲਾ ਦੇ ਅੱਖਰਾਂ ਵਾਂਗ ਲਿਖੇ ਹੋਏ ਓਮ ਦੇ ਰੂਪ ਵਿਚ ਕੁਝ ਪਰਿਵਰਤਨ ਕਰ ਕੇ, ਗੁਰੂ ਸਾਹਿਬਾਨ ਨੇ ਇਸ ਨੂੰ ਓ+ਕਾਰ ਮਾਤਰਾ ਦਾ ਨਵਾਂ ਸਰੂਪ ਦੇ ਦਿੱਤਾ ਅਤੇ ਇਸ ਦਾ ਉਚਾਰਨ 'ਓਅੰਕਾਰ' ਮਿੱਥਿਆ ਗਿਆ। ਗੁਰੂ ਨਾਨਕ ਬਾਣੀ

Sri Satguru Jagjit Singh Ji eLibrary NamdhariElibrary@gmail.com

ਵਿਚ ਓਮ ਦੀ ਧੁਨੀ ਨੂੰ ਓਨਮ ਤੇ ਓਅੰਕਾਰ ਦੋ ਰੂਪਾਂ ਵਿਚ ਲਿਖਿਆ ਗਿਆ ਹੈ। 'ਓਮ' ਦੇ ਸੁਧਰੇ ਹੋਏ ਰੂਪ ਓ ਦੇ ਨਾਲ ਅਕਸਰ ਏਕਾ (੧) ਹਿੰਦਸਾ ਅਗੇਤਰ ਰੂਪ ਵਿਚ ਜੋੜ ਕੇ, 'ਇਕ ਓਅੰਕਾਰ' ਦਾ ਸਮਾਸ ਬਣਾਇਆ ਜਾਂਦਾ ਹੈ, ਜੋ "ਇਕ ਸ਼ਿਰੋਮਣੀ-ਸੱਤਾ" ਦਾ ਅਰਥ ਦੇਂਦਾ ਹੈ। ਸੋ, ਸਿੱਖ ਗਿਆਨ-ਸਿਧਾਂਤ ਵਿਚ ਸ਼ਬਦ-ਪ੍ਰਮਾਣ ਦਾ ਮਹੱਤਵ ਸਪੱਸ਼ਟ ਹੈ।

ਸ਼ਬਦ ਦੀ ਸਾਖੀ ਜਾਂ ਪ੍ਰਮਾਣ ਤੋਂ ਸਿਵਾ, ਗੁਰੂ ਸਾਹਿਬਾਨ ਨੇ ਗਿਆਨ ਦੇ ਕੁਝ ਹੋਰ ਸਰੋਤਾਂ ਤੇ ਪ੍ਰਵਰਗਾਂ ਨੂੰ ਵੀ ਪਰਵਾਨ ਕੀਤਾ ਹੈ, ਅਤੇ ਬਾਣੀ-ਰਚਨਾ ਵਿਚ ਉਨ੍ਹਾਂ ਨੂੰ ਉਚਿਤ ਸਥਾਨ ਦਿੱਤਾ ਹੈ। ਗੁਰੂ ਅਰਜਨ ਦੇਵ ਦਾ ਇਕ ਸਲੋਕ ਇਨ੍ਹਾਂ ਪੰਕਤੀਆਂ ਨਾਲ ਅਰੰਭ ਹੁੰਦਾ ਹੈ—

ਅੰਤਰਿ ਗੁਰੁ ਆਰਾਧਣਾ, ਜਿਹਵਾ ਜਪਿ ਗੁਰ ਨਾਉ।
ਨੇਤ੍ਰੀ ਸਤਿਗੁਰੁ ਪੇਖਣਾ,
ਸ੍ਰਵਣੀ ਸੁਨਣਾ ਗੁਰ ਨਾਉ।

ਪ੍ਰਭੂ ਦੇ ਪ੍ਰੇਮ ਵਿਚ ਰੰਗੀਜ ਕੇ, ਮੋਖ-ਪ੍ਰਾਪਤੀ ਦੇ ਸਾਧਨ ਗਿਣਾਂਦਿਆਂ ਗੁਰੂ ਸਾਹਿਬ ਨੇ ਜੀਭ, ਅੱਖਾਂ, ਕੰਨ ਤੇ ਹਿਰਦੇ ਨੂੰ ਨਾਮ-ਜਾਪ ਤੇ ਪ੍ਰਭੂ-ਦਰਸ਼ਨ ਦੇ ਕਾਰਜ ਵਿਚ ਰੁਝੇ ਰਹਿਣ ਦੀ ਮਹਾਨਤਾ ਦਰਸਾਈ ਹੈ। ਮਨੁੱਖ ਦੇ ਸਰੀਰਕ ਯੰਤਰ ਤੇ ਇਸ ਦੇ ਗਿਆਨ-ਇੰਦਰਿਆਂ ਰਾਹੀਂ ਸੰਸਾਰ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਜਿਹਾ ਪ੍ਰੇਖਕੀ ਗਿਆਨ ਧਰਮ ਦੇ ਖੇਤਰ ਵਿਚ ਵੀ ਆਪਣਾ ਯੋਗਦਾਨ ਪਾਉਂਦਾ ਹੈ। ਕੰਨਾਂ ਨਾਲ ਵਿਅਕਤੀ ਪਾਵਨ ਸ਼ਬਦਾਂ ਨੂੰ ਸ਼੍ਰਵਣ ਕਰਦਾ ਹੈ, ਅੱਖਾਂ ਨਾਲ ਪੋਥੀਆਂ ਵਾਚਦਾ ਤੇ ਬਾਣੀ ਦਾ ਪਾਠ ਪੜ੍ਹਦਾ ਹੈ; ਜੀਭ ਨਾਲ ਨਾਮ ਦਾ ਉਚਾਰਨ ਤੇ ਜਾਪ ਕਰਦਾ ਹੈ। ਇਹ ਉਸ ਦਾ ਇੰਦ੍ਰੀ-ਪ੍ਰੇਖਣ ਦਾ ਅਨੁਭਵ ਹੈ। ਅਤੇ ਜੇਕਰ ਕੇਵਲ ਇਸੇ ਨੂੰ ਮਨੁੱਖੀ ਗਿਆਨ ਦਾ ਇੱਕੋ-ਇਕ ਸਰੋਤ ਮੰਨ ਲਈਏ, ਤਾਂ 'ਅਨੁਭਵਵਾਦ' ਦਾ ਸਿਧਾਂਤ ਰਚਿਆ ਜਾਂਦਾ ਹੈ। ਧਰਮ ਦੇ ਖੇਤਰ ਵਿਚ ਪ੍ਰੇਖਕੀ ਗਿਆਨ ਨੂੰ ਬੇਸ਼ੱਕ ਉਚਿਤ ਸਥਾਨ ਪ੍ਰਾਪਤ ਹੈ, ਪਰ ਇਸ ਉੱਤੇ ਆਧਾਰਿਤ ਅਨੁਭਵਵਾਦੀ ਸਿਧਾਂਤ ਨੂੰ ਧਰਮ ਦੇ ਨੇਤਾਵਾਂ ਤੇ ਚਿੰਤਕਾਂ ਦਾ ਸਮਰਥਨ ਪ੍ਰਾਪਤ ਨਹੀਂ।

ਅਨੁਭਵਵਾਦ (Empiricism) ਤੋਂ ਬਿਨਾਂ ਵਿਵੇਕਵਾਦ (Rationalism) ਇਕ ਹੋਰ ਸਿਧਾਂਤ ਹੈ, ਜਿਸ ਨੂੰ ਗਿਆਨ-ਸਿਧਾਂਤ ਦੇ ਅੰਤਰਗਤ ਉੱਚ-ਸਥਾਨ ਪ੍ਰਾਪਤ ਹੈ। ਵਿਵੇਕਵਾਦ ਮਨੁੱਖੀ ਗਿਆਨ ਦਾ ਮੁੱਖ ਸਰੋਤ ਬੁੱਧ-ਵਿਵੇਕ ਨੂੰ ਮੰਨਦਾ ਹੈ, ਅਤੇ ਅਨੁਭਵਵਾਦ ਦੀ ਆਲੋਚਨਾ ਕਰਦਾ ਹੈ, ਕਿਉਂਕਿ ਉਸ ਵਿਚ ਇੰਦ੍ਰੀ-ਪ੍ਰੇਖਣ ਨੂੰ ਗਿਆਨ ਦਾ ਆਧਾਰ ਮੰਨਿਆ ਗਿਆ ਹੈ। ਪਰ ਧਰਮ ਦੇ ਖੇਤਰ ਵਿਚ ਵਿਵੇਕਵਾਦ ਦਾ ਇਹ ਦਾਅਵਾ ਵੀ ਪੂਰਨ ਰੂਪ ਵਿਚ ਪਰਵਾਨ ਨਹੀਂ। ਧਰਮ-ਚਿੰਤਕਾਂ ਦਾ ਵਿਚਾਰ ਹੈ ਕਿ ਉਕਤ ਦੋਵੇਂ ਸਿਧਾਂਤ ਇਕ-ਪਾਸੜ ਹਨ ਅਤੇ ਮਨੁੱਖੀ ਸਮਰੱਥਾਵਾਂ ਦੇ ਇਕ ਜਾਂ ਦੂਜ ਪੱਖ ਉੱਤੇ ਬੇਮੇਚਾ ਬਲ ਦੇਂਦੇ ਹਨ। ਗਿਆਨ-ਪ੍ਰਾਪਤੀ ਲਈ ਬੇਸ਼ੱਕ ਇੰਦ੍ਰਿਆਈ ਅਨੁਭਵ

Sri Satguru Jagjit Singh Ji eLibrary NamdhariElibrary@gmail.com

ਅਤੇ ਬੌਧਿਕ ਚੇਤਨਾ ਕਾਰਗਰ ਹਨ, ਅਤੇ ਇਨ੍ਹਾਂ ਦੀ ਗਿਆਨ-ਸਿਧਾਂਤ ਦੇ ਪ੍ਰਕਰਣ ਵਿਚ ਆਦਰ-ਯੋਗ ਥਾਂ ਹੈ, ਪਰ ਪ੍ਰੇਖਣ ਅਤੇ ਵਿਵੇਕ ਤੋਂ ਉਚੇਰਾ ਇਕ ਹੋਰ ਵੀ ਗਿਆਨ-ਸਰੋਤ ਮਨੁੱਖ ਨੂੰ ਪ੍ਰਾਪਤ ਹੈ, ਜੋ ਬੁੱਧ-ਵਿਵੇਕ ਵਾਂਗ ਵਿਅਕਤੀ ਦੀ ਮਾਨਸਿਕਤਾ ਵਿਚ ਕਾਰਜਸ਼ੀਲ ਹੈ। ਇਹ ਅੰਤਰਬੋਧ ਸਰੋਤ ਹੈ, ਜਿਸ ਉੱਤੇ ਅੰਤਰਬੋਧਵਾਦ (Intuitionism) ਦਾ ਸਿਧਾਂਤ ਆਧਾਰਿਤ ਹੈ। ਇਸੇ ਸਿਧਾਂਤ ਦਾ ਅਗਲੇਰਾ ਪੜਾ ਰਹੱਸਵਾਦ (Mysticism) ਹੈ, ਜਿਸ ਨੂੰ ਧਰਮ-ਚਿੰਤਨ ਦੇ ਖੇਤਰ ਵਿਚ ਉੱਚਤਮ ਸਿਧਾਂਤ ਦਾ ਦਰਜਾ ਪ੍ਰਾਪਤ ਹੈ। ਅੰਤਰਬੋਧੀ ਗਿਆਨ ਵਿਚ ਗਿਆਨ ਦੀ ਵਸਤੂ ਵਿਅਕਤੀ ਦੀ ਮਾਨਸਿਕਤਾ ਵਿਚ ਸਾਖਿਆਤ ਪਰਗਟ ਹੋ ਜਾਂਦੀ ਹੈ; ਇਸ ਨੂੰ ਕਿਸੇ ਇੰਦ੍ਰਿਆਈ ਜਾਂ ਬੌਧਿਕ ਮਾਧਿਅਮ ਦੀ ਲੋੜ ਨਹੀਂ ਹੁੰਦੀ। ਰਹੱਸਵਾਦੀ ਗਿਆਨ ਵਿਚ ਵਿਅਕਤੀ ਅਤੇ ਵਸਤੂ ਦੋ ਨਹੀਂ ਰਹਿੰਦੇ, ਇਕ ਹੋ ਜਾਂਦੇ ਹਨ। ਧਰਮ-ਚਿੰਤਕ ਇਸ ਅਵਸਥਾ ਨੂੰ ਪ੍ਰਭੂ ਤੇ ਭਗਤ ਦੀ ਇਕਰੂਪਤਾ ਤੇ ਇਕਸੁਰਤਾ ਦਾ ਦਰਜਾ ਦੇਂਦੇ ਹਨ।

ਸਿੱਖ-ਚਿੰਤਨ ਅਤੇ ਗੁਰਬਾਣੀ ਵਿਚ ਬੁੱਧ-ਵਿਵੇਕ ਨੂੰ ਆਦਰਯੋਗ ਸਥਾਨ ਮਿਲਿਆ ਹੈ। ਮਨੁੱਖ ਦੇ ਨੈਤਿਕ ਤੇ ਅਧਿਆਤਮਿਕ ਜੀਵਨ ਵਿਚ ਵਿਵੇਕਸ਼ੀਲਤਾ ਭਰਪੂਰ ਹਿੱਸਾ ਪਾਉਂਦੀ ਹੈ। ਅਕਲ ਨੂੰ ਬੜੀ ਵੱਡੀ ਸ਼ੈ ਮੰਨਿਆ ਗਿਆ ਹੈ; ਇਹ ਸੱਚ-ਝੂਠ ਦੀ ਤੱਕੜੀ ਹੈ। ਗੁਰਬਾਣੀ ਅਨੁਸਾਰ—"ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨੁ।" ਪਰ ਬਾਣੀ-ਰਚਨਾ ਵਿਚ ਬੁੱਧ-ਵਿਵੇਕ (ਜਾਂ ਬਿਬੇਕ)ਨੂੰ ਸਾਧਾਰਨ ਬੁੱਧ-ਬਲ ਤਕ ਹੀ ਸੀਮਿਤ ਨਹੀਂ ਰੱਖਿਆ ਗਿਆ। ਵਿਵੇਕਸ਼ੀਲ ਬਿਰਤੀ ਵਾਲਾ ਵਿਅਕਤੀ ਵਿਕਸਿਤ ਸਮਰੱਥਾ ਦਾ ਧਾਰਨੀ ਹੈ, ਜਿਸ ਦੀ ਬੁੱਧੀ ਅੰਤਰਬੋਧ ਦੀ ਪੱਧਰ ਉੱਤੇ ਕਾਰਜ ਕਰਦੀ ਹੈ। ਗੁਰਬਾਣੀ ਵਿਚ ਜਦੋਂ ਵਿਵੇਕ-ਬੁੱਧ ਨੂੰ ਸਲਾਹਿਆ ਜਾਂਦਾ ਹੈ ਤਾਂ ਇਸ ਨੂੰ ਅੰਤਰਬੋਧੀ ਦ੍ਰਿਸ਼ਟੀ ਦੇ ਰੂਪ ਵਿਚ ਪਰਵਾਨ ਕੀਤਾ ਜਾਂਦਾ ਹੈ। ਦੈਵੀ ਮਾਮਲਿਆਂ ਵਿਚ ਸਾਧਾਰਨ ਪੱਧਰ ਦਾ ਪ੍ਰੇਖਣ ਜਾਂ ਸੋਚ-ਵਿਚਾਰ ਕੰਮ ਨਹੀਂ ਸਾਰ ਸਕਦੇ, ਆਤਮ-ਦ੍ਰਿਸ਼ਟੀ ਤੇ ਰਹੱਸਮਈ ਅਨੁਭਵ ਅਨਿਵਾਰੀ ਹੋ ਜਾਂਦੇ ਹਨ। ਸਿੱਖ ਦੇ ਮਾਰਗ-ਦਰਸ਼ਨ ਲਈ ਵਿਵੇਕ ਦਾ ਚਾਨਣ ਅਤੇ ਅੰਤਰਬੋਧੀ ਚੇਤਨਾ ਲੁੜੀਂਦੇ ਹਨ; ਉਸ ਨੂੰ ਅਜਿਹੀਆਂ 'ਅੱਖਾਂ' ਦੀ ਲੋੜ ਹੈ ਜੋ ਉਸ ਦੀ ਆਤਮਾ ਵਿਚ ਅਰੂਪ ਨੂੰ ਸਾਕਾਰ ਕਰ ਦੇਣ।

ਸੰਵੇਦਨਾ, ਬੁੱਧੀ ਤੇ ਅੰਤਰਬੋਧ ਤਿੰਨੇ ਮਿਲ ਕੇ ਉਸ ਸਮੁੱਚੀ ਕ੍ਰਿਆ ਦੀ ਘਾੜਤ ਘੜਦੇ ਹਨ, ਜੋ ਮਨੁੱਖ ਨੂੰ ਗਿਆਨ ਦੀ ਦਾਤ ਦੇਂਦੀ ਹੈ। ਇਹ ਤਿੰਨ ਵਿਭਿੰਨ ਸਰੋਤ ਹਨ, ਜਿਨ੍ਹਾਂ ਤੋਂ ਭਿੰਨ-ਭਿੰਨ ਪ੍ਰਕਾਰ ਦਾ ਗਿਆਨ ਉਤਪੰਨ ਹੁੰਦਾ ਹੈ। ਸੰਵੇਦਨਾ ਦਾ ਸਰੋਤ ਵਿਅਕਤੀ ਦੇ ਅਨੁਭਵੀ ਜਗਤ ਨਾਲ ਸੰਬੰਧਿਤ ਹੈ, ਬੁੱਧੀ ਦਾ ਸਰੋਤ ਉਸ ਦੇ ਸੰਕਲਪਿਕ ਜਗਤ ਨਾਲ, ਅਤੇ ਅੰਤਰਬੋਧ ਉਸ ਦੇ ਆਤਮਿਕ ਮੰਡਲ ਨਾਲ ਸੰਬੰਧਿਤ ਹਨ। ਪਦਾਰਥਕ ਜਗਤ-ਪਰਪੰਚ ਦੀ ਜਾਣਕਾਰੀ ਉਸ ਨੂੰ ਪ੍ਰੇਖਕੀ ਅਨੁਭਵ ਰਾਹੀਂ ਮਿਲਦੀ ਹੈ, ਉਹ ਸੰਸਾਰ ਲੀਲ੍ਹਾ ਨੂੰ ਮਾਣਦਾ ਹੈ। ਵਿਚਾਰਾਂ ਤੇ ਸੰਕਲਪਾਂ ਦੀ ਦੁਨੀਆਂ

Sri Satguru Jagjit Singh Ji eLibrary NamdhariElibrary@gmail.com

ਵਿਚ ਖੋਇਆ ਉਹ ਸੰਵੇਦਨਾਵਾਂ ਦੇ ਪ੍ਰਭਾਵ ਤੋਂ ਬਰੀ ਹੋਇਆ ਮਹਿਸੂਸ ਕਰਦਾ ਹੈ। ਗਿਆਨਕਾਰੀ ਦੀ ਸਮੁੱਚੀ ਕ੍ਰਿਆ ਵਿਚ ਬੇਸ਼ੱਕ ਸੰਵੇਦਨਾ, ਬੁੱਧੀ ਤੇ ਅੰਤਰਬੋਧ ਦੀ ਸਾਂਝ ਤੇ ਮਿਲਵਰਤਣ ਹੈ, ਹਰ ਅਵਸਥਾ ਵਿਚ ਕਿਸੇ ਇਕ ਗਿਆਨ-ਸਰੋਤ ਦੀ ਪ੍ਰਬਲਤਾ ਸੁਭਾਵਕ ਹੈ। ਭਗਤੀ-ਭਾਵ ਦੀ ਸਥਿਤੀ ਵਿਚ ਅੰਤਰਬੋਧ ਤੇ ਰਹੱਸਮਈ ਦ੍ਰਿਸ਼ਟੀ ਬਲਵਾਨ ਹੁੰਦੀਆਂ ਹਨ, ਜਦ ਕਿ ਬੌਧਿਕ ਸੋਚ-ਵਿਚਾਰ ਅਤੇ ਸਰੀਰਕ ਸੰਵੇਦਨਾ ਮੱਧਮ ਪੈ ਜਾਂਦੀਆਂ ਹਨ। ਅੰਤਰਬੋਧ ਦਾ ਇਕ ਹੋਰ ਵੀ ਕਾਰਜ ਹੈ—ਇਹ ਸੰਵੇਦਨਾ ਤੇ ਬੁੱਧੀ ਦੇ ਸਰੋਤਾਂ ਤੋਂ ਪ੍ਰਾਪਤ ਗਿਆਨ ਨੂੰ ਏਕਤਾ ਵਿਚ ਜੋੜਦਾ ਹੈ ਅਤੇ ਆਤਮਿਕ ਮੰਡਲ ਨੂੰ ਰੁਸ਼ਨਾਂਦਾ ਹੈ। ਇਹ ਵਿਅਕਤੀ ਦੀ ਗਿਆਨਕਾਰੀ ਦਾ ਉਚੇਰਾ ਪੱਖ ਹੈ, ਜੋ ਦੂਸਰੇ ਦੋ ਪੱਖਾਂ ਨੂੰ ਆਪਣੇ ਵਸੀਕਾਰ ਵਿਚ ਲਿਆਂਦਾ ਤੇ ਸਾਂਝ ਵਿਚ ਪਰੋਂਦਾ ਹੈ।

ਧਰਮ ਦੇ ਖੇਤਰ ਵਿਚ ਅੰਤਰਬੋਧ ਦੀ ਉਚੇਰੀ ਵਿਸ਼ੇਸ਼ਤਾ ਹੈ। ਗਿਆਨ ਦਾ ਇਹ ਉਚੇਰਾ ਪ੍ਰਵਰਗ ਹਕੀਕਤ ਦੀਆਂ ਉਨ੍ਹਾਂ ਉਚਾਈਆਂ ਨੂੰ ਆਤਮਾ; ਵਿਚ ਰੋਸ਼ਨ ਕਰਦਾ ਹੈ ਜੋ ਆਮ ਤੌਰ 'ਤੇ ਵਿਅਕਤੀ ਦੀ ਨਜ਼ਰ ਤੋਂ ਓਝਲ ਹੁੰਦੀਆਂ ਹਨ। ਗਿਆਨਵਾਨਤਾ ਦੀ ਜਿਸ ਪੱਧਰ ਨੂੰ ਵਿਅਕਤੀ ਖੁਲ੍ਹੀਆ ਅੱਖਾਂ ਤੇ ਜਿਸਮਾਨੀ ਸਮਰੱਥਾ ਰਾਹੀਂ ਨਹੀਂ ਪੁੱਜ ਸਕਦਾ, ਨਾ ਹੀ ਬੁੱਧ-ਬਲ ਦੇ ਆਸਰੇ ਜਿਸ ਮੰਡਲ ਵਿਚ ਪਰਵੇਸ਼ ਕਰ ਸਕਦਾ ਹੈ, ਅੰਤਰਬੋਧੀ ਚੇਤਨਾ ਉਸ ਪੱਧਰ ਨੂੰ ਮੀਟੀਆਂ ਅੱਖਾਂ ਦੀ ਸਥਿਤੀ ਵਿਚ 'ਦ੍ਰਿਸ਼ਟੀਗੋਚਰ' ਕਰ ਦੇਂਦੀ ਹੈ। ਜੋ ਝਲਕ ਇਸ ਮੰਡਲ ਵਿਚ ਵਿਚਰਨ ਵਾਲੇ ਵਿਅਕਤੀ ਨੂੰ ਮਿਲਦੀ ਹੈ, ਉਸ ਬਾਰੇ ਸੰਸਾਰ-ਭਰ ਦੇ ਰਹੱਸਵਾਦੀਆਂ ਨੇ ਸੰਕੇਤ ਕੀਤੇ ਹਨ। ਰਹੱਸਮਈ ਚੇਤਨਾ ਦੀ ਸਥਿਤੀ ਵਿਚ ਜਿਸ ਸੁਹਜਵਾਦੀ ਰਸ ਨੂੰ ਵਿਅਕਤੀ ਮਾਣਦਾ ਹੈ, ਜਿਸ ਵਿਸਮਾਦੀ ਦਸ਼ਾ ਦਾ ਅਨੁਭਵ ਕਰਦਾ ਤੇ ਅਨੰਦਿਤ ਹੁੰਦਾ ਹੈ, ਗੁਰੂ-ਗ੍ਰੰਥ ਬਾਣੀ ਵਿਚ ਉਸ ਦੀ ਪੁਸ਼ਟੀ ਥਾਂ-ਥਾਂ ਤੇ ਹੋਈ ਹੈ। ਆਤਮਿਕ ਅਨੁਭਵ ਦੀ ਅਜਿਹੀ ਅਵਸਥਾ ਵਿਚ ਵਿਚਰਦੇ ਵਿਅਕਤੀ ਨੂੰ ਹਕੀਕਤ ਦੇ ਉੱਚਤਮ ਮੰਡਲਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ; ਉਸ ਦੀ ਪਰਮ ਸੁਰਤੀ ਅੱਗੇ ਅਗੋਚਰ ਤੇ ਵਿਆਪਕ ਇਕਰੂਪ ਹੋ ਜਾਂਦੇ ਹਨ। ਉਹ ਸਗਲ ਭਵਨਾਂ ਵਿਚ ਇੱਕੋ ਬ੍ਰਹਮ-ਜੋਤੀ ਨੂੰ ਨਿਹਾਰਦਾ ਹੈ। ਉਸ ਲਈ—"ਸਰਬ ਜੋਤਿ ਤੇਰੀ ਪਸਰ ਰਹੀ। ਜਹ ਜਹ ਦੇਖਾ ਤਹ ਨਰ ਹਰੀ।"

## ਗਿਆਨ ਦਾ ਆਦਰਸ਼

ਸਿੱਖ-ਚਿੰਤਨ ਦੀ ਪਰੰਪਰਾ ਵਿਚ ਸੂਝਵਾਨ ਵਿਅਕਤੀਆਂ ਨੂੰ 'ਗਿਆਨੀ' ਕਹਿਣ ਦੀ ਰਵਾਇਤ ਪ੍ਰਚਲਿਤ ਰਹੀ ਹੈ। 'ਸਿੱਖ ਧਰਮਦਰਸ਼ਨ' ਦੇ ਲੇਖਕ (ਸ.ਸ. ਕਵੀਸ਼ਰ) ਅਨੁਸਾਰ "ਸਿੱਖ ਗਿਆਨਵਾਨ ਦਾ ਮੰਡਲ ਅਖਵਾਂਦੇ ਹਨ।" ਗਿਆਨੀ ਗਿਆਨਵਾਨ, ਦਾਨਸ਼ਮੰਦ ਵਿਅਕਤੀ ਹੈ, ਜਿਸ ਨੇ ਵਿਦਵਤਾ ਹਾਸਿਲ ਕੀਤੀ ਹੈ; ਜਿਸ ਨੂੰ ਹੋਰਨਾਂ ਸਾਧਾਰਨ ਜੀਵਾਂ ਦੀ ਤੁਲਨਾ ਵਿਚ ਉਚੇਰਾ ਤੇ ਭਰਪੂਰ ਗਿਆਨ ਪ੍ਰਾਪਤ ਹੈ; ਜਿਸ ਨੇ ਸ੍ਰਿਸ਼ਟੀ-ਰਚਨਾ ਤੇ ਇਸ ਦੇ ਕਰਤਾ ਸੰਬੰਧੀ ਭੇਦਾਂ ਦਾ ਥਾਹ ਪਾ

Sri Satguru Jagjit Singh Ji eLibrary NamdhariElibrary@gmail.com

ਲਿਆ ਹੈ, ਅਤੇ ਇਸ ਸਥਿਤੀ ਤਕ ਪੁੱਜਣ ਲਈ ਨਿਰੰਤਰ ਘਾਲਨਾ ਘਾਲੀ ਹੈ; ਧਰਮ-ਗ੍ਰੰਥ ਤੇ ਇਨ੍ਹਾਂ ਦੇ ਭਾਸ਼ ਪੜ੍ਹੇ ਤੇ ਘੋਖੇ ਹਨ; ਧਰਮ-ਸਿਧਾਂਤੀਆਂ ਦੇ ਵਿਚਾਰਾਂ ਦਾ ਅਧਿਐਨ ਕੀਤਾ ਹੈ; ਤੇ ਇਸ ਕਾਰਜ ਲਈ ਪ੍ਰੌਢ, ਗਿਆਨਵਾਨ ਪੁਰਸ਼ਾਂ ਦੀ ਸੰਗਤ ਕੀਤੀ ਹੈ। ਸਿੱਖ ਭਾਈਚਾਰੇ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਗਿਆਨੀ ਦੀ ਉਪਾਧੀ ਦਿੱਤੀ ਜਾਂਦੀ ਸੀ, ਉਨ੍ਹਾਂ ਨੇ ਗੁਰੂ-ਗ੍ਰੰਥ ਬਾਣੀ ਦੀ ਵਿਆਖਿਆ ਦੀ ਰਵਾਇਤ ਕਾਇਮ ਕੀਤੀ, ਅਤੇ ਅਜਿਹਾ ਜੀਵਨ ਜੀਵਿਆ ਜਿਸ ਵਿਚ ਸੰਜਮ ਸੀ, ਗੁਰਬਾਣੀ ਦੇ ਆਸ਼ੇ ਦਾ ਸਹਿਜ ਤੇ ਸੰਤੋਖ ਸੀ, ਅਧਿਐਨ ਲਈ ਲਗਨ ਤੇ ਰੁਚੀ ਸੀ। ਉਨ੍ਹਾਂ ਨੇ ਵਿਆਖਿਆ ਤੇ ਗਿਆਨ ਪ੍ਰਸਾਰ ਨੂੰ ਦਿੱਤੇ ਦੇ ਰੂਪ ਵਿਚ ਨਹੀਂ, ਸਗੋਂ ਸ਼ੌਕ ਤੇ ਸੇਵਾ-ਭਾਵ ਨਾਲ ਅਪਨਾਇਆ, ਅਤੇ ਇਸ ਤਰ੍ਹਾਂ ਆਪਣੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਰਹੇ। 'ਗਿਆਨੀ' ਸ਼ਬਦ ਆਦਰ-ਭਾਵ ਤੇ ਵਡਿਆਈ ਦਾ ਸੂਚਕ ਸੀ ਅਤੇ ਇਸ ਗੱਲ ਦਾ ਹੱਕਦਾਰ ਸੀ। ਬੇਸ਼ੱਕ ਅਜੋਕੇ ਦੌਰ ਵਿਚ 'ਗਿਆਨੀ' ਸ਼ਬਦ ਦੀ ਮਾਨਤਾ ਤੇ ਕਾਰ ਉਸ ਪੱਧਰ ਦੀ ਨਹੀਂ ਰਹੀ।

ਗੁਰੂ ਨਾਨਕ ਦੇਵ ਨੇ ਗਿਆਨੀ ਦੇ ਲੱਛਣ ਦਰਸਾਂਦਿਆਂ "ਵਿਦਿਆ ਵੀਚਾਰੀ ਤਾਂ ਪਰ-ਉਪਕਾਰੀ" ਦੇ ਸ਼ਬਦਾਂ ਵਿਚ ਆਪਣਾ ਮਤ ਵਿਅਕਤ ਕੀਤਾ ਹੈ। ਵਿਦਵਤਾ ਦਾ ਸਹੀ ਮੁੱਲ, ਉਨ੍ਹਾਂ ਦੀ ਨਜ਼ਰ ਵਿਚ, ਲੋਕ-ਭਲਾਈ ਦੇ ਅਰਥ ਆਪਾ-ਸਮਰਪਨ ਹੈ। "ਬ੍ਰਹਮ-ਗਿਆਨੀ ਪਰ-ਉਪਕਾਰ ਉਮਾਹਾ" ਦੀ ਪੰਕਤੀ ਵੀ ਇਸੇ ਧਾਰਨਾਂ ਨੂੰ ਪੁਸ਼ਟ ਕਰਦੀ ਹੈ। ਵਿਦਵਤਾ ਤੇ ਉਪਕਾਰ ਦਾ ਸਮੰਜਨ ਗੁਰਬਾਣੀ ਦੇ ਪ੍ਰਕਰਣ ਵਿਚ ਪ੍ਰਤੱਖ ਹੈ। ਗੁਰੂ ਤੇਗ ਬਹਾਦਰ ਦੀ ਸਲੋਕ-ਰਚਨਾ ਵਿਚ 'ਗਿਆਨੀ' ਦੀ ਪਰਿਭਾਸ਼ਾ ਨੂੰ ਨਵੀਂ ਸੇਧ ਮਿਲੀ ਹੈ, ਜੋ ਉਪਕਾਰ-ਭਾਵਨਾ ਨੂੰ ਨਿਰਭੈਤਾ ਦੇ ਸਦਗੁਣ ਨਾਲ ਜੋੜਦੀ ਹੈ। "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ। ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ।" ਜੋ ਨਾਂ ਕਿਸੇ ਨੂੰ ਡਰਾਵੇ, ਧਮਕਾਵੇ, ਨਾ ਕਿਸੇ ਦਾ ਡਰ ਖੌਫ਼ ਮਨ ਵਿਚ ਲਿਆਵੇ, ਅਜਿਹਾ ਸੂਰਮਾ ਵਿਅਕਤੀ ਹੀ ਅਸਲ ਅਰਥਾਂ ਵਿਚ ਗਿਆਨੀ ਹੈ। ਗਿਆਨ ਦਾ ਚਾਨਣ ਉਸ ਨੂੰ ਜੋ ਸ਼ਕਤੀ ਬਖ਼ਸ਼ਦਾ ਹੈ, ਉਸ ਰਾਹੀਂ ਉਹ ਸੰਸਾਰ ਦੇ ਕਾਰਜਾਂ ਨੂੰ ਕੁਸ਼ਲਤਾ ਨਾਲ ਨਿਭਾਉਂਦਾ ਅਤੇ, ਬਿਨਾਂ ਕਿਸੇ ਮੰਦ-ਭਾਵਨਾ ਦੇ, ਆਪਣੇ ਸੰਗ-ਸਾਥ ਸੰਤੁਲਿਤ ਵਿਹਾਰ ਕਰਦਾ ਹੈ।

ਮਨੁੱਖ ਦੀ ਪੂਰਨਤਾ ਦੇ ਦ੍ਰਿਸ਼ਟੀਕੋਣ ਤੋਂ ਪਰਖੀਏ, ਤਾਂ ਬੁੱਧੀਸ਼ੀਲਤਾ ਦੇ ਅਰਥ ਵਿਚ ਪੂਰਨਤਾ ਦੇ ਆਦਰਸ਼ ਦੀ ਪ੍ਰਾਪਤੀ ਸੰਭਵ ਨਹੀਂ ਜਾਪਦੀ, ਕਿਉਂਕਿ ਇਥੇ ਗਿਆਨ ਦੀਆਂ ਸੀਮਾਵਾਂ ਅਪਹੁੰਚ ਹਨ। ਮਨੁੱਖ ਦਾ ਗਿਆਨ-ਵਿਗਿਆਨ ਜਿਸ ਤੇਜ਼ੀ ਨਾਲ ਵਧ ਰਿਹਾ ਹੈ, ਉਸ ਨਾਲ ਕਦਮ ਮਿਲਾ ਕੇ ਚੱਲਣਾ ਕਿਸੇ ਦੇ ਵੱਸ ਵਿਚ ਨਹੀਂ ਰਿਹਾ। ਜੇਕਰ ਪੂਰਨ ਪੁਰਸ਼ ਦੀ ਪਰਿਭਾਸ਼ਾ ਪੂਰਨ ਰੂਪ ਵਿਚ ਗਿਆਨਵਾਨ ਵਿਅਕਤੀ ਦੇ ਅੱਖਰਾਂ ਵਿਚ ਕੀਤੀ ਜਾਣੀ ਹੈ, ਤਾਂ ਬੁੱਧੀਜੀਵੀ ਵਰਗ ਦੇ ਕਿਸੇ ਵੀ ਵਿਅਕਤੀ

Sri Satguru Jagjit Singh Ji eLibrary NamdhariElibrary@gmail.com

ਉੱਤੇ ਇਹ ਪਰਿਭਾਸ਼ਾ ਲਾਗੂ ਨਹੀਂ ਹੋ ਸਕੇਗੀ। ਪਰ, ਇਸ ਪ੍ਰਕਰਣ ਵਿਚ 'ਗਿਆਨ' ਤੋਂ ਭਾਵ ਵਿਗਿਆਨਕ ਸੂਝ-ਬੂਝ ਤੇ ਜਾਣਕਾਰੀ ਹੈ, ਅਤੇ 'ਪੂਰਨਤਾ' ਤੋਂ ਭਾਵ ਤਕਨੀਕੀ ਪੂਰਨਤਾ ਹੈ। ਜਦੋਂ ਧਰਮ ਦੇ ਖੇਤਰ ਵਿਚ ਪੂਰਨਤਾ ਦੀ ਗੱਲ ਕੀਤੀ ਜਾਂਦੀ ਹੈ, ਤਾਂ ਪੂਰਨ ਗਿਆਨ ਦੀ ਪਰਿਭਾਸ਼ਾ ਵਿਚ ਦੈਵੀ ਗਿਆਨ ਸੰਮਿਲਤ ਹੋ ਜਾਂਦਾ ਹੈ, ਜੋ ਕੇਵਲ ਤਕਨੀਕੀ ਜਾਣਕਾਰੀ ਜਾਂ ਬੁੱਧੀਮਾਨਤਾ ਤਕ ਹੀ ਸੀਮਿਤ ਨਹੀਂ। ਬ੍ਰਹਮਗਿਆਨੀ ਪੂਰਨ ਰੂਪ ਗਿਆਨ ਦਾ ਸੁਆਮੀ ਹੈ; ਉਸ ਦੇ ਹੱਥ ਉਹ 'ਕੁੰਜੀ' ਆ ਗਈ ਹੈ, ਜਿਸ ਦੁਆਰਾ ਉਹ ਲੁਪਤ ਭੇਦਾਂ ਤੇ ਗੁਹਜਾਂ ਵਿਚ ਝਾਕ ਸਕਦਾ ਹੈ; ਜਿਸ ਦੀ ਦਿਬ-ਦ੍ਰਿਸ਼ਟੀ ਸਾਹਮਣੇ ਕੁਝ ਵੀ ਗੁਪਤ ਤੇ ਅਬੁੱਝ ਨਹੀਂ। ਸਿੱਖ-ਚਿੰਤਨ ਵਿਚ ਗਿਆਨ ਦੀ ਪੂਰਨਤਾ ਦਾ ਇਹ ਆਦਰਸ਼ ਬ੍ਰਹਮ-ਗਿਆਨ ਹੈ।

ਸਿੱਖ ਗਿਆਨ-ਮੀਮਾਸਾਂ ਮਨੁੱਖ ਦੇ ਸਨਮੁਖ ਗਿਆਨ ਦਾ ਅਜਿਹਾ ਆਦਰਸ਼ ਪ੍ਰਸਤੁਤ ਕਰਦਾ ਹੈ, ਜਿਸ ਦੀ ਪ੍ਰਾਪਤੀ ਦੀ ਸੰਭਾਵਨਾ ਹਰ ਕਿਸੇ ਦੀ ਪਹੁੰਚ ਵਿਚ ਹੈ; ਇਹ ਗੱਲ ਵੱਖਰੀ ਹੈ ਕਿ ਵਿਹਾਰਕ ਦ੍ਰਿਸ਼ਟੀ ਤੋਂ ਕੋਈ ਵਿਰਲਾ ਵਿਅਕਤੀ ਹੀ ਆਦਰਸ਼ਕ ਸਿਖਰਾਂ ਨੂੰ ਛੂੰਹਦਾ ਹੈ। ਅਜਿਹੇ 'ਪੰਚ' ਤੇ 'ਸਚਿਆਰੇ' ਪੁਰਸ਼ ਦੀ ਵਡਿਆਈ ਗੁਰਬਾਣੀ ਵਿਚ ਅਨੇਕ ਥਾਵਾਂ ਤੇ ਕੀਤੀ ਗਈ ਹੈ। ਸਿੱਖ-ਚਿੰਤਨ ਮਨੁੱਖ ਦੀ ਆਤਮਿਕ ਪੂਰਨਤਾ ਨੂੰ ਪਹਿਲ ਦੇਂਦਾ ਹੈ, ਨਾ ਕਿ ਤਕਨੀਕੀ ਸ਼ਕਤੀਆਂ ਨੂੰ; ਅਤੇ ਇਸ ਪੂਰਨਤਾ ਲਈ ਉਸ ਨੂੰ ਜਿਗਿਆਸੂ ਦੀ ਕਰਮਸ਼ੀਲਤਾ, ਉੱਦਮ ਅਤੇ ਨੇਮਬੱਧ ਜੀਵਨ ਦੇ ਨਾਲ-ਨਾਲ ਦੈਵੀ ਮਿਹਰ ਦੀ ਅੰਸ਼ ਨੂੰ ਵੀ ਧਿਆਨ ਵਿਚ ਰੱਖਣ ਦੀ ਆਵੱਸ਼ਕਤਾ ਹੈ। ਮਾਨਵੀ ਰੂਪ ਵਿਚ ਪਰਗਟ 'ਗੁਰੂ' ਪ੍ਰਭੂ ਤੇ ਜਿਗਿਆਸੂ ਵਿਚਕਾਰ ਵਿਚੋਲੇ ਦਾ ਕਾਰਜ ਕਰਦਾ ਹੈ ਅਤੇ ਸਹੀ ਪੰਧ ਉੱਤੇ ਚੱਲਣ ਹਿਤ ਹਦਾਇਤ ਦੇਂਦਾ ਤੇ ਪੱਥ-ਪ੍ਰਦਰਸ਼ਨ ਕਰਦਾ ਹੈ। 'ਗੁਰੂ' ਦਾ ਇਹ ਕਾਰਜ ਗੁਰੂ ਦੀ ਬਾਣੀ ਦੁਆਰਾ ਨਿਭਦਾ ਹੈ 'ਜੋ ਪੁਰਖੀ ਰਾਹਬਰ ਦੀ ਥਾਂ ਤੇ ਸ਼ਰਧਾਵਾਨ ਪੈਰੋਕਾਰ ਨੂੰ ਅਧਿਆਤਮਿਕ ਸੇਧ ਪ੍ਰਦਾਨ ਕਰਦੀ ਹੈ। ਸਿੱਖ ਲਈ ਗੁਰੂ-ਬਾਣੀ ਹੀ ਗੁਰੂ ਹੈ। ਇਸ ਦੇ ਸੰਦੇਸ਼ ਨੂੰ ਸਮਝਣਾ ਅਤੇ ਇਸ ਉੱਤੇ ਅਮਲ ਕਰਨਾ ਉਸ ਦਾ ਕਰਤੱਵ ਤੇ ਧਰਮ ਹੈ। ਬਾਣੀ ਦੇ ਸੰਦੇਸ਼ ਦਾ ਅਧਿਐਨ ਗਿਆਨ-ਪ੍ਰਾਪਤੀ ਦਾ ਇਕ ਰੂਪ ਹੈ, ਇਸ ਸੰਦੇਸ਼ ਦੇ ਰਹੱਸਮਈ ਅਰਥਾਂ ਨੂੰ ਗ੍ਰਹਿਣ ਕਰਨਾ ਗਿਆਨ ਦਾ ਦੂਸਰਾ ਅਤੇ ਆਦਰਸ਼ਕ ਰੂਪ ਹੈ।

ਗੁਰਬਾਣੀ ਅਨੁਸਾਰ, ਗਿਆਨਵਾਨਤਾ ਦਾ ਆਦਰਸ਼ ਉੱਚਤਮ ਸਚਾਈ ਹੈ। ਦਾਰਸ਼ਨਿਕ ਸ਼ਬਦਾਵਲੀ ਵਿਚ ਗੁਰੂ ਨਾਨਕ ਦੀ ਦ੍ਰਿਸ਼ਟੀ ਦਾ 'ਸੱਚ' ਬ੍ਰਹਮ ਆਪ ਹੈ, ਜਿਸ ਨੂੰ ਨਿਰੰਕਾਰ, ਨਿਰਵਿਕਾਰ, ਅਵੰਡ ਪਰਮ-ਸੱਤਾ ਦੇ ਸਰੂਪ ਵਿਚ ਕਥਨ ਕੀਤਾ ਗਿਆ ਹੈ; ਧਰਮ-ਸਿਧਾਂਤੀ ਸ਼ਬਦਾਵਲੀ ਇਸੇ ਸੱਚ ਨੂੰ ਸੱਚਾ ਸਾਹਿਬ, ਦੈਵੀ ਪੁਰਖ, ਕਰਤਾ ਅਤੇ ਜਗਤ ਦੇ ਪ੍ਰਿਤਪਾਲਕ ਸਰੂਪ ਵਿਚ ਪੇਸ਼ ਕਰਦੀ ਹੈ। ਗੁਰਬਾਣੀ ਵਿਚ ਸੱਚ ਦੇ ਇਹ ਦੋਵੇਂ ਸਰੂਪ ਵਰਣਿਤ ਹਨ। ਸੁਖਮਨੀ ਵਿਚ ਗੁਰੂ ਅਰਜਨ ਦੇਵ ਬ੍ਰਹਮ-

Sri Satguru Jagjit Singh Ji eLibrary NamdhariElibrary@gmail.com

ਗਿਆਨੀ ਦੀ ਵਿਆਖਿਆ ਕਰਦਿਆਂ ਉਸ ਨੂੰ ਅਜਿਹਾ ਵਿਅਕਤੀ ਦਰਸਾਂਦੇ ਹਨ, ਜਿਸ ਦੇ ਮਨ ਵਿਚ ਸੱਚਾ, ਮੁਖ ਵਿਚ ਸੱਚਾ ਵੱਸਦਾ ਹੈ; ਜਿਸ ਨੂੰ ਇਕੋ-ਇਕ ਪ੍ਰਭੂ ਤੋਂ ਸਿਵਾ ਕੋਈ ਦੂਸਰਾ ਦਿਖਾਈ ਨਹੀਂ ਦੇਂਦਾ। ਇਹ ਲੱਛਣ ਬ੍ਰਹਮ-ਗਿਆਨੀ ਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਆਤਮ-ਦਰਸ਼ੀ ਪੁਰਸ਼ ਲਈ ਵਿਸ਼ਵ ਦੇ ਵਿਭਿੰਨ ਰੂਪ-ਆਕਾਰ ਗ਼ਾਇਬ ਹੋ ਜਾਂਦੇ ਹਨ, ਕੇਵਲ ਉਸ ਦੀ ਦ੍ਰਿਸ਼ਟੀ ਸਮੁੱਚੀ ਕਾਇਨਾਤ ਨੂੰ ਵਿਆਪਕ ਦੈਵੀ ਹਸਤੀ ਦੇ ਰੂਪ ਵਿਚ ਨਿਹਾਰਦੀ ਹੈ। ਉਸ ਵਿਚ ਹਕੀਕਤ ਦੀਆਂ ਲੁਪਤ ਡੂੰਘਾਈਆਂ ਤੇ ਗੁਹਜਾਂ ਨੂੰ ਭਾਂਪਣ ਦੀ ਸਮਰੱਥਾ ਆ ਜਾਂਦੀ ਹੈ। ਦਿਬ-ਦ੍ਰਿਸ਼ਟੀ ਨਾਲ ਵਰੋਸਾਏ ਅਜਿਹੇ ਜੀਵ ਨੂੰ ਬਾਣੀ-ਰਚਨਾ ਵਿਚ ਸਨਮਾਨਿਆ ਗਿਆ ਹੈ। ਗੁਰੂ ਅਮਰਦਾਸ ਜੀ ਦੇ ਇਕ ਪਦੇ ਵਿਚ "ਗੁਰਮੁਖਿ ਬੁਢੇ ਕਦੇ ਨਾਹੀ" ਦਾ ਉਲੇਖ ਹੈ; ਗੁਰਮੁਖ ਦੇ ਅੰਦਰਲੀ ਜੋਤ ਸਦਾ ਜਗ਼ਦੀ ਹੈ; ਉਹ ਨਿਰੰਤਰ ਆਪਣੇ ਪ੍ਰਭੂ ਦੇ ਗੁਣ ਚਿਤਾਰਦਾ, ਲਿਵ ਵਿਚ ਲੀਨ ਰਹਿੰਦਾ ਹੈ; ਉਸ ਦੀ ਦ੍ਰਿਸ਼ਟੀ ਤੋਂ ਕੇਵਲ ਇਕੋ ਸੱਚਾ ਸਾਹਿਬ ਹਰ ਹਿਰਦੇ ਵਿਚ ਵਿਆਪਕ ਹੈ। ਇਹ ਬ੍ਰਹਮ-ਗਿਆਨ ਦਾ ਆਦਰਸ਼ ਹੈ, ਜਿਸ ਨੂੰ ਕੇਵਲ-ਮਾਤਰ ਬ੍ਰਹਿਮੰਡੀ ਗਿਆਨ ਜਾਂ ਵਿਸ਼ਵ-ਚੇਤਨਾ ਦੀ ਪੱਧਰ ਉੱਤੇ ਦੇਖਣਾ ਕਾਫ਼ੀ ਨਹੀਂ; ਇਹ ਬ੍ਰਹਮ ਦੀ ਪੂਰਨ ਚੇਤਨਾ ਹੈ।

## ਸਿੱਖ ਰਹੱਸਵਾਦ

ਜਿਸ ਵਿਅਕਤੀ ਨੂੰ ਗੁਰਬਾਣੀ ਨੇ ਬ੍ਰਹਮ-ਗਿਆਨੀ ਦੀ ਉਪਾਧੀ ਦਿੱਤੀ ਹੈ, ਉਸ ਨੂੰ ਬੜੇ ਸੌਖ ਨਾਲ ਰਹੱਸਮਈ ਬਿਰਤੀ ਵਾਲਾ ਪੁਰਸ਼ ਜਾਂ ਰਹੱਸਮਈ ਦਾ ਨਾਮ ਦਿੱਤਾ ਜਾ ਸਕਦਾ ਹੈ; ਉਸ ਦੀ ਦ੍ਰਿਸ਼ਟੀ ਉਸ ਨੂੰ ਗਿਆਨਵਾਨਤਾ ਦੀ ਉਸ ਸਿਖਰ ਉੱਤੇ ਲੈ ਜਾਂਦੀ ਹੈ, ਜਿਥੇ ਉਹ ਰਹੱਸਮਈ ਸਹਿਜ ਦੀ ਅਵਸਥਾ ਵਿਚ ਵਿਚਰਦਾ ਹੈ। ਸਿੱਖ ਪਰੰਪਰਾ ਵਿਚ ਰਹੱਸ-ਯੁਕਤ ਮਨੋਭਾਵ ਜਾਂ ਰਹੱਸਮਈ ਦ੍ਰਿਸ਼ਟੀ ਨੂੰ ਰਹੱਸਮਈ ਸੰਪ੍ਰਦਾਵਾਂ ਜਾਂ ਫ਼ਿਰਕਿਆਂ ਨਾਲੋਂ ਨਿਖੇੜ ਕੇ ਸਮਝਣ ਦਾ ਉਪਰਾਲਾ ਹੋਇਆ ਹੈ। ਸਿੱਖ-ਮਤ ਨੇ ਗੁਰੂ-ਗ੍ਰੰਥ ਬਾਣੀ ਵਿਚ ਦਰਸਾਏ ਮਾਰਗ ਤੋਂ ਬਿਨਾਂ ਕਿਸੇ ਹੋਰ ਵਿਸ਼ਵਾਸ-ਪ੍ਰਬੰਧ ਵਿਚ ਸ਼ਰਧਾ ਰੱਖਣ ਦੀ ਸੇਧ ਨਹੀਂ ਅਪਨਾਈ। ਇਸ ਨੇ ਰਹੱਸਵਾਦ ਨੂੰ ਕਿਸੇ ਰਸਮੀ ਭੇਖ ਜਾਂ ਸਿਲਸਿਲੇ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ, ਜਿਥੇ ਕਿ ਕਈ ਕਿਸਮ ਦੀਆਂ ਤਪ-ਸਾਧਨਾਵਾਂ, ਬੰਦਸ਼ਾਂ, ਬੰਧੇਜਾਂ ਅਤੇ ਚਿੱਤ-ਇਕਾਗਰਤਾ ਦੀਆਂ ਵਿਭਿੰਨ ਤਕਨੀਕਾਂ ਦਾ ਅਭਿਆਸ ਕਰਨਾ ਪੈਂਦਾ ਹੈ ਅਤੇ ਨਾਲ ਹੀ ਸੰਸਾਰਕ ਕ੍ਰਿਆਵਾਂ ਤੇ ਕਰਤੱਵਾਂ ਨੂੰ ਤਿਆਗ ਕੇ ਉਪਰਾਮਤਾ ਦਾ ਸਬਕ ਧਾਰਨਾ ਪੈਂਦਾ ਏ। ਸਿੱਖ-ਮਤ ਰਹੱਸਵਾਦ ਦੇ ਉਸ ਫ਼ਲਸਫ਼ੇ ਦਾ ਵੀ ਹਾਮੀ ਨਹੀਂ, ਜਿਸ ਅਨੁਸਾਰ ਮੌਨ-ਬਿਰਤੀ ਜਾਂ ਚੁੱਪ ਨੂੰ ਆਦਰਸ਼ ਮੰਨ ਲਿਆ ਜਾਂਦਾ ਹੈ। ਜਿਸ ਅਰਥ ਵਿਚ ਰਹੱਸਵਾਦ ਨੂੰ ਸਿੱਖ-ਮਤ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ, ਉਹ ਇਸ ਦਾ ਅੰਤਰ-ਆਤਮੇ ਦੀ ਰੁਸ਼ਨਾਈ ਵਿਚੋਂ ਉਪਜੀ ਪ੍ਰੇਰਨਾ ਦਾ ਪੱਖ ਹੈ, ਜੋ ਵਿਅਕਤੀ ਨੂੰ ਸਮਰਪਨ ਅਤੇ ਸਮਾਜਕ ਸੇਵਾ-ਭਾਵ

Sri Satguru Jagjit Singh Ji eLibrary NamdhariElibrary@gmail.com

ਵਾਲੇ ਜੀਵਨ ਲਈ ਮਿਆਰ ਕਰਦਾ ਹੈ। ਜਿਵੇਂ ਕਿ ਜਾਹਨ ਡਿਊਟੀ ਦਾ ਵਿਚਾਰ ਹੈ, ਰਹੱਸਮਈ ਅਨੁਭਵਾਂ ਦੀ ਹੋਂਦ ਵਲੋਂ ਇਨਕਾਰ ਕਰਨ ਦੀ ਸਾਡੇ ਪਾਸ ਕੋਈ ਵਜ੍ਹਾ ਨਹੀਂ। ਸਿੱਖ-ਮਤ ਇਸ ਵਿਚਾਰ ਨਾਲ ਸਹਿਮਤ ਹੈ। "ਰਹੱਸਵਾਦੀਆਂ ਲਈ ਧਰਮ ਦਾ ਕੇਂਦਰੀ ਤੱਤ ਇਸ ਦੀ ਅੰਤ੍ਰੀਵੀ ਉੱਤਮਤਾ ਹੈ। ਸਿਧਾਂਤ, ਰਸਮਾਂ-ਰੀਤਾਂ, ਕਰਮ-ਕਾਂਡ, ਸੰਸਥਾਵਾਂ ਸਭ ਦੂਸਰੀ ਥਾਂ 'ਤੇ ਹਨ ਅਤੇ ਜੇਕਰ ਇਨ੍ਹਾਂ ਉੱਤੇ ਬੇਲੋੜਾ ਬਲ ਦਿੱਤਾ ਜਾਵੇ ਤਾਂ ਇਹ ਆਤਮਿਕ ਜੀਵਨ ਦੇ ਰਾਹ ਵਿਚ ਸਿੱਧੀ ਰੁਕਾਵਟ ਸਿੱਧ ਹੋ ਸਕਦੀਆਂ ਹਨ।"

ਕਈ ਚਿੰਤਕਾਂ ਨੇ ਸਿੱਖ ਧਰਮ ਨੂੰ ਸਰਲ ਤੇ ਸਿੱਧਾ ਰਹੱਸਵਾਦ ਕਿਹਾ ਹੈ। ਉਨ੍ਹਾਂ ਨੇ ਭਗਤ ਤੇ ਪ੍ਰਭੂ ਵਿਚਲੇ ਸੰਬੰਧ ਨੂੰ ਰਹੱਸਾਤਮਕ ਸ਼ਬਦਾਵਲੀ ਵਿਚ ਪੇਸ਼ ਕਰਦਿਆਂ ਇਸ ਨੂੰ ਪਤੀ-ਪਤਨੀ ਦੇ ਸੰਜੋਗ ਦਾ ਰਹੱਸ ਦਰਸਾਇਆ ਹੈ। ਜਿਸ ਪ੍ਰਤੀਕ ਨੂੰ ਗੁਰੂ ਸਾਹਿਬਾਨ ਨੇ ਪ੍ਰੇਮ-ਭਾਵਨਾ ਤੇ ਆਤਮ-ਸਮਰਪਨ ਦੇ ਅਰਥ ਉਜਾਗਰ ਕਰਨ ਹਿਤ ਵਰਤਿਆ ਹੈ, ਉਸ ਨੂੰ ਨਾਰੀ ਤੇ ਪੁਰਸ਼ ਦੇ ਵਸਲ ਦਾ ਸ਼ਾਬਦਿਕ ਭਾਵ ਦੇ ਕੇ ਰਹੱਸਵਾਦੀ ਵਿਚਾਰਧਾਰਾ ਦੀ ਪੁਸ਼ਟੀ ਲਈ ਵਰਤਣਾ ਉਚਿਤ ਨਹੀਂ ਜਾਪਦਾ। ਸਿੱਖ-ਰਹੱਸਵਾਦ ਅਜਿਹੀ ਰਹੱਸਮਈ ਬਿਰਤੀ ਤੇ ਮਨੋਭਾਵਾਂ ਪਾਸੋਂ ਪ੍ਰੇਰਨਾ ਲੈਂਦਾ ਹੈ, ਜਿਨ੍ਹਾਂ ਤੋਂ ਬਿਨਾਂ ਜ਼ਿੰਦਗੀ ਦੀਆਂ ਵਡਮੁੱਲੀਆਂ ਭਾਵਨਾਵਾਂ ਕ੍ਰਿਆਸ਼ੀਲ ਨਹੀਂ ਹੋ ਸਕਦੀਆਂ, ਕਿਉਂਕਿ ਰਹੱਸਮਈ ਅਨੁਭਵ ਵਿਚੋਂ ਹੀ ਜੀਵਨ ਦੀ ਜੋਤ ਨੂੰ ਮਘਦੀ ਰੱਖਣ ਦੀ ਪ੍ਰੇਰਨਾ ਤੇ ਸ਼ਰਧਾ ਮਿਲਦੀ ਹੈ। ਜਿਵੇਂ-ਜਿਵੇਂ ਵਿਅਕਤੀ ਵਿਕਾਸ-ਪੰਧ ਉੱਤੇ ਤੁਰਦਾ ਹੈ ਅਤੇ ਉਸ ਦੀ ਸੂਝ ਪਕੇਰੀ ਹੁੰਦੀ ਹੈ, ਉਸ ਦੀ ਭਾਵੁਕਤਾ ਬਲਵਾਨ ਤੇ ਡੂੰਘੇਰੀ ਹੁੰਦੀ ਜਾਂਦੀ ਹੈ; ਜਿੰਨੀ ਮਾਤ੍ਰਾ ਵਿਚ ਉਹ ਮਨੋ-ਬਿਰਤੀਆਂ ਨੂੰ ਸਾਂਭ ਸਕਦਾ ਤੇ ਲਿਵ ਜੋੜ ਸਕਦਾ ਹੈ, ਓਨੀ ਹੀ ਸਫ਼ਲਤਾ ਨਾਲ ਉਹ ਆਤਮਿਕ ਵਿਕਾਸ ਦਾ ਪੰਧ ਉਲੀਕਦਾ ਜਾਂਦਾ ਹੈ। ਰਹੱਸਵਾਦ ਆਪਣੇ ਇਸ ਅਰਥ ਵਿਚ ਧਾਰਮਿਕ ਜੀਵਨ ਲਈ, ਸਗੋਂ ਉਪਯੋਗੀ ਤੇ ਅਨਿਵਾਰੀ ਹੈ। ਰਹੱਸਵਾਦ ਦਾ ਦੂਸਰਾ ਪੱਖ ਇਸ ਦੇ ਵਿਧੀ-ਕ੍ਰਮ ਵਾਲਾ ਪੱਖ ਹੈ, ਜੋ ਵਿਅਕਤੀ ਨੂੰ 'ਹੁਲਾਰਾ' ਦੇਣ ਦੀ ਤਕਨੀਕ ਹੈ, ਜੋ ਉਸ ਨੂੰ ਝੂਮਦੇ ਪਲ ਮਾਣਨ ਦੀ, ਹਕੀਕਤ ਦੇ ਦਰਸ਼ਨ ਕਰਨ ਦੀ ਵਿਧੀ ਦਾ ਅਭਿਆਸ ਕਰਾਉਂਦਾ ਹੈ। ਇਥੇ ਖ਼ਤਰਾ ਇਸ ਗੱਲ ਦਾ ਹੈ ਕਿ ਜਿਗਿਆਸੂ ਹੁਲਾਰੇ ਦੀ ਖ਼ਾਤਿਰ ਹੀ ਰਹੱਸਵਾਦੀ ਵਿਧੀ ਦਾ ਧਾਰਨੀ ਹੋ ਕੇ ਸਚਾਈ ਨੂੰ ਨਜ਼ਰ-ਅੰਦਾਜ ਕਰ ਸਕਦਾ ਹੈ। ਕਿਸੇ ਝੂਮ ਜਾਂ ਮਸਤੀ ਨੂੰ ਹੀ ਉੱਚਤਮ ਅਨੁਭਵ ਸਮਝ ਕੇ ਉਹ ਦੈਵੀ ਦਾਤ ਦੇ ਕੀਮਤੀ ਵਰਦਾਨ ਤੋਂ ਵਿਰਵਾ ਰਹਿ ਸਕਦਾ ਹੈ।

ਸਹੀ ਤੇ ਅੰਤਿਮ ਅਰਥਾਂ ਵਿਚ ਰਹੱਸਵਾਦ ਦੀ ਗਿਆਨਮਈ ਅੰਸ਼ ਹੀ ਉੱਚਤਮ ਸੰਤੁਸ਼ਟੀ ਦਾ ਸੋਮਾ ਹੈ। ਰਹੱਸਮਈ ਜਿਗਿਆਸੂ ਦਾ ਆਪਣੇ ਸਰਬੋਤਮ ਇਸ਼ਟ ਨਾਲ ਪ੍ਰੇਮ ਦਾ ਨਾਤਾ ਸਥਾਪਿਤ ਹੋ ਜਾਂਦਾ ਹੈ, ਜਿਸ ਨੂੰ ਉਹ ਆਪਣੇ ਆਪ ਤੋਂ ਉਚੇਰਾ ਵੀ ਦੇਖਦਾ ਹੈ ਅਤੇ ਆਪਣੇ ਅੰਦਰਵਾਰ ਵੀ ਨਿਹਾਰਦਾ ਹੈ। ਇਹ ਉਸ ਦਾ ਰੱਬ ਹੈ, ਜੋ ਗੁਪਤ

Sri Satguru Jagjit Singh Ji eLibrary NamdhariElibrary@gmail.com

ਵੀ ਹੈ ਤੇ ਪਰਗਟ ਰੂਪ ਵਿਚ ਵਿਆਪਕ ਵੀ ਹੈ। ਸਿੱਖ ਧਰਮ ਦੇ ਵਿਸ਼ਵਾਸ-ਪ੍ਰਬੰਧ ਅਨੁਸਾਰ ਕੇਵਲ-ਮਾਤਰ ਪੈਗੰਬਰਾਂ, ਅਵਤਾਰਾਂ ਤੇ ਸਿੱਧ-ਪੁਰਸ਼ਾਂ ਦਾ ਹੀ ਨਿਵੇਕਲਾ ਅਧਿਕਾਰ ਨਹੀਂ ਕਿ ਉਹ ਹਕੀਕਤ ਦੀ ਰਹੱਸਮਈ ਦ੍ਰਿਸ਼ਟੀ ਦਾ ਅਨੰਦ ਮਾਣ ਸਕਣ, ਸਗੋਂ ਇਹ ਹਰ ਕਿਸੇ ਦੀ ਪਹੁੰਚ ਵਿਚ ਹੈ, ਜੋ ਇਸ ਵਲ ਰੁਚਿਤ ਹੋਵੇ। ਰਹੱਸਮਈ ਅਨੁਭਵ ਦਾ ਗਿਆਨ ਜਿਸ ਕਿਸੇ ਨੂੰ ਪ੍ਰੇਰਿਤ ਕਰੇ ਅਤੇ ਜੋ ਇਸ ਦਾ ਅਭਿਆਸੀ ਬਣੇ, ਉਹ ਇਸ ਦੇ ਸਹਿਜ ਤੇ ਸੰਤੁਲਨ ਦਾ ਰਸ ਮਾਣਨ ਦੇ ਯੋਗ ਹੋ ਸਕਦਾ ਹੈ। ਜੇਕਰ ਇਸ ਦੀ ਪ੍ਰੇਰਨਾ ਮਨੁੱਖਤਾ ਦੀ ਕਿਸੇ ਪੀੜ੍ਹੀ ਦੇ ਅਧਿਕਤਰ ਮੈਂਬਰਾਂ ਨੂੰ ਟੁੰਬ ਜਾਵੇ ਅਤੇ ਉਹ ਰਹੱਸਮਈ ਬਿਰਤੀ ਦੇ ਅਭਿਆਸੀ ਹੋ ਸਕਣ ਤਾਂ ਸ਼ਾਇਦ ਕਿਸੇ ਅਜਿਹੇ ਸਮਾਜ ਦੀ ਸੰਭਾਵਨਾ ਪੈਦਾ ਹੋ ਜਾਵੇ, ਜਿਸ ਨੂੰ ਗੁਰੂ ਨਾਨਕ ਨੇ ਬ੍ਰਹਮ-ਗਿਆਨੀਆਂ ਦੀ ਸਮਾਜ-ਜੁਗਤ ਦੇ ਰੂਪ ਵਿਚ ਚਿਤਵਿਆ ਸੀ, ਜਾਂ ਗਿਆਨਵਾਨ ਪੁਰਸ਼ਾਂ ਦੇ ਸਮਾਜ ਦੀ ਅਜਿਹੀ ਰਚਨਾ ਦੇ ਤੌਰ 'ਤੇ, ਜਿਸ ਦਾ ਕਿਆਸ ਅਜੋਕੇ ਦੌਰ ਦੇ ਰਹੱਸਵਾਦੀ-ਦਾਰਸ਼ਨਿਕ ਅਰਬਿੰਦੋ ਘੋਸ਼ ਨੇ ਕੀਤਾ ਹੈ।

## ਮਾਨਵੀ ਸਮਰੱਥਾਵਾਂ ਦੀ ਨਵ-ਉਸਾਰੀ

ਚਾਹੇ ਇਹ ਅੰਤਰਬੋਧ ਤੇ ਰਹੱਸਮਈ ਦ੍ਰਿਸ਼ਟੀ ਹੋਵੇ, ਚਾਹੇ ਸੰਵੇਦਨ, ਪ੍ਰੇਖਣ ਅਤੇ ਦਲੀਲਕਾਰੀ, ਗਿਆਨ-ਪ੍ਰਾਪਤੀ ਦੇ ਅਮਲ ਵਿਚ ਮਨੁੱਖ ਦੀ ਕੋਈ ਨਾ ਕੋਈ ਸਮਰੱਥਾ ਕਾਰਜਸ਼ੀਲ ਅਵੱਸ਼ ਹੁੰਦੀ ਹੈ। ਜੋ ਵੀ ਸਮਰੱਥਾ ਜਾਂ ਸਮਰੱਥਾਵਾਂ ਇਸ ਕ੍ਰਿਆ ਵਿਚ ਹਿੱਸਾ ਪਾਉਂਦੀਆਂ ਹਨ, ਗਿਆਨ ਦੀ ਕਿਸਮ ਤੇ ਦਰਜਾ ਉਨ੍ਹਾਂ ਉੱਤੇ ਨਿਰਭਰ ਕਰਦੇ ਹਨ। ਨਿਵੇਕਲੀ ਬੌਧਿਕ ਦਾਤ ਨਾਲ ਵਰੋਸਾਏ ਵਿਅਕਤੀਆਂ ਦੀ ਪ੍ਰਤਿਭਾ ਅਜਿਹੇ ਵਿਚਾਰਾਂ ਦਾ ਨਿਰਮਾਣ ਕਰਦੀ ਅਤੇ ਤੱਥਾਂ-ਸਚਾਈਆਂ ਨੂੰ ਉਚਾਗਰ ਕਰਦੀ ਹੈ, ਜੋ ਸਾਧਾਰਨ ਮਨਾਂ ਨੂੰ ਭੈ-ਭੀਤ ਕਰ ਜਾਂਦੇ ਹਨ। ਰਹੱਸਵਾਦੀਆਂ ਨੇ ਵੀ ਐਸੇ ਮੰਡਲਾਂ ਦੇ ਸੰਕੇਤ ਦਿੱਤੇ ਹਨ, ਜੋ ਸਿੱਧੇ-ਸਾਦੇ ਔਸਤਨ ਜੀਵ ਦੀ ਪਹੁੰਚ ਤੋਂ ਪਰ੍ਹੇ ਹਨ। ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਸਾਧਾਰਨ ਪੱਧਰ ਦੀ ਅਕਲ ਜਾਂ ਸੂਝ-ਸਿਆਣਪ ਉਚੇਰੀ ਪ੍ਰਤਿਭਾ ਵਿਚ ਪਲਟ ਸਕਦੀ ਹੈ ਅਤੇ ਕੀ ਜਨ-ਸਾਧਾਰਨ ਦੀ ਪੱਧਰ ਦਾ ਕੋਈ ਵਿਆਕਤੀ ਰਹੱਸਵਾਦ ਦੀ ਵਿਸਮਾਦੀ ਦਸ਼ਾ ਮਾਣਨ ਕੀ ਅਕਾਂਖਿਆ ਕਰ ਸਕਦਾ ਹੈ? ਜਿਥੋਂ ਤਕ ਪ੍ਰਸ਼ਨ ਦੇ ਪਹਿਲੇ ਭਾਗ ਦਾ ਸੰਬੰਧ ਹੈ, ਇਸ ਦਾ ਸਰਲ ਤੇ ਸਿੱਧਾ ਉੱਤਰ ਸ਼ੱਕ ਵਾਲੀ ਗੱਲ ਹੈ, ਪਰ ਧਰਮਾਤਮਾ ਪੁਰਸ਼ਾਂ, ਸੰਤਾਂ, ਸਿੱਧਾਂ ਨੇ ਆਪਣੇ ਸ਼ਰਧਾਲੂ ਜਿਗਿਆਸੂਆਂ ਨੂੰ ਇਹ ਨਿਸ਼ਚਾ ਜ਼ਰੂਰ ਕਰਾਇਆ ਹੈ ਕਿ ਰਹੱਸਮਈ ਸੰਚਾਰ ਦੀ ਸੰਭਾਵਨਾ ਉਨ੍ਹਾਂ ਵਿਚੋਂ ਹਰ ਕਿਸੇ ਲਈ ਪ੍ਰਤੱਖ ਹੈ। ਸਿੱਖ-ਮਤ ਨੇ ਇਸ ਸੰਬੰਧ ਵਿਚ ਜੋ ਧਾਰਨਾ ਅਪਨਾਈ ਹੈ, ਉਹ ਉਕਤ ਦਾਅਵੇ ਦੀ ਪੁਸ਼ਟੀ ਕਰਦੀ ਹੈ; ਕੇਵਲ ਏਨੀ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਸਿੱਖ-ਮਤ ਦੈਵੀ ਮਿਹਰ ਦਾ ਕਾਇਲ ਹੈ, ਬੇਸ਼ੱਕ ਮਿਹਰ ਆਪਣੇ ਆਪ ਵਿਚ ਵੀ ਇਕ ਰਹੱਸ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਦਾ ਇਕ ਸਲੋਕ ਸ਼ੇਖ਼ ਫ਼ਰੀਦ ਦੇ ਇਸ ਵਿਚਾਰ ਨਾਲ ਅਸੰਮਤੀ ਪ੍ਰਗਟਾਂਦਾ ਹੈ ਕਿ ਖ਼ੁਦਾ ਦੇ ਬੰਦਿਆਂ ਨੂੰ ਨਿਰੰਤਰ ਜਾਗਦੇ ਰਹਿਣ ਦੀ ਆਵੱਸ਼ਕਤਾ ਹੈ, ਕਿਉਂਕਿ ਪਤਾ ਨਹੀਂ ਕਦੋਂ ਰਹਿਮਤ ਦੀ ਵਰਖਾ ਹੋ ਜਾਵੇ ਤੇ ਉਹ ਇਸ ਬਖ਼ਸ਼ਿਸ਼ ਤੋਂ ਵਿਰਵੇ ਰਹਿ ਜਾਣ। ਗੁਰੂ ਸਾਹਿਬ ਦਾ ਕਥਨ ਹੈ—"ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ। ਇਕਿ ਜਾਗੰਦੇ ਨਾ ਲਹਨਿ, ਇਕਨਾ ਸੁਤਿਆਂ ਦੇਇ ਉਠਾਲਿ।" ਦਾਤੇ ਨਾਲ ਕਿਸੇ ਦਾ ਜ਼ੋਰ ਨਹੀਂ ਚੱਲ ਸਕਦਾ; ਚਾਹੇ ਜਾਗਦੇ ਰਹੇ, ਚਾਹੇ ਸੌਂ ਜਾਉ, ਜਦੋਂ ਮਿਹਰ ਦੀ ਘੜੀ ਆਉਣੀ ਹੈ, ਮਿਹਰ ਹੋ ਹੀ ਜਾਣੀ ਹੈ। ਇਹ ਠੀਕ ਹੈ ਕਿ ਮਨੁੱਖੀ ਕਰਮ ਤੇ ਉੱਦਮ ਜ਼ਰੂਰੀ ਹਨ, ਪਰ ਇਹ ਆਪਣੇ ਆਪ ਵਿਚ ਕਾਫ਼ੀ ਨਹੀਂ ਹਨ। ਜੋ ਦਾਤ ਮਿਲਣੀ ਹੈ, ਉਹ ਉੱਦਮ ਦੇ ਹਿਸਾਬ ਨਾਲ ਨਹੀਂ ਮਿਲਣੀ। ਉਸ ਦੀ ਗਿਣਤੀ-ਮਿਣਤੀ ਮਨੁੱਖ ਦੇ ਹੱਥ ਜਾਂ ਅਖ਼ਤਿਆਰ ਵਿਚ ਨਹੀਂ। ਗੁਰੂ ਸਾਹਿਬਾਨ ਨੇ ਉੱਦਮ ਦੇ ਜੀਵਨ ਨੂੰ ਸਲਾਹਿਆ ਹੈ; ਕਿਰਤ ਕਰਨ ਦੀ ਪ੍ਰੇਰਨਾ ਦਿੱਤੀ ਹੈ; ਅਗਿਆਨ, ਵਹਿਮ-ਭਰਮ, ਦੰਡ-ਪਖੰਡ ਦੀਆਂ ਤਾਕਤਾਂ ਉੱਤੇ ਕਾਬੂ ਪਾਉਣ ਦੀ ਭਾਵਨਾ ਉਤੇਜਿਤ ਕੀਤੀ ਹੈ। ਜੀਵਨ ਦੇ ਉਦੇਸ਼ਾਂ ਵਿਚ ਉਨ੍ਹਾਂ ਨੇ ਵਿਹਾਰਕ ਤੇ ਅਧਿਆਤਮਿਕ ਪੱਧਰ ਦੀ ਗਿਆਨਵਾਨਤਾ ਨੂੰ ਸ਼ਾਮਿਲ ਕਰਨ ਦੀ ਸਿਫ਼ਾਰਿਸ਼ ਕੀਤੀ ਹੈ। ਪਰ ਉਨ੍ਹਾਂ ਨੇ ਇਸ ਗੱਲ ਉੱਤੇ ਵੀ ਬਲ ਦਿੱਤਾ ਹੈ ਕਿ ਮਨੁੱਖੀ ਉੱਤਮਸ਼ੀਲਤਾ ਦੇ ਨਾਲ-ਨਾਲ ਦੈਵੀ ਇੱਛਾ ਤੇ ਮਿਹਰ ਦੀ ਓਨੀ ਹੀ ਆਵੱਸ਼ਕਤਾ ਹੈ; ਦੈਵੀ ਹਸਤੀ ਮਨੁੱਖਤਾ ਦੀ ਗਿਆਨ-ਪ੍ਰਦਾਤਾ, ਸਰਬੋਤਮ ਪੱਥ-ਪ੍ਰਦਰਸ਼ਕ ਹੈ। ਮਨੁੱਖੀ ਸਮਰੱਥਾਵਾਂ ਸੀਮਿਤ ਤੇ ਅਪੂਰਨ ਹਨ; ਮਨੁੱਖੀ ਗਿਆਨ ਵੀ ਅਧੂਰਾ ਤੇ ਮਹਿਦੂਦ ਹੈ। ਗਿਆਨ ਦੀਆਂ ਸੀਮਾਵਾਂ ਤੇ ਉਕਾਈਆਂ ਉੱਤੇ ਕਾਬੂ ਪਾਉਣ ਲਈ ਮਨੁੱਖ ਨੂੰ ਆਪਣੀਆਂ ਸਮਰੱਥਾਵਾਂ ਵਿਕਸਿਤ ਕਰਨ ਦੀ ਲੋੜ ਪੈਂਦੀ ਹੈ, ਉਸ ਨੂੰ ਜਿਵੇਂ-ਕਿਵੇਂ ਆਪਣੀਆਂ ਯੋਗਤਾਵਾਂ ਦੀ ਨਵ-ਉਸਾਰੀ ਕਰਨ ਦੀ ਆਵੱਸ਼ਕਤਾ ਹੁੰਦੀ ਹੈ।

ਇਸ ਪ੍ਰਕਰਣ ਵਿਚ ਸਿੱਖ ਗਿਆਨ-ਸਿਧਾਂਤ ਮਨੁੱਖਤਾ ਲਈ ਆਸ਼ਾ ਦਾ ਸੰਦੇਸ਼ ਪ੍ਰਸਤੁਤ ਕਰਦਾ ਹੈ। ਗੁਰੂ ਨਾਨਕ ਦੇਵ ਨੇ ਅਧਿਆਤਮਿਕ ਮੰਡਲਾਂ ਦੀ ਰਹੱਸਮਈ ਦ੍ਰਿਸ਼ਟੀ ਦਾ ਜੋ ਕਾਵਿਕ ਚਿੱਤਰ ਆਪਣੀ ਸਿਰਮੌਰ ਰਚਨਾ 'ਜਪੁਜੀ' ਦੀਆਂ ਖੰਡਾਂ ਵਾਲੀਆਂ ਪਉੜੀਆਂ ਵਿਚ ਲੋਕਾਈ ਸਾਹਮਣੇ ਰਖਿਆ ਹੈ, ਉਸ ਦੇ ਕੁਝ ਅੰਸ਼ ਮਨੁੱਖੀ ਸਮਰੱਥਾਵਾਂ ਦੀ ਨਵ-ਉਸਾਰੀ ਦੇ ਵਿਸ਼ੇ ਨਾਲ ਨਿਪਟਦੇ ਹਨ। 'ਪੰਜ ਖੰਡ' ਵਿਚਲੀ ਤੀਸਰੇ ਖੰਡ ਦੀ ਪਉੜੀ (ਸਰਮ ਖੰਡ) ਵਿਚ ਗੁਰੂ ਸਾਹਿਬ ਰਚਨਾਤਮਿਕਤਾ ਦੇ ਮੰਡਲ ਦਾ ਹਵਾਲਾ ਦੇਂਦੇ ਹਨ, ਜਿਸ ਦਾ ਮੂਲ-ਸੁਰ 'ਰੂਪ' ਹੈ। ਇਸ ਮੰਡਲ ਵਿਚ ਬੜੀਆਂ ਅਨੂਪ ਘਾੜਤਾਂ ਘੜੀਆਂ ਜਾਂਦੀਆਂ ਹਨ। "ਤਾ ਕੀਆ ਗਲਾਂ ਕਥੀਆ ਨਾ ਜਾਹਿ। ਜੇ ਕੋ ਕਹੈ ਪਿਛੈ ਪਛੁਤਾਇ।" ਇਸ ਅਨੋਖੇ ਮੰਡਲ ਦਾ ਵਰਣਨ ਕਥਨੋਂ ਬਾਹਰਾ ਹੈ। ਇਸ ਅਵਸਥਾ ਨੂੰ ਪਹੁੰਚੇ ਵਿਅਕਤੀ ਦੀ ਜੋ ਸੁੱਧ ਬੁੱਧ ਨਵੇਂ ਸਿਰਿਓਂ ਘੜੀ ਜਾਂਦੀ ਹੈ ਅਤੇ

Sri Satguru Jagjit Singh Ji eLibrary NamdhariElibrary@gmail.com

ਜੋ ਚੇਤਨਾਂ ਸਿੱਧਾਂ, ਦੇਵਤਿਆਂ ਦੀ ਚੇਤਨਾ ਨਾਲ ਜਾ ਰਲਦੀ ਹੈ, ਉਸ ਦਾ ਸਾਰ-ਰੂਪੀ ਕਥਨ ਇਨ੍ਹਾਂ ਪੰਕਤੀਆਂ ਵਿਚ ਪ੍ਰਾਪਤ ਹੈ :

ਤਿਥੈ ਘੜੀਐ ਸੁਰਤਿ, ਮਤਿ, ਮਨਿ ਬੁਧਿ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।

ਦੈਵੀ ਮਿਹਰ ਨਾਲ ਵਰੋਸਾਏ ਕਿਸੇ ਵਿਅਕਤੀ ਦੀ ਘਾਲ ਜਦੋਂ ਥਾਏਂ ਪੈਂਦੀ ਹੈ ਅਤੇ ਉਸ ਦੀ ਮੁਸ਼ੱਕਲ ਦਾ ਫਲ ਮਿਲਣਾ ਅਰੰਭ ਹੁੰਦਾ ਹੈ ਤਾਂ ਉਹ ਵਿਸਮਾਦੀ ਮੰਡਲਾਂ ਵਿਚ ਜਾ ਵਿਚਰਦਾ ਹੈ, ਜਿਥੇ ਉਸ ਦੀਆਂ ਪ੍ਰਫੁੱਲਿਤ ਸਮਰੱਥਾਵਾਂ ਸੰਵੇਦੀ ਤੇ ਬੌਧਿਕ ਗਿਆਨ ਦੀ ਸੀਮਾ ਤੇ ਅਪੂਰਨਤਾ ਨੂੰ ਪਿੱਛੇ ਛੱਡ ਜਾਂਦੀਆਂ ਹਨ। ਸਿੱਖ-ਚਿੰਤਨ ਦਾ ਇਹ ਬ੍ਰਹਮ-ਗਿਆਨੀ ਹਕੀਕਤ ਦਾ ਨਵਾਂ ਨਰੋਆ ਰੂਪ ਤੱਕਦਾ ਹੈ। ਆਦਰਸ਼ਕ ਦਸ਼ਾ ਨੂੰ ਪ੍ਰਾਪਤ ਅਜਿਹਾ ਵਿਅਕਤੀ ਗਿਆਨਵਾਨਤਾ ਦੀ ਉਸ ਪੱਧਰ ਦਾ ਰਸ ਮਾਣਦਾ ਹੈ, ਜਿਸ ਬਾਰੇ ਗੁਰੂ ਸਾਹਿਬਾਨ ਨੇ ਇੰਜ ਸੰਕੇਤ ਕੀਤਾ ਹੈ :

"ਗਿਆਨ ਖੰਡ ਮਹਿ ਗਿਆਨੁ ਪਰਚੰਡੁ। ਤਿਥੈ ਨਾਦ ਬਿਨੋਦ ਕੋਡ ਅਨੰਦੁ।"

ਸਿੱਖ-ਚਿੰਤਨ ਦਾ ਗਿਆਨ-ਸਿਧਾਂਤ ਪੱਖ ਮਨੁੱਖੀ ਗਿਆਨ ਦੇ ਵਿਭਿੰਨ ਸਰੋਤਾਂ, ਦਰਜਿਆਂ ਅਤੇ ਮੰਡਲਾਂ ਦੇ ਹਵਾਲੇ ਨਾਲ ਆਪਣਾ ਮਤ ਪੇਸ਼ ਕਰਦਾ ਹੈ। ਜਿਥੇ ਉਹ ਵਿਅਕਤੀ ਦੇ ਸੰਵੇਦੀ (ਇੰਦ੍ਰਿਆਈ) ਗਿਆਨ ਅਤੇ ਬੌਧਿਕ ਯੋਗਤਾ ਨੂੰ ਉਚਿਤ ਸਥਾਨ ਦੇਂਦਾ ਹੈ, ਉਥੇ ਉਹ ਅੰਤਰਬੋਧੀ ਤੇ ਰਹੱਸਮਈ ਚੇਤਨਾ ਦੀ ਸ੍ਰੇਸ਼ਟਤਾ ਉੱਤੇ ਵਿਸ਼ੇਸ਼ ਬਲ ਦੇਂਦਾ ਹੈ ਅਤੇ ਆਦਰਸ਼ਕ ਗਿਆਨ ਸੰਬੰਧੀ ਸਿੱਖ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਦਾ ਹੈ। ਇਸ ਕਾਰਜ ਵਿਚ ਸਿੱਖ ਗਿਆਨ-ਸਿਧਾਂਤ ਦੇ ਸਮਰਥੱਕ ਇਕ ਪਾਸੇ ਗੁਰਬਾਣੀ ਵਿਚ ਪ੍ਰਾਪਤ ਹਵਾਲਿਆਂ ਉੱਤੇ ਨਿਰਭਰ ਕਰਦੇ ਹਨ, ਦੂਜੇ ਪਾਸੇ ਉਹ ਭਾਰਤੀ ਤੇ ਪੱਛਮੀ ਦਾਰਸ਼ਨਿਕ ਚਿੰਤਨ ਦੀਆਂ ਜੁਗਤਾਂ ਤੇ ਪ੍ਰਾਪਤੀਆਂ ਪਾਸੋਂ ਸੇਧ ਲੈ ਕੇ ਸਿੱਖ ਗਿਆਨ-ਸਿਧਾਂਤ ਦੀ ਵਿਧੀ-ਬੱਧ ਪੇਸ਼ਕਾਰੀ ਕਰਦੇ ਹਨ। ਚਿੰਤਕਾਂ ਦੀ ਇਸ ਘਾਲਣਾ ਦਾ ਇਕ ਸਿੱਟਾ ਇਹ ਹੈ ਕਿ ਸਿੱਖ ਚਿੰਤਨ ਦੇ ਸੰਕਲਪਿਕ ਢਾਂਚੇ ਵਿਚ ਗਿਆਨਕਾਰੀ ਦੀ ਕ੍ਰਿਆ ਅਤੇ ਸਥਾਨ ਸਪੱਸ਼ਟ ਹੋ ਗਏ ਹਨ। ਗਿਆਨ ਬਾਰੇ ਇਹ ਤੱਥ ਨਿਸ਼ਚਿਤ ਹੀ ਰਿਹਾ ਹੈ ਕਿ ਇਸ ਮਾਰਗ ਉੱਤੇ ਚੱਲ ਕੇ ਅਧਿਆਤਮਿਕ ਪ੍ਰਾਪਤੀਆਂ ਸੰਭਵ ਹੋ ਜਾਂਦੀਆਂ ਹਨ, ਪਰ ਸਿੱਖ ਗਿਆਨ-ਸਿਧਾਂਤ ਇਸ ਤੋਂ ਅਗੇਰੇ ਇਹ ਦਾਅਵਾ ਕਰਨ ਵਿਚ ਵੀ ਹੱਕੀ ਜਾਪਦਾ ਹੈ ਕਿ ਗਿਆਨ ਆਪਣੇ ਆਪ ਵਿਚ ਹੀ ਉੱਚਤਮ ਪ੍ਰਾਪਤੀ ਤੇ ਮੋਖ-ਦੁਆਰ ਹੈ। ਇਥੇ ਗਿਆਨ ਨੂੰ ਇਸ ਦੇ ਆਦਰਸ਼ਕ ਰੂਪ (ਬ੍ਰਹਮ-ਗਿਆਨ) ਵਿਚ ਚਿਤਵਣਾ ਆਵੱਸ਼ਕ ਹੈ। ਸਿੱਖ ਚਿੰਤਨ ਨੇ ਗੁਰਬਾਣੀ ਵਿਚ ਪ੍ਰਾਪਤ ਹਵਾਲਿਆਂ ਦੇ ਆਧਾਰ ਉੱਤੇ ਬ੍ਰਹਮ-ਗਿਆਨ ਦੀ ਮਾਨਸਿਕ ਪ੍ਰਗਤੀ, ਸਾਧਾਰਨ ਤੋਂ ਅਸਾਧਾਰਨ ਮੰਡਲਾਂ ਵਲ ਗਤੀ ਤੇ ਵਿਕਾਸ ਅਤੇ ਸਮਰੱਥਾਵਾਂ ਦੀ ਨਵ-ਉਸਾਰੀ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ।

Sri Satguru Jagjit Singh Ji eLibrary NamdhariElibrary@gmail.com

# 6.
# ਸਿੱਖ ਕੀਮਤ-ਸਿਧਾਂਤ

ਕਦਰਾਂ-ਕੀਮਤਾਂ ਦੀ ਵਿਚਾਰ ਇਕ ਅਜਿਹਾ ਵਿਸ਼ਾ ਹੈ ਜੋ ਧਰਮ ਅਤੇ ਫ਼ਲਸਫ਼ੇ ਵਿਚ ਸਾਂਝ ਪੈਦਾ ਕਰਦਾ ਹੈ। ਲਗਭਗ ਹਰ ਧਰਮ-ਪ੍ਰਣਾਲੀ ਕਦਰਾਂ-ਕੀਮਤਾਂ ਦਾ ਕੋਈ ਗੁੱਟ ਸਥਾਪਿਤ ਕਰਦੀ ਹੈ, ਜਾਂ ਇੱਕੋ ਸਰਬ-ਸ਼੍ਰੇਸ਼ਟ ਕੀਮਤ ਦਾ ਨਿਰਧਾਰਨ ਕਰਦੀ ਹੈ। ਹਰ ਦਰਸ਼ਨਧਾਰਾ ਵੀ, ਹੋਰਨਾਂ ਵਿਸ਼ਿਆਂ ਦੇ ਨਾਲ-ਨਾਲ, ਕੀਮਤਾਂ ਦੀ ਸਮੱਸਿਆ ਨੂੰ ਵਿਸ਼ੇਸ਼ ਵਿਚਾਰ ਦਾ ਪਾਤਰ ਬਣਾਉਂਦੀ ਹੈ। ਸਿੱਖ ਧਰਮ ਅਤੇ ਸਿੱਖ ਦਾਰਸ਼ਨਿਕ ਚਿੰਤਨ ਵਿਚ ਕੀਮਤਾਂ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ, ਚਾਹੇ ਇਨ੍ਹਾਂ ਨੂੰ ਸੁਚੇਤ ਪੱਧਰ ਉੱਤੇ ਵਿਧੀਬੱਧ ਢੰਗ ਨਾਲ ਘੱਟ ਹੀ ਵਿਚਾਰਿਆ ਗਿਆ ਹੈ। ਗੁਰੂ-ਗ੍ਰੰਥ ਬਾਣੀ ਵਿਚ ਕੀਮਤਾਂ ਦੇ ਸੰਕਲਪ ਦੀ ਵਿਅੰਜਨਾ ਅਕਸਰ ਲੁਪਤ ਰੂਪ ਵਿਚ ਅਤੇ ਕਾਵਿਕ ਪ੍ਰਤੀਕਾਂ ਦੁਆਰਾ ਹੋਈ ਮਿਲਦੀ ਹੈ, ਬੇਸ਼ੱਕ, 'ਕੀਮਤ' ਤੇ 'ਮੁੱਲ' ਦੀ ਸ਼ਬਦਾਵਲੀ ਬਾਣੀ-ਰਚਨਾ ਵਿਚ ਚੋਖੀ ਪ੍ਰਾਪਤ ਹੈ।

ਸਿੱਖ ਧਰਮ ਕੀਮਤਾਂ ਦੀ ਸੇਧ ਦਾ ਧਾਰਨੀ ਧਰਮ ਹੈ। ਇਸ ਦਾ ਤੱਤ-ਮਿਮਾਂਸਾ ਅਤੇ ਕੀਮਤ-ਸਿਧਾਂਤ ਇਕ ਦੂਜੇ ਵਿਚ ਪਲਚੇ ਹੋਏ ਹਨ। ਇਨ੍ਹਾਂ ਦੋਹਾਂ ਦਾਰਸ਼ਨਿਕ ਪੱਖਾਂ ਦਾ ਪ੍ਰਗਟਾਵਾ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਦੇ ਮਾਧਿਅਮ ਰਾਹੀਂ ਹੋਇਆ ਹੈ, ਜੋ ਸਮੁਚੇ ਸਿੱਖ-ਚਿੰਤਨ ਦੀ ਦਾਰਸ਼ਨਿਕ-ਅਧਿਆਤਮਿਕ ਪ੍ਰਣਾਲੀ ਦਾ ਮੂਲ-ਸਰੋਤ ਹੈ। ਇਹ ਠੀਕ ਹੈ ਕਿ ਗੁਰੂ-ਬਾਣੀ ਤੇ ਭਗਤ-ਬਾਣੀ ਕੀਮਤਾਂ ਦਾ ਕੋਈ ਘੜਿਆ-ਘੜਾਇਆ ਤਾਰਕਿਕ ਸਿਲਸਿਲਾ ਜਾਂ 'ਸਿਧਾਂਤ' ਪ੍ਰਸਤੁਤ ਨਹੀਂ ਕਰਦੀਆਂ, ਫਿਰ ਵੀ, ਬਾਣੀ-ਰਚਨਾ ਵਿਚ ਅਜਿਹੇ ਅੰਸ਼ਾਂ ਦੀ ਭਰਪੂਰਤਾ ਹੈ ਜੋ ਨਿਰੋਲ ਮਨੁੱਖੀ ਪੱਧਰ ਦੀਆਂ ਕੀਮਤਾਂ ਤੋਂ ਲੈ ਕੇ ਉੱਚਤਮ ਦੈਵੀ ਕੀਮਤਾਂ ਨਾਲ ਓਤ-ਪੋਤ ਹਨ। ਗੁਰੂ ਗ੍ਰੰਥ ਸਾਹਿਬ ਦੀ ਆਵੇਸ਼ਮਈ ਬਾਣੀ ਵਿਚ ਕੀਮਤਾਂ ਦੇ ਜੋ ਸੰਕੇਤ ਪ੍ਰਾਪਤ ਹਨ, ਉਨ੍ਹਾਂ ਨੂੰ ਕਿਸੇ ਤਰਕਸ਼ੀਲ ਸਿਲਸਿਲੇ ਵਿਚ ਪਰੋ ਕੇ, ਸਿਧਾਂਤ-ਰੂਪ ਵਿਚ ਪੇਸ਼ ਕਰਨਾ ਪੈਂਦਾ ਹੈ, ਜਿਵੇਂ ਕਿ ਬਾਣੀ ਦੇ ਤੱਤ-ਮੀਮਾਂਸਿਕ, ਗਿਆਨ-ਸਿਧਾਂਤੀ, ਨੈਤਿਕ ਅਤੇ ਹੋਰ ਸਿਧਾਂਤ-ਪ੍ਰਣਾਲੀਆਂ ਦਾ ਗਠਨ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਸਾਧਾਰਨ ਕਿਸਮ ਦੀ ਦਾਰਸ਼ਨਿਕ ਰਚਨਾ ਨਾ ਹੋਣ ਕਰਕੇ, ਇਸ ਵਿਚ ਸੰਮਿਲਤ ਬਾਣੀ ਦੇ ਰਹੱਸਮਈ ਭਾਵ-ਅਰਥਾਂ ਦੀ ਡੂੰਘੀ ਪਛਾਣ ਤੇ ਪਰਖ ਅਨਿਵਾਰੀ ਹੈ, ਤਾਂ ਕਿ ਇਸ ਦੀ ਅਧਿਆਤਮਿਕ ਬੁਨਿਆਦ ਉੱਤੇ ਕੋਈ ਦਾਰਸ਼ਨਿਕ ਢਾਂਚਾ ਉਸਾਰਨ ਦੀ ਸਫਲ ਵਿਉਂਤ ਉਲੀਕੀ ਜਾ ਸਕੇ।



Sri Satguru Jagjit Singh Ji eLibrary NamdhariElibrary@gmail.com

## ਕੀਮਤ-ਸਿਧਾਂਤ ਦੀ ਸਮੱਸਿਆ

ਦਾਰਸ਼ਨਿਕ ਪਰੰਪਰਾ ਫ਼ਿਲਾਸਫ਼ੀ ਦੇ ਜਿਨ੍ਹਾਂ ਵਿਸ਼ਿਆਂ ਉੱਤੇ ਧਿਆਨ ਕੇਂਦ੍ਰਿਤ ਕਰਦੀ ਹੈ, ਉਹ ਹਨ : (ੳ) ਤੱਤ-ਮੀਮਾਂਸਾ (Metaphysics) ਅਤੇ (ਅ) ਗਿਆਨ-ਸਿਧਾਂਤ (Epistemology)। ਇਕ ਤੀਸਰਾ ਪ੍ਰਮੁੱਖ ਵਿਸ਼ਾ ਜੋ ਆਧੁਨਿਕ ਦੌਰ ਵਿਚ ਫ਼ਲਸਫ਼ੇ ਦੇ ਖੇਤਰ ਵਿਚ ਸ਼ਾਮਿਲ ਹੋਇਆ ਹੈ ਉਹ ਹੈ (ੲ) ਕੀਮਤ-ਸਿਧਾਂਤ (Axiology)। ਇਹ ਵਿਸ਼ਾ ਆਪਣੇ ਸੁਤੰਤਰ ਰੂਪ ਵਿਚ ਬੇਸ਼ੱਕ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਸਾਹਮਣੇ ਆਇਆ, ਇਸ ਦੇ ਸੰਕੇਤ ਪੂਰਬ ਤੇ ਪੱਛਮ ਦੀਆਂ ਦਰਸ਼ਨ-ਧਾਰਾਵਾਂ ਵਿਚ ਚਿਰਾਂ ਤੋਂ ਮੌਜੂਦ ਸਨ। ਕੀਮਤਾਂ ਨੂੰ ਅਕਸਰ ਤੱਤ-ਮੀਮਾਂਸਾ ਦੇ ਅੰਤਰਗਤ ਹੀ ਵਿਚਾਰਿਆ ਜਾਂਦਾ ਸੀ। ਭਾਰਤੀ ਚਿੰਤਨ ਪਰੰਪਰਾ ਨੇ ਸਤ-ਚਿਤ-ਆਨੰਦ ਦਾ ਸੰਕਲਪ ਪ੍ਰਸਤੁਤ ਕਰ ਕੇ ਸਰਬੋਤਮ ਹਸਤੀ ਦੇ ਤੱਤ-ਮੀਮਾਂਸਿਕ ਅਤੇ ਕੀਮਤ-ਸਿਧਾਂਤੀ ਪੱਖਾਂ ਦਾ ਸੁਜੋੜ ਸਥਾਪਿਤ ਕੀਤਾ। ਇਕ ਪਾਸੇ ਉੱਚਤਮ ਹਕੀਕਤ ਨੂੰ 'ਹਸਤੀ' ਅਤੇ 'ਚੇਤਨਾ' ਦੇ ਸਰੂਪਾਂ ਵਿਚ ਪ੍ਰਗਟਾਇਆ ਗਿਆ, ਦੂਜੇ ਪਾਸੇ ਇਸ ਨੂੰ 'ਅਨੰਦ' ਦਾ ਸਰੂਪ ਦੇ ਕੇ ਉੱਚਤਮ ਕੀਮਤ ਵਜੋਂ ਦਰਸਾਇਆ ਗਿਆ। ਕੀਮਤ-ਸਿਧਾਂਤੀ ਨਜ਼ਰੀਏ ਤੋਂ, 'ਸਤ' ਤੇ 'ਚਿਤ' ਵੀ ਉੱਚਤਮ ਹਸਤੀ ਦੀਆਂ ਅੰਤ੍ਰੀਵੀਂ ਕੀਮਤਾਂ ਹਨ। 'ਸਤ' ਕਾਲ-ਰਹਿਤ, ਸਥਿਰ ਹਸਤੀ ਦਾ ਨਾਮ ਹੈ, ਜੋ ਸਦੀਵਤਾ ਦੀ ਕੀਮਤ ਨਾਲ ਓਤ-ਪੋਤ ਹੈ। ਚਿਤ ਸਰਬੰਗੀ ਗਿਆਨ ਦਾ ਸਰੋਤ ਤੇ ਆਧਾਰ ਹੈ, ਜੋ ਚੇਤਨਾ ਦੇ ਰੂਪ ਵਿਚ ਮਨੁੱਖੀ ਬੌਧਿਕਤਾ ਵਿਚ ਕਾਰਜਸ਼ੀਲ ਹੈ। ਅਨੰਦ ਨਿਰੋਲ ਤੇ ਨਿਰੰਕੁਸ਼ ਸੁਤੰਤਰਤਾ ਦਾ ਪ੍ਰਤੀਕ ਹੈ, ਜੋ ਕੇਵਲ ਦੈਵੀ ਹਸਤੀ ਦੀ ਕੀਮਤ ਵਜੋਂ ਸਵੀਕਾਰਿਆ ਗਿਆ ਹੈ; ਮਨੁੱਖੀ ਪੱਧਰ ਉਤੇ ਇਸ ਨੂੰ ਆਦਰਸ਼-ਰੂਪ ਵਿਚ ਬੇਸ਼ੱਕ ਚਿਤਵਿਆ ਜਾ ਸਕੇ, ਇਸ ਦੀ ਪੂਰਨ ਪ੍ਰਾਪਤੀ ਕੇਵਲ ਉਸ ਜੀਵ ਲਈ ਸੰਭਵ ਹੈ ਜਿਸ ਦੀ ਆਤਮਾ ਦੈਵੀ ਹਸਤੀ ਵਿਚ ਅਭੇਦ ਹੋ ਗਈ ਹੋਵੇ। ਸੋਲਾਂ-ਕਲਾਂ ਸੰਪੂਰਨ ਪਾਰਬ੍ਰਹਮ ਦੇ ਰੂਪ ਵਿਚ ਸਤ-ਚਿਤ-ਆਨੰਦ ਭਾਰਤੀ ਚਿੰਤਨ ਦੀਆਂ ਅਖੁੱਟ, ਸਦੀਵੀ ਤੇ ਆਦਰਸ਼ਕ ਕੀਮਤਾਂ ਦਾ ਧਾਰਨੀ ਹੈ, ਜਿਸ ਤੋਂ ਉਚੇਰੀ ਹਸਤੀ ਜਾਂ ਕਦਰ-ਕੀਮਤ ਦਾ ਕਿਆਸ ਸੰਭਵ ਨਹੀਂ ਜਾਪਦਾ।

ਪੱਛਮੀ ਫ਼ਲਸਫ਼ੇ ਵਿਚ ਕੀਮਤ ਦੇ ਸੰਕਲਪ ਦਾ ਆਗਮਨ ਪਲੈਟੋ ਦੇ 'ਵਿਚਾਰਾਂ ਦੇ ਸਿਧਾਂਤ' ਨਾਲ ਹੋਇਆ। ਇਸ ਸਿਧਾਂਤ ਅਨੁਸਾਰ ਤੱਤ-ਸਰੂਪੀ ਸੰਕਲਪ, ਵਿਚਾਰ ਜਾਂ ਧਾਰਨਾਵਾਂ ਹੀ ਅੰਤਿਮ ਯਥਾਰਥ ਹਨ, ਜਿਨ੍ਹਾਂ ਦਾ ਗਿਆਨ ਬੁੱਧ-ਵਿਵੇਕ ਦੀ ਸਹਾਇਤਾ ਨਾਲ ਸੰਭਵ ਹੈ। ਜਗਤ-ਪਰਪੰਚ ਦੇ ਪਦਾਰਥ ਤੇ ਚੀਜ਼ਾਂ-ਵਸਤਾਂ, ਜਿਨ੍ਹਾਂ ਦੀ ਜਾਣਕਾਰੀ ਸਾਨੂੰ ਸਰੀਰਕ (ਸੰਵੇਦੀ) ਸਰੋਤਾਂ ਰਾਹੀਂ ਪ੍ਰਾਪਤ ਹੁੰਦੀ ਹੈ, ਆਦਰਸ਼ਕ 'ਵਿਚਾਰਾਂ' ਦੀਆਂ 'ਨਕਲਾਂ' ਹਨ। ਪਲੈਟੋ ਦੇ ਇਸ ਸਿਧਾਂਤ ਵਿਚ ਵਿਚਾਰਾਂ ਨੂੰ ਤੱਤ-ਮੀਮਾਂਸਾ ਕਰਜਾ ਮਿਲਿਆ ਹੈ, ਕਿਉਂਕਿ ਉਨ੍ਹਾਂ ਦੀ ਆਪਣੀ ਹਸਤੀ ਤੇ ਹੋਂਦ ਹੈ। ਬੇਸ਼ੱਕ ਉਹ ਸਰੀਰਕ ਜੰਤਰ ਦੀ ਸੰਵੇਦੀ ਸਮਰੱਥਾ ਤੋਂ ਉਚੇਰੇ ਤੱਤ ਹਨ। ਨਾਲ ਹੀ, ਪਲੈਟੋ

Sri Satguru Jagjit Singh Ji eLibrary NamdhariElibrary@gmail.com

ਨੇ ਵਿਚਾਰਾਂ ਨੂੰ ਕੀਮਤਾਂ ਦਾ ਦਰਜਾ ਦਿੱਤਾ ਹੈ। ਕਿਉਂਕਿ ਇਹ ਆਦਰਸ਼ ਰੂਪ ਵਿਚ ਸਥਾਪਿਤ ਤੱਤ (essences) ਹਨ, ਜਿਨ੍ਹਾਂ ਦਾ ਕਿਆਸ ਕੇਵਲ ਦਾਰਸ਼ਨਿਕ ਪੱਧਰ ਦੀ ਬੌਧਿਕਤਾ ਲਈ ਸੰਭਵ ਹੈ। ਪਲੈਟੋ ਨੇ ਸਰਬੋਤਮ ਕੀਮਤਾਂ ਵਜੋਂ ਉੱਚਤਮ 'ਭਲਾ' ਦਾ ਵਿਚਾਰ ਪ੍ਰਸਤੁਤ ਕੀਤਾ, ਜਿਸ ਦੀ ਤੁਲਨਾ ਦੈਵੀ ਤੱਤ ਜਾਂ ਰੱਬਤਾ ਨਾਲ ਕੀਤੀ ਜਾ ਸਕਦੀ ਹੈ। ਸੁਹਜ, ਸੰਤੁਲਨ, ਸਚਾਈ ਤੇ ਸਦਭਾਵਨਾ ਦੀਆਂ ਕੀਮਤਾਂ ਉੱਚਤਮ ਭਲਾ ਦੀਆਂ ਸਮੀਪੀ ਕੀਮਤਾਂ ਹਨ। ਸਦਭਾਵੀ ਵਰਗ ਵਿਚ ਪਲੈਟੋ ਨੇ ਚਾਰ ਸਦਗੁਣ ਜਾਂ ਨੇਕੀਆਂ ਨੂੰ ਰੱਖਿਆ, ਜੋ ਉਸ ਦੀ ਨੈਤਿਕਤਾ ਦਾ ਪ੍ਰਮੁੱਖ ਆਧਾਰ ਹਨ। ਪਲੈਟੋ ਦੇ ਇਹ ਚਾਰ ਪ੍ਰਮੁੱਖ ਸਦਗੁਣ (cardinal virtures) ਹਨ : ਦਾਨਾਈ, ਦਲੇਰੀ ਸੰਜਮ ਤੇ ਇਨਸਾਫ਼। ਇਹ ਚਾਰੇ ਨੈਤਿਕ ਗੁਣ ਇਕ ਦੂਜੇ ਨਾਲ ਅੰਤ੍ਰੀਵੀ ਤੌਰ ਤੇ ਸੰਬੰਧਿਤ ਹਨ, ਅਤੇ ਸਦਗੁਣਾਂ ਦਾ ਇਕ ਸੰਕਲਪਿਕ ਢਾਂਚਾ ਉਸਾਰਦੇ ਹਨ।

ਪਲੈਟੋ ਤੋਂ ਉਪਰੰਤ ਅਰੱਸਤੂ ਤੇ ਹੋਰਨਾਂ ਯੂਨਾਨੀ ਚਿੰਤਕਾਂ, ਈਸਾਈ ਧਰਮ-ਸਿਧਾਂਤੀਆਂ ਅਤੇ ਫ਼ਿਲਾਸਫ਼ਰਾਂ ਨੇ ਸਮੇਂ ਕੀਮਤਾਂ ਦੇ ਵਿਸ਼ੇ ਨੂੰ ਨਵੀਆਂ ਸੇਧਾਂ ਦਿੱਤੀਆਂ। ਵੀਹਵੀਂ ਸਦੀ ਦੇ ਅਰੰਭ ਵਿਚ ਕੀਮਤ-ਸਿਧਾਂਤ ਨੂੰ ਫ਼ਲਸਫ਼ੇ ਦੇ ਇਕ ਪ੍ਰਮੁੱਖ ਵਿਭਾਗ ਵਜੋਂ ਸਵੀਕ੍ਰਿਤੀ ਮਿਲੀ, ਜਦੋਂ 1902 ਤੋਂ 1909 ਦੇ ਸਾਲਾਂ ਦੌਰਾਨ ਕੁਝ ਜਰਮਨ ਅਤੇ ਅੰਗ੍ਰੇਜ਼ ਦਾਰਸ਼ਨਿਕਾਂ ਨੇ ਇਸ ਦਿਸ਼ਾ ਵਿਚ ਪਹਿਲ-ਕਦਮੀ ਕੀਤੀ। ਕੀਮਤ-ਸਿਧਾਂਤ ਦੇ ਸੰਬੰਧ ਵਿਚ ਜਿਨ੍ਹਾਂ ਸਮੱਸਿਆਵਾਂ ਨੂੰ ਮੁੱਖ ਰੂਪ ਵਿਚ ਵਿਚਾਰਿਆ ਗਿਆ, ਉਨ੍ਹਾਂ ਵਿਚ ਪਹਿਲਾ 'ਕੀਮਤ' ਦੇ ਅਨੁਭਵ ਦੀ ਵਿਆਖਿਆ ਦਾ ਪ੍ਰਸ਼ਨ ਹੈ। ਕੁਝ ਚਿੰਤਕਾਂ ਨੇ ਕੀਮਤ ਨੂੰ ਮਨੁੱਖੀ ਕਾਮਨਾਵਾਂ ਦੀ ਪੂਰਤੀ ਨਾਲ ਜੋੜਿਆ; ਕੁਝ ਹੋਰਨਾਂ ਨੇ ਮਨੁੱਖ ਦੇ 'ਹਿੱਤਾਂ' ਨੂੰ ਕੀਮਤ ਦਾ ਦਰਜਾ ਦਿੱਤਾ। ਵਿਕਾਸਵਾਦੀ ਚਿੰਤਕਾਂ ਦੇ ਵਿਚਾਰ ਵਿਚ ਉਹ ਅਨੁਭਵ ਕੀਮਤੀ ਹਨ ਜੋ ਮਨੁੱਖੀ ਸਮਾਜ ਦੀ ਪ੍ਰਗਤੀ ਤੇ ਵਿਕਾਸ ਵਿਚ ਸਹਾਇਕ ਹਨ। ਇਕ ਹੋਰ ਪ੍ਰਸ਼ਨ ਕੀਮਤ ਦੀਆਂ ਪ੍ਰਕਾਰਾਂ ਨਾਲ ਸੰਬੰਧਿਤ ਸੀ। ਕਈ ਕੀਮਤਾਂ 'ਅੰਤ੍ਰੀਵੀ' ਹਨ, ਅਤੇ ਕਈ 'ਸਾਧਨੀ'। ਜਿਨ੍ਹਾਂ ਉਦੇਸ਼ਾਂ ਲਈ ਮਨੁੱਖ ਘਾਲਨਾ ਘਾਲਦਾ ਹੈ, ਉਹ ਆਪਣੇ-ਆਪ ਵਿਚ (ਅੰਤ੍ਰੀਵੀ) ਕੀਮਤਾਂ ਹਨ, ਜਿਵੇਂ ਆਤਮਿਕ ਸ਼ਾਂਤੀ, ਅਨੰਦ, ਸੁਗਿਆਨ, ਸਚਾਈ ਦੀ ਪ੍ਰੀਤ ਆਦਿਕ। ਜੋ ਕੀਮਤਾਂ ਕਿਸੇ ਹੋਰ ਕੀਮਤੀ ਅਨੁਭਵ ਲਈ ਸਾਧਨ ਦੇ ਰੂਪ ਵਿਚ ਅਪਨਾਈਆਂ ਜਾਣ, ਉਹ ਸਾਧਨੀ ਕੀਮਤਾਂ ਹਨ, ਜਿਵੇਂ ਸਰੀਰਕ ਸੰਜਮ, ਮੁਸ਼ੱਕਤ, ਪਦਾਰਥਕ ਵਸੀਲੇ ਆਦਿਕ। ਪੱਛਮੀ ਚਿੰਤਨ ਪਰੰਪਰਾ ਨੇ 'ਸਚਾਈ, ਸਦ-ਭਾਵਨਾ, ਸੁਹਜ' ਦੀਆਂ ਅੰਤ੍ਰੀਵੀ ਕੀਮਤਾਂ ਸਰਬ-ਪਰਵਾਨਿਤ ਗੁੱਟ ਵਜੋਂ ਸਥਾਪਿਤ ਕਰਨ ਦੀ ਚੇਸ਼ਟਾ ਵੀ ਕੀਤੀ, ਜਿਸ ਦੇ ਟਾਕਰੇ ਉੱਤੇ 'ਸਤਿਅਮ, ਸ਼ਿਵਮ, ਸੁੰਦਰਮ' ਦੀਆਂ ਕੀਮਤਾਂ ਦਾ ਭਾਰਤੀ ਗੁੱਟ ਉਪਲੱਬਧ ਹੈ।

ਕੀਮਤ-ਸਿਧਾਂਤ ਦੀ ਇਕ ਹੋਰ ਸਮੱਸਿਆ ਕੀਮਤਾਂ ਦੀ ਗਿਣਤੀ ਸੰਬੰਧੀ ਹੈ। ਕੀਮਤਾਂ ਦੋ, ਤਿੰਨ ਜਾਂ ਵਧੀਕ ਹਨ, ਜਾਂ ਕੇਵਲ ਇੱਕੋ ਸਰਬ-ਸ੍ਰੇਸ਼ਟ ਕੀਮਤ ਹੈ? ਦੂਸਰੇ

Sri Satguru Jagjit Singh Ji eLibrary NamdhariElibrary@gmail.com

ਸ਼ਬਦਾਂ ਵਿਚ, ਕੀਮਤਾਂ, ਨੂੰ ਅਨੇਕਵਾਦੀ ਚੌਖਟੇ ਵਿਚ ਵਿਚਾਰਿਆ ਜਾਵੇ, ਜਾਂ ਕਿ ਵਿਭਿੰਨ ਕੀਮਤਾਂ ਨੂੰ ਕਿਸੇ ਇਕ ਸਰਬੋਤਮ ਕੀਮਤ ਦੇ ਅਧੀਨ ਰੱਖ ਕੇ ਪਰਖਿਆ ਜਾਵੇ? ਕੁਝ ਗੰਭੀਰ ਚਿੰਤਕਾਂ ਦਾ ਵਿਚਾਰ ਹੈ ਕਿ ਕੀਮਤਾਂ ਦੀ ਦਰਜਾਕਾਰੀ ਸੰਭਵ ਹੈ; ਕੀਮਤਾਂ ਦਾ ਇਕ ਵਿਸ਼ਾਲ ਸਿਲਸਿਲਾ ਘੜ ਲੈਣਾ ਉਚਿਤ ਹੈ, ਜਿਸ ਵਿਚ ਕੀਮਤਾਂ ਦੇ ਇਹ ਪੰਜ ਵਰਗ ਸ਼ਾਮਿਲ ਹੋਣ : (ੳ) ਜਿਸਮਾਨੀ ਕਰਲਚਰ, ਪਦਾਰਥਕ ਖ਼ੁਸ਼ਹਾਲੀ, ਨਰੋਈ ਜੀਵਨ-ਜਾਚ; (ਅ) ਬੌਧਿਕ ਕੀਮਤਾਂ, ਗਿਆਨ-ਵਿਗਿਆਨ, ਵਿਸ਼ਵ ਦੀ ਸਚਾਈ; (ੲ) ਸੁਹਜਮਈ ਕੀਮਤਾਂ , ਸੰਦਰਤਾ ਤੇ ਕਲਾ ਦੀ ਪ੍ਰੀਤ ਤੇ ਪ੍ਰਸੰਸਾ, ਵਿਸਮਾਦੀ ਅਨੁਭਵ; (ਸ) ਨੈਤਿਕ ਕੀਮਤਾਂ, ਮਾਨਵਵਾਦ, ਸਰਬੱਤ ਦਾ ਭਲਾ, ਸਦਗੁਣਾਂ ਦੀ ਸਾਂਝ; (ਹ) ਆਤਮਿਕ ਕੀਮਤਾਂ, ਵਿਸ਼ਵਭਾਵੀ ਦ੍ਰਿਸ਼ਟੀ, ਰਹੱਸਮਈ ਅਨੁਭਵ, ਵਿਆਪਕ ਪ੍ਰੇਮ-ਭਾਵ, ਅਭੇਦਤਾ। ਆਮ ਹਾਲਤਾਂ ਵਿਚ ਨੀਵੀਂ ਪੱਧਰ ਦੀ ਕੀਮਤ ਗ੍ਰਹਿਣ ਕੀਤੇ ਬਿਨਾਂ ਉਚੇਰੀ ਕੀਮਤ ਪੂਰਾ ਰਸ ਨਹੀਂ ਦੇਂਦੀ। ਧਰਮ ਅਤੇ ਸਦਾਚਾਰ : ਨੇਕੀ, ਸੇਵਾ ਤੇ ਉਪਕਾਰ-ਭਾਵ ਨੂੰ ਉਚੇਰਾ ਦਰਜਾ ਦੇਂਦੇ ਹਨ; ਸੰਤੋਖ ਤੇ ਸੁੱਚਮ, ਦਲੇਰੀ ਤੇ ਮਿੱਠਤ ਜੇਕਰ ਨੇਕ ਜੀਵਨ ਦੇ ਗੁਣ ਹਨ, ਤਾਂ ਪ੍ਰੇਮ-ਭਾਵ, ਅਨੰਦ, ਬ੍ਰਹਮ-ਗਿਆਨ ਤੇ ਅਭੇਦਤਾ ਅਧਿਆਤਮਿਕ ਪੱਧਰ ਦੀਆਂ ਕੀਮਤਾਂ ਵਜੋਂ ਪਰਵਾਨਿਤ ਹਨ।

ਅਜੋਕੇ ਦੌਰ ਵਿਚ,ਅਮਨ ਤੇ ਖੁਸ਼ਹਾਲੀ ਅੰਤਰ-ਰਾਸ਼ਟਰੀ ਪੱਧਰ ਉੱਤੇ ਪਰਵਾਨਿਤ ਕੀਮਤਾਂ ਹਨ, ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਕਿਸੇ ਵੀ ਬੌਧਿਕ, ਸਭਿਆਚਾਰਕ ਜਾਂ ਰੂਹਾਨੀ ਕੀਮਤ ਦੀ ਭਰਵੀਂ ਪ੍ਰਾਪਤੀ ਸੰਭਵ ਨਹੀਂ ਜਾਪਦੀ। ਇਹ ਠੀਕ ਹੈ ਕਿ 'ਬਲਵਾਨ' ਕੀਮਤਾਂ ਹੀ ਸਦਾ 'ਉਚੇਰੀਆਂ' ਕੀਮਤਾਂ ਨਹੀਂ ਹੁੰਦੀਆਂ। ਜੀਵਨ ਅਤੇ ਸਰੀਰਕ ਸਿਹਤ ਦੀ ਸੁਰੱਖਿਆ ਬੜੀ ਸਪੱਸ਼ਟ ਤੇ ਬਲਵਾਨ ਕੀਮਤ ਹੈ; ਇਸ ਵਲੋਂ ਬੇਧਿਆਨੀ ਘਾਤਕ ਸਿੱਧ ਹੋ ਸਕਦੀ ਹੈ। ਸਮਾਜ ਤੇ ਕਾਨੂੰਨ ਇਸ ਦੀ ਰਖਵਾਲੀ ਦੇ ਜ਼ਾਮਨ ਮੰਨੇ ਜਾਂਦੇ ਹਨ। ਪਰ, ਕੀ ਜਾਨ ਤੇ ਮਾਲ ਦੀ ਸੁਰੱਖਿਆ ਉੱਚਤਮ ਕੀਮਤ ਵੀ ਹੈ? ਮਿੱਠਤ ਤੇ ਹਲੀਮੀ ਦੇ ਗੁਣਾਂ ਵਾਲਾ ਜੀਵਨ ਨਿਸ਼ਚੇ ਹੀ ਨਿਰੇ ਰਿਸ਼ਟ-ਪੁਸ਼ਟ ਜੀਵਨ ਨਾਲੋਂ ਵਧੇਰੇ ਕੀਮਤੀ ਤੇ ਸਾਰਥਿਕ ਹੈ; ਇਹ ਗੱਲ ਵੱਖਰੀ ਹੈ ਕਿ ਜੇਕਰ ਕੋਈ ਵਿਅਕਤੀ ਮਿੱਠਤ ਦੀ ਵਰਤੋਂ ਨਾ ਕਰੇ, ਸਚਾਈ ਨਾਲ ਪਿਆਰ ਨਾ ਪਾਵੇ, ਜਾਂ ਅਧਿਆਤਮਿਕ ਚਿੰਤਨ ਨਾ ਕਰੇ, ਤਾਂ ਉਸ ਦੇ ਸਾਥੀਆਂ ਤੇ ਸਰਕਾਰ ਨੂੰ ਕੋਈ ਖ਼ਾਸ ਇਤਰਾਜ਼ ਨਹੀਂ। ਸ਼ਰਤ ਇਹ ਹੈ ਕਿ ਉਹ ਕਿਸੇ ਹੋਰ ਦੀ ਜਾਨ ਤੇ ਮਾਲ ਲਈ ਖਤਰਾ ਪੈਦਾ ਨਾ ਕਰੇ। ਉਚੇਰੀਆ ਕੀਮਤਾਂ, ਇਸ ਨੁਕਤੇ ਤੋਂ, 'ਨਿਰਬਲ' ਕੀਮਤਾਂ ਹਨ, ਚਾਹੇ ਸਦਾਚਾਰਕ ਤੇ ਅਧਿਆਤਮਿਕ ਪ੍ਰਗਤੀ ਦੇ ਪੱਖ ਇਨ੍ਹਾਂ ਦੀ ਉੱਤਮਤਾ ਵਿਚ ਕੋਈ ਸੰਦੇਹ ਨਹੀਂ।

## ਸਿੱਖ-ਮਤ ਦਾ ਕੀਮਤ-ਸਿਧਾਂਤੀ ਪੱਖ

ਕੀਮਤ-ਸਿਧਾਂਤੀ ਪੱਖ ਸਿੱਖ ਧਰਮ ਅਤੇ ਚਿੰਤਨ ਦਾ ਉਘੜਵਾਂ ਤੇ ਨਿਰਸੰਦੇਹ ਪੱਖ ਹੈ। ਸਿੱਖ ਅਧਿਆਤਮਿਕਤਾ ਕਦਰਾਂ-ਕੀਮਤਾਂ ਨਾਲ ਓਤ-ਪੋਤ ਹੈ, ਜਿਨ੍ਹਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਵਿਭਿੰਨ ਗੁੱਟਾਂ ਵਿਚ ਰੱਖ ਕੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਹਾ ਕਿ ਵਿਅਕਤੀ ਦੇ ਸਰੋਕਾਰਾਂ ਅਤੇ ਹਿੱਤਾਂ ਦਾ ਵਰਗ, ਸਮਾਜਕ ਭਲਾਈ ਦੀਆਂ ਕੀਮਤਾਂ, ਆਤਮਿਕ ਜੀਵਨ ਦੀਆਂ ਕੀਮਤਾਂ ਅਤੇ ਨਿਰੋਲ ਦੈਵੀ ਕੀਮਤਾਂ। ਇਹ ਗੱਲ ਦਿਲਚਸਪੀ ਤੋਂ ਖ਼ਾਲੀ ਨਹੀਂ ਕਿ ਗੁਰੂ-ਗ੍ਰੰਥ ਬਾਣੀ 'ਕੀਮਤ' ਸ਼ਬਦ ਨੂੰ ਕੀਮਤ-ਸਿਧਾਂਤੀ ਅਤੇ ਕੀਮਤਕਾਰੀ ਦੋਹਾਂ ਅਰਥਾਂ ਵਿਚ ਵਰਤਦੀ ਹੈ। ਮਗਰਲੇ ਅਰਥ ਦੀ ਵਰਤੋਂ ਵਿਚ 'ਕੀਮਤ' ਨੂੰ ਕੀਮਤ ਪਾਉਣ ਜਾਂ ਕਿਸੇ ਵਸਤੂ ਦਾ 'ਮੁੱਲ' ਨਿਰਧਾਰਿਤ ਕਰਨ ਦਾ ਭਾਵ ਲੁਪਤ ਹੈ, ਚਾਹੇ ਇਸ ਦਾ ਆਰਥਿਕ ਜਾਂ ਮਾਇਕ ਮੁੱਲ ਨਾਲ ਕੋਈ ਸੰਬੰਧ ਨਹੀਂ। ਬਹੁਤੀਆਂ ਹਾਲਤਾਂ ਵਿਚ ਇਹ ਮੁੱਲਵਾਨ ਵਸਤੂ ਦੈਵੀ ਹਸਤੀ (ਸ਼ਿਰੋਮਣੀ ਹਕੀਕਤ/ਪਰਮ-ਸੱਤਾ) ਹੁੰਦੀ ਹੈ। ਨਾਂਹਵਾਚਕ ਦ੍ਰਿਸ਼ਟੀ ਤੋਂ, ਇਸ ਵਿਚ ਕੀਮਤ-ਰਹਿਤ ਵਸਤਾਂ ਤੇ ਤੱਥਾਂ ਦਾ ਵਿਚਾਰ ਲੁਪਤ ਹੈ; ਕਈ ਵਾਰੀ ਕਿਸੇ ਕਰਮ ਨੂੰ ਜਾਂ ਕਿਸੇ ਚੀਜ਼-ਵਸਤ ਨੂੰ 'ਕੀਮਤਹੀਣ' ਕਹਿ ਕੇ ਨਕਾਰਿਆ ਜਾਂਦਾ ਹੈ। ਸਿੱਖ-ਚਿੰਤਨ ਨੇ ਜਿਨ੍ਹਾਂ ਉਚੇਰੀਆਂ ਕੀਮਤਾਂ ਨੂੰ ਗੰਭੀਰ ਵਿਚਾਰ ਦਾ ਪਾਤਰ ਬਣਾਇਆ ਹੈ, ਉਨ੍ਹਾਂ ਵਿਚ ਉਹ ਕੀਮਤਾਂ ਪ੍ਰਮੁੱਖ ਹਨ, ਜੋ ਪਰਮਾਤਮਾ ਵਿਚੋਂ ਉਗਮਦੀਆਂ ਹਨ ਅਤੇ ਉਸੇ ਵਿਚ ਵਸਦੀਆਂ ਹਨ। ਦੂਜੇ ਸਿਰੇ ਉੱਤੇ ਕੀਮਤਹੀਣਤਾ ਦਾ ਉਹ ਤੱਥ ਹੈ, ਜੋ ਮਨੁੱਖ ਦੇ ਹਉਮੈ-ਭਾਵ ਦੀ ਉਪਜ ਅਤੇ ਮਨਮੁਖਤਾ ਨਾਲ ਸੰਬੰਧਿਤ ਹੈ।

ਜੋ ਕੀਮਤਾਂ ਆਪਣੀ ਨੁਹਾਰ ਵਿਚ ਦੈਵੀ ਮੰਨੀਆਂ ਗਈਆਂ ਹਨ, ਉਨ੍ਹਾਂ ਬਾਰੇ ਮੁੱਢਲਾ ਸੰਕੇਤ ਸਿੱਖ ਧਰਮ ਦੇ ਉਸ ਬੁਨਿਆਤੀ ਸੂਤਰ ਵਿਚ ਪ੍ਰਾਪਤ ਹੈ, ਜਿਸ ਨੂੰ 'ਮੂਲ-ਮੰਤਰ' ਵਜੋਂ ਜਾਣਿਆ ਜਾਂਦਾ ਹੈ ਅਤੇ ਜਿਸ ਨਾਲ ਆਦਿ-ਗ੍ਰੰਥ ਬਾਣੀ ਦਾ ਆਰੰਭ ਹੋਇਆ ਹੈ। ਸਿੱਖ ਧਰਮ ਦਾ ਇਹ ਮੰਤਰ-ਰੂਪੀ ਸੂਤ੍ਰਿਕ ਕਥਨ, ਜਿਸ ਦੇ ਵੱਧ ਤੋਂ ਵੱਧ ਚੌਦਾਂ ਸੰਕੇਤ ਗਿਣੇ ਗਏ ਹਨ, ਸਿੱਖ-ਮਤ ਦੀ ਤੱਤ-ਮੀਮਾਂਸਿਕ ਬਣਤਰ ਦਾ ਆਧਾਰ ਹੈ। ਮੂਲ-ਮੰਤਰ ਦੀ ਇਹ ਜੁਗਤ ਸਮੁੱਚੇ ਰੂਪ ਵਿਚ ਏਕੀਸ਼ਵਰਵਾਦੀ ਵਿਸ਼ਵਾਸ ਦਾ ਪ੍ਰਗਟਾਵਾ ਹੈ। ਇਸ ਵਿਚ ਵਰਤੇ ਗਏ ਪ੍ਰਤੀਕ (ਇਕ ਓਅੰਕਾਰ ਤੋਂ ਗੁਰ ਪ੍ਰਸਾਦਿ ਤਕ) ਦੈਵੀ ਹਸਤੀ ਦੀ ਏਕਤਾ ਅਤੇ ਅਨੇਕਤਾ ਦੇ ਪੱਖਾਂ, ਉਸ ਦੀ ਅਗੋਚਰਤਾ ਤੇ ਵਿਆਪਕਤਾ, ਪੁਰਖੀ ਤੇ ਅਪੁਰਖੀ ਆਦਿਕ ਵਿਭਿੰਨ ਵਿਮਾਵਾਂ ਨੂੰ ਉਜਾਗਰ ਕਰਦੇ ਹਨ। ਮੂਲ-ਮੰਤਰ ਵਿਚਲੇ ਬਾਰਾਂ ਸੰਕੇਤ (ਅਜੂਨੀ ਸੈਭੰ ਤਕ) ਮੁੱਖ ਤੌਰ 'ਤੇ ਤੱਤ-ਮੀਮਾਂਸਿਕ ਸੰਕੇਤ ਹਨ, ਜਦ ਕਿ ਅੰਤਲੇ ਦੋ ਪ੍ਰਤੀਕ 'ਗੁਰ' ਅਤੇ 'ਪ੍ਰਸਾਦਿ' ਕੀਮਤ-ਸਿਧਾਂਤੀ ਪੱਖ ਨੂੰ ਪਹਿਲ ਦੇਂਦੇ ਹਨ। ਗੁਰੂ ਤੋਂ ਭਾਵ ਹੈ ਚਾਨਣ-ਪ੍ਰਦਾਤਾ, ਜੋ ਮਨੁੱਖ ਦੀ ਵਿਵੇਕਸ਼ੀਲਤਾ ਦਾ ਮੂਲ-ਆਧਾਰ ਹੈ, ਉਸ ਦੀ ਬੌਧਿਕਤਾ ਦਾ ਨਿਯਮ ਹੈ। ਪਰਮ ਹਸਤੀ ਨੂੰ ਗੁਰ ਦਾ ਪ੍ਰਤੀਕ ਦੇ ਕੇ ਉਸ ਨੂੰ ਸਰਬੱਗਤਾ, ਸੰਪੂਰਨ ਅੰਤਰਯਾਮੀ ਸ਼ਕਤੀਆਂ ਦਾ ਸੋਮਾ ਸਵੀਕਾਰ ਕੀਤਾ ਗਿਆ ਹੈ। 'ਪ੍ਰਸਾਦ' ਤੋਂ ਭਾਵ ਹੈ ਕਿਰਪਾ, ਮਿਹਰ, ਬਖ਼ਸ਼ਿਸ਼। ਆਪਣੇ ਆਪ ਵਿਚ ਇਹ ਪ੍ਰਤੀਕ ਦੈਵੀ ਕੀਮਤ ਵਜੋਂ ਸਥਾਪਿਤ ਹੈ, ਜੋ ਮਨੁੱਖ ਲਈ

Sri Satguru Jagjit Singh Ji eLibrary NamdhariElibrary@gmail.com

ਆਦਰਸ਼ ਦਾ ਕੰਮ ਕਰਦੀ ਹੈ। ਪਰਮ ਹਸਤੀ ਨੂੰ ਕਿਰਪਾ-ਸਰੂਪ ਦਰਸਾ ਕੇ, ਉਸ ਨੂੰ ਕੁੱਲ ਪ੍ਰੇਮ-ਭਾਵ, ਵਤਸੱਲ, ਤੇ ਦਇਆ ਦਾ ਸੋਮਾ ਮੰਨਿਆ ਹੈ, ਜੋ ਦਾਤਾਰ ਹੈ, ਬਖ਼ਸ਼ਣਹਾਰ ਹੈ। ਕਵੀ ਤੇ ਬਾਦੀ-ਕਾਰ ਉਸ ਦੀ ਕਿਰਪਾ ਦੁਆਰਾ ਆਪਣੀ ਰਚਨਾ ਦਾ ਅਰੰਭ ਕਰਦੇ ਰਹੇ ਹਨ। ਮੂਲ-ਮੰਤਰ ਦੇ ਕਈ ਵਿਆਖਿਆਕਾਰਾਂ ਨੇ 'ਪ੍ਰਸਾਦਿ' ਨੂੰ ਮੰਗਲਾਚਰਣ ਦੇ ਅੰਤਰਗਤ ਬਾਣੀ-ਰਚਨਾ ਦੇ ਅਰੰਭ ਵਿਚ ਇਸ਼ਟ ਦੀ ਆਰਾਧਨਾ ਵਜੋਂ ਪਰਵਾਨ ਕੀਤਾ ਹੈ। ਗੁਰ ਤੇ ਪ੍ਰਸਾਦਿ ਦੇ ਇਹ ਦੋਵੇਂ ਸੰਕੇਤ ਸਿੱਖ-ਮਤ ਦੀ ਮੂਲ ਤੱਤ-ਮੀਮਾਂਸਿਕ ਧਾਰਨਾ ਅਤੇ ਦੈਵੀ ਹਸਤੀ ਵਿਚ ਵਿਸ਼ਵਾਸ ਦੇ ਨਾਲ-ਨਾਲ, ਬੌਧਿਕਤਾ ਤੇ ਭਾਵੁਕਤਾ ਦੀਆਂ ਸਿਖਰਲੀਆਂ ਕੀਮਤਾਂ ਦੇ ਸੰਕੇਤਕ ਹਨ।

ਮੂਲ-ਮੰਤਰ ਤੋਂ ਉਪਰੰਤ, ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀਆਂ, ਲਗਭਗ ਹਰ ਪੰਨੇ ਉੱਤੇ, ਦੈਵੀ ਪਰਮ-ਸੱਤਾ ਵਿਚ ਸਥਿਤ ਕੀਮਤਾਂ ਦਾ ਹਵਾਲਾ ਪ੍ਰਸਤੁਤ ਕਰਦੀਆਂ ਹਨ। ਕੁਝ ਕੀਮਤਾਂ ਦੀ ਵਿਆਖਿਆ 'ਨਿਯਮਾਂ' ਦੇ ਅਰਥ ਵਿਚ ਸੰਭਵ ਹੈ, ਜਿਹਾ ਕਿ ਚਾਨਣ-ਬੁੱਧੀ ਜਾਂ ਵਿਵੇਕਸ਼ੀਲਤਾ ਦਾ ਨਿਯਮ, ਮਿਹਰ ਦਾ ਨਿਯਮ, ਕੁੱਲ ਰਚਨਾਤਮਿਕਤਾ ਅਤੇ ਕਲਾਤਮਿਕਤਾ ਦਾ ਮੂਲ-ਸਰੋਤ, ਜੀਵਨ ਵਿਚਲੇ ਪ੍ਰੇਮ-ਭਾਵ, ਸਦਾਚਾਰਕ ਉੱਤਮਤਾ ਤੇ ਨੇਕੀ ਦਾ ਨਿਯਮ ਅਤੇ ਆਧਾਰ, ਆਦਿਕ। ਸਿੱਖ ਵਿਸ਼ਵਾਸ ਅਨੁਸਾਰ, ਮਨੁੱਖੀ ਜੀਵਨ ਵਿਚ ਜੋ ਕੁਝ ਵੀ ਮੁੱਲਵਾਨ ਹੈ, ਉਹ ਅੰਤ੍ਰੀਵੀ ਰੂਪ ਵਿਚ ਦੈਵੀ ਪੁਰਖ ਨਾਲ ਸੰਬੰਧਿਤ ਹੈ। ਮਨੁੱਖ ਲਈ ਜੋ ਕੀਮਤਾਂ ਪ੍ਰੇਰਨਾ ਦਾ ਸੋਮਾ ਸਿੱਧ ਹੁੰਦੀਆਂ ਹਨ, ਗੁਰਬਾਣੀ ਦੀ ਸਿਖਿਆ ਅਨੁਸਾਰ ਉਨ੍ਹਾਂ ਦਾ ਨਿਵਾਸ ਪਰਮ ਹਸਤੀ ਵਿਚ ਹੈ। ਇਹ ਕੀਮਤਾਂ ਆਦਰਸ਼ ਵਜੋਂ ਅਪਣਾ ਕੇ ਵਿਅਕਤੀ ਆਪਣੇ ਜੀਵਨ ਨੂੰ ਨਰੋਈ ਤੇ ਸਾਰਥਿਕ ਸੇਧ ਦੇ ਸਕਦਾ ਹੈ। ਸਿੱਖ-ਚਿੰਤਨ ਦੇ ਪ੍ਰਕਰਣ ਵਿਚ, ਕਦਰਾਂ-ਕੀਮਤਾਂ ਦਾ ਕੋਈ ਵੀ ਸਿਧਾਂਤ 'ਸ਼ਿਰੋਮਣੀ' ਤੇ 'ਸਰਬ-ਸ਼੍ਰੇਸ਼ਟ' ਦੈਵੀ ਕੀਮਤ ਨੂੰ ਅੱਖੋਂ-ਪਰੋਖਾ ਨਹੀਂ ਕਰ ਸਕਦਾ।

ਕੀਮਤ ਅਤੇ ਕੀਮਤਕਾਰੀ ਦੇ ਸੰਕਲਪਾਂ ਦੀ ਗੁਰਬਾਣੀ ਨੇ ਅਨੇਕ ਪ੍ਰਕਰਣਾਂ ਵਿਚ ਵਰਤੋਂ ਕੀਤੀ ਹੈ। ਵੰਨਗੀ ਵਜੋਂ ਕੁਝ ਉਦਾਹਰਨਾਂ ਅੰਕਿਤ ਹਨ :

ਗੁਰੂ ਨਾਨਕ ਦੇਵ—

ਨਾਨਕ ਕਾਗਦ ਲਖ ਮਣਾ, ਪੜਿ ਪੜਿ ਕੀਚੈ ਭਾਉ।
ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ।
ਭੀ ਤੇਰੀ ਕੀਮਤਿ ਨਾ ਪਵੈ, ਹਉ ਕੇਵਡੁ ਆਖਾ ਨਾਉ।

—(ਸਿਰੀ ਰਾਗ, ਪੰਨਾ 15)

ਸਾਚੇ ਨਾਮ ਕੀ ਤਿਲੁ ਵਡਿਆਈ।
ਆਖਿ ਥਕੇ ਕੀਮਤਿ ਨਹੀ ਪਾਈ।

—(ਆਸਾ, ਪੰਨਾ 349)

Sri Satguru Jagjit Singh Ji eLibrary NamdhariElibrary@gmail.com

ਤੇਰਾ ਹੁਕਮੁ ਨ ਜਾਪੀ ਕੇਤੜਾ, ਲਿਖਿ ਨ ਜਾਣੈ ਕੋਇ।
ਜੇ ਸਉ ਸਾਇਰ ਮੇਲੀਅਹਿ, ਤਿਲੁ ਨ ਪੁਜਾਵਹਿ ਰੋਇ।
ਕੀਮਤਿ ਕਿਨੈ ਨ ਪਾਈਆ, ਸਭਿ ਸੁਣਿ ਸੁਣਿ ਆਖਹਿ ਸੋਇ।
—(ਸਿਰੀ ਰਾਗ, ਪੰਨਾ 53)

ਕਰਮ ਸੁਕਰਮ ਕਰਾਏ ਆਪੇ,
ਕੀਮਤਿ ਕਉਣੁ ਅਭੇਵਏ।
—(ਸੂਹੀ, ਪੰਨਾ 766)

ਜੋਤੀ ਜਾਤੀ ਗਣਤ ਨ ਆਵੈ।
ਜਿਨਿ ਸਾਜੀ ਸੋ ਕੀਮਤਿ ਪਾਵੈ।
—(ਬਿਲਾਵਲ, ਪੰਨਾ 839)

ਗੁਰੂ ਅਮਰਦਾਸ—

ਅਗਮੁ ਅਗੋਚਰੁ ਕੀਮਤਿ ਨਹੀ ਪਾਈ,
ਆਪੇ ਅਗਮ ਅਥਾਹਾ ਹੇ।
—(ਮਾਰੂ, ਪੰਨਾ 1053)

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ।
—(ਮਾਰੂ, ਪੰਨਾ 1067)

ਗੁਰੂ ਰਾਮਦਾਸ—

ਕੀਮਤਿ ਕਿਨੈ ਨ ਪਾਈਆ,
ਬੇਅੰਤੁ ਪ੍ਰਭੁ ਹਰਿ ਸੋਇ।
—(ਕਾਨੜਾ ਵਾਰ, 1313)

ਗੁਰੂ ਅਰਜਨ ਦੇਵ—

ਕੀਮਤਿ ਕਉਣੁ ਕਰੈ ਪ੍ਰਭ ਤੇਰੀ,
ਤੂ ਸਰਬ ਜੀਆ ਦਇਆਲਾ।
—(ਸੋਰਠਿ, ਪੰਨਾ 608)

ਊਚੇ ਤੇ ਨੀਚਾ ਕਰੈ, ਨੀਚ ਖਿਨ ਮਹਿ ਥਾਪੈ।
ਕੀਮਤਿ ਕਹੀ ਨ ਜਾਈਐ, ਠਾਕੁਰ ਪਰਤਾਪੈ।
—(ਬਿਲਾਬਲ, 813)

ਖੋਜਤ ਖੋਜਤ ਲਾਲੁ ਇਕੁ ਪਾਇਆ,
ਹਰਿ ਕੀਮਤਿ ਕਹਣੁ ਨ ਜਾਈ ਸੰਤਹੁ।
—(ਰਾਮਕਲੀ, 916)

ਆਪੇ ਹੋਵਹਿ ਗੁਪਤੁ, ਆਪੇ ਪਰਗਟੀਐ।
ਕੀਮਤਿ ਕਿਸੈ ਨ ਪਾਇ ਤੇਰੀ ਥਟੀਐ।
—(ਰਾਮਕਲੀ ਵਾਰ, 966)

ਕੀਮਤਿ ਕੋਇ ਨ ਜਾਣੈ ਦੂਜਾ।
ਆਪੇ ਆਪਿ ਨਿਰੰਜਨ ਪੂਜਾ।

—(ਮਾਰੂ ਸੋਲਹੇ, 1081)

ਉਪਰੋਕਤ ਉਦਾਹਰਨਾਂ ਵਿਚ ਦੈਵੀ ਪੁਰਖ (ਹਰੀ) ਨੂੰ ਸਰਬੋਤਮ ਕੀਮਤ ਵਜੋਂ ਸਵੀਕਾਰ ਕੀਤਾ ਗਿਆ ਹੈ, ਅਤੇ ਉਸ ਦੇ ਗੁਣਾਂ ਦੀ ਕੀਮਤ ਪਾਉਣ ਬੁੱਧੀਜੀਵੀਆਂ, ਸ਼ਾਇਰਾਂ, ਲੇਖਕਾਂ ਦੇ ਜਤਨਾਂ ਨੂੰ ਅਸਫਲ ਦਰਸਾਇਆ ਹੈ। ਉਸ ਦੀ ਵਡਿਆਈ ਨੂੰ, ਉਸ ਦੇ ਮੁੱਲ ਨੂੰ ਪੂਰਨ ਰੂਪ ਵਿਚ ਉਹ ਆਪ ਹੀ ਪਛਾਣਦਾ ਹੈ।

## ਕੀਮਤਾਂ ਦੀ ਦਰਜਾਕਾਰੀ

ਸਿੱਖ-ਮਤ ਈਸ਼ਵਰਵਾਦੀ ਧਰਮ ਹੋਣ ਦੇ ਨਾਤੇ, ਭਰਤੀ ਚਿੰਤਨ ਦੀਆਂ ਕੁਝ ਪਰੰਪਰਾਈ ਧਾਰਾਵਾਂ ਨਾਲ ਸੰਮਤੀ ਨਹੀਂ ਰਖਦਾ, ਜਿਨ੍ਹਾਂ ਵਿਚ ਬੁੱਧ-ਮਤ, ਜੈਨ-ਮਤ ਤੇ ਚਾਰਵਾਕ ਸ਼ਾਮਿਲ ਹਨ, ਅਤੇ ਜਿਨ੍ਹਾਂ ਲਈ 'ਅਧਿਆਤਮਿਕ' ਕੀਮਤਾਂ ਦਾ ਕਿਸੇ ਦੈਵੀ-ਹਸਤੀ ਵਿਚ ਸਥਿਤ ਹੋਣਾ ਲਾਜ਼ਮੀ ਸ਼ਰਤ ਨਹੀਂ। ਨਾ ਹੀ ਸਿੱਖ ਧਰਮ ਨੂੰ ਕੁਝ ਸਮਕਾਲੀ ਦਰਸ਼ਨ-ਪ੍ਰਣਾਲੀਆਂ ਦੀ ਵਿਚਾਰਧਾਰਾ ਪਰਵਾਨ ਹੈ, ਜਿਨ੍ਹਾਂ ਲਈ ਮਨੁੱਖ ਹੀ ਸਾਰੀਆਂ ਕਦਰਾਂ-ਕੀਮਤਾਂ ਦਾ ਮੂਲ-ਸਰੋਤ ਹੈ, ਜਿਹਾ ਕਿ ਅਜੋਕਾ ਅਸਤਿੱਤਵਵਾਦ, ਮਾਰਕਸਵਾਦ ਅਤੇ ਮਾਨਵਵਾਦ ਦੇ ਕੁਝ ਮਤ। ਸਿੱਖ ਦਾ ਵਿਸ਼ਵਾਸ ਹੈ ਕਿ ਈਸ਼ਵਰ ਹੀ ਕੀਮਤਾਂ ਦਾ ਅੰਤਿਮ ਸਰੋਤ ਹੈ, ਜਿਵੇਂ ਕਿ ਉਹ ਸਰਬੱਤ ਜੀਵਾਂ ਦਾ ਕਰਤਾ ਤੇ ਸਿਰਜਕ ਹੈ। ਸੋ, ਸਿੱਖ ਦ੍ਰਿਸ਼ਟੀਕੋਣ ਦਾ ਕੋਈ ਵੀ ਕੀਮਤ-ਸਿਧਾਂਤ 'ਦੈਵੀ' ਕੀਮਤਾਂ ਨੂੰ ਪਹਿਲੇ ਸਥਾਨ ਉੱਤੇ ਰਖੇਗਾ, ਅਤੇ 'ਮਾਨਵੀ' ਕੀਮਤਾਂ ਨੂੰ ਦੂਜਾ ਦਰਜਾ ਦੇਵੇਗਾ। ਇਹ ਗੱਲ ਵਖਰੀ ਹੈ ਕਿ ਨਿਰੋਲ ਤਾਰਕਿਕ ਦ੍ਰਿਸ਼ਟੀ ਤੋਂ, ਈਸ਼ਵਰ ਦੀ ਹਸਤੀ ਵਿਚ ਸਰਬੋਤਮ ਤੇ ਅੰਤ੍ਰੀਵੀ ਕੀਮਤਾਂ ਦੀ ਸਥਾਪਤੀ ਲਈ ਮਨੁੱਖ ਦੀ ਹੋਂਦ ਅਨਿਵਾਰੀ ਹੈ; ਮਨੁੱਖ ਤੋਂ ਬਿਨਾਂ ਕਾਇਨਾਤ ਵਿਚ ਕੇਵਲ 'ਤੱਥਾਂ' ਦੀ ਹੋਂਦ ਹੋਵੇਗੀ, 'ਕੀਮਤਾਂ' ਦੀ ਨਹੀਂ।

ਸਿੱਖ ਵਿਸ਼ਵਾਸ-ਪ੍ਰਣਾਲੀ ਅਨੁਸਾਰ, ਕੀਮਤਾਂ ਦੀ ਵਿਉਂਤਬੰਦੀ ਕਰਦਿਆਂ ਇਕ ਸਪੱਸ਼ਟ ਦਰਜਾਕਾਰੀ ਪ੍ਰਾਪਤ ਹੁੰਦੀ ਹੈ, ਜਿਸ ਵਿਚ ਦੈਵੀ ਗੁਣਾਂ-ਕਰਮਾਂ ਨੂੰ ਅੰਤਿਮ ਕੀਮਤਾਂ ਦੇ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ, ਅਤੇ ਮਨੁੱਖੀ ਜੀਵਨ ਦੇ ਆਦਰਸ਼ਾਂ ਨੂੰ ਦੂਜੇ ਸਥਾਨ ਉੱਤੇ ਰਖਿਆ ਜਾਂਦਾ ਹੈ। ਪਰੰਪਰਾਈ ਭਾਰਤੀ ਸੰਕਲਪਨਾ ਦੀ ਸ਼ਿਰੋਮਣੀ ਹਕੀਕਤ, ਜਿਸ ਨੂੰ ਸਤ-ਚਿਤ-ਆਨੰਦ ਦਾ ਪ੍ਰਤੀਕ ਦਿੱਤਾ ਗਿਆ ਹੈ, ਗੁਰੂ ਨਾਨਕ-ਬਾਣੀ ਦੇ ਕਾਵਿਕ ਕਥਨ ਵਿਚ ਨਿਮਨ ਸਰੂਪ ਧਾਰ ਗਈ ਹੈ :

ਸੁਅਸਤਿ ਆਥਿ ਬਾਣੀ ਬਰਮਾਉ।
ਸਤਿ, ਸੁਹਾਣੁ, ਸਦਾ ਮਨਿ ਚਾਉ। —(ਜਪੁਜੀ)

ਗੁਰੂ ਸਾਹਿਬ ਦੀ ਸੰਕਲਪਨਾ ਦਾ ਨਿਰ-ਆਕ੍ਰਾਰ, ਨਿਰੰਕੁਸ਼ ਬ੍ਰਹਮ ਆਪਣੇ ਆਪ ਵਿਚ ਮਗਨ 'ਤਾੜੀ' ਦੀ ਅਨੰਦਮਈ ਅਵਸਥਾ ਵਾਲੀ ਸਦੀਵੀ ਹਕੀਕਤ ਹੈ, ਜੋ ਕਥਨੋਂ

Sri Satguru Jagjit Singh Ji eLibrary NamdhariElibrary@gmail.com

ਬਾਹਰੀ (ਅਕਥ) ਹੈ, ਸ਼ੂਨਯ (ਸੁੰਨ) ਹੈ, ਅਵਿਅਕਤ (ਗੁਪਤ) ਆਤਮ-ਤੱਤ ਹੈ, ਜਾਂ ਵਿਸ਼ਵ-ਰਚਨਾ ਤੋਂ ਪੂਰਬਲੀ 'ਅਫੁਰ' ਹਸਤੀ ਹੈ। ਇਸ ਨਿਰੰਕਾਰ ਹਸਤੀ ਉੱਤੇ ਲਾਗੂ ਸਦੀਵਤਾ, ਅਨੰਤਤਾ ਅਤੇ ਅਗੋਚਰਤਾ ਅਜਿਹੀਆਂ ਕੀਮਤਾਂ ਹਨ ਜੋ ਮਨੁੱਖੀ ਹੋਂਦ ਨਾਲ ਸੰਬੰਧਿਤ ਨਹੀਂ ਕੀਤੀਆਂ ਜਾ ਸਕਦੀਆਂ। ਇਸੇ ਤਰ੍ਹਾਂ, ਰਚਨਾਤਮਿਕਤਾ (ਕਰਤਾਰੀ ਸ਼ਕਤੀ) ਜੋ ਕਰਤਾ-ਪੁਰਖ ਦਾ ਵਿਸ਼ੇਸ਼ ਗੁਣ ਹੈ, ਉੱਚਤਮ ਪੱਧਰ ਦੀ ਕੀਮਤ ਹੈ, ਜਿਸ ਉੱਤੇ ਕਿਸੇ ਨਿਸਾਨ ਦਾ ਅਧਿਕਾਰ ਜਾਂ ਦਾਅਵਾ ਸੋਚਿਆ ਨਹੀਂ ਜਾ ਸਕਦਾ। ਪਰਮ ਸੱਤਾ ਦੇ ਨਿਰਗੁਣ ਤੇ ਸਰਗੁਣ ਦੋਹਾਂ ਪੱਖਾਂ ਦੀਆਂ ਕੀਮਤਾਂ ਪਹਿਲੇ ਦਰਜੇ ਦੀਆਂ ਕੀਮਤਾਂ ਹਨ, ਜਿਨ੍ਹਾਂ ਨੂੰ ਕੇਵਲ ਦੈਵੀ ਕੀਮਤਾਂ ਦੇ ਵਰਗ ਵਿਚ ਰਖਿਆ ਜਾ ਸਕਦਾ ਹੈ, ਮਾਨਵੀ ਕੀਮਤਾਂ ਦੇ ਵਰਗ ਵਿਚ ਨਹੀਂ।

ਦੂਸਰੇ ਦਰਜੇ ਦੀਆਂ ਕੀਮਤਾਂ ਵਿਚ ਮਨੁੱਖ ਜੀਵਨ ਦੇ 'ਆਦਰਸ਼' ਸ਼ਾਮਿਲ ਹਨ, ਜਿਹਾ ਕਿ ਚਾਨਣ-ਬੁੱਧੀ, ਪ੍ਰੇਮ, ਸੁਹਜਮਈ ਅਨੁਭਵ, ਉਪਕਾਰ ਅਤੇ ਰਹੱਸਮਈ ਸੰਚਾਰ। ਇਹ ਸੰਭਵ ਹੈ ਕਿ ਪਹਿਲੇ ਵਰਗ ਦੀਆਂ ਕੀਮਤਾਂ ਅਤੇ ਮਾਨਵੀ ਪੱਧਰ ਦੀਆਂ ਕੀਮਤਾਂ ਵਿਚਕਾਰ ਕੋਈ ਸਾਂਝ ਤੇ ਸਮਨਵੈ ਸਥਾਪਿਤ ਹੋ ਜਾਵੇ, ਜਿਹਾ ਕਿ ਦੈਵੀ ਹਸਤੀ ਦੇ ਅਨੰਦ ਅਤੇ ਮਨੁੱਖੀ ਅਨੰਦਿਤ ਅਵਸਥਾ ਵਿਚਕਾਰ। ਈਸ਼ਵਰ ਨੂੰ ਅਨੰਦ-ਸਰੂਪ ਮੰਨਿਆ ਗਿਆ ਹੈ; ਉਹ ਅਨੰਦ ਦਾ ਅਨੁਭਵ ਨਹੀਂ ਕਰਦਾ, ਆਪ ਹੀ ਅਨੰਦ ਹੈ। ਮਨੁੱਖ ਲਈ ਅਨੰਦ ਨੂੰ ਕੇਵਲ ਅਨੁਭਵ ਦੇ ਰੂਪ ਵਿਚ ਕਿਆਸਣਾ ਜਾਂ ਆਦਰਸ਼-ਰੂਪ ਵਿਚ ਚਿਤਵਣਾ ਸੰਭਵ ਹੈ। ਈਸ਼ਵਰ ਨੂੰ ਮਿਹਰ, ਕਿਰਪਾ ਜਾਂ ਪ੍ਰਸਾਦ ਦੇ ਸਰੂਪ ਵਿਚ ਪਰਵਾਨ ਕੀਤਾ ਗਿਆ ਹੈ, ਮਨੁੱਖੀ ਪੱਧਰ ਉੱਤੇ ਮਿਹਰ-ਭਾਵ ਇਕ ਸਦ-ਗੁਣ ਜਾਂ ਮਾਨਵੀ ਕੀਮਤ ਵਜੋਂ ਵਿਕਸਿਤ ਹੋ ਸਕਦਾ ਹੈ। ਰੱਬ ਨੂੰ ਸੱਚ ਦਾ ਦਰਜਾ ਦਿੱਤਾ ਗਿਆ ਹੈ, ਜਦ ਕਿ ਮਨੁੱਖ ਲਈ ਪ੍ਰਬੱਧਤਾ ਜਾਂ ਬੌਧਿਕ ਪ੍ਰਕਾਸ਼ ਦਾ ਆਦਰਸ਼ ਥਾਪਿਆ ਜਾ ਸਕਦਾ ਹੈ। ਦੈਵੀ ਸੰਪੂਰਨਤਾ ਅਜਿਹੀ ਕੀਮਤ ਹੈ ਜੋ ਮਨੁੱਖੀ ਪ੍ਰਾਪਤੀ ਦੇ ਘੇਰੇ ਵਿਚ ਨਹੀਂ ਆਉਂਦੀ, ਪਰ ਪੂਰਨਤਾ-ਪ੍ਰਾਪਤੀ ਯਕੀਨੀ ਤੌਰ ਤੇ ਮਨੁੱਖੀ ਆਦਰਸ਼ ਵਜੋਂ ਥਾਪੇ ਜਾਣ ਦੇ ਯੋਗ ਹੈ। ਮਨੁੱਖ ਆਪ ਰੱਬ ਬਣਨ ਦੀ ਲੋਚਾ ਨਾ ਵੀ ਰਖੇ, ਪਰ ਉਸ ਨੂੰ ਰੱਬੀ ਸਿਫ਼ਤਾਂ ਜਾਂ ਦੈਵੀ ਕੀਮਤਾਂ ਦੀ ਕਮਾਈ ਦੀ ਅਕਾਂਖਿਆ ਉੱਤੇ ਪੂਰਾ ਹੱਕ ਹੈ।

## ਗੁਰਬਾਣੀ ਦੀ ਸਰਬੋਤਮ ਕੀਮਤ

ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਵਿਚ ਬਾਰ-ਬਾਰ ਵਰਤੇ ਗਏ 'ਨਾਦ' ਅਤੇ 'ਵੇਦ' ਦੇ ਪ੍ਰਤੀਕ ਸਿੱਖ-ਚਿੰਤਨ ਦੀ ਸਰਬੋਤਮ ਕੀਮਤ ਸੰਬੰਧੀ ਸਿਧਾਂਤ ਦੇ ਨਿਰਮਾਣ ਵਿਚ ਸਹਾਈ ਹੋ ਸਕਦੇ ਹਨ। 'ਨਾਦ' ਦਾ ਸ਼ਾਬਦਿਕ ਅਰਥ ਹੈ ਆਵਾਜ਼ ਜਾਂ ਧੁਨੀ; ਇਹ ਇਕ ਲਰਜ਼ ਹੈ ਜੋ ਗਲੇ ਜਾਂ ਕਿਸੇ ਸੰਗੀਤਕ ਸਾਜ਼ ਆਦਿਕ ਦੀ ਤਰਜ ਵਿਚੋਂ ਉਪਜੀ ਹੈ ਅਤੇ ਜੀਵ ਦੇ ਸ਼੍ਰਵਣ ਜੰਤਰ (ਕੰਨਾਂ) ਨੂੰ ਪ੍ਰਭਾਵਿਤ ਕਰਦੀ ਹੈ। ਇਕ ਹੋਰ ਦ੍ਰਿਸ਼ਟੀਕੋਣ ਤੋਂ, ਨਾਦ ਦਾ ਭਾਵ ਹੈ ਇਕਸੁਰਤਾ, ਜੋ ਫੇਰ ਸੰਗੀਤ ਦੀ ਧੁਨੀ ਦੇ ਸੰਕਲਪ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਉੱਤੇ ਆਧਾਰਿਤ ਹੈ। ਰਹੱਸਮਈ ਅਰਥਾਂ ਵਿਚ 'ਨਾਦ' ਬਿਨਾਂ-ਸਾਜ਼, ਬਿਨਾਂ-ਤਾਰ ਪੈਦਾ ਹੋਈ 'ਧੁਨੀ' ਹੈ, ਜੋ ਯੋਗੀਆਂ ਦੇ 'ਅਨਹਦ ਨਾਦ' ਦੇ ਰੂਪ ਵਿਚ ਮਨ ਦੀਆਂ ਗੁਫਾਵਾਂ ਵਿਚ ਗੂੰਜਦੀ ਹੈ। ਇਸ ਧੁਨੀ ਨੂੰ ਸਰੀਰਕ ਇੰਦਰੀਆਂ ਰਾਹੀਂ ਸੁਣਿਆ ਨਹੀਂ ਜਾ ਸਕਦਾ; ਸਰੀਰ ਦੇ 'ਨੌ ਦਰਵਾਜ਼ੇ' ਇਸ ਨੂੰ ਗ੍ਰਹਿਣ ਕਰਨ ਦੀ ਯੋਗਤਾ ਨਹੀਂ ਰਖਦੇ। ਦਸਵਾਂ ਦੁਆਰ ਜੋ ਆਤਮਿਕ ਦੁਆਰ ਮੰਨਿਆ ਗਿਆ ਹੈ, ਇਸ ਨਾਦ ਨੂੰ ਆਤਮਾ ਵਿਚ ਸਜੀਵ ਕਰਦਾ ਹੈ। ਯੋਗੀਆਂ ਦੀ ਇਸ ਮਨਭਾਉਂਦੀ ਸ਼ਬਦਾਵਲੀ ਦੀ ਗੂੰਜ ਗੁਰੂ-ਗ੍ਰੰਥ ਬਾਣੀ ਵਿਚ ਵੀ ਪ੍ਰਾਪਤ ਹੈ, ਜਿਥੇ ਕਿ ਇਸ ਦਾ ਭਾਵ ਹੈ ਸਰਬੋਤਮ ਹਸਤੀ ਨਾਲ ਵਿਅਕਤੀ ਦਾ ਆਤਮਿਕ ਸੰਪਰਕ। ਇਸ ਨੂੰ ਕਿਸੇ ਉਚੇਰੇ ਰਹੱਸਮਈ ਦੈਵੀ ਸੰਚਾਰ ਦੇ ਅਰਥ ਵੀ ਦਿੱਤੇ ਜਾ ਸਕਦੇ ਹਨ। ਇਹ ਪਰਮ ਯਥਾਰਥ ਨਾਲ ਇਕਮਿਕਤਾ ਦਾ ਅਨੁਭਵ ਹੈ, ਜਿਸ ਵਿਚ ਕਿਸੇ ਦਵੈਤ, ਕਲੇਸ਼ ਜਾਂ ਵਿਰੋਧ ਦੀ ਗੁੰਜਾਇਸ਼ ਨਹੀਂ। ਇਹ ਮਨੁੱਖੀ ਆਤਮਾ ਦੀ ਵਿਸ਼ਵ-ਆਤਮਾ ਨਾਲ ਇਕਸੁਰਤਾ ਦਾ ਅਨੁਭਵ ਹੈ। ਇਸ ਕਿਸਮ ਦੀ ਅੰਤਰੀਵੀ ਇਕਮਿਕਤਾ ਹਰ ਪ੍ਰਕਾਰ ਦੇ ਰਹੱਸਵਾਦ ਦਾ ਉਦੇਸ਼ ਰਿਹਾ ਹੈ; ਕਤਰਾ ਦਰਿਆ ਵਿਚ ਜਾ ਸਮਾਉਂਦਾ ਹੈ, 'ਬੂੰਦ' ਹਸਤੀ ਦੇ 'ਸਾਗਰ' ਵਿਚ ਰਲ ਜਾਂਦੀ ਹੈ; ਵਿਅਕਤੀ ਆਤਮਿਕ ਤੌਰ ਤੇ ਆਦਰਸ਼ਕ ਇਕਸੁਰਤਾ ਦੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

ਨਾਦ ਤੇ ਵੇਦ ਦੇ ਜੁੱਟ ਵਿਚੋਂ, 'ਵੇਦ' ਦਾ ਭਾਵ ਸੁਗਿਆਨ ਜਾਂ ਦਾਨਸ਼ਮੰਦੀ ਤੋਂ ਹੈ। ਧਰਮ ਦੇ ਪ੍ਰਕਰਣ ਵਿਚ, ਇਹ ਆਤਮਿਕ ਪ੍ਰਕਾਸ਼ ਹੈ, ਸਰਬ-ਸ਼੍ਰੇਸ਼ਟ ਗਿਆਨ ਤੇ ਉਜਾਲਾ ਹੈ। ਭਾਰਤ ਪਰੰਪਰਾ ਦੇ ਚਾਰ ਵੇਦਾਂ ਨਾਲ ਅੰਤ੍ਰੀਵੀ ਰੂਪ ਵਿਚ ਸੰਬੰਧਿਤ ਹੋਣ ਦੇ ਨਾਤੇ, ਅਤੇ ਵੇਦਿਕ ਸਾਹਿਤ ਦੇ ਪਾਵਨ ਸਰੋਤਾਂ ਨਾਲ ਜੁੜੇ ਹੋਣ ਕਰਕੇ, 'ਵੇਦ' ਦਾ ਸੰਕਲਪ ਉੱਚਤਮ ਅਧਿਆਤਮਿਕ ਗਿਆਨ ਦਾ ਸੰਕੇਤਕ ਹੈ, ਜਿਸ ਦੇ ਗਿਆਨ-ਸਿਧਾਂਤੀ ਮਹੱਤਵ ਨੂੰ ਧਿਆਨ ਵਿਚ ਰੱਖਣਾ ਆਵੱਸ਼ਕ ਹੈ। ਭਾਰਤੀ ਚਿੰਤਨ-ਪਰੰਪਰਾ ਵੇਦਾਂ ਨੂੰ ਸਰਬੱਤ ਗਿਆਨ ਦਾ ਸਰੋਤ ਮੰਨਦੀ ਹੈ, ਅਤੇ ਇਨ੍ਹਾਂ ਨੂੰ ਮਨੁੱਖ ਦੇ ਮਨ ਤੇ ਆਤਮਾ ਲਈ ਚਾਨਣ-ਮੁਨਾਰਾ, ਪੱਥ-ਪ੍ਰਦਰਸ਼ਕ ਤੇ ਰਾਹਬਰ ਦੇ ਰੂਪ ਵਿਚ ਸਵੀਕਾਰ ਕਰਦੀ ਹੈ। ਗਿਆਨਵਾਨਤਾ ਦਾ ਪ੍ਰੇਮੀ ਚਿੰਤਕ ਤੇ ਦਾਰਸ਼ਨਿਕ, ਜਿਸ ਨੂੰ ਸਿਆਣਪ ਨਾਲ ਇਸ਼ਕ ਹੈ ਅਤੇ ਆਪਣੇ ਟੀਚੇ ਦੀ ਪ੍ਰਾਪਤੀ ਲਈ ਜੋ ਅਧਿਐਨ ਤੇ ਸੋਚ-ਵਿਚਾਰ ਵਿਚ ਮਗਨ ਰਹਿੰਦਾ ਹੈ, ਇਕ ਤਰ੍ਹਾਂ ਨਾਲ 'ਵੇਦਿਕ' ਕਾਰਜ ਨਿਭਾ ਰਿਹਾ ਹੈ। ਯੋਗੀ, ਜੋ ਆਪਣੇ ਅੰਦਰੋਂ 'ਨਾਦ' ਸੁਣ ਰਿਹਾ ਹੈ, ਰਹੱਸਮਈ ਅਨੁਭਵ ਦਾ ਅਨੰਦ ਲੈ ਰਿਹਾ ਹੈ। ਸਿੱਖ ਦ੍ਰਿਸ਼ਟੀਕੋਣ ਤੋਂ, ਨਾਦ ਅਤੇ ਵੇਦ ਦੇ ਇਹ ਦੋਵੇਂ ਮਾਰਗ, ਜਿਨ੍ਹਾਂ ਨੂੰ ਗੁਰਬਾਣੀ ਨੇ ਇਕਸੁਰਤਾ ਅਤੇ ਸੁਗਿਆਨ ਦੇ ਅਰਥਾਂ ਵਿਚ ਅਪਨਾਇਆ ਹੈ, ਗੁਰੂ ਸਾਹਿਬਾਨ ਦੇ ਦਰਸਾਏ ਹੋਏ ਅੰਤਿਮ ਲਕਸ਼ ਦੀ ਪ੍ਰਾਪਤੀ ਹਿਤ ਕਾਰਗਰ ਸਿੱਧ ਹੁੰਦੇ ਹਨ। ਨਾਦ ਤੇ ਵੇਦ ਦੇ ਪ੍ਰਤੀਕ ਉੱਚਤਮ ਕੀਮਤਾਂ ਦੇ ਲਖਾਇਕ ਹਨ ਜਿਨ੍ਹਾਂ ਦਾ

Sri Satguru Jagjit Singh Ji eLibrary NamdhariElibrary@gmail.com

ਸਰੋਤ, ਇਸ ਪ੍ਰਕਰਣ ਵਿਚ, ਬਾਣੀ-ਰਚਨਾ ਹੈ — "ਸਭ ਨਾਦ ਵੇਦ ਗੁਰਬਾਣੀ।"

ਸਿੱਖ-ਮਤ ਦੀ ਸ਼ਿਰੋਮਣੀ ਕੀਮਤ 'ਅਭੇਦਤਾ' ਹੈ (ਜੋ ਨਾਦ ਜਾਂ ਇਕਸੁਰਤਾ ਦੇ ਸਮਾਨ-ਅਰਥਕ ਹੈ); ਨਾਲ ਹੀ ਇਹ ਕੀਮਤ 'ਬ੍ਰਹਮ-ਗਿਆਨ' ਹੈ ਕਿ ਅਭੇਦਤਾ ਅਤੇ ਬ੍ਰਹਮ-ਗਿਆਨ ਇੱਕੋ ਹੀ ਕੀਮਤ ਦੇ ਲਖਾਇਕ ਹਨ, ਜਾਂ ਇਹ ਦੋ ਉੱਤਮ ਕੀਮਤਾਂ ਦਾ ਜੁੱਟ ਹੈ? ਗੁਰੂ ਸਾਹਿਬਾਨ ਦਾ ਪੈਰੋਕਾਰ ਜੋ ਗੁਰਬਾਣੀ ਦੇ ਦਰਸਾਏ ਮਾਰਗ ਉੱਤੇ, ਅੰਤਿਮ ਉਦੇਸ਼ ਦੀ ਸੇਧ ਵਿਚ ਚਲਦਾ ਹੈ, ਆਤਮਿਕ ਅਭੇਦਤਾ ਦਾ ਪ੍ਰਤੀਕ ਦਿੱਤਾ ਗਿਆ ਹੈ, ਦੂਜੇ ਪਾਸੇ ਜਲਵਾ ਤੇ ਦਿਦਾਰ ਹੈ, ਜਿਸ ਨੂੰ ਬ੍ਰਹਮ-ਗਿਆਨ ਦੇ ਪ੍ਰਤੀਕ ਰਾਹੀਂ ਪ੍ਰਗਟਾਇਆ ਹੈ। ਇਸ ਤਰ੍ਹਾਂ ਇਹ ਦੋਵੇਂ (ਅਨੁਭਵ ਤੇ ਦ੍ਰਿਸ਼ਟੀ), ਸਿੱਕੇ ਦੇ ਦੋ ਪਾਸਿਆਂ ਵਾਂਗ, ਇੱਕੋ-ਇਕ ਕ੍ਰਿਆ ਦੇ ਦੋ ਰੁਖ ਹਨ। 'ਅਭੇਦਤਾ' ਦਾ ਅਨੁਭਵ ਉਸ ਸਰਬੋਤਮ ਕੀਮਤ ਦਾ ਰਹੱਸਮਈ ਪੱਖ ਹੈ, ਜਿਸ ਨੂੰ 'ਬ੍ਰਹਮ-ਗਿਆਨ' ਦੀ ਸੰਗਿਆ ਦਿੱਤੀ ਗਈ ਹੈ, ਅਤੇ ਜੋ ਦਰਸ਼ਨ-ਦੀਦਾਰ ਦੇ ਰੂਪ ਵਿਚ ਆਤਮਿਕ ਅਨੁਭਵ ਦਾ ਗਿਆਨ-ਸਿਧਾਂਤੀ ਪੱਖ ਹੈ। ਸਿੱਖ-ਚਿੰਤਨ ਦੀ ਇਸ ਸਰਬ-ਸ਼੍ਰੇਸ਼ਟ ਕੀਮਤ ਨੂੰ 'ਜੀਵਨ-ਮੁਕਤੀ' ਵੀ ਕਿਹਾ ਗਿਆ ਹੈ, ਜਿਸ ਵਿਚ 'ਨਾਦ' ਤੇ 'ਵੇਦ' ਦਾ ਸੰਜੋਗ ਪ੍ਰਾਪਤ ਹੈ। ਜੀਵਨ-ਮੁਕਮ ਅਵਸਥਾ ਨੂੰ ਪਹੁੰਚਾ ਵਿਅਕਤੀ ਪਰਮ-ਸੱਤਾ ਨਾਲ ਇਕਸੁਰ ਵੀ ਹੈ, ਅਤੇ ਪਰਮ ਹਸਤੀ ਦਾ ਦ੍ਰਿਸ਼ਟੇਤਾ ਵੀ ਹੈ। ਉਸ ਦਾ ਅਨੁਭਵ ਤੇ ਦ੍ਰਿਸ਼ਟੀ ਇਕਸੁਰ ਹੋ ਗਏ ਹਨ।

## ਮਾਨਵਵਾਦੀ ਕਦਰਾਂ-ਕੀਮਤਾਂ

ਜੋ ਕੀਮਤਾਂ ਮਾਨਵੀ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹਨ, ਉਹ ਵਿਭਿੰਨ ਪੱਧਰਾਂ ਉੱਤੇ ਮਨੁੱਖ ਦੀ ਭਲਾਈ ਨਾਲ ਜੋੜੀਆਂ ਹੋਈਆਂ ਹਨ। ਇਹ ਠੀਕ ਹੈ ਕਿ ਦੈਵੀ ਪੱਧਰ ਦੀਆਂ ਕੀਮਤਾਂ ਨਿਰਸੰਦੇਹ ਉਚੇਰੇ ਮੰਡਲ ਦੀਆਂ ਕੀਮਤਾਂ ਹਨ, ਜਿਨ੍ਹਾਂ ਵਿਚ ਦੈਵੀ ਅਨੰਤਤਾ ਤੇ ਸਦੀਵਤਾ, ਵਿਸ਼ਵ-ਰਚਨਾਤਮਿਕਤਾ ਤੇ ਅਗੋਚਰਤਾ, ਸੰਪੂਰਨਤਾ ਤੇ ਪ੍ਰਭੁਤਾ, ਸਰਬੱਗਤਾ ਤੇ ਦੈਵੀ ਮਿਹਰ ਸ਼ਾਮਿਲ ਹਨ। ਸਿੱਖ-ਚਿੰਤਨ ਦਾ ਬ੍ਰਹਮ-ਈਸ਼ਵਰ ਕੁਲ ਗੁਣਾਂ-ਸਿਫ਼ਤਾਂ ਤੋਂ ਅਤੀਤ (ਨਿਰਗੁਣ) ਹੈ, ਲਾਸਾਨੀ ਹੈ, ਨਿਰ-ਆਕਾਰ (ਅਰੂਪ) ਹੈ। ਤਦ ਵੀ ਉਹ ਕੁੱਲ ਦੁਨਿਆਵੀ ਰੂਪਾਕਾਰਾਂ ਤੇ ਗੁਣਾਂ ਵਿਚ ਵਰਤ ਰਿਹਾ ਹੈ, ਵਿਆਪਕ ਹੈ। ਇਹ ਸਾਰੀਆਂ ਦੈਵੀ ਕੀਮਤਾਂ ਧਰਤੀ ਦੇ ਅੰਤਸ਼ੀਲ, ਕਾਲਗਤ ਤੇ ਅਪੂਰਨ ਜੀਵ, ਮਨੁੱਖ-ਮਾਤਰ, ਦੀ ਪਹੁੰਚ ਤੋਂ ਬਾਹਰ ਹਨ। ਮਨੁੱਖਤਾ ਲਈ ਜੋ ਅਤਿਅੰਤ ਮਹੱਤਵਪੂਰਨ ਕੀਮਤਾਂ ਸੰਕਲਪੀਆਂ ਗਈਆਂ ਹਨ, ਉਹ ਮਾਨਵੀ ਪੱਧਰ ਦੀਆਂ, ਮਨੁੱਖੀ ਮੰਡਲ ਦੀਆਂ ਕੀਮਤਾਂ ਹਨ— ਜਿਨ੍ਹਾਂ ਵਿਚ ਉੱਤਰ-ਜੀਵਤਾ (ਸਿਹਤ ਤੇ ਜੀਵਨ ਦੀ ਵ੍ਰਿਧੀ), ਸਮਾਜਕ-ਆਰਥਿਕ ਅਤੇ ਬੌਧਿਕ ਪੱਧਰ ਦੀਆਂ ਕੀਮਤਾਂ, ਸੁਹਜਾਤਮਕ ਤੇ ਅਧਿਆਤਮਿਕ ਕੀਮਤਾਂ ਸ਼ਾਮਿਲ ਹਨ। ਇਹ ਕੀਮਤਾਂ ਦਾ ਮਾਨਵਵਾਦੀ ਮੰਡਲ ਹੈ, ਜਿਸ ਨੂੰ ਵਿਅਕਤੀ ਦੀ ਸਰੀਰਕ ਤੇ ਮਾਨਸਿਕ ਪ੍ਰਫੁੱਲਤਾ ਲਈ, ਮਨੁੱਖੀ ਯੋਗਤਾਵਾਂ

Sri Satguru Jagjit Singh Ji eLibrary NamdhariElibrary@gmail.com

ਦੇ ਪੁਨਰ-ਗਠਨ ਲਈ, ਪ੍ਰਭੂ-ਪ੍ਰੇਮ ਅਤੇ ਮਨੁੱਖਤਾ ਦੀ ਸੇਵਾ ਹਿਤ ਕਮਾਇਆ ਜਾਂਦਾ ਹੈ। ਹਰ ਵਿਅਕਤੀ ਆਪਣੀ ਪ੍ਰੇਰਨਾ ਤੇ ਰੁਚੀ ਅਨੁਸਾਰ, ਮਾਨਵਵਾਦੀ ਚੌਖਟੇ ਦੀਆਂ ਵਿਭਿੰਨ ਕੀਮਤਾਂ ਵਿਚੋਂ ਚੋਣ ਕਰਦਾ ਤੇ ਮਨ-ਭਾਉਂਦੀਆਂ ਕੀਮਤਾਂ ਦੀ ਸੇਧ ਵਿਚ ਜੀਵਨ ਬਤੀਤ ਕਰਦਾ ਹੈ।

ਸਿੱਖ-ਮਤ ਨੇ ਬੇਸ਼ੱਕ ਪਰੰਪਰਾਗਤ ਮਾਨਵੀ ਕੀਮਤਾਂ (ਚਾਰ ਪਦਾਰਥ : ਧਰਮ, ਅਰਥ, ਕਾਮ, ਮੋਖ) ਦੇ ਗੁੱਟ ਨੂੰ ਸਵੀਕ੍ਰਿਤੀ ਦਿੱਤੀ ਹੈ, ਅਤੇ ਇਸ ਨੂੰ ਇਕ ਵਿਸ਼ਾਲ ਢਾਂਚੇ ਦੇ ਰੂਪ ਵਿਚ ਅਪਨਾਇਆ ਹੈ, ਇਸ ਨੇ ਉਪਰਾਮਤਾ ਤੇ ਤਿਆਗ ਨੂੰ, ਜਾਂ ਸੰਨਿਆਸ ਦੇ ਆਦਰਸ਼ ਨੂੰ ਉਚੇਰੀ ਮਹੱਤਤਾ ਨਹੀਂ ਦਿੱਤੀ। ਇਸ ਦੀ ਬਜਾਇ ਸਿੱਖ-ਚਿੰਤਨ 'ਨਿਰਲੇਪਤਾ' ਦੀ ਕੀਮਤ ਦਾ ਹਾਮੀ ਹੈ, ਭਾਵ ਕਿ, ਸਿੱਧਾ-ਸਾਦਾ ਗ੍ਰਿਹਸਥੀ ਜੀਵਨ ਤੇ ਇਸ ਨਾਲ ਸੰਬੰਧਿਤ ਫ਼ਰਜ਼ਾਂ ਤੇ ਕਰਤੱਵਾਂ ਦੀ ਪਾਲਨਾ; ਅਤੇ ਵਾਸ਼ਨਾਵਾਂ, ਸੰਜਮਹੀਣਤਾ, ਬੇਮੇਚੀ ਮੋਹ-ਮਾਇਆ ਵਿਚ ਖੱਚਤ ਹੋਣ ਤੋਂ ਗੁਰੇਜ਼। ਇਹ ''ਘਰ ਹੀ ਮਾਹਿ ਉਦਾਸਾ'' ਦੀ ਨਿਰਲੇਪਤਾ ਹੈ। ਇਕ ਹੋਰ ਕੀਮਤ ਜੋ ਸਿੱਖ-ਮਤ ਨੂੰ ਪਰਵਾਨ ਹੈ—'ਸਹਿਜ' ਦੀ ਕੀਮਤ ਹੈ, ਜਿਸ ਵਿਚ ਸੰਤੁਲਿਤ ਜੀਵਨ ਦਾ ਅਰਥ ਲੁਪਤ ਹੈ। ਜੋ ਵਿਅਕਤੀ ਬੁੱਧ-ਵਿਵੇਕ ਤੇ ਉੱਚੀ ਮਤ ਦਾ ਧਾਰਨੀ ਹੈ, ਸੰਤੋਖੀ ਹੈ, ਸੰਜਮ ਵਿਚ ਰਹਿਣਾ ਜਾਣਦਾ ਹੈ, ਨੈਤਿਕ ਤੇ ਆਤਮਿਕ ਉਦੇਸ਼ਾਂ ਤੋਂ ਪ੍ਰੇਰਿਤ ਹੈ, ਉਹ ਸਹਿਜ ਦੀ ਪੱਧਰ ਉੱਤੇ ਵਿਚਰਦਾ ਹੈ, ਦੁਖ-ਸੁਖ ਵਿਚ ਸ਼ਾਂਤ ਤੇ ਅਡੋਲ ਰਹਿ ਸਕਦਾ ਹੈ। ਗੁਰੂ ਤੇਗ ਬਹਾਦਰ-ਬਾਣੀ ਵਿਚ ਸੰਤੁਲਿਤ ਜੀਵਨ ਦਾ ਚਿੱਤਰ ਸੋਰਠਿ ਰਾਗ ਦੇ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਗਿਆ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹ ਅਰੁ ਭੈ ਨਹੀ ਜਾ ਕੈ,
ਕੰਚਨ ਮਾਟੀ ਮਾਨੈ।...
ਆਸਾ ਮਨਸਾ ਸਗਲ ਤਿਆਗੈ,
ਜਗ ਤੇ ਰਹੈ ਨਿਰਾਸਾ।
ਕਾਮ ਕ੍ਰੋਧ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮ ਨਿਵਾਸਾ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਨਿਰਲੇਪਤਾ, ਸਹਿਜ ਤੇ ਨਿਰਭੈਤਾ ਦੀਆਂ ਕੀਮਤਾਂ ਉੱਤੇ ਅਧਿਕ ਬਲ ਦਿੱਤਾ ਹੈ। ਇਹ ਤਿੰਨੇ ਕੀਮਤਾਂ ਮਾਨਵਵਾਦੀ ਕੀਮਤ-ਪ੍ਰਣਾਲੀ ਵਿਚ ਉੱਤਮ ਸਥਾਨ ਰਖਦੀਆਂ ਹਨ।

ਸਿੱਖ-ਚਿੰਤਨ ਨੇ ਗੁਰਬਾਣੀ ਉੱਤੇ ਆਧਾਰਿਤ ਸੁਹਜਾਤਮਕ ਕੀਮਤ 'ਵਿਸਮਾਦ' ਮਾਨਵੀ ਕੀਮਤਾਂ ਦੇ ਵਰਗ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ। ਵਿਸਮਾਦ ਨੂੰ ਰੂਹਾਨੀਅਤ ਦੀ ਕੀਮਤ ਵਜੋਂ ਵੀ ਅਪਨਾਇਆ ਗਿਆ ਹੈ। ਵਿਸਮਾਦੀ ਅਨੁਭਵ ਆਪਣੇ ਆਪੇ ਦੀਆਂ ਡੂੰਘਾਣਾ ਵਿਚ ਵਸਦੇ ਦੈਵੀ ਤੱਤ ਦੀ ਪਛਾਣ ਵਿਚੋਂ, ਅਤੇ ਕੁਦਰਤ ਦੇ

Sri Satguru Jagjit Singh Ji eLibrary NamdhariElibrary@gmail.com

ਵਿਡਾਣ ਨੂੰ ਨਿਹਾਰਨ ਤੇ ਮਾਣਨ ਵਿਚੋਂ ਉਪਜਦਾ ਹੈ। ਇਸ ਦੀ ਪ੍ਰਾਪਤੀ ਮੀਟੀਆਂ ਤੇ ਖੁਲ੍ਹੀਆਂ ਅੱਖਾਂ, ਦੋਹਾਂ ਢੰਗਾਂ ਰਾਹੀਂ ਸੰਭਵ ਹੈ। ਇਸ ਅਵਸਥਾ ਨੂੰ ਪਹੁੰਚਾ ਵਿਅਕਤੀ ਦੈਵੀ ਹਸਤੀ ਦੀ ਅਲੌਕਿਕਤਾ, ਅਨੂਪਤਾ ਤੇ ਸੌਂਦਰਯ ਦਾ ਅਨੰਦ ਮਾਣਦਾ, ਮੁਗਧ ਹੋਇਆ ਰਹਿੰਦਾ ਹੈ। ਗੁਰੂ ਨਾਨਕ ਨੇ "ਵਿਸਮਾਦੁ ਰੂਪ, ਵਿਸਮਾਦੁ ਰੰਗ" ਦੀ ਇਸ ਅਕਥਨੀ ਅਵਸਥਾ ਦਾ ਕਾਵਿਕ ਕਥਨ ਕਰਦਿਆਂ, "ਵਿਸਮਾਦੁ ਨਾਦ, ਵਿਸਮਾਦੁ ਵੇਦ" ਵਾਲੇ ਸਲੋਕ ਵਿਚ ਵਿਸਮਾਦੀ ਰੰਗਨ ਭਰੀ ਹੈ। ਇਸੇ ਕਿਸਮ ਦੀ ਅਵਸਥਾ ਨੂੰ ਇਕ ਹੋਰ ਪ੍ਰਕਰਣ ਵਿਚ ਉਨ੍ਹਾਂ ਨੇ 'ਦੀਵਾਨਗੀ' ਤੇ 'ਬਉਰਾਨੀ' ਦਸ਼ਾ ਦੇ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

"ਭਇਆ ਦਿਵਾਨਾ ਸਾਹ ਕਾ, ਨਾਨਕੁ ਬਉਰਾਨਾ।"

ਗੁਰਬਾਣੀ ਵਿਚ ਵਿਅਕਤ ਕੀਮਤਾਂ ਦੀ ਸੇਧ ਮਨੁੱਖ ਨੂੰ ਕੇਵਲ ਵਿਅਕਤੀਗਤ ਰੂਪ ਵਿਚ ਹੀ ਪ੍ਰਭਾਵਿਤ ਨਹੀਂ ਕਰਦੀ, ਉਸ ਨੂੰ ਸਮਾਜਕ ਤੇ ਭਾਈਚਾਰਕ ਖੇਤਰ ਵਿਚ ਸ਼ੁਭ ਕਰਮਾਂ ਦੀ ਪ੍ਰੇਰਨਾ ਵੀ ਦੇਂਦੀ ਹੈ। ਸਦਾਚਾਰਕ ਉੱਤਮਤਾ ਅਤੇ ਆਦਰਸ਼ਕ ਜੀਵਨ ਦੀਆਂ ਕੀਮਤਾਂ ਦੇ ਪ੍ਰਭਾਵ ਅਧੀਨ ਉਹ ਸਮਾਜਕ ਹਿੱਤਾਂ ਦੀ ਰਖਵਾਲੀ ਤੇ ਸੇਵਾ ਲਈ ਤੱਤਪਰ ਹੋ ਜਾਂਦਾ ਹੈ। ਸਰਬੱਤ ਦੇ ਭਲੇ ਦਾ ਮਾਨਵਵਾਦੀ ਉਦੇਸ਼ ਉਸ ਨੂੰ ਉਚੇਰੀ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ, ਜਿਸ ਰਾਹੀਂ ਉਹ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਕਾਇਲ ਹੋ ਜਾਂਦਾ ਹੈ। ਸਿੱਖ ਪਰੰਪਰਾ ਵਿਚ ਭਾਈ ਲਹਿਣਾ (ਗੁਰੂ ਅੰਗਦ ਦੇਵ) ਤੋਂ ਲੈ ਕੇ, ਭਾਈ ਕਨ੍ਹਈਆ, ਅਤੇ ਗੁਰੂ-ਕਾਲ ਤੋਂ ਪਿਛਲੇਰੇ ਅਨੇਕ ਸੰਤਾਂ, ਸੇਵਕਾਂ, ਜੋਧਿਆ ਦਾ ਜ਼ਿਕਰ ਹੈ, ਜਿਨ੍ਹਾਂ ਦੀ ਵਿਸ਼ਵ-ਭਾਵੀ ਦ੍ਰਿਸ਼ਟੀ ਉਨ੍ਹਾਂ ਨੂੰ ਮਹਾਂਪੁਰਖਾਂ ਦੀ ਕਤਾਰ ਵਿਚ ਲਿਆ ਖੜਾਉਂਦੀ ਹੈ। 'ਸਰਬੱਤ ਦਾ ਭਲਾ' ਮਾਨਵੀ ਵਰਗ ਦੀ ਅਜਿਹੀ ਲਾਸਾਨੀ ਕੀਮਤ ਹੈ, ਜੋ ਆਪਣੀ ਵਿਸ਼ਾਲਤਾ ਵਿਚ ਨਦਰ-ਕਰਮ (ਮਿਹਰ) ਦੀ ਦੈਵੀ ਕੀਮਤ ਵਾਂਗ ਵਿਸ਼ਵਾਰਥੀ ਹੈ। ਕੀਮਤਾਂ ਦੀ ਸਤਰੰਗੀ ਪੀਂਘ ਵਿਚ ਜੇਕਰ ਦੈਵੀ ਕਿਰਪਾ ਇਕ ਸਿਰੇ ਦਾ ਰੰਗ ਹੈ, ਤਾਂ ਸਰਬੱਤ ਦਾ ਭਲਾ ਦੂਜੇ ਸਿਰੇ ਦਾ, ਮਾਨਵੀ ਰੰਗ ਹੈ।

## ਸਿੱਖ ਚਿੰਤਨ ਦੀ ਕੀਮਤ-ਪ੍ਰਣਾਲੀ

ਸਿੱਖ-ਮਤ ਦੇ ਵਿਆਖਿਆਕਾਰਾਂ ਅਤੇ ਧਰਮ-ਸਿਧਾਂਤੀਆਂ ਨੇ ਗੁਰਬਾਣੀ, ਭਾਈ ਗੁਰਦਾਸ ਰਚਨਾਵਲੀ ਤੇ ਹੋਰ ਧਾਰਮਿਕ ਕਿਰਤਾਂ ਦੇ ਹਵਾਲਿਆਂ ਨਾਲ ਭਿੰਨ ਭਿੰਨ ਕੀਮਤਾਂ, ਆਦਰਸ਼ ਤੇ ਨੈਤਿਕ ਆਦੇਸ਼ਾਂ ਦੀ ਚਰਚਾ ਕੀਤੀ ਹੈ। ਫ਼ਲਸਫ਼ੇ ਦੇ ਕੁਝ ਵਿਦਵਾਨਾਂ ਨੇ ਵੱਖ-ਵੱਖ ਪੱਧਰ ਦੀਆਂ ਕੀਮਤਾਂ ਦਾ ਇਕ ਵਿਉਂਤਬੱਧ ਸਿਲਸਿਲਾ ਰਚਣ ਦੀ ਅਕਾਂਖਿਆ ਵੀ ਕੀਤੀ ਹੈ। ਪੂਨਾ ਯੂਨਿਵਰਸਿਟੀ ਦੇ ਖੋਜਕਾਰ ਮੇਜਰ ਸੰਤੋਖ ਸਿੰਘ ਨੇ ਆਪਣੀ ਪੁਸਤਕ 'ਸਿੱਖ ਕੀਮਤ-ਪ੍ਰਣਾਲੀ ਦੇ ਦਾਰਸ਼ਨਿਕ ਆਧਾਰ' (ਅੰਗ੍ਰੇਜ਼ੀ) ਵਿਚ ਈਸ਼ਵਰ ਨੂੰ ਸਰਬੋਤਮ ਤੇ ਮੂਲ ਕੀਮਤ ਮੰਨ ਕੇ, ਅਧਿਆਤਮਿਕ, ਸਮਾਜਕ ਤੇ ਜੀਵਨ-ਵ੍ਰਿਧੀ ਦੀਆਂ ਕੀਮਤਾਂ ਦਾ ਇਕ ਚੌਖਟਾ ਪ੍ਰਸਤੁਤ ਕੀਤਾ, ਜਿਸ ਵਿਚ

Sri Satguru Jagjit Singh Ji eLibrary NamdhariElibrary@gmail.com

ਕੀਮਤਹੀਣਤਾ (ਨਾਂਹ-ਵਾਚਕ ਕੀਮਤਾਂ) ਦੇ ਵਰਗ ਨੂੰ ਵੀ ਸ਼ਾਮਿਲ ਕੀਤਾ ਗਿਆ। ਲੇਖਕ ਨੇ ਸਿੱਖ ਧਰਮ ਦੀਆਂ ਪ੍ਰਮੁੱਖ ਕੀਮਤਾਂ ਨੂੰ ਸਿੱਖ-ਸਮਾਜ ਅਤੇ ਸਿੱਖ ਸੰਸਥਾਵਾਂ ਵਿਚ ਕਾਰਜਸ਼ੀਲ ਹੁੰਦਾ ਵਿਖਾਇਆ, ਅਤੇ ਇਸ ਤਰ੍ਹਾਂ ਕੀਮਤਾਂ ਦੇ ਅਧਿਐਨ ਦਾ ਵਿਹਾਰਕ ਪੱਖ ਉਘਾੜਨ ਦਾ ਜਤਨ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਖੋਜ-ਅਧਿਆਪਕਾ ਜਸਵਿੰਦਰ ਕੌਰ ਢਿੱਲੋਂ ਨੇ ਆਪਣੀ ਪੁਸਤਕ 'ਗੁਰੂ ਨਾਨਕ ਦੀ ਕੀਮਤ-ਮੀਮਾਂਸਾ' ਵਿਚ ਕੀਮਤਾਂ ਦੇ ਸਮੁੱਚੇ ਪ੍ਰਸ਼ਨ ਨੂੰ ਜਪੁਜੀ ਦੇ 'ਪੰਜ ਖੰਡਾਂ' ਨਾਲ ਜੋੜ ਕੇ ਇਕ ਨਵੀਂ ਕੀਮਤ-ਪ੍ਰਣਾਲੀ ਪੇਸ਼ ਕੀਤੀ। ਲੇਖਿਕਾ ਨੇ ਸਾਧਾਰਨ ਕੀਮਤਾਂ ਤੋਂ ਲੈ ਕੇ ਉੱਚ-ਪੱਧਬੀ ਨੈਤਿਕ ਤੇ ਅਧਿਆਤਮਿਕ ਕੀਮਤਾਂ ਦਾ ਜੋ ਸਿਲਸਿਲਾ ਘੜਿਆ, ਉਹ ਆਪਣੇ ਆਪ ਵਿਚ ਬਹੁਤ ਤਸੱਲੀਬਖ਼ਸ਼ ਸੀ। ਉਸ ਨੇ ਕੀਮਤ-ਸਿਧਾਂਤ ਸੰਬੰਧੀ ਦਰਸ਼ਨਵੇਤਾਵਾਂ ਦੇ ਵਿਚਾਰ ਅੰਕਿਤ ਕਰ ਕੇ, ਆਪਣੇ ਖੋਜ-ਕਾਰਜ ਨੂੰ ਸੰਪੰਨਤਾ ਦੇਣ ਦਾ ਉਪਰਾਲਾ ਕੀਤਾ। ਸਿੱਖ-ਚਿੰਤਨ ਦੀਆਂ ਪਰਵਾਨਿਕ ਕੀਮਤਾਂ ਨੂੰ ਤਰਕਸ਼ੀਲ ਢਾਂਚੇ ਵਿਚ ਪ੍ਰਸਤੁਤ ਕਰਨ ਦੇ ਜਤਨ ਵਿਚ, ਅਤੇ ਉਕਤ ਲੇਖਕਾਂ, ਖੋਜਕਾਰਾਂ ਦੇ ਸੁਝਾਵਾਂ ਨੂੰ ਧਿਆਨ ਵਿਚ ਰਖਦਿਆਂ, ਸਿੱਖ ਕਦਰਾਂ-ਕੀਮਤਾਂ ਦੀ ਨਿਮਨ ਪ੍ਰਣਾਲੀ ਘੜੀ ਗਈ ਹੈ। ਇਸ ਵਿਚ ਮਾਨਵੀ ਪੱਧਰ ਦੀਆਂ ਅਤੇ ਦੈਵੀ ਮੰਡਲ ਦੀਆਂ ਕੀਮਤਾਂ ਨੂੰ ਦਰਜਾਕਾਰੀ ਜੁਗਤ ਵਿਚ ਰਖਿਆ ਗਿਆ ਹੈ, ਜਿਸ ਦਾ ਮੂਲ-ਆਧਾਰ ਅਤੇ ਉੱਚਤਮ ਕੀਮਤ ਦੈਵੀ ਹਸਤੀ (ਬ੍ਰਹਮ-ਈਸ਼ਵਰ) ਆਪ ਹੈ।

**(ੳ) ਪਦਾਰਥਕ-ਆਰਥਿਕ ਕੀਮਤਾਂ :** ਕੀਮਤਾਂ ਦਾ ਇਹ ਵਰਗ ਵਿਅਕਤੀ ਦੇ ਸਰੀਰਕ ਤੇ ਭਾਵੁਕ ਪੱਖਾਂ ਦੀਆਂ ਲੋੜਾਂ ਦੀ ਪੂਰਤੀ ਨਾਲ ਸੰਬੰਧਿਤ ਹੈ। ਪਰੰਪਰਾਗਤ 'ਚਾਰ ਪਦਾਰਥ' ਦੀ ਵਿਉਂਤ ਵਿਚਲੇ 'ਅਰਥ' ਤੇ 'ਕਾਮ' ਦੀਆਂ ਕੀਮਤਾਂ ਇਸ ਵਰਗ ਵਿਚ ਤ੍ਰਿਪਤ ਹੋ ਜਾਂਦੀਆਂ ਹਨ। ਸਰੀਰਕ ਪੱਧਰ ਉੱਤੇ 'ਸਿਹਤ' ਇਸ ਵਰਗ ਦੀ ਪ੍ਰਮੁੱਖ ਕੀਮਤ ਹੈ, ਜਿਸ ਨੂੰ ਗੁਰਬਾਣੀ ਨੇ ਆਪਣੇ ਕਾਇਆਂ ਦੇ ਫ਼ਲਸਫ਼ੇ ਵਿਚ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਤਪ-ਸਾਧਨਾਵਾਂ ਦੀ ਨਿਖੇਧੀ ਦੇ ਰੂਪ ਵਿਚ, ਆਦਰ-ਯੋਗ ਸਥਾਨ ਦਿੱਤਾ ਹੈ। ਸਿੱਖ-ਪਰੰਪਰਾ ਕਸਰਤ, ਘੋੜ-ਸਵਾਰੀ, ਗਤਕਾਬਾਜ਼ੀ ਤੇ ਹੋਰ ਸਿਹਤਮੰਦ ਹੁਨਰਾਂ ਨੂੰ ਉਤਸ਼ਾਹਿਤ ਕਰਦੀ ਹੈ। ਮਨੁੱਖੀ ਸਰੀਰ ਨੂੰ ਬਾਣੀ ਨੇ ਆਤਮਾ ਦਾ ਮਹਿਲ ਮੰਨਿਆ ਹੈ। ਕਿਰਤ ਕਮਾਈ ਰਾਹੀਂ ਪ੍ਰਾਪਤ ਧਨ-ਮਾਲ ਤੇ ਪਦਾਰਥਕ ਸੁਖ-ਸੁਵਿਧਾਵਾਂ ਦੀ ਵਰਤੋਂ ਸਾਧਨੀ ਕੀਮਤਾਂ ਦੇ ਰੂਪ ਵਿਚ ਕਰ ਕੇ; ਉਚੇਰੇ ਆਦਰਸ਼ਾਂ ਦੀ ਸੇਧ ਵਿਚ ਤੁਰਨ ਉੱਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਮੁਕਤੀ ਪ੍ਰਾਪਤ ਕਰਨ ਦੀ ਜੁਗਤ ਵਿਚ ਹਸਦਿਆਂ, ਖੇਡਦਿਆਂ, ਖਾਂਦਿਆਂ-ਪੀਂਦਿਆਂ, ਪਹਿਨਦਿਆਂ-ਪਚਰਦਿਆਂ ਉੱਦਮ ਦਾ ਜੀਵਨ ਬਤੀਤ ਕਰਨ ਦੀ ਸਿਖਿਆ ਸ਼ਾਮਿਲ ਹੈ। ਕੀਮਤਾਂ ਦੇ ਇਸ ਵਰਗ ਵਿਚ ਪਦਾਰਥਕ ਜਗਤ ਦੇ ਨਿਯਮਾਂ-ਕਾਨੂੰਨਾਂ ਦੀ ਸੋਝੀ ਨੂੰ ਵੀ ਥਾਂ ਦਿੱਤੀ ਗਈ ਹੈ। ਵਿਸ਼ਵ ਵਿਚ ਵਿਆਪਕ ਕਾਰਨ-ਕਾਰਜ ਦਾ ਪ੍ਰਬੰਧਕੀ ਨੇਮ ਅਤੇ ਮਾਨਵੀ ਜਗਤ ਵਿਚ

Sri Satguru Jagjit Singh Ji eLibrary NamdhariElibrary@gmail.com

ਲਾਗੂ ਕਰਮਾਂ ਦਾ ਨੇਮ ਇੱਕੋ ਲੜੀ ਦੇ ਮਣਕੇ ਪਰਵਾਨ ਕੀਤੇ ਗਏ ਹਨ, ਜਿਨ੍ਹਾਂ ਦਾ ਉਲੇਖ 'ਧਰਮ-ਖੰਡ' ਵਾਲੀ ਪਉੜੀ ਵਿਚ ਪ੍ਰਾਪਤ ਹੈ। ਮਾਨਵੀ ਕਰਮਾਂ ਦੇ ਨਿਯਮ ਨੂੰ ਕਈ ਚਿੰਤਕਾਂ ਨੇ ਸਦਾਚਾਰਕ ਨੇਮ ਦੇ ਰੂਪ ਵਿਚ ਅਪਨਾਇਆ ਹੈ, ਅਤੇ ਭੌਤਿਕੀ ਜਗਤ ਦੇ ਨਿਯਮਾਂ ਨਾਲ ਇਸ ਦਾ ਸੰਜੋਗ ਸਥਾਪਿਤ ਕੀਤਾ ਹੈ।

**(ਅ) ਬੌਧਿਕ ਕੀਮਤਾਂ :** ਪ੍ਰਬੁੱਧਤਾ ਜਾਂ ਚਾਨਣ-ਬੁੱਧੀ ਇਸ ਵਰਗ ਦੀ ਬੁਨਿਆਦੀ ਕੀਮਤ ਹੈ, ਜਿਸ ਦਾ ਪ੍ਰਗਟਾਵਾ 'ਅੱਖਰ ਦੇ ਭੇਦ' ਤੋਂ ਲੈ ਕੇ 'ਵੇਦ' ਦੇ ਪ੍ਰਤੀਕ ਤਕ, ਅਤੇ ਬੁੱਧ-ਵਿਵੇਕ ਤੋਂ ਅੰਤਰਬੋਧੀ ਚੇਤਨਾ ਤਕ, ਕਈ ਪੱਧਰਾਂ ਉੱਤੇ ਹੋਇਆ ਹੈ। ਸਿੱਖ-ਪਰੰਪਰਾ ਨੇ ਬਾਣੀ ਤੇ ਪੋਥੀਆਂ ਦੀ ਸੰਭਾਲ ਉੱਤੇ ਅਧਿਕ ਬਲ ਦਿੱਤਾ ਹੈ, ਜਿਨ੍ਹਾਂ ਵਿਚਲੀ ਸਿਖਿਆ ਨੂੰ ਗ੍ਰਹਿਣ ਕਰਨ ਲਈ ਸਾਖਰਤਾ ਪਹਿਲੀ ਲੋੜ ਹੈ। ਮਨ ਨੂੰ 'ਸਮਝਾਉਣ' ਲਈ ਕੁਝ-ਨਾ-ਕੁਝ ਗਿਆਨ-ਪ੍ਰਾਪਤੀ ਆਵੱਸ਼ਕ ਹੈ। ਕਰਤੇ ਦੀ ਰਚਨਾ ਏਨੀ ਵਿਸ਼ਾਲ ਤੇ ਬਹੁਰੰਗੀ ਹੈ, ਕਿ ਇਸ ਦਾ ਥਾਹ ਪਾਉਣ ਲਈ ਸੁਲਝੀ ਹੋਈ ਬੌਧਿਕਤਾ ਅਨਿਵਾਰੀ ਹੈ। ਜਿਸ ਗਿਆਨ-ਖੰਡ ਦੀ ਚਰਚਾ ਗੁਰੂ ਨਾਨਕ ਨੇ ਜਪੁਜੀ ਵਿਚ ਕੀਤੀ ਹੈ, ਉਸ ਵਿਚ "ਕੇਤੇ ਇੰਦ, ਚੰਦ, ਸੂਰ ਕੇਤੇ, ਕੇਤੇ ਮੰਡਲ, ਦੇਸ" ਦਾ ਉਲੇਖ ਹੈ। ਅਜੋਕਾ ਗਿਆਨ-ਵਿਗਿਆਨ ਤੇ ਵਿਸ਼ਵ-ਸਿਧਾਂਤ ਮਨੁੱਖੀ ਵਿਵੇਕਸ਼ੀਲਤਾ ਦੇ ਬਲਬੋਤੇ ਅਮੁੱਕ ਗਿਆਨ ਦੇ ਭੰਡਾਰ ਭਰ ਰਹੇ ਹਨ। ਪਰ, ਵਿਸ਼ਵ-ਰਚਨਾ ਦੀ ਵਿਸ਼ਾਲਤਾ, ਵਿਭਿੰਨਤਾ ਤੇ ਅਨੇਕਤਾ ਦੀ ਸੋਝੀ ਤੋਂ ਉਪਰੰਤ, ਦੈਵੀ ਪੁਰਖ ਦੀ ਕਰਤਾਰੀ ਸ਼ਕਤੀ, ਉਸ ਦੀ ਰਚਨਾਤਮਿਕਤਾ, ਤੇ ਉਸ ਦੇ ਉਦੇਸ਼ਾਂ ਦੀ ਚੇਤਨਾ ਲਈ ਦਿਬ-ਦ੍ਰਿਸ਼ਟੀ ਦੀ ਲੋੜ ਹੈ, ਜੋ ਅੰਤਰ-ਆਤਮਾ ਵਿਚ ਰਹੱਸਮਈ ਪ੍ਰਕਾਸ਼ ਉਤਪੰਨ ਕਰਦੀ ਹੈ। ਵਿਸ਼ਵ ਵਿਚ ਵਰਤ ਰਹੇ ਨਜ਼ਾਮ ਜਾਂ ਸੰਜਮ (ਡਿਸਿਪਲਿਨ) ਬਾਰੇ ਵਿਗਿਆਨ ਪੂਰੀ ਤਰ੍ਹਾਂ ਸੁਚੇਤ ਹੈ, ਪਰ ਵਿਸ਼ਵ-ਰਚਨਾ ਦੇ ਉਦੇਸ਼ ਬਾਰੇ ਉਹ ਚੁੱਪ ਹੈ। ਬਾਣੀ-ਚਿੰਤਨ ਸੰਜਮ ਤੇ ਉਦੇਸ਼ ਦੋਹਾਂ ਦੀ ਹਾਮੀ ਭਰਦਾ ਹੈ। 'ਬ੍ਰਹਮ-ਗਿਆਨ' ਇਸ ਵਰਗ ਦੀ ਸਿਖਰਲੀ ਕੀਮਤ ਹੈ। ਸਚਾਈ ਦੀ ਪ੍ਰੀਤ ਇਸ ਦਾ ਮਾਨਵੀ ਪ੍ਰਗਟਾਵਾ ਹੈ।

**(ੲ) ਸੁਹਜਾਤਮਕ ਕੀਮਤਾਂ :** ਸੁਹਜ ਤੇ ਸੁੰਦਰਤਾ ਦਾ ਅਨੁਭਵ ਮਨੁੱਖੀ ਮਾਨਸਿਕਤਾ ਦੀਆਂ ਸੂਖਮ ਲੋੜਾਂ ਨਾਲ ਸੰਬੰਧਿਤ ਹੈ, ਜੋ ਕੁਦਰਤ ਤੇ ਕਲਾ ਦੇ ਸੌਂਦਰਯ ਨੂੰ ਮਾਣਨ ਵਿਚੋਂ ਤ੍ਰਿਪਤ ਹੁੰਦੀਆਂ ਹਨ। 'ਰੂਪ'ਤੇ 'ਆਕਾਰ' ਇਸ ਵਰਗ ਦੀਆਂ ਕੀਮਤਾਂ ਨੂੰ ਪਰਿਭਾਸ਼ਿਤ ਕਰਨ ਵਾਲੇ ਸੰਕੇਤ ਹਨ। ਜਿਥੇ ਗਿਆਨੀ ਪੁਰਸ਼, ਚਿੰਤਕ ਤੇ ਦਾਰਸ਼ਨਿਕ, ਰੱਬ ਨੂੰ ਜਾਣਨ' ਲਈ ਉਤਸੁਕ ਹਨ, ਭਗਤ ਆਪਣੇ ਹਿਰਦੇ ਵਿਚ, ਅੰਤਰ-ਆਤਮਾ ਵਿਚ, ਰੱਬ ਨੂੰ 'ਮਾਣਨ' ਦੇ ਆਹਰ ਵਿਚ ਹੈ। ਉਸ ਦੀ ਆਦਰਸ਼ਕ ਕੀਮਤ 'ਵਿਸਮਾਦ' ਹੈ, ਜੋ ਉਸ ਦੀ ਸਮੁੱਚੀ ਮਾਨਸਿਕਤਾ ਦਾ ਨਵ-ਨਿਰਮਾਣ ਕਰਦੀ ਹੈ। ਇਸ ਅਨੁਭਵ ਨੂੰ ਉਹ 'ਅਨੰਦ' ਰੂਪ ਵਿਚ ਮਾਣਦਾ, ਸਹਿਜ-ਸੰਤੁਲਨ ਦੀ ਅਵਸਥਾ ਵਿਚ ਵਿਚਰਦਾ ਹੈ। ਬ੍ਰਹਮ ਨੂੰ ਪੂਰਨ ਸੁਤੰਤ੍ਰਤਾ ਤੇ ਪ੍ਰਭੁਤਾ ਦਾ ਸੁਆਮੀ ਮੰਨਦਿਆਂ,

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਸਤ ਤੇ ਚਿਤ ਦੇ ਨਾਲ 'ਅਨੰਦ' ਸਰੂਪ ਵਿਚ ਚਿਤਵਿਆ ਗਿਆ ਹੈ, ਜੋ ਮਨੁੱਖ ਲਈ ਸੁਹਜਾਤਮਕ ਪੱਧਰ ਦੀ ਉੱਚਤਰ ਕੀਮਤ ਵਜੋਂ ਸਥਾਪਿਤ ਹੈ। ਗੁਰੂ ਸਾਹਿਬਾਨ ਨੇ ਰਾਗ ਤੇ ਸੰਗੀਤ (ਗੀਅ ਰਸ) ਉੱਤੇ ਉਚੇਰਾ ਬਲ ਦੇ ਕੇ, ਅਤੇ ਬਾਣੀ-ਰਚਨਾ ਨੂੰ ਕਾਵਿਕ ਰਸ ਦੀ ਪ੍ਰਫੁੱਲਤਾ ਦਾ ਸਾਧਨ ਬਣਾ ਕੇ, ਵਿਅਕਤੀ ਨੂੰ ਕਲਾਵਾਂ ਦਾ ਰਸੀਆ ਹੀ ਨਹੀਂ ਬਣਾਇਆ, ਬਾਣੀ ਦੇ ਅਧਿਆਤਮਿਕ ਭਾਵਾਂ ਨੂੰ ਗ੍ਰਹਿਣ ਕਰਨ ਵਾਲਾ "ਹਰਿ ਰਸੁ ਪੀਵੈ ਅਲਮਸਤੁ ਮਤਵਾਰਾ" ਵੀ ਬਣਾ ਦਿੱਤਾ ਹੈ। ਗੁਰਬਾਣੀ ਅਨੁਸਾਰ, ਨਾਮ-ਰਸ ਰਸਿਕਤਾ ਦੀ ਸਿਖਰ ਹੈ।

**(ਸ) ਨੈਤਿਕ ਕੀਮਤਾਂ :** ਨੈਤਿਕ ਜੀਵਨ ਦੀਆਂ ਕੀਮਤਾਂ ਦਾ ਮਿਆਰ ਸਦਗੁਣ ਹੈ। ਇਸ ਮੰਡਲ ਦੀਆਂ ਕੀਮਤਾਂ ਨੂੰ ਗੁਰਬਾਣੀ ਵਿਚ ਅਤਿ ਵਿਸ਼ੇਸ਼ ਤੇ ਆਦਰਯੋਗ ਸਥਾਨ ਮਿਲਿਆ ਹੈ। ਨੈਤਿਕ ਗੁਣਾਂ ਤੋਂ ਬਿਨਾਂ ਭਗਤੀ ਦੀ ਸੰਭਾਵਨਾ ਪਰਵਾਨ ਨਹੀਂ ਕੀਤੀ ਗਈ। ਸਿੱਖ ਕੀਮਤ-ਪ੍ਰਣਾਲੀ ਵਿਚ ਨੈਤਿਕ ਕੀਮਤਾਂ ਦੀ ਪਰਿਭਾਸ਼ਾ ਜ਼ੋਰ (ਬਲ/ਸ਼ਕਤੀ) ਦੇ ਸੰਕੇਤ ਰਾਹੀਂ ਹੋਈ ਹੈ, ਜੋ ਸਦਾਚਾਰਕ ਬਲ ਦਾ ਅਰਥ ਦੇਂਦਾ ਹੈ; ਜੋਧੇ, ਸੂਰਮੇ, ਉੱਤਮ ਆਚਰਨ ਵਾਲੇ ਸਦਾਚਾਰੀ ਤੇ ਪ੍ਰਭੂ ਦੇ ਭਗਤ ਇਸ ਮੰਡਲ ਦੇ ਵਾਸੀ ਪਰਵਾਨ ਕੀਤੇ ਗਏ ਹਨ। ਅਜਿਹੇ ਮਾਨਵ-ਹਿਤੈਸ਼ੀ ਵਿਅਕਤੀ ਸਮਾਜ-ਸੇਵਾ ਲਈ ਵਚਨਬੱਧ ਹਨ; ਉਹ ਹਰ ਕਿਸੇ ਵਿਚ ਆਪਣੇ ਪ੍ਰਭੂ ਦੀ ਵਿਆਪਕਤਾ ਦਾ ਅਨੁਭਵ ਕਰਦੇ ਹਨ। 'ਸਰਬੱਤ ਦਾ ਭਲਾ' ਇਸ ਵਰਗ ਦੀ ਸਰਬੋਤਮ ਕੀਮਤ ਹੈ; ਮਨੁੱਖ ਦੇ ਆਦਰਸ਼ਾਂ ਵਿਚ ਇਸ ਦਾ ਪ੍ਰਾਥਮਿਕ ਸਥਾਨ ਹੈ। ਨੈਤਿਕ ਕੀਮਤਾਂ ਤੋਂ ਪ੍ਰਰਿਤ ਵਿਅਕਤੀ 'ਸੂਰਮਾ' ਹੈ; ਉਸ ਦਾ ਸਦਾਚਾਰਕ ਬਲ ਬਦੀ-ਬੁਰਾਈ ਦੇ ਵਿਰੁੱਧ ਸੰਗਰਾਮ ਦੀ ਪ੍ਰੇਰਨਾ ਦੇਂਦਾ ਹੈ, ਨਿਰਭੈ ਜੀਵਨ-ਜਾਚ ਉਲੀਕਦਾ ਹੈ, ਸ਼ੁਭ ਕਰਮ ਤੇ ਨਿਰਲੇਪਤਾ ਦੇ ਜੀਵਨ ਲਈ ਤਿਆਰ ਕਰਦਾ ਹੈ। ਇਹ ਕਰਮਯੋਗੀ ਦਾ ਮੰਡਲ ਹੈ, ਜਿਥੇ ਮਨੁੱਖੀ ਕਰਮ ਦੇ ਨਾਲ ਨਾਲ ਦੈਵੀ ਕਰਮ (ਮਿਹਰ) ਦੀ ਸੰਭਾਵਨਾ ਹਰ ਸਮੇਂ ਬਣੀ ਰਹਿੰਦੀ ਹੈ। ਮਨੁੱਖ-ਮਾਤਰ ਲਈ ਪ੍ਰੇਮ ਦੀ ਭਾਵਨਾ ਹੀ ਪ੍ਰਭੂ-ਪ੍ਰੇਮ ਦਾ ਵਸੀਲਾ ਹੋ ਨਿਬੜਦੀ ਹੈ।

**(ਹ) ਅਧਿਆਤਮਿਕ ਕੀਮਤਾਂ :** ਨੈਤਿਕ ਪੱਧਰ ਉੱਤੇ ਸ਼ੁਭ ਕਰਮ ਵਿਅਕਤੀ ਦਾ 'ਧਰਮ' ਹੁੰਦਾ ਹੈ, ਅਧਿਆਤਮਿਕ ਪੱਧਰ ਉੱਤੇ 'ਮੋਖ' ਉਸ ਦੀ ਸਰਬੋਤਮ ਕੀਮਤ ਹੋ ਜਾਂਦੀ ਹੈ। ਮੋਖ ਜਾਂ ਮੁਕਤੀ ਨੂੰ ਲਗਭਗ ਹਰ ਧਰਮ-ਪਰੰਪਰਾ ਨੇ ਵਿਅਕਤੀ ਦੇ ਆਦਰਸ਼ ਵਜੋਂ ਸਵੀਕ੍ਰਿਤੀ ਦਿੱਤੀ ਹੈ, ਅਤੇ ਇਸ ਨੂੰ ਵਿਭਿੰਨ ਅਰਥਾਂ ਵਿਚ ਅਪਨਾਇਆ ਹੈ,—ਜਿਵੇਂ ਆਵਾਗਵਨ ਦੇ ਗੇੜ ਤੋਂ ਛੁਟਕਾਰਾ, ਮੌਤ ਉਪਰੰਤ ਆਤਮਾ ਦੀ ਸ਼ਾਂਤੀ, ਪਰਮ-ਅਨੰਦ ਦੀ ਅਵਸਥਾ, ਨਿਜੀ ਹੋਂਦ ਤੇ ਦੈਵੀ ਹਸਤੀ ਦੀ ਇਕਸੁਰਤਾ ਦਾ ਅਨੁਭਵ। ਸਿੱਖ-ਮਤ ਨੇ ਵੀ ਮੁਕਤੀ, ਨਿਰਬਾਣ-ਪਦ, ਮੋਖ-ਦੁਆਰ ਆਦਿਕ ਸੰਕੇਤਾਂ ਦੀ ਖੁਲ੍ਹੀ ਵਰਤੋਂ ਕੀਤੀ ਹੈ; ਪਰ ਜਿਸ ਸੰਕਲਪ ਉੱਤੇ ਸਭ ਤੋਂ ਵਧੀਕ ਬਲ ਗੁਰਬਾਣੀ ਦੇ ਹਵਾਲਿਆਂ ਵਿਚ ਪ੍ਰਾਪਤ ਹੈ ਉਹ 'ਜੀਵਨ-ਮੁਕਤੀ' ਤੇ 'ਪ੍ਰਭੂ ਦੀ ਪ੍ਰੀਤ' ਹੈ, ਜਿਸ ਨੂੰ

Sri Satguru Jagjit Singh Ji eLibrary NamdhariElibrary@gmail.com

ਪ੍ਰਭੂ ਦੀ ਕਿਰਪਾ ਉੱਤੇ ਆਧਾਰਿਤ ਦਰਸਾਇਆ ਹੈ। ਜੀਵਨ-ਮੁਕਤੀ ਦੀ ਕੀਮਤ ਨੂੰ 'ਅਭੇਦਤਾ' ਦੇ ਅਰਥ ਵਿਚ ਵੀ ਪਰਵਾਨ ਕੀਤਾ ਗਿਆ ਹੈ, ਕਿਉਂਕਿ ਇਸ ਪੱਧਰ ਉੱਤੇ ਪੁੱਜਾ ਵਿਅਕਤੀ ਆਤਮਿਕ ਤੌਰ 'ਤੇ ਆਪਣੇ ਇਸ਼ਟ ਨਾਲ ਇਕਮਿਕ ਤੇ ਇਕਸੁਰ ਹੋ ਜਾਂਦਾ ਹੈ। ਗੁਰਬਾਣੀ ਨੇ ਅਜਿਹੇ ਵਿਅਕਤੀ ਨੂੰ 'ਗੁਰਮੁਖ' 'ਪੰਚ' 'ਸਚਿਆਰ' ਆਦਿਕ ਪਦਵੀਆਂ ਨਾਲ ਸਨਮਾਨਿਆ ਹੈ। ਕਰਤਾਪੁਰਖ 'ਸਚਖੰਡ' ਵਿਚ ਵਸਦਾ ਹੈ, ਅਤੇ ਕਰਤਾ ਨਾਲ ਅਭੇਦ ਜੀਵਨ-ਮੁਕਤ ਵਿਅਕਤੀ ਆਤਮਿਕ ਪੱਧਰ ਉੱਤੇ ਸੱਚ-ਖੰਡ ਵਾਸੀ ਹੋ ਜਾਂਦਾ ਹੈ। ਇਹ ਅਨੁਭਵ, ਇਹ ਅਵਸਥਾ ਹੀ ਉਸ ਦੀ ਸਰਬੋਤਮ ਕੀਮਤ ਤੇ ਪੂਰਨਤਾ ਪ੍ਰਾਪਤੀ ਹੈ।

Sri Satguru Jagjit Singh Ji eLibrary NamdhariElibrary@gmail.com

# 7.
# ਸਿੱਖ ਮੁਕਤੀ-ਸਿਧਾਂਤ

ਗੁਰੂ-ਗ੍ਰੰਥ ਬਾਣੀ ਅਤੇ ਸਮੁੱਚੇ ਸਿੱਖ-ਚਿੰਤਨ ਵਿਚ 'ਮੁਕਤੀ' ਅਤੇ 'ਜੀਵਨ-ਮੁਕਤੀ' ਦੇ ਸੰਕਲਪਾਂ ਦੀ ਬਾਰ-ਬਾਰ ਵਰਤੋਂ ਹੋਈ ਹੈ। ਇਥੇ ਪ੍ਰਸ਼ਨ ਇਹ ਹੈ ਕਿ ਇਨ੍ਹਾਂ ਸੰਕਲਪਾਂ ਦਾ ਪਰਸਪਰ ਸੰਬੰਧ ਕੀ ਹੈ ਅਤੇ ਸਿੱਖ ਧਰਮ ਵਿਚ ਪ੍ਰਧਾਨਤਾ ਕਿਸ ਸੰਕਲਪ ਨੂੰ ਮਿਲੀ ਹੈ?

ਮੁਕਤੀ ਸੰਬੰਧੀ ਸਿੱਖ-ਚਿੰਤਕ ਸ.ਸ.ਕਵੀਸ਼ਰ ਨੇ ਲਿਖਿਆ ਹੈ—"ਸਿੱਖੀ ਵਿਚ ਮੋਖ਼ਸ਼ ਜਾਂ ਮੁਕਤੀ ਇਕ ਦਸ਼ਾ, ਮਾਨਸਿਕ ਤੇ ਅਧਿਆਤਮਿਕ ਬਿਰਤੀ ਦਾ ਨਾਂ ਹੈ, ਕਿਸੇ ਥਾਂ ਦਾ ਨਾਮ ਨਹੀਂ, ਜਿਵੇਂ ਯਹੂਦੀਆਂ, ਮੁਸਲਮਾਨਾਂ ਤੇ ਈਸਾਈਆਂ ਦਾ ਬਹਿਸ਼ਤ, ਜਾਂ ਅਕਸਰ ਹਿੰਦੂਆਂ ਜਾਂ ਜੈਨੀਆਂ ਦਾ ਸਵੱਰਗ। ਸਚਖੰਡ ਸਾਡੇ ਹਿਰਦੇ ਅੰਦਰ ਹੈ, ਆਤਮਾ ਉਸ ਦਾ ਆਨੰਦ ਅੰਤਰ-ਆਤਮੇ ਮਾਣ ਸਕਦੀ ਹੈ, ਸਾਨੂੰ ਕਿਤੇ ਬਾਹਰ ਜਾਣ ਦੀ ਲੋੜ ਨਹੀਂ, ਆਪਣੇ ਹਿਰਦੇ ਨੂੰ ਆਕਾਲ ਪੁਰਖ ਦੇ ਨਿਵਾਸ ਲਈ ਯੋਗ ਥਾਂ ਬਣਾਉ, ਤੁਸੀ ਹਿਰਦੇ ਅੰਦਰ ਹੀ ਦਰਸ਼ਨ ਕਰ ਲਉਗੇ। ਹਉਮੈ ਨੂੰ ਜੜ੍ਹੋਂ ਪੁੱਟ ਦਿਉ, ਉਸ ਦੀ ਥਾਂ ਕਰਤਾਰ ਦੇ ਪ੍ਰੇਮ ਦਾ ਬੂਟਾ ਲਾ ਦਿਉ ਤਾਂ ਤੁਸੀਂ ਜੀਵਨ ਦਾ ਪਰਮ ਮਨੋਰਥ ਪ੍ਰਾਪਤ ਕਰੋਗੇ।"

ਉਕਤ ਟੂਕ ਸਪੱਸ਼ਟ ਕਰਦੀ ਹੈ ਕਿ ਸਿੱਖ-ਮਤ ਵਿਚ ਮੁਕਤੀ ਤੇ ਜੀਵਨ-ਮੁਕਤੀ ਦੇ ਸੰਕਲਪਾਂ ਨੂੰ ਇਕ ਦੂਜੇ ਤੋਂ ਨਿਖੇੜ ਕੇ, ਭਿੰਨ ਅਰਥਾਂ ਵਿਚ ਪ੍ਰਸਤੁਤ ਨਹੀਂ ਕੀਤਾ ਗਿਆ। ਮਨੁੱਖੀ ਜੀਵਨ ਦਾ ਪ੍ਰਯੋਜਨ, ਸਿੱਖ ਧਰਮ ਅਨੁਸਾਰ, ਪਰਮਾਤਮਾ ਨਾਲ ਅਭੇਦਤਾ ਦੀ ਪ੍ਰਾਪਤੀ ਹੈ। ਇਹ ਅਭੇਦਤਾ ਮੌਤ ਉਪਰੰਤ ਹੀ ਪ੍ਰਾਪਤ ਨਹੀਂ ਹੁੰਦੀ, ਇਹ ਮਨੁੱਖੀ ਜੀਵਨ ਵਿਚ ਹੀ ਸੰਭਵ ਹੈ। ਗੁਰਬਾਣੀ ਅਨੁਸਾਰ :

ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।—(ਆਸਾ, 5)

ਅਭੇਦਤਾ ਪ੍ਰਾਪਤੀ ਦਾ ਅਰਥ, ਗੁਰਬਾਣੀ ਅਨੁਸਾਰ, 'ਸਤਿ' ਦੀ ਪਾਪਤੀ ਹੈ; ਅਗਿਆਨ ਦਾ ਹਨੇਰਾ ਕੱਟ ਕੇ, ਗਿਆਨ ਦਾ ਪ੍ਰਕਾਸ਼ ਹਾਸਿਲ ਕਰਨ ਵਿਚ, ਕਿਰਨ ਦਾ ਸੂਰਜ ਵਿਚ ਤੇ ਜਲ ਦਾ ਜਲ ਵਿਚ ਰਲ ਕੇ "ਜੋਤਿ ਜੋਤੀ ਰਲੀ, ਸੰਪੂਰਨ ਥੀਆ ਰਾਮ" ਦੀ ਅਵਸਥਾ ਨੂੰ ਪੁੱਜਣ ਵਿਚ ਹੈ। ਇਨ੍ਹਾਂ ਵਿਚਾਰਾਂ ਦੀ ਸਮੁੱਚੀ ਸੇਧ 'ਜੀਵਨ-ਮੁਕਤੀ' ਦਾ ਆਦਰਸ਼ ਹੈ।



Sri Satguru Jagjit Singh Ji eLibrary NamdhariElibrary@gmail.com

ਆਦਰਸ਼ ਹੈ।

## ਭਾਰਤੀ ਪਰੰਪਰਾ ਤੇ ਜੀਵਨ-ਮੁਕਤੀ

ਸ਼ਬਦ 'ਜੀਵਨ-ਮੁਕਤੀ' ਦੋ ਅੰਗਾਂ ਦਾ ਸਮਾਸ ਹੈ—'ਜੀਵਨ' ਅਤੇ 'ਮੁਕਤੀ'। ਇਹ ਦੋਵੇਂ ਅੰਗ ਮਿਲ ਕੇ ਇਸ ਦਾ ਭਾਵ ਸਪੱਸ਼ਟ ਕਰਦੇ ਹਨ : ਵਿਅਕਤੀ ਦੇ ਜੀਵਨ-ਕਾਲ ਵਿਚ ਹੀ ਪ੍ਰਾਪਤ ਹੋਣ ਵਾਲੀ ਮੁਕਤੀ। ਜੀਵਨ-ਮੁਕਤੀ ਦਾ ਸੰਕੇਤ ਬੇਸ਼ੱਕ ਭਾਰਤੀ ਦਰਸ਼ਨਧਾਰਾ ਦੀ ਪਰੰਪਰਾ ਵਿਚੋਂ ਆਇਆ ਹੈ, ਪਰ ਇਸ ਦਾ ਭਰਪੂਰ ਪ੍ਰਗਟਾਵਾ ਸੋਲ੍ਹਵੀਂ ਸਦੀ ਵਿਚ ਸੰਪਾਦਿਤ ਆਦਿ-ਗ੍ਰੰਥ ਦੀ ਬਾਣੀ ਵਿਚ ਆ ਕੇ ਹੋਇਆ। ਇਸ ਤੋਂ ਭਾਵ ਵਿਅਕਤੀ ਦੀ ਉਹ ਆਤਮਿਕ ਅਵਸਥਾ ਹੈ, ਜੋ ਉੱਚਤਮ ਅੰਤਿਮ ਸੱਤਾ ਨਾਲ ਇਕਸੁਰ ਹੈ ਅਤੇ ਮਨੁੱਖੀ ਸਮਾਜ ਨਾਲ ਸੁਜੋੜ ਹੈ। ਜੋ ਵਿਅਕਤੀ ਆਪਣੇ ਜੀਵਨ-ਕਾਲ ਵਿਚ ਇਸ ਉਚੇਰੀ ਅਵਸਥਾ ਨੂੰ ਪ੍ਰਾਪਤ ਹੋ ਜਾਵੇ, ਉਸ ਨੂੰ 'ਜੀਵਨ-ਮੁਕਤ' ਦਾ ਨਾਮ ਦਿੱਤਾ ਜਾਂਦਾ ਹੈ, ਕਿਉਂਕਿ ਉਸ ਨੇ ਸੰਸਾਰ ਵਿਚ ਵਿਚਰਦੇ ਹੋਏ ਇਸ ਦੇ ਬੰਧਨਾਂ ਤੋਂ ਛੁਟਕਾਰਾ ਪਾ ਲਿਆ ਹੈ। ਅਜਿਹੇ ਜੀਵ ਦੇ ਲੱਛਣਾਂ ਬਾਰੇ ਗੁਰਬਾਣੀ ਵਿਚ ਅਨੇਕ ਹਵਾਲੇ ਮਿਲਦੇ ਹਨ।

ਸਿੱਖ ਅਧਿਆਤਮਿਕਤਾ ਦੇ ਅੰਤਰਗਤ ਮਨੁੱਖੀ ਜੀਵਨ ਦੇ ਆਦਰਸ਼ ਨੂੰ ਵਿਭਿੰਨ ਸੰਕੇਤਾਂ ਰਾਹੀਂ ਪ੍ਰਗਟਾਇਆ ਗਿਆ ਹੈ, ਜਿਵੇਂ ਕਿ 'ਅਭੇਦਤਾ' (ਭਾਵ ਦੋ ਤੱਤਾਂ ਦੀ ਇਕਸੁਰਤਾ ਜਾਂ ਇਕਰੂਪਤਾ); 'ਅਨੰਦ' (ਭਾਵ ਅਜਿਹੀ ਸੰਤੁਲਿਤ, ਬੰਧਨ-ਮੁਕਤ ਅਵਸਥਾ, ਜਿਥੇ ਦੁਖ-ਸੰਤਾਪ ਦਾ ਕੋਈ ਪ੍ਰਭਾਵ ਨਹੀਂ); 'ਬ੍ਰਹਮ-ਗਿਆਨ' (ਭਾਵ ਸੁਚੇਤਨਾ ਦੀ ਉੱਚਤਮ ਅਵਸਥਾ ਜਿਸ ਵਿਚ ਬ੍ਰਹਮੁ ਤੇ ਬ੍ਰਹਿਮੰਡ ਦਾ ਕੋਈ ਰਹੱਸ ਬਾਕੀ ਨਹੀਂ ਰਹਿੰਦਾ)। ਇਸੇ ਆਦਰਸ਼ ਨੂੰ 'ਜੀਵਨ-ਮੁਕਤੀ' ਦੀ ਦਸ਼ਾ ਕਿਹਾ ਗਿਆ ਹੈ। ਜੀਵਨ-ਮੁਕਤੀ ਦਾ ਸੰਕੇਤ ਸਮੁੱਚੇ ਰੂਪ ਵਿਚ ਮੁਕਤੀ, ਮੋਖ ਜਾਂ ਨਿਸਤਾਰੇ ਦੇ ਵਿਸ਼ਾਲਤਰ ਸੰਕੇਤ ਦੇ ਅੰਤਰਗਤ ਆ ਜਾਂਦਾ ਹੈ, ਜੋ ਕਿ ਲਗਭਗ ਸਭ ਧਰਮਾਂ ਵਿਚ ਮੌਜੂਦ ਹੈ। ਅੰਗਰੇਜ਼ੀ ਵਿਚ ਇਸ ਨੂੰ 'ਸਾਲਵੇਸ਼ਨ' (ਕਲਿਆਣ) ਦਾ ਨਾਮ ਦਿੱਤਾ ਗਿਆ ਹੈ। ਆਪਣੇ ਵਿਸਤ੍ਰਿਤ ਅਰਥਾਂ ਵਿਚ ਕਲਿਆਣ ਜਾਂ ਨਿਸਤਾਰਾ ਧਾਰਮਿਕ ਅਰਥ ਤੋਂ ਅਗੇਰੇ ਚਲਾ ਜਾਂਦਾ ਹੈ; ਕਿਸੇ ਵਿਅਕਤੀ ਲਈ ਉਸ ਦਾ ਕਲਿਆਣ ਧਨ-ਦੌਲਤ ਦੀ ਪ੍ਰਾਪਤੀ ਵਿਚ ਹੋ ਸਕਦਾ ਹੈ, ਜਿਸ ਤੋਂ ਭਾਵ ਹੈ ਅਜਿਹੀ ਸਾਮਗ੍ਰੀ ਜੋ ਉਸ ਨੂੰ ਲਾਚਾਰੀ ਅਤੇ ਅਸੁਰੱਖਿਆ ਤੋਂ ਮੁਕਤ ਕਰਦੀ ਹੈ। ਪਰ ਜਿਸ ਸਿਧਾਂਤ ਨੂੰ ਤਕਨੀਕੀ ਅਰਥਾਂ ਵਿਚ 'ਮੁਕਤੀ-ਸਿਧਾਂਤ' (ਜਾਂ ਮੁਕਤੀ-ਮੀਮਾਂਸਾ/soteriology) ਕਿਹਾ ਜਾਂਦਾ ਹੈ, ਉਹ ਕੇਵਲ ਅਧਿਆਤਮਿਕ ਅਰਥਾਂ ਵਾਲੀ ਮੁਕਤੀ ਦਾ ਸਿਧਾਂਤ ਹੀ ਹੈ। ਭਾਰਤੀ ਸ਼ਬਦਾਵਲੀ ਦੇ ਮੋਕਸ਼, ਮੋਕਤੀ, ਨਿਰਵਾਣ ਅਤੇ ਉਨ੍ਹਾਂ ਦੇ ਹੋਰ ਸਮਾਨ-ਆਰਥਕ ਸ਼ਬਦ ਜੋ ਆਦਿ-ਗ੍ਰੰਥ ਬਾਣੀ ਵਿਚ ਵਰਤੇ ਗਏ ਹਨ (ਜਿਵੇਂ ਕਿ ਪਰਮ-ਪਦ, ਨਿਰਬਾਣ-ਪਦ, ਸਚ-ਖੰਡ ਆਦਿਕ), ਸਾਰੇ ਮੁਕਤੀ-ਸਿਧਾਂਤ ਦੀਆਂ ਦਾਰਸ਼ਨਿਕ ਧਾਰਾਵਾਂ ਦੇ ਅੰਤਰਗਤ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਗੋਚਰ ਹੁੰਦੇ ਹਨ।

ਭਾਰਤੀ ਵਿਸ਼ਵਾਸ-ਪ੍ਰਣਾਲੀ ਵਿਚ ਮਨੁੱਖੀ ਕਲਿਆਣ ਸੰਬੰਧੀ ਸਭ ਤੋਂ ਵੱਧ ਪ੍ਰਚਲਿਤ ਮਨੁੱਖੀ ਆਤਮਾ ਦਾ ਆਵਾਗਉਣ ਦੇ ਚੱਕਰ ਤੋਂ ਛੁਟਕਾਰਾ ਹੈ। ਲਗਭਗ ਸਭ ਭਾਰਤੀ ਧਰਮਾਂ ਨੇ ਜਨਮ-ਜਨਮਾਂਤਰ ਤੋਂ ਮੁਕਤੀ ਨੂੰ ਉੱਚਤਮ ਆਦਰਸ਼ ਮਿੱਥਿਆ ਹੈ। ਈਸ਼ਵਰ ਨੂੰ 'ਅਜੂਨੀ' ਕਹਿ ਕੇ ਵਡਿਆਇਆ ਜਾਂਦਾ ਹੈ; ਉਹ ਜੂਨਾਂ ਵਿਚ ਨਹੀਂ ਪੈਂਦਾ, ਜਦ ਕਿ ਹੋਰ ਜੀਵਾਂ ਲਈ ਚੁਰਾਸੀ ਲੱਖ ਜੂਨਾਂ ਭੋਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਮਨੁੱਖੀ ਜੀਵਨ ਦੁਖ ਵਿਚ ਫਾਥਾ ਹੋਇਆ ਹੈ; ਮਨੁੱਖ ਦਾ ਅੰਤਿਮ ਕਲਿਆਣ, ਵਿਸ਼ੇਸ਼ ਕਰਕੇ ਬੁੱਧ-ਮਤ ਦੀ ਸਿਖਿਆ ਅਨੁਸਾਰ, ਦੁਖ ਦੀ ਨਵਿਰਤੀ ਵਿਚ ਹੈ, ਜੋ ਕਿ ਸੰਸਾਰਕ ਜੀਵਨ ਦੇ ਅੰਤ ਨਾਲ ਸੰਭਵ ਹੁੰਦੀ ਹੈ। ਇਹ ਅੰਤ ਤਿਆਗ ਤੇ ਸੰਨਿਆਸ ਦੇ ਰੂਪ ਵਿਚ ਵੀ ਹੋ ਸਕਦਾ ਹੈ, ਅਤੇ ਨਿਰਵਾਣ ਦੇ ਰੂਪ ਵਿਚ ਵੀ। ਛੁਟਕਾਰੇ ਦੇ ਅਰਥਾਂ ਵਿਚ ਮੁਕਤੀ ਤੋਂ ਇਹ ਭਾਵ ਵੀ ਲਿਆ ਜਾਂਦਾ ਹੈ ਕਿ ਜੀਵ ਉਨ੍ਹਾਂ ਬੰਧਨਾਂ ਤੋਂ ਮੁਕਤ ਹੋ ਗਿਆ ਹੈ ਜੋ ਆਵਾਗਉਣ ਦੇ ਖ਼ਾਤਮੇ ਨਾਲ ਖ਼ਤਮ ਹੋ ਗਏ ਹਨ। ਜਦੋਂ ਕੋਈ ਜੀਵ ਆਪਣਾ ਜੀਵਨ-ਸਫ਼ਰ ਮੁਕਾ ਲੈਂਦਾ ਹੈ, ਅਤੇ ਅਗੋਂ ਹੋਰਨਾਂ ਜੂਨਾਂ ਵਿਚ ਨਹੀਂ ਪੈਂਦਾ, ਉਹ ਜੀਵ ਦੁਖਾਂ ਅਤੇ ਬੰਧਨਾਂ ਦੋਹਾਂ ਤੋਂ ਸੁਤੰਤਰ ਹੋ ਜਾਂਦਾ ਹੈ। ਜਿਵੇਂ ਕਿ ਪੀ.ਐਲ. ਭਾਰਗਵਾ ਨੇ ਕਿਹਾ ਹੈ—"ਕਿਸੇ ਵੀ ਇਨਸਾਨ ਦਾ ਅੰਤਿਮ ਮਨੋਰਥ ਕਲਿਆਣ ਦੀ ਪ੍ਰਾਪਤੀ ਹੀ ਹੈ, ਜਿਸ ਤੋਂ ਜ਼ਿੰਦਗੀ ਤੇ ਮੌਤ ਦੇ ਚੱਕਰ ਦੀ ਸਮਾਪਤੀ ਹੋ ਜਾਂਦੀ ਹੈ, ਅਤੇ ਸਦੀਵੀ ਅਨੰਦ ਦੇ ਅਨੁਭਵ ਦੀ ਪ੍ਰਾਪਤੀ ਹੁੰਦੀ ਹੈ।" ਹਿੰਦੂ ਵਿਚਾਰਧਾਰਾ ਅਨੁਸਾਰ, "ਅਧਿਆਤਮਿਕ ਗਿਆਨ, ਨਿਸ਼ਕਾਮ ਸੇਵਾ ਅਤੇ ਈਸ਼ਵਰ-ਭਗਤੀ ਵਿਅਕਤੀ ਨੂੰ ਮੋਖ-ਪ੍ਰਾਪਤੀ ਦੇ ਯੋਗ ਬਣਾਉਂਦੇ ਹਨ।" ਇਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਸਿੱਖ-ਚਿੰਤਨ ਨੂੰ ਅਜਿਹੀ ਵਿਦੇਹ-ਮੁਕਤੀ ਤਾਂ ਮੌਤ ਉਪਰੰਤ ਪ੍ਰਾਪਤ ਹੋਣ ਵਾਲੀ ਮੋਖ-ਪ੍ਰਾਪਤੀ ਦਾ ਵਿਚਾਰ ਪਰਵਾਨ ਹੈ?

ਭਾਰਤੀ ਧਰਮ-ਚਿੰਤਨ ਦੀ ਨਿਰੰਤਰ ਚਲੀ ਆਉਂਦੀ ਪਰੰਪਰਾ ਦੇ ਅੰਤਰਗਤ, ਆਵਾਗਉਣ ਤੋਂ ਛੁਟਕਾਰੇ ਜਾਂ ਮੁਕਤੀ ਵਿਚ ਵਿਸ਼ਵਾਸ ਕਿਸੇ-ਨਾ-ਕਿਸੇ ਰੂਪ ਵਿਚ ਲੋਕਾਂ ਦੇ ਸਨਮੁਖ ਰਿਹਾ ਹੈ। ਕਦੀ ਇਸ ਨੇ ਕਰਮ ਉੱਤੇ ਬਲ ਦਿੱਤਾ ਹੈ, ਕਦੀ ਗਿਆਨ ਉੱਤੇ ਕਦੀ ਮਿਹਰ ਉੱਤੇ, ਕਦੀ ਮਗਨਤਾ ਉੱਤੇ ਅਤੇ ਕਦੀ ਸ਼ਰਧਾ ਤੇ ਪ੍ਰੀਤ ਆਦਿ ਦੇ ਮਾਰਗਾਂ ਉੱਤੇ। ਭਗਤੀ ਅੰਦੋਲਨ ਤੇ ਸੰਤ-ਬਾਣੀ ਦੀ ਪਰੰਪਰਾ ਨੇ 'ਮੁਕਤੀ' ਦੀ ਸ਼ਬਦਾਵਲੀ ਖੁੱਲ੍ਹ ਕੇ ਵਰਤੀ ਹੈ। ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਗੁਰੂਆਂ ਨੇ ਪੂਰਬ-ਵਰਤੀ ਸੰਤਾਂ-ਭਗਤਾਂ ਦੁਆਰਾ ਪ੍ਰਚਲਿਤ ਕੀਤੀ ਸ਼ਬਦਾਵਲੀ ਨੂੰ ਪਰਵਾਨ ਕੀਤਾ ਤੇ ਅਪਨਾਇਆ। ਪਰ ਜਿਵੇਂ ਕਿ ਕਈ ਹੋਰ ਸੰਕਲਪਾਂ ਦੀ ਹਾਲਤ ਵਿਚ ਕੀਤਾ ਗਿਆ ਹੈ (ਮਿਸਾਲ ਵਜੋਂ ਚਾਰ ਜੁਗਾਂ, ਚੁਰਾਸੀ ਲੱਖ ਜੂਨੀਆਂ, ਬ੍ਰਹਮਾ-ਵਿਸ਼ਨੂੰ-ਮਹੇਸ਼ ਦੀ ਤ੍ਰਿਕੜੀ, ਮਾਇਆ ਤੇ ਸ਼ੁੰਨ ਆਦਿਕ ਸੰਬੰਧੀ) ਮੁਕਤੀ ਦੇ ਸੰਬੋਧ ਨੂੰ ਵੀ ਬਾਣੀ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਗਏ ਹਨ। ਗੁਰੂ ਅਰਜਨ ਦੇਵ ਨੇ ਮੁਕਤੀ

Sri Satguru Jagjit Singh Ji eLibrary NamdhariElibrary@gmail.com

ਬਜਾਇ ਦੈਵੀ ਹਸਤੀ ਦੀ ਨਿਰੰਤਰ ਪ੍ਰੀਤ ਨੂੰ ਜੀਵ ਦੀ ਆਦਰਸ਼ਕ ਦਸ਼ਾ ਸਵੀਕਾਰ ਕੀਤਾ : "ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਂ ਰੇ।" ਸਿੱਖ ਸੰਕਲਪਨ ਦੀ ਮੁਕਤੀ ਵਿਚ ਮਨੁੱਖੀ ਹੋਂਦ ਦਾ ਅੰਤ ਕੇਂਦਰੀ ਨੁਕਤਾ ਨਹੀਂ, ਸਗੋਂ ਜੀਵ ਦੀ ਹਸਤੀ ਦਾ ਆਤਮਿਕ ਗੁਣ ਵਿਸ਼ੇਸ਼ ਤੱਤ ਹੈ।

ਵੇਦਾਂਤਿਕ ਮੁਕਤੀ-ਸਿਧਾਂਤ ਦਾ ਮੂਲ-ਮੁਹਾਵਰਾ ਅਵਿਦਿਆ (ਅਗਿਆਨ) ਹੈ, ਅਤੇ ਬੁੱਧ-ਮਤ ਦੀ ਮੂਲ-ਸੁਰ ਤ੍ਰਿਸ਼ਨਾ (ਜਾਂ ਲੋਚਾ) ਹੈ ਜੋ ਕਿ ਦੁਖ ਨੂੰ ਉਪਜਾਂਦੀ ਹੈ। ਗੁਰੂ ਨਾਨਕ-ਬਾਣੀ ਵਿਚ ਮੁਹਾਵਰਾ 'ਹਉਮੈਂ' ਦੇ ਸੰਕੇਤ ਵਿਚ ਬਦਲ ਗਿਆ, ਜਿਸ ਤੋਂ ਭਾਵ ਸੀ ਵਖਰੇਵਾਂ ਪੈਦਾ ਕਰਨ ਵਾਲੀ 'ਮੈਂ ਮੇਰੀ' ਜਾਂ ਵਿਅਕਤੀ ਦਾ ਹਉ-ਤਵ। ਗੁਰੂ ਸਾਹਿਬ ਨੇ ਹਉਮੈਂ ਨੂੰ ਹੀ ਅਵਿਦਿਆ, ਤ੍ਰਿਸ਼ਨਾ, ਬੰਧਨ ਅਤੇ ਦੁਖ-ਸੰਤਾਪ ਦਾ ਕਾਰਨ ਮੰਨਿਆ। ਜੇਕਰ ਸਾਨੂੰ ਨਿਸਤਾਰੇ ਜਾਂ ਨਿਰਬੰਧਤਾ ਦੀ ਭਾਲ ਹੈ, ਤਾਂ ਗੁਰਬਾਣੀ ਅਨੁਸਾਰ ਇਹ ਹਉਮੈ ਦੇ ਬੰਧਨਾਂ ਤੋਂ ਨਿਸਤਾਰਾ ਹੈ, ਆਪਣੇ ਵਿਅਕਤੀਗਤ ਆਪੇ ਤੋਂ ਸੁਤੰਤਰ ਹੋਣ ਦੀ ਸਥਿਤੀ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ 'ਜੀਵਨ-ਮੁਕਤੀ' ਦੀ ਪਰਿਭਾਸ਼ਾ ਹਉਮੈਂ-ਭਾਵ ਦੇ ਨਿਸ਼ੇਧ ਦੀ ਸ਼ਬਦਾਵਲੀ ਵਿਚ ਦਿੱਤੀ ਹੈ :

ਜੀਵਨ ਮੁਕਤੁ ਸੋ ।
ਜਿਸ ਵਿਚਹੁ ਹਉਮੈ —(ਮਾਰੂ ਅਸਟਪਦੀਆਂ)

ਹਉਮੈਂ-ਭਾਵ ਤੋਂ ਮੁਕਤੀ ਦ ... ਤਨ ਨਿਰਲੇਪਤਾ ਦੀ ਦਸ਼ਾ ਹੈ, ਜੋ ਜਿਗਿਆਸੂ ਨੂੰ ਦੈਵੀ ਤੱਤ ਦੇ ਨਿਕ ... ਾਉਂਦੀ ਹੈ। ਵਰਤਮਾਨ ਦੌਰ ਵਿਚ, ਸ੍ਰੀ ਅਰਬਿੰਦੋ ਘੋਸ਼ ਰਾਹੀਂ ਪ੍ਰਸਤੁਤ 'ਗਿਆਨਸ਼ੀਲ ਵਿਅਕਤੀ' ਦਾ ਸੰਕਲਪ ਜੀਵਨ-ਮੁਕਤ ਨਾਲੋਂ ਭਿੰਨ ਨਹੀਂ। ਇਸ ਅਵਸਥਾ ਨੂੰ ਪ੍ਰਾਪਤ ਵਿਅਕਤੀ ਪੂਰਨ ਗਿਆਨਵਾਨ ਵਿਅਕਤੀ ਹੈ, ਜਿਸ ਅੱਗੇ ਹੋਂਦ, ਹਸਤੀ ਤੇ ਵਿਕਾਸ ਕ੍ਰਿਆਵਾਂ ਦੇ ਕੁੱਲ ਰਹੱਸ ਖੁਲ੍ਹ ਜਾਂਦੇ ਹਨ। ਬਾਣੀ ਵਿਚ ਅਜਿਹੇ ਜੀਵ ਨੂੰ 'ਬ੍ਰਹਮ-ਗਿਆਨੀ' ਦਾ ਨਾਮ ਦਿੱਤਾ ਗਿਆ ਹੈ; ਬੁੱਧ-ਮਤ ਨੇ ਇਸ ਨੂੰ 'ਬੋਧੀਸਤਵ' ਦੀ ਉਪਾਧੀ ਦਿੱਤੀ ਸੀ।

ਸਿੱਖ-ਚਿੰਤਨ ਦਾ ਜੀਵਨ-ਮੁਕਤ ਪਹੁੰਚਾ ਹੋਇਆ ਰੂਹਾਨੀ ਮਨੁੱਖ ਹੈ, ਜਿਸ ਦੀ ਪਛਾਣ 'ਗੁਰਮੁਖ' ਦੇ ਰੂਪ ਵਿਚ ਕੀਤੀ ਗਈ ਹੈ, ਭਾਵ ਅਜਿਹਾ ਵਿਅਕਤੀ ਜਿਸ ਦੀ ਸੇਧ ਰੱਬਤਾ ਹੈ। ਗੁਰਮੁਖ ਨੇ ਇਕ ਸਾਧਾਰਨ ਗ੍ਰਿਹਸਥੀ ਦਾ ਜੀਵਨ ਬਤੀਤ ਕਰਨਾ ਹੈ; ਉਸ ਨੂੰ ਅੰਤਰੀਵੀ ਤੌਰ ਉੱਤੇ ਆਤਮਿਕ ਇਕਸੁਰਤਾ ਦਾ ਅਨੁਭਵ ਹੋ ਚੁੱਕਾ ਹੈ। ਉਹ ਨਿਤਾ-ਪ੍ਰਤੀ ਜੀਵਨ ਦੇ ਸੰਸਾਰਕ ਮੰਡਲ ਤੋਂ ਅਧਿਆਤਮਿਕ ਮੰਡਲ ਵਿਚ ਨਿਰਸੰਕੋਚ ਵਿਚਰਦਾ ਹੈ ("ਗੁਰਮੁਖ ਆਵਹਿ ਜਾਹਿ ਨਿਸੰਗ") । ਉਹ ਜਦੋਂ ਚਾਹੇ ਕਾਰ-ਵਿਹਾਰੀ ਪਦਾਰਥਕ ਜੀਵਨ ਤੋਂ ਪਰਮਾਰਥਕ ਜੀਵਨ ਵਿਚ ਪਲਟ ਜਾਂਦਾ ਹੈ, ਬਿਨਾਂ ਕਿਸੇ ਰੋਕ-ਟੋਕ, ਬਿਨਾਂ ਕਿਸੇ ਬੰਦਸ਼ ਦੇ। ਗੁਰੂ ਸਾਹਿਬਾਨ ਨੇ "ਗ੍ਰਿਹਸਥ ਮਹਿ ਨਿਰਬਾਣ" ਦੀ ਪਦਵੀ ਨੂੰ ਪ੍ਰਾਪਤ ਅਜਿਹੇ ਮੁਕਤ ਜੀਵ ਦਾ ਵਿਸ਼ੇਸ਼ ਵਰਣਨ ਕੀਤਾ ਹੈ । ਉਸ ਦੇ

Sri Satguru Jagjit Singh Ji eLibrary NamdhariElibrary@gmail.com

ਅੰਤਰ ਵਖਰੇਵਾਂ ਉਪਜਾਣ ਵਾਲੀ ਹਉਮੈ ਦੀ ਬਜਾਇ ਸਰਬ ਲੋਕਾਈ ਨੂੰ ਕਲਾਵੇ ਵਿਚ ਲੈਣ ਵਾਲੀ ਦੈਵੀ ਆਤਮਾਂ ਦਾ ਨਿਵਾਸ ਹੁੰਦਾ ਹੈ। ਹੋਂਦਪਰਕ ਦ੍ਰਿਸ਼ਟੀ ਤੋਂ ਉਹ ਦੁਨਿਆਵੀ ਜੀਵ ਹੈ, ਤੱਤ-ਰੂਪ ਵਿਚ ਉਹ ਕਿਸੇ ਪਾਰਲੇ ਮੰਡਲ ਦਾ ਵਾਸੀ ਹੈ।

## ਜੀਵਨ-ਮੁਕਤੀ ਤੇ ਜੀਵਤ ਮਰਨਾ

ਗੁਰਬਾਣੀ ਵਿਚ ਜੀਵਨ ਮੁਕਤੀ ਦਾ ਇਕ ਹੋਰ ਸਰੂਪ 'ਜੀਵਤ ਮਰਨਾ' ਦਾ ਵਿਸ਼ਾ ਹੈ, ਜਿਸ ਤੋਂ ਭਾਵ ਸੰਸਾਰੀ ਜੀਵਨ ਬਤੀਤ ਕਰਦੇ ਹੋਏ ਸੰਸਾਰ ਦਾ ਤਿਆਗ ਹੈ। ਜਿਉਂਦੇ-ਜੀ ਮਰਨ ਵਾਲੀ ਵਿਰੋਧਾਭਾਸੀ ਗੱਲ ਗੁਰੂ ਸਾਹਿਬਾਨ ਨੇ ਇਹ ਦ੍ਰਿੜ੍ਹ ਕਰਾਉਣ ਲਈ ਕੀਤੀ ਹੈ ਕਿ ਇਕ ਖ਼ਾਸ ਕਿਸਮ ਦਾ ਜੀਵਨ ਤਿਆਗਣਾ ਹੈ ਅਤੇ ਕੋਈ ਵਿਸ਼ੇਸ਼ ਤੇ ਉਚੇਰੀ ਪ੍ਰਕਾਰ ਦਾ ਜੀਵਨ ਅਪਨਾਉਣਾ ਹੈ। ਇਹ ਹਉਮੈ-ਭਾਵ ਤੋਂ 'ਮਰਨਾ' ਹੈ ਪੰਜ ਵਿਕਾਰਾਂ ਤੋਂ ਮਰਨਾ ਹੈ, ਅਤੇ ਲਿਵ ਜੋੜਨ, ਸਰਬੱਤ ਦਾ ਭਲਾ ਚਾਹੁਣ ਤੇ ਪ੍ਰਭੂ-ਪ੍ਰੇਮ ਦੇ ਰਾਹ ਉੱਤੇ ਚੱਲਣਾ ਹੈ। ਇਨ੍ਹਾਂ ਅਰਥਾਂ ਵਿਚ 'ਜੀਵਤ ਮਰਨਾ' ਦੀ ਪਦਵੀ ਨੂੰ ਪ੍ਰਾਪਤ ਵਿਅਕਤੀ ਹੀ 'ਜੀਵਨ-ਮੁਕਤ' ਅਖਵਾਣ ਦੇ ਯੋਗ ਹੈ। ਅਜਿਹੇ ਪੁਰਸ਼/ਇਸਤ੍ਰੀ ਨੇ ਮਨੁੱਖੀ ਜੀਵਨ ਦੇ ਅੰਤ੍ਰੀਵੀ ਤੱਤ ਨੂੰ ਭਾਲ ਲਿਆ ਤੇ ਪਛਾਣ ਲਿਆ ਹੈ, ਜੋ ਹਉਮੈ-ਭਾਵ, ਅਵਿਦਿਆ, ਵਾਸ਼ਨਾਵਾਂ, ਲੋਭ-ਲਾਲਚ, ਹੰਕਾਰ ਤੇ ਮੋਹ-ਮਾਇਆ ਦੇ ਹਨੇਰੇ ਪੜਦਿਆਂ ਹੇਠਾਂ ਛੁਪੀ ਪਈ ਸੀ, ਗੁਰੂ ਸਾਹਿਬਾਨ ਨੇ ਆਪਣੀ ਸਿਖਿਆ ਰਾਹੀਂ ਸੁਤੰਤਰਤਾ ਦਾ, ਜੀਵਨ-ਮੁਕਤੀ ਦਾ ਮਾਰਗ ਰੁਸ਼ਨਾ ਦਿੱਤਾ ਹੈ।

ਸਿਧਾਂਤਕ ਤੌਰ ਤੇ, ਜੀਵਨ-ਮੁਕਤ ਦੀ ਆਦਰਸ਼ਕ ਅਵਸਥਾ ਹਰ ਮਨੁੱਖੀ ਜੀਵ ਦੀ ਪਹੁੰਚ ਵਿਚ ਮੰਨੀ ਗਈ ਹੈ, ਕਿਉਂਕਿ ਹਰ ਕੋਈ ਨੈਤਿਕ-ਅਧਿਆਤਮਿਕ ਪੰਧ ਨੂੰ ਈਮਾਨਦਾਰੀ ਤੇ ਦਿਆਨਤਦਾਰੀ ਨਾਲ ਤੈਅ ਕਰਦਾ ਹੋਇਆ, ਦੈਵੀ ਮਿਹਰ ਦਾ ਭਾਗੀ ਬਣ ਸਕਦਾ ਹੈ। ਤਦ ਵੀ, ਜਿਹਾ ਕਿ ਗੁਰੂ ਸਾਹਿਬਾਨ ਨੇ ਆਪ ਸੰਕੇਤ ਕੀਤਾ ਹੈ, ਕੋਈ ਵਿਰਲੇ ਵਿਅਕਤੀ ਹੀ ਹਨ ਜੋ ਵਾਸਤਵ ਵਿਚ ਚੋਟੀ ਉੱਤੇ ਪਹੁੰਚਦੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਰਹੱਸਮਈ ਅਨੁਭਵ ਵਾਪਰਦਾ ਹੈ, ਜੋ ਸੌਂਦਰਯ-ਭਾਵੀ ਮਿਹਰਾਂ ਦਾ ਰਸ ਮਾਣਦੇ ਹਨ, ਅਜਿਹੇ ਸੁਭਾਗੇ ਵਿਅਕਤੀ-ਜਨ, ਉੱਚਤਮ ਪ੍ਰਾਪਤੀ ਨਾਲ ਸਨਦਬੱਧ, ਆਪਣੇ ਸੰਗ-ਸਾਥ ਦੀ ਸੇਵਾ ਹਿਤ ਤੱਤਪਰ ਹੋ ਜਾਂਦੇ ਹਨ। ਅਜਿਹੇ ਉੱਜਲ-ਮੁਖ ਵਿਅਕਤੀਆਂ ਦੇ ਸਾਥ ਵਿਚ ਕਿੰਨੀ ਹੀ ਲੋਕਾਈ ਦਾ ਉਧਾਰ ਹੋ ਜਾਂਦਾ ਹੈ, ਜਿਸ ਲੋਕਾਈ ਦੀ ਸਰਬ-ਪੱਖੀ ਭਲਾਈ ਹਿਤ, ਜੀਵਨ ਦੇ ਹਰ ਪੜਾ ਉੱਤੇ, ਉਹ ਸਹਾਇਕ ਬਣ ਕੇ ਨਿਤਰਦੇ ਹਨ। ਇਹ ਠੀਕ ਹੈ ਕਿ ਜੀਵਨ-ਮੁਕਤ ਵਿਅਕਤੀ ਦੀ ਸਫ਼ਲਤਾ ਦਾ ਮਾਪ ਕੇਵਲ ਉਨ੍ਹਾਂ ਲੋਕਾਂ ਦੀ ਸੰਖਿਆ ਨੂੰ ਹੀ ਨਹੀਂ ਮੰਨਿਆ ਜਾ ਸਕਦਾ, ਜੋ ਉਸ ਦੀ ਘਾਲਣਾ ਰਾਹੀਂ ਧਰਤੀ ਉੱਤੇ 'ਪਰਮਾਤਮਾ ਦੀ ਸਲਤਨਤ' ਜਾਂ 'ਗਿਆਨਵਾਨ ਲੋਕਾਂ ਦਾ ਮੰਡਲ' ਕਾਇਮ ਕਰਨ ਵੱਲ ਰੁਚਿਤ ਹੋ ਜਾਂਦੇ ਹਨ ਅਤੇ ਆਪਣੀ ਜੀਵਨ-ਜਾਚ ਵਿਚ ਪਰਿਵਰਤਨ ਲੈ ਆਉਂਦੇ ਹਨ। ਜੀਵਨ-ਮੁਕਤ ਦੀ ਸਫ਼ਲਤਾ ਦਾ ਸਹੀ

Sri Satguru Jagjit Singh Ji eLibrary NamdhariElibrary@gmail.com

ਮਾਪ ਉਸ ਦੇ ਸੰਦੇਸ਼ ਦੀ ਭਾਵਨਾ ਵਿਚ ਹੈ, ਹਲੇਮੀ ਅਤੇ ਰੁਸ਼ਨਾਏ ਜੀਵਨ ਦੀ ਉਸ ਸੇਧ ਵਿਚ ਹੈ, ਜਿਸ ਵੱਲ ਉਹ ਆਪਣੇ ਸੰਗੀਆਂ-ਸਾਥੀਆਂ ਨੂੰ ਤੋਰਨ ਦਾ ਉਪਰਾਲਾ ਕਰਦਾ ਹੈ।

ਮਨੁੱਖੀ ਸਰੂਪ ਵਿਚ ਮੁਕਤ-ਆਤਮਾਵਾਂ ਸਿੱਖ ਭਾਈਚਾਰੇ ਵਿਚ ਅਤੇ ਇਸ ਤੋਂ ਬਾਹਰ, ਕਿਧਰੇ ਵੀ ਮਿਲ ਸਕਦੀਆਂ ਹਨ, ਕੇਵਲ ਉਨ੍ਹਾਂ ਨੂੰ ਨਿਹਾਰਨ ਵਾਲੀ ਅਤੇ ਉਨ੍ਹਾਂ ਦੀ ਘਾਲ-ਕਮਾਈ ਨੂੰ ਪਛਾਣਨ ਵਾਲੀ ਅੱਖ ਦੀ ਲੋੜ ਹੈ। ਈਸਾਈ ਮਤ ਦੇ ਦ੍ਰਿਸ਼ਟੀਕੋਣ ਤੋਂ ਮਿਹਰ ਦੀ ਵਿਆਖਿਆ ਕਰਦਿਆਂ, ਜਾਹਨ-ਬੀ ਚੈਥੀਆਮੱਟਮ ਨੇ ਇਕ ਜਗ੍ਹਾ ਕਿਹਾ ਹੈ—"ਈਸਾਈ ਪਰੰਪਰਾ ਅਨੁਸਾਰ ਪਰਮਾਰਥਕ ਜੀਵਨ ਦਾ ਭਾਵ ਇਹ ਹੈ ਕਿ ਮਨੁੱਖ ਆਪਣੀ ਮਨੁੱਖੀ ਸੀਮਾਂ ਤੋਂ ਏਨਾ ਉੱਚਾ ਉਠ ਸਕੇ ਕਿ ਉਸ ਵਿਚ, ਬਿਨਾਂ ਆਪਣੀ ਮਨੁੱਖੀ ਪਛਾਣ ਅਤੇ ਸ਼ਖਸੀਅਤ ਨੂੰ ਗੁਆਏ, ਈਸ਼ਵਰ ਦੇ ਜੀਵਨ ਨਾਲ ਸਾਂਝ ਪਾਉਣ ਦੀ ਯੋਗਤਾ ਆ ਜਾਵੇ।" ਇਹ ਕਥਨ ਲਗਭਗ ਸਿੱਖ ਪਰੰਪਰਾ ਵਿਚਲੇ ਜੀਵਨ-ਮੁਕਤ ਦੇ ਗੁਣ ਦਾ ਸਾਰ ਹੀ ਪਰਗਟ ਕਰ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

# 8.
# ਗੁਰਮਤਿ ਦਾ ਸਿਧਾਂਤ

ਸਿੱਖ-ਚਿੰਤਨ ਦੇ ਬੁਨਿਆਦੀ ਸੰਕਲਪਾਂ ਤੇ ਸਿਧਾਂਤਾਂ ਵਿਚ 'ਗੁਰਮਤਿ' ਦਾ ਵਿਸ਼ੇਸ਼ ਸਥਾਨ ਹੈ। ਹੁਕਮ, ਭਾਣਾ, ਅਕਾਲ, ਅਨੰਦ, ਬ੍ਰਹਮ-ਗਿਆਨ, ਸਹਿਜ, ਨਾਮ, ਗੁਰੂ ਆਦਿਕ ਪਹਿਲੀ ਸ਼੍ਰੇਣੀ ਦੇ ਸੰਕਲਪਾਂ ਵਾਂਗ, ਗੁਰਮਤਿ ਦਾ ਦਰਜਾ ਵੀ ਸ੍ਰੇਸ਼ਟ ਹੈ। ਇਸ ਨੂੰ ਗੁਰਬਾਣੀ ਤੇ ਸਿੱਖ ਪਰੰਪਰਾ ਨੇ ਇੱਕੋ ਜਿਹੇ ਬਲ ਨਾਲ ਅਪਨਾਇਆ ਤੇ ਵਿਕਸਿਤ ਕੀਤਾ ਹੈ। ਸਿੱਖ ਇਤਿਹਾਸ ਵਿਚ ਇਹ ਕੇਂਦਰੀ ਸੰਕਲਪ ਵਜੋਂ ਉਭਰਿਆ ਸੰਬੋਧ ਹੈ।

ਸਿੱਖ ਸਾਹਿਤ ਵਿਚ ਗੁਰਮਤਿ ਨੂੰ ਦੁਰਮਤਿ, ਮਨਮਤ ਤੇ ਅਨਮਤ ਨਾਲੋਂ ਨਿਖੇੜ ਕੇ ਪੇਸ਼ ਕੀਤਾ ਗਿਆ ਹੈ। ਗੁਰਮਤਿ ਦਾ ਸੰਕਲਪ ਬਾਕੀ ਤਿੰਨਾਂ ਸੰਕਲਪਾਂ ਦੇ ਵਿਰੋਧ ਵਿਚ ਵਰਤਿਆਂ ਜਾਂਦਾ ਹੈ, ਜਿਵੇਂ ਗੁਰਮੁਖ ਤੇ ਮਨਮੁਖ ਆਪਸ ਵਿਚ ਵਿਰੋਧੀ ਧਾਰਨਾਵਾਂ ਹਨ। ਗੁਰਮਤਿ ਤੇ ਦੁਰਮਤਿ ਦਾ ਟਾਕਰਾ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚ ਸਪੱਸ਼ਟ ਤੌਰ ਤੇ ਪ੍ਰਾਪਤ ਹੈ, ਜਿਵੇਂ ਕਿ :

ਗੁਰਸਿਖੀ ਦਾ ਨਾਵਣਾ, ਗੁਰਮਤਿ ਲੈ  
ਦੁਰਮਤਿ ਮਲੁ ਧੋਵੇ। —(ਵਾਰ 28/2)

ਗੁਰਮਤਿ ਸਹਜਿ ਸੁਭਾਇ ਨ ਹਰਖ ਸੋਗ,  
ਦੁਰਮਤਿ ਬਿਗ੍ਰਹਿ ਵਿਰੋਧ ਕ੍ਰੋਧ ਸੰਗਿ ਹੈ।  
—(ਕਬਿਤ ਸਵੱਈਏ, 176)

## ਗੁਰਮਤਿ ਦੀ ਭਾਵ-ਜਗਤ

'ਗੁਰਮਤਿ' ਸਿੱਖ ਧਰਮ ਦਾ ਇਕ ਅਦੁਤੀ ਤੇ ਨਿਵੇਕਲਾ ਸ਼ਬਦ ਹੈ, ਜਿਸ ਦੇ ਅਰਥ ਦਾ ਘੇਰਾ ਚੋਖਾ ਵਿਸ਼ਾਲ ਹੈ। ਇਹ ਸਿੱਖ ਚਿੰਤਨ ਅਤੇ ਵਿਹਾਰ ਦੇ ਸਿਧਾਂਤਕ, ਮਰਯਾਦਕ ਤੇ ਆਦੇਸ਼ਾਤਮਕ ਪਹਿਲੂਆਂ ਨੂੰ ਕਲਾਵੇ ਵਿਚ ਲੈਂਦਾ ਹੈ। ਜਿਨ੍ਹਾਂ ਸੰਕਲਪਾਂ ਉੱਤੇ ਇਹ ਸ਼ਬਦ ਲਾਗੂ ਹੁੰਦਾ ਹੈ, ਮੁੱਖ ਰੂਪ ਵਿਚ ਉਨ੍ਹਾਂ ਦਾ ਸੰਬੰਧ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ, ਨਿਯਮਾਂ ਅਤੇ ਮੀਮਾਂਸਿਕ ਢਾਂਚੇ ਨਾਲ ਹੈ, ਜੋ ਕਿ ਗੁਰੂ ਨਾਨਕ ਅਤੇ ਉਨ੍ਹਾਂ ਦੇ ਨੌਂ ਉੱਤਰ-ਅਧਿਕਾਰੀਆਂ ਦੀ ਸਿਖਿਆ ਉੱਤੇ ਆਧਾਰਿਤ ਹਨ। ਨਾਲ ਹੀ ਇਹ ਸ਼ਬਦ ਸਿੱਖ ਜੀਵਨ-ਜਾਚ ਦੇ ਵਿਅਕਤੀਗਤ ਤੇ ਸਮੂਹਕ ਪੱਖਾਂ ਉੱਤੇ ਵੀ ਲਾਗੂ ਹੁੰਦਾ ਹੈ, ਜੋ ਕਿ ਸਮੁੱਚੇ ਤੌਰ ਤੇ ਸਿੱਖ ਇਤਿਹਾਸ ਦੀਆਂ ਪੰਜ ਸਦੀਆਂ ਵਿਚ



Sri Satguru Jagjit Singh Ji eLibrary NamdhariElibrary@gmail.com

ਵਿਕਸਿਤ ਹੋਈ ਪਰੰਪਰਾ ਦੇ ਅਨੁਸਾਰੀ ਹਨ। ਇਨ੍ਹਾਂ ਤੋਂ ਬਿਨਾਂ ਗੁਰਮਤਿ ਉਨ੍ਹਾਂ ਸੰਸਥਾਵਾਂ ਵੱਲ ਸੰਕੇਤ ਕਰਦੀ ਹੈ, ਜੋ ਗੁਰੂ ਸਾਹਿਬਾਨ ਅਤੇ ਸਿੱਖ ਭਾਈਚਾਰੇ ਨੇ ਸ਼ਰਧਾਵਾਨ ਵਿਅਕਤੀਆਂ ਦੀ ਨਿਤਾ-ਪ੍ਰਤੀ ਸੇਧ ਹਿਤ ਕਾਇਮ ਕੀਤੀਆਂ ਹਨ। ਕਿਸੇ ਵੀ ਅਚਨਚੇਤ ਸਥਿਤੀ ਵਿਚ, ਸਿੱਖੀ ਦੇ ਵਿਸ਼ਵਾਸੀਆਂ ਵੱਲੋਂ ਲਿਆ ਜਾਣ ਵਾਲਾ ਫ਼ੈਸਲਾ ਗੁਰਮਤਿ ਦੇ ਸਿਧਾਂਤਕ ਅਤੇ ਪਰੰਪਰਾਈ ਨਿਯਮਾਂ ਦਾ ਪਾਬੰਦ ਹੋਣਾ ਜ਼ਰੂਰੀ ਹੈ।

ਆਪਣੀ ਸ਼ਬਦ-ਜੁਗਤ ਵਿਚ, ਗੁਰਮਤਿ ਦੋ ਤੱਤਾਂ : 'ਗੁਰੂ' ਤੇ 'ਮਤ' ਦਾ ਜੋੜ ਹੈ। ਇਸ ਪ੍ਰਸੰਗ ਵਿਚ, 'ਗੁਰੂ' ਤੋਂ ਭਾਵ ਹੈ ਮਨੁੱਖੀ ਰੂਪ ਵਿਚ ਦਸ ਗੁਰੂ ਸਾਹਿਬਾਨ ਅਤੇ ਗੁਰੂ ਬਾਣੀ। ਗੁਰੂ ਦੀ 'ਮਤ' ਤੋਂ ਭਾਵ ਹੈ : ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਰਾਹੀਂ ਮਿਲਣ ਵਾਲੀ ਸਿਖਿਆ ਅਤੇ ਉਹ ਸੇਧ ਜੋ ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ ਨੂੰ ਦਿੱਤੀ। ਸਿੱਖ ਭਾਈਚਾਰਾ ਜੀਵਨ ਦੇ ਧਾਰਮਿਕ ਤੇ ਧਰਮ-ਨਿਰਪੇਖ ਦੋਹਾਂ ਖੇਤਰਾਂ ਵਿਚ ਆਪਣਾ ਮਾਰਗ-ਦਰਸ਼ਨ ਇਸੇ ਬੁਨਿਆਦੀ ਸਰੋਤ ਤੋਂ ਪ੍ਰਾਪਤ ਕਰਦਾ ਹੈ, ਜਿਸ ਦੇ ਨਾਲ ਵਿਆਖਿਆਤਮਕ ਸਾਹਿਤ ਦਾ ਸਰੋਤ ਵੀ ਸ਼ਾਮਿਲ ਹੈ। ਗੁਰੂ ਸਾਹਿਬਾਨ ਵੱਲੋਂ ਮਨੁੱਖੀ ਕਲਿਆਣ ਹਿਤ ਦਿੱਤੀ ਗਈ ਰਾਹਨੁਮਾਈ, ਸਮਾਜ ਵਿਚ ਨੇਕੀ ਅਤੇ ਸਦਾਚਾਰਕ ਗੁਣਾਂ ਵਾਲਾ ਜੀਵਨ ਬਤੀਤ ਕਰਨ ਹਿਤ ਅਗਵਾਈ, ਵਿਅਕਤੀ ਅਤੇ ਭਾਈਚਾਰੇ ਨੂੰ ਸਮੇਂ ਸਮੇਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੇਧ—ਇਨ੍ਹਾਂ ਸਭਨਾ ਦਾ ਸਮੁੱਚਾ ਨਾਮ ਗੁਰਮਤਿ ਹੈ।

ਗੁਰਮਤਿ ਦਾ ਜੋ ਭਾਗ ਪ੍ਰਥਮ ਤੌਰ 'ਤੇ ਸਿੱਖ ਧਰਮ ਦੇ ਸਿਧਾਂਤਕ ਮਸਲਿਆਂ ਨਾਲ ਸੰਬੰਧਿਤ ਹੈ, ਉਸ ਨੂੰ ਗੁਰ-ਦਰਸ਼ਨ (ਭਾਵ, ਗੁਰੂ ਦਾ ਫ਼ਲਸਫ਼ਾ) ਕਿਹਾ ਜਾਂਦਾ ਹੈ। ਤਕਨੀਕੀ ਸ਼ਬਦਾਂ ਵਿਚ ਗੁਰਦਰਸ਼ਨ ਹੀ ਸਿੱਖ ਮਤ ਦਾ ਧਰਮ-ਮੀਮਾਂਸਾ (ਥੀਆਲੋਜੀ) ਹੈ, ਕਿਉਂਕਿ ਗੁਰਦਰਸ਼ਨ ਨੇ ਗੁਰੂ ਸਾਹਿਬਾਨ ਦੀ ਸਿਖਿਆ ਨਾਲ ਜੁੜੀਆਂ ਹੋਈਆਂ ਸਿਧਾਂਤਕ ਸਮੱਸਿਆਵਾਂ ਦੀ, ਵਿਧੀਬੱਧ ਢੰਗ ਨਾਲ, ਵਿਆਖਿਆ ਅਤੇ ਵਕਾਲਤ ਦਾ ਕਾਰਜ ਆਪਣੇ ਜ਼ਿੰਮੇ ਓਟ ਲਿਆ ਹੈ। ਇਹ ਸਿੱਖ ਚਿੰਤਨ ਦੇ ਹੱਕ ਵਿਚ ਦਲੀਲਾਂ ਪੇਸ਼ ਕਰਦਾ ਹੈ, ਜਿਸ ਦਾ ਉਦੇਸ਼ ਸਿੱਖੀ ਨੂੰ ਧਾਰਮਿਕ ਫ਼ਲਸਫ਼ੇ ਦੇ ਰੂਪ ਵਿਚ ਦਰਸਾਂਦਿਆਂ, ਇਸ ਦੀ ਉੱਤਮਤਾ ਸਥਾਪਿਤ ਕਰਨੀ ਹੈ, ਬਿਨਾਂ ਕਿਸੇ ਹੋਰ ਧਰਮ-ਪ੍ਰਣਾਲੀ ਦੀ ਨਿਖੇਧੀ ਕਰਨ ਦੇ। ਇਸ ਦੀ ਸਮੀਖਿਅਕ ਪਹੁੰਚ ਹੋਰਨਾਂ ਧਰਮਾਂ ਦੇ ਨਿਰੋਲ ਮਿਥਿਕ, ਵਹਿਮ-ਭਰਮੀ ਤੇ ਕਰਮ-ਕਾਂਡੀ ਪੱਖਾਂ ਨੂੰ ਰੱਦ ਕਰਨ ਤਕ ਸੀਮਿਤ ਹੈ, ਜੋ ਕਿ ਗੁਰਮਤਿ ਅਨੁਸਾਰ ਅਪਨਾਉਣ ਯੋਗ ਨਹੀਂ ਹਨ। ਗੁਰਦਰਸ਼ਨ ਦੀ ਰਚਨਾਤਮਕ ਪਹੁੰਚ ਵਿਚ ਸਾਰੀਆਂ ਧਾਰਮਿਕ ਪਰੰਪਰਾਵਾਂ ਵਿਚ ਪ੍ਰਾਪਤ ਨੈਤਿਕ-ਅਧਿਆਤਮਿਕ ਅਗਵਾਈ ਦਾ ਸਤਿਕਾਰ ਸ਼ਾਮਿਲ ਹੈ, ਜਿਸ ਦਾ ਉਦੇਸ਼ ਮਨੁੱਖੀ ਭਲਾਈ ਤੇ ਕਲਿਆਣ ਹਿਤ ਕਾਰਜਸ਼ੀਲ ਹੋਣਾ ਹੈ।

## ਗੁਰਮਤਿ ਦਾ ਫ਼ਲਸਫ਼ਾ

ਸਿੱਖ ਫ਼ਲਸਫ਼ਾ ਗੁਰਮਤਿ ਅਤੇ ਗੁਰਦਰਸ਼ਨ ਰਾਹੀਂ ਕਾਇਮ ਕੀਤੇ ਆਧਾਰਾਂ ਉੱਤੇ ਉਸਾਰੀ ਕਰਦਾ ਹੈ। ਇਹ ਫ਼ਲਸਫ਼ੇ ਅਤੇ ਧਰਮ-ਮੀਮਾਂਸਾ ਦੁਆਰਾ ਵਿਕਸਿਤ

Sri Satguru Jagjit Singh Ji eLibrary NamdhariElibrary@gmail.com

ਹੋਈਆਂ ਤਕਨੀਕਾਂ ਲਾਗੂ ਕਰ ਕੇ ਗੁਰਦਰਸ਼ਨ ਦੇ ਬੌਧਿਕ ਕਰਜ ਨੂੰ ਅੱਗੇ ਤੋਰਦਾ ਹੈ। ਇਸ ਕ੍ਰਿਆ ਦੇ ਅੰਤਰਗਤ, ਇਸ ਨੇ ਆਧੁਨਿਕ ਵਿਆਖਿਆਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ, ਅਤੇ ਸਿੱਖ-ਮਤ ਦੀ ਰਚਨਾਤਮਕ ਵਿਆਖਿਆ ਦੇ ਵਿਕਾਸ ਨੂੰ ਹਲੂਣਾ ਦਿੱਤਾ ਹੈ। ਇਸ ਦੇ ਦਰ ਭਾਰਤੀ ਅਤੇ ਪੱਛਮੀ ਦੋਹਾਂ ਧਰਮ-ਮੀਮਾਂਸਿਕ ਤੇ ਦਾਰਸ਼ਨਿਕ ਚਿੰਤਨ ਪਰੰਪਰਾਵਾਂ ਲਈ ਖੁਲ੍ਹੇ ਹਨ। ਨਾ ਹੀ ਇਸ ਨੂੰ ਇਨ੍ਹਾਂ ਦੁਆਰਾ ਪ੍ਰਸਤੁਤ ਅਕਾਦਮਿਕ ਸਾਧਨਾਂ ਤੇ ਤਾਰਕਿਕ ਵਿਧੀਆਂ ਦੀ ਵਰਤੋਂ ਬਾਰੇ ਕੋਈ ਸੰਕੋਚ ਹੈ। ਫਿਰ ਵੀ ਇਸ ਦਾ ਜਤਨ ਹੈ ਕਿ ਇਹ ਆਪਣੀ ਸਿਧਾਂਤਕ ਪਛਾਣ ਤੇ ਨਿਵੇਕਲੀ ਪ੍ਰਭੁਤਾ ਕਾਇਮ ਰਖਦਿਆਂ, ਅਮਲੀ ਰੂਪ ਵਿਚ ਇਕ ਸੁਤੰਤਰ ਸੰਜਮ ਬਣਿਆ ਰਹੇ।

ਆਪਣੇ ਧਰਮ-ਮੀਮਾਂਸਿਕ ਪਾਸਾਰ ਵਿਚ, ਗੁਰਮਤਿ ਇਕ ਪਾਸੇ ਪੱਕੇ ਏਕੀਸ਼ਵਰਵਾਦੀ ਵਿਚਾਰ ਅਤੇ ਦੂਜੇ ਪਾਸੇ ਧਾਰਨਾਵਾਦੀ ਤੱਤ-ਮੀਮਾਂਸਾ (ਆਦਰਸ਼ਵਾਦੀ ਮੈਟਾਫ਼ਿਜ਼ਿਕਸ) ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। ਗੁਰਦਰਸ਼ਨ ਦਾ ਪਹਿਲਾ ਨੁਕਤਾ ਅਜਿਹੀ ਆਤਮਿਕ ਹਸਤੀ ਵਿਚ ਨਿਸ਼ਚਾ ਹੈ ਜੋ ਗੁਣਾਂ-ਲੱਛਣਾਂ ਤੋਂ ਮੁਕਤ ਉੱਚਤਮ ਹਕੀਕਤ ਹੈ। ਪਰ ਇਸ ਸਿੱਕੇ ਦਾ ਦੂਜਾ ਪਾਸਾ ਸ਼ਿਰੋਮਣੀ ਹਸਤੀ ਦਾ ਸਾਗੁਣ ਸਰੂਪ ਹੈ। ਸਿੱਖ ਚਿੰਤਨ ਨੇ ਆਪਣੀ ਸੰਕਲਪਨਾ ਦੇ ਇਸ ਨਿਰਗੁਣ-ਨਿਰੰਕੁਸ਼ ਬ੍ਰਹਮ-ਅਥਵਾ-ਰੱਬ (Absolute-cum-God) ਦੇ ਪ੍ਰਮੁੱਖ ਸਫ਼ਾਤੀ ਗੁਣਾਂ ਵਿਚ ਰਚਨਾਮਿਕਤਾ (creativity) ਨੂੰ ਪਹਿਲ ਦਿੱਤੀ ਹੈ। ਸਿਰਜਨਹਾਰ ਪਰਮ-ਆਤਮਾ ਵਿਸ਼ਵ ਨੂੰ ਸੁਤੰਤਰ ਇੱਛਾ ਰਾਹੀਂ ਕਾਇਮ ਕਰਦੀ ਹੈ, ਜਿਸ ਵਿਚ ਉਸ ਨੂੰ ਬ੍ਰਹਮਾ ਜਾਂ ਪਰੰਪਰਾਗਤ ਭਾਰਤੀ ਚਿੰਤਨ ਦੇ ਕਿਸੇ ਹੋਰ ਦੇਵੀ-ਦੇਵਤੇ ਦੀ ਏਜੰਸੀ ਜਾਂ ਸੇਵਾ ਦੀ ਲੋੜ ਨਹੀਂ ਹੁੰਦੀ। ਕਾਇਨਾਤ ਦਾ ਸਿਰਤਾਜ ਮਨੁੱਖ ਕੋਈ ਦੈਵੀ ਚਿਣਗ ਲੈ ਕੇ ਪੈਦਾ ਹੋਇਆ ਹੈ; ਉਸ ਦਾ ਕਲਿਆਣ ਉਸ ਦੇ ਅੰਤਰੀਵੀ ਆਤਮਿਕ ਤੱਤ ਦੀ ਸੋਝੀ ਅਤੇ ਵਿਸ਼ਵ-ਰਚਨਾ ਵਿਚ ਦੈਵੀ ਹਸਤੀ ਦੀ ਵਿਆਪਕਤਾ ਨੂੰ ਪਛਾਣਨ ਵਿਚ ਹੈ। ਵਿਅਕਤੀ ਦੇ ਜੀਵਨ ਵਿਚ ਉੱਚਤਮ ਪ੍ਰਾਪਤੀ ਇਕ ਪਾਸੇ ਇਕਸੁਰਤਾ, ਪ੍ਰਬੁੱਧਤਾ ਅਤੇ ਆਨੰਦ ਦੀਆਂ ਕੀਮਤਾਂ ਨੂੰ ਆਪੇ ਵਿਚ ਰਚਾ ਕੇ, ਅਤੇ ਦੂਜੇ ਪਾਸੇ ਸਰਬੱਤ ਲੋਕਾਈ ਦੇ ਭਲੇ ਦਾ ਆਦਰਸ਼ ਅਪਣਾ ਕੇ ਸੰਭਵ ਹੈ।

ਗੁਰਮਤਿ ਜਿਸ ਜੀਵਨ-ਜਾਚ ਦਾ ਨਿਰਧਾਰਨ ਕਰਦੀ ਹੈ, ਉਸ ਵਿਚ ਗੁਰਬਾਣੀ ਦੀ ਸਿਖਿਆ ਵਿਚ ਵਿਸ਼ਵਾਸ ਲਿਆਉਣਾ, ਚੇਤਨਾ ਦੀਆਂ ਉਚੇਰੀਆ ਪੱਧਰਾਂ ਉੱਤੇ ਵਿਚਰਨਾ, ਦੈਵੀ ਭਾਣੇ ਅਗੇ ਸਿਰ ਝੁਕਾਉਣਾ, ਅਤੇ ਧਰਮ-ਪਰੰਪਰਾ ਵੱਲੋਂ ਨਿਰਧਾਰਿਤ ਕਰਤੱਵ ਨਿਭਾਉਣੇ ਸ਼ਾਮਿਲ ਹਨ। ਸਭ ਤੋਂ ਪਹਿਲੀ ਗੱਲ ਜੋ ਗੁਰਮਤਿ ਸਿਖਾਉਂਦਾ ਹੈ, ਉਹ ਹੈ ਅਰਦਾਸ, ਜਿਸ ਦੇ ਵਿਭਿੰਨ ਸਰੂਪ ਹਨ। ਜੀਵਨ ਦੀਆਂ ਸਭਨਾਂ ਸਥਿਤੀਆਂ ਵਿਚ ਸਿੱਖ ਅਰਦਾਸ ਕਰਦਾ ਹੈ। ਇਹ ਅਰਦਾਸ ਗੁਰਬਾਣੀ ਦੇ ਪਾਠ ਦਾ ਰੂਪ ਲੈ ਸਕਦੀ ਹੈ, ਜਾਂ ਰਸਮੀ ਤੌਰ ਉੱਤੇ ਕਾਇਮ ਕੀਤੀ ਗਈ ਸਮੂਹਕ ਅਰਦਾਸ ਹੋ ਸਕਦੀ ਹੈ, ਜਾਂ ਵਿਅਕਤੀ ਦੇ ਇਕਲਾਪੇ ਵਿਚ ਚੁੱਪ-ਚਾਪ ਜੋੜੀ ਹੋਈ ਲਿਵ ਹੋ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਦੂਸਰੀ ਗੱਲ, ਗੁਰਮਤਿ ਨੇ ਸਿੱਖੀ ਦੇ ਸ਼ਰਧਾਲੂਆਂ ਲਈ ਰਸਮਾਂ ਤੇ ਰਹੁ-ਰੀਤਾਂ ਦੀ ਵੱਖਰੀ ਪਰੰਪਰਾ ਵਿਕਸਿਤ ਕੀਤੀ ਹੈ, ਜੋ ਕਿ ਹਿੰਦੂ ਸਮਾਜ ਦੇ ਜਟਿਲ ਤੇ ਵਿਸਤ੍ਰਿਤ ਕਰਮ-ਕਾਂਡ ਦਾ ਸਰਲ ਤੇ ਸੋਧਿਆ ਹੋਇਆ ਰੂਪ ਹੈ। ਗੁਰਮਤਿ ਕਿਸੇ ਨਿਸ਼ਚਿਤ ਪੁਜਾਰੀ ਸ਼੍ਰੇਣੀ ਨੂੰ ਮਾਣਤਾ ਨਹੀਂ ਦੇਂਦੇ, ਕੋਈ ਵੀ ਸ਼ਰਧਾਵਾਨ ਸਿੱਖ ਅਰਦਾਸ ਦੀ ਅਗਵਾਈ ਕਰ ਸਕਦਾ ਹੈ, ਲਾਵਾਂ ਜਾਂ ਆਨੰਦ ਕਾਰਜ ਦੀ ਰਸਮ ਨਿਭਾ ਸਕਦਾ ਹੈ, ਜਾਂ ਸੰਗਤ ਦੀ ਹਾਜ਼ਰੀ ਵਿਚ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਸਕਦਾ ਹੈ। ਜੀਵਨ-ਯਾਤਰਾ (rites of passage) ਦੀਆਂ ਵਿਭਿੰਨ ਰੀਤਾਂ, ਜਿਹਾ ਕਿ ਬਾਲਕ ਦੇ ਜਨਮ-ਸਮੇਂ ਦੀਆਂ ਰਸਮਾਂ, ਉਸ ਦੇ ਧਰਮ-ਪ੍ਰਵੇਸ਼, ਵਿਆਹ ਤੇ ਮੌਤ ਨਾਲ ਸੰਬੰਧਿਤ ਰਸਮਾਂ, ਸਭ ਗੁਰੂ ਦੇ ਸਨਮੁਖ ਨਿਭਾਈਆਂ ਜਾਂਦੀਆਂ ਹਨ; ਇਨ੍ਹਾਂ ਸਭ ਅਵਸਰਾਂ ਉੱਤੇ ਗੁਰੂ-ਗ੍ਰੰਥ ਸਾਹਿਬ ਵਿਚੋਂ ਸਹਿਜ-ਸੁਭਾ ਆਇਆ ਪਵਿੱਤਰ ਵਾਕ ਉਚਾਰਿਆ ਜਾਂਦਾ ਹੈ, ਉਪਰੰਤ ਸਮੂਹਕ ਅਰਦਾਸ ਕਰ ਕੇ, ਕੜਾਹ-ਪ੍ਰਸ਼ਾਦ ਵੰਡਿਆ ਜਾਂਦਾ ਹੈ। 'ਅਨੰਦ ਸਾਹਿਬ' ਦੀਆਂ ਛੇ ਪਉੜੀਆਂ ਦਾ ਪਾਠ ਹਰ ਮੌਕੇ ਲਈ ਅਨਿਵਾਰੀ ਹੈ, ਚਾਹੇ ਇਹ ਖੁਸ਼ੀ ਦਾ ਮੌਕਾ ਹੋਵੇ ਜਾਂ ਗ਼ਮੀ ਦਾ, ਵਿਆਹ ਦਾ ਹੋਵੇ, ਚਾਹੇ ਮੌਤ ਦਾ।

ਨੈਤਿਕ ਪੱਧਰ ਉੱਤੇ, ਗੁਰਮਤਿ ਨੇ ਕਰਤੱਵਾਂ ਅਤੇ ਸਦਾਚਾਰਕ ਗੁਣਾਂ ਦਾ ਜ਼ਾਬਤਾ ਕਾਇਮ ਕੀਤਾ ਹੋਇਆ ਹੈ, ਜਿਸ ਦੇ ਨਾਲ ਖਾਲਸੇ ਲਈ ਨਿਆਰੇ ਰੂਪ ਦਾ ਸੰਜਮ ਜੁੜਿਆ ਹੋਇਆ ਹੈ। 'ਖਾਲਸਾ' ਦੀ ਉਪਾਧੀ ਸ਼ਰਧਾਲੂ ਵਿਅਕਤੀ ਨੂੰ ਉਸ ਸਮੇਂ ਮਿਲਦੀ ਹੈ, ਜਦੋਂ ਉਹ ਅੰਮ੍ਰਿਤ ਪਾਨ ਕਰਨ ਉਪਰੰਤ ਰਹਿਤਾਂ ਦਾ ਧਾਰਨੀ ਤੇ ਕੁਰਹਿਤਾਂ ਤੋਂ ਪਰਹੇਜ਼ਗਾਰ ਰਹਿਣ ਦਾ ਵਚਨ ਲੈ ਕੇ, ਵਿਸ਼ੇਸ਼ ਭਾਈਚਾਰੇ ਵਿਚ ਸ਼ਾਮਿਲ ਹੋ ਜਾਂਦਾ ਹੈ। ਖਾਲਸੇ ਦੇ ਜ਼ਾਬਤੇ (ਖ਼ਾਸ ਕਰਕੇ ਚਾਰ ਕੁਰਹਿਤਾਂ) ਦੇ ਕਿਸੇ ਭਾਗ ਦੀ ਉਲੰਘਣਾ ਨਾ ਕੇਵਲ ਗੁਰਮਤਿ ਦੀ ਅਵੱਗਿਆ ਸਮਝੀ ਜਾਂਦੀ ਹੈ, ਸਗੋਂ ਬੇ-ਨਿਯਮੀ ਕਰਨ ਵਾਲੇ ਨੂੰ ਦੰਡ ਤੇ ਤਲਾਫ਼ੀ ਦਾ ਭਾਗੀ ਬਣਾਉਂਦੀ ਹੈ। ਅੰਮ੍ਰਿਤਸਰ ਸਥਿਤ ਅਕਾਲ ਤਖ਼ਤ ਦੀ ਅਦਾਲਤ ਪਰੰਪਰਾਈ ਰੂਪ ਵਿਚ ਸਿੱਖਾਂ ਦੇ ਸਮਾਜਕ ਅਤੇ ਲੌਕਿਕ ਕਾਰਜਾਂ ਵਿਚ ਸ਼ਿਰੋਮਣੀ ਸੱਤਾ-ਅਧਿਕਾਰੀ ਮੰਨੀ ਗਈ ਹੈ, ਜਿਸ ਦੇ ਅਧਿਕਾਰ ਖੇਤਰ ਵਿਚ ਹੁਕਮਨਾਮੇ ਜਾਰੀ ਕਰਨੇ, ਅਤੇ ਜਦ ਕਦੀ ਜ਼ਰੂਰੀ ਹੋਵੇ, ਕਿਸੇ ਮੈਂਬਰਾਂ ਨੂੰ ਪੰਥ ਵਿਚੋਂ ਖਾਰਜ ਕਰਨਾ ਸ਼ਾਮਿਲ ਹਨ।

ਗੁਰਮਤਿ ਦੇ ਆਦੇਸ਼ਾਤਮਕ ਖੇਤਰ ਵਿਚ, ਵਿਅਕਤੀਆਂ ਨੂੰ ਅਤੇ ਸੰਕਟ ਆਦਿਕ ਸਮੇਂ ਸਮੂਹਾਂ ਨੂੰ ਦਿੱਤੇ ਜਾਣ ਵਾਲੇ ਹੁਕਮ ਤੇ ਆਗਿਆ, ਅਗਵਾਈ ਤੇ ਮਸ਼ਵਰੇ ਸ਼ਾਮਿਲ ਹਨ। ਰਵਾਇਤੀ ਤੌਰ ਤੇ ਪੇਸ਼ ਆਈਆਂ ਸਮੱਸਿਆਵਾਂ ਦੇ ਹੱਲ ਜੁਟਾਉਣ ਦਾ ਅਧਿਕਾਰ ਪੰਜ ਪਿਆਰਿਆਂ ਦੀ ਸਪੁਰਦਗੀ ਵਿਚ ਹੈ। ਅਕਸਰ ਇਹ ਹੁੰਦਾ ਹੈ ਕਿ ਵਿਅਕਤੀ ਗੁਰੂ ਸਾਹਿਬ ਪਾਸੋਂ ਅਗਵਾਈ ਮੰਗਦਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਰਾਹਨੁਮਾਈ ਤੇ ਸਹਾਇਤਾ ਲਈ ਕੀਤੀ ਗਈ ਅਰਦਾਸ ਦੇ ਰੂਪ ਵਿਚ ਹੁੰਦੀ ਹੈ, ਅਤੇ ਗੁਰੂ ਦਾ 'ਹੁਕਮ' ਸ਼ਬਦ, ਤੁਕ, ਵਾਕ ਜਾਂ ਪਦੇ ਦੇ ਰੂਪ ਵਿਚ ਪ੍ਰਾਪਤ ਹੁੰਦਾ

Sri Satguru Jagjit Singh Ji eLibrary NamdhariElibrary@gmail.com

ਹੈ। ਗੁਰਮਤਿ ਦੀ ਪਰੰਪਰਾ ਵਿਚ ਅਜਿਹੇ ਅਨੇਕ ਅਵਸਰਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ, ਜਦੋਂ ਪੰਥਕ ਨੇਤਾਵਾਂ ਨੇ ਇਸ ਕਿਸਮ ਦੀ ਅਗਵਾਈ ਤੇ ਮਸ਼ਵਰੇ ਦਾ ਆਸਰਾ ਲੈ ਕੇ ਰਾਜਸੀ ਅਤੇ ਹੋਰ ਕਈ ਕਿਸਮ ਦੇ ਮਾਮਲਿਆਂ ਸੰਬੰਧੀ ਨਿਰਣੇ ਲਏ। ਗੁਰਮਤਾ, ਬਹੁ-ਸੰਮਤੀ ਨਾਲ ਕੀਤੇ ਜਾਣ ਵਾਲੇ ਫ਼ੈਸਲਿਆ ਦੀ ਪਿਰਤ, ਪੰਜ ਪਿਆਰਿਆਂ ਦੀ ਕਾਰਜ-ਕਾਰਨੀ ਕੌਂਸਲ ਅਤੇ ਸੰਗਤ ਦੇ ਰੂਪ ਵਿਚ ਕਾਇਮ ਜਨਰਲ ਅਸੰਬਲੀ, ਸਤਾਰ੍ਹਵੀਂ ਸਦੀ ਦੇ ਅੰਤਲੇ ਅਤੇ ਅਠਾਰ੍ਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਤੋਂ ਚਲੀਆਂ ਆ ਰਹੀਆਂ ਸੰਸਥਾਵਾਂ ਹਨ।

## ਗੁਰਮਤਿ ਦੀ ਪ੍ਰਥਾ

ਕਈ ਦੀਰਘ-ਕਾਲੀ ਮਤ-ਭੇਦ ਗੁਰਮਤਿ ਨੇ ਪ੍ਰਥਾਵਾਂ ਕਾਇਮ ਕਰ ਕੇ, ਜਾਂ ਕੇਵਲ ਨਿਰਪੱਖਤਾ ਜਾਂ ਮੋਨ-ਸਵੀਕ੍ਰਿਤੀ ਦੇ ਰਵੱਈਏ ਰਾਹੀਂ ਹੱਲ ਕਰ ਲਏ ਹਨ। ਵਿਆਹ ਦੀ ਰਸਮ ਸੰਬੰਧੀ 'ਅਨੰਦ ਕਾਰਜ' ਦੀ ਪ੍ਰਥਾ ਨੇ ਸੰਨ 1909 ਵਿਚ 'ਅਨੰਦ ਮੈਰਿਜ ਐਕਟ' ਦੇ ਕਾਨੂੰਨ ਦਾ ਰੂਪ ਧਾਰਿਆ। ਮੂਰਤੀ-ਪੂਜਾ ਦੀ ਬਚੀ-ਖੁਚੀ ਲੇਸ ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਸਮਾਪਤ ਹੋ ਗਈ। 'ਅਖੰਡ ਪਾਠ' ਦੇ ਰੂਪ ਵਿਚ ਲੋਕ-ਪ੍ਰਿਯ ਗੁਰੂ ਗ੍ਰੰਥ ਸਾਹਿਬ ਦਾ 48 ਘੰਟਿਆਂ ਵਿਚ ਕੀਤਾ ਜਾਂਦਾ ਨਿਰੰਤਰ ਪਾਠ, ਪਿਛਲੇ ਕਈ ਕਹਾਕਿਆਂ ਤੋਂ ਸਿੱਖ ਜੀਵਨ-ਜਾਚ ਦਾ ਅੰਗ ਪਰਵਾਨ ਹੋ ਚੁੱਕਾ ਹੈ। ਮਾਸ ਖਾਣ ਜਾਂ ਨਾ ਖਾਣ ਸੰਬੰਧੀ ਗੁਰਮਤਿ ਨੇ ਕੋਈ ਅੰਤਿਮ ਨਿਰਣਾ ਘੋਸ਼ਿਤ ਨਹੀਂ ਕੀਤਾ, ਅਤੇ ਸਿੱਖ ਭਾਈਚਾਰੇ ਦੇ ਵਿਭਿੰਨ ਵਰਗਾਂ ਵਿਚ ਸ਼ਾਕਾਹਾਰੀ ਤੇ ਮਾਸਾਹਾਰੀ ਦੋਵੇਂ ਰਿਵਾਜ ਪ੍ਰਚਲਿਤ ਹਨ। ਜ਼ਾਤ-ਪਾਤ ਦਾ ਵਖਰੇਵਾਂ ਅਸੂਲੀ ਤੌਰ 'ਤੇ ਵਿਵਰਜਿਤ ਹੈ, ਪਰ ਸਿੱਖਾਂ ਦੀ ਵਡੇਰੀ ਗਿਣਤੀ ਜ਼ਾਤ-ਆਧਾਰਿਤ ਉਪਨਾਮ ਬੇਰੋਕ-ਟੋਕ ਵਰਤਦੀ ਹੈ, ਜੋ ਕਿ ਪਰਿਵਾਰਕ ਪਛਾਣ ਜਾਂ ਚਿੰਨ੍ਹ ਵਜੋਂ ਗ੍ਰਹਿਣ ਕੀਤੇ ਜਾਂਦੇ ਹਨ।

ਗੁਰਮਤਿ, ਆਪਣੇ ਬਹੁ-ਭਾਂਤੀ ਅਰਥਾਂ ਵਿਚ, ਸਿੱਖ ਵਿਅਕਤੀ ਲਈ ਸੰਕਲਪਕ-ਸਮਾਜਕ ਢਾਂਚਾ ਪੇਸ਼ ਕਰਦੀ ਹੈ। ਪਰਿਵਾਰ ਦਾ ਹਰ ਬੱਚਾ ਸਿੱਖ-ਮੁਹਾਵਰਾ ਤੇ ਸਿੱਖ-ਵਾਕੰਸ਼ ਗ੍ਰਹਿਣ ਕਰ ਲੈਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਤੇ ਸਮੂਹਕ ਅਰਦਾਸ ਵਿਚ ਸ਼ਾਮਿਲ ਹੋਣ ਦੀ ਜਾਚ ਸਿੱਖ ਲੈਂਦਾ ਹੈ। ਬਾਲਗ਼ ਸਿੱਖ ਪਹਿਰਾਵੇ ਅਤੇ ਨਿੱਤ ਨੇਮ ਦਾ ਸੰਜਮ ਸਹਿਜੇ ਹੀ ਸਿੱਖ ਜੀਵਨ-ਜਾਚ ਦੇ ਰੂਪ ਵਿਚ ਅਪਨਾ ਲੈਂਦਾ ਹੈ। ਚਾਹੇ ਸਿੱਖਾਂ ਦੇ ਪਹਿਨ ਪਚਰਨ, ਖਾਣ-ਪੀਣ, ਜੀਵਨ-ਸ਼ੈਲੀਆਂ ਆਦਿਕ ਵਿਚ ਚੋਖੀ ਲਚਕ ਵੀ ਦੇਖਣ ਵਿਚ ਆਉਂਦੀ ਹੈ। ਕਈ ਮਸਲਿਆਂ ਵਿਚ ਸੁਤੰਤਰ ਚੋਣ ਜਾਂ ਮਰਜ਼ੀ ਤੋਂ ਕੰਮ ਲਿਆ ਜਾਂਦਾ ਹੈ, ਜਿਨ੍ਹਾਂ ਵਿਚ ਕੁਝ ਮਾਮਲੇ ਪਰੰਪਰਾ ਤੇ ਪ੍ਰਥਾ ਨਾਲ ਵੀ ਸੰਬੰਧਿਤ ਹਨ। ਮਿਸਾਲ ਵਜੋਂ ਨਾਮ-ਸੰਸਕਾਰ ਸੰਬੰਧੀ ਕਈ ਵਾਰੀ ਖੁਲ੍ਹ ਲੈ ਲਈ ਜਾਂਦੀ ਹੈ; ਆਮਦਨ ਦਾ ਦਸਵਾਂ ਹਿੱਸਾ ਜਾਂ ਦਸਵੰਧ ਧਾਰਮਿਕ-ਭਾਈਚਾਰਕ ਕਾਰਜਾਂ ਹਿਤ ਕੱਢਣ ਸੰਬੰਧੀ, ਲੋੜਵੰਦਾਂ ਨਾਲ ਆਪਣਾ ਭੋਜਨ ਵੰਡ ਕੇ ਖਾਣ ਦੀ ਮਰਿਆਦਾ ਸੰਬੰਧੀ,

Sri Satguru Jagjit Singh Ji eLibrary NamdhariElibrary@gmail.com

ਪਹੁ-ਫੁਟਾਲੇ, ਸੰਧਿਆ ਤੇ ਸੌਣ-ਸਮੇਂ ਨਾਮ-ਸਿਮਰਨ ਵਿਚ ਲੀਨ ਹੋਣ ਦਾ ਨੇਮ ਨਿਭਾਉਣ ਸੰਬੰਧੀ ਵੀ ਖੁਲ੍ਹ ਲੈ ਲਈ ਜਾਂਦੀ ਹੈ।

ਤਿਆਗ ਸੰਬੰਧੀ ਸਿੱਖ ਦੀ ਭਾਵਨਾ ਵਿਰੋਧ ਵਾਲੀ ਹੈ। ਗੁਰਮਤਿ ਨੇ ਭਾਰਤੀ ਪਰੰਪਰਾ ਦੀ ਸੰਨਿਆਸ ਪ੍ਰਤੀ ਉੱਚਤਮ ਸ਼ਰਧਾ ਦੀ ਉਸ ਪਿਰਤ ਵੱਲੋਂ ਮੂੰਹ ਮੋੜਿਆ ਹੈ, ਜਿਸ ਵਿਚ ਸੰਨਿਆਸ ਨੂੰ ਮਨੁੱਖੀ ਜੀਵਨ ਦੇ ਚਾਰ ਆਸ਼ਰਮਾਂ ਵਿਚੋਂ ਅੰਤਲਾ ਤੇ ਪ੍ਰਮੁੱਖ ਆਸ਼ਰਮ ਮੰਨਿਆ ਗਿਆ ਹੈ। ਗੁਰਮਤਿ ਅਨੁਸਾਰ, ਗ੍ਰਿਹਸਥੀ ਜੀਵਨ ਹੀ ਉੱਤਮ ਹੈ; ਗ੍ਰਿਹਸਥ ਵਿਚ ਹੀ ਵਿਅਕਤੀ ਨੂੰ ਆਪਣਾ ਦੁਨਿਆਵੀ ਕਾਰ-ਵਿਹਾਰ ਨਿਭਾਉਂਦਿਆਂ, ਦਇਆ-ਪ੍ਰੇਮ ਤੇ ਨਿਰਲੇਪਤਾ ਦੇ ਸਦਗੁਣ ਵਿਕਸਿਤ ਕਰਨ ਦਾ ਅਵਸਰ ਮਿਲ ਜਾਂਦਾ ਹੈ। ਕਰਤੱਵ ਦੀ ਭਾਵਨਾ ਸਹਿਤ ਨਿਭਾਇਆ ਪਰਿਵਾਰਕ ਜੀਵਨ, ਦਿਆਨਤਦਾਰੀ ਦੀ ਕਿਰਤ ਰਾਹੀਂ ਕਮਾਈ ਹੋਈ ਰੋਜ਼ੀ-ਰੋਟੀ, ਲੋਭ-ਲਾਲਚ ਤੇ ਧੋਖਾ ਤੋਂ ਗੁਰੇਜ਼, ਆਪਣੇ ਪਰਿਵਾਰ ਤੇ ਸੰਗੀਆਂ-ਸਾਥੀਆਂ ਪ੍ਰਤੀ ਵਫ਼ਾਦਾਰੀ ਦਾ ਸਲੀਕਾ, ਇਨ੍ਹਾਂ ਗੱਲਾਂ ਨੂੰ ਤਿਆਗ ਜਾਂ ਸੰਨਿਆਸ ਨਾਲੋਂ ਵਧੇਰੇ ਸ੍ਰੇਸ਼ਟ ਤੇ ਉੱਤਮ ਮੰਨਿਆ ਹੈ। ਪਰ ਨਾਲ ਹੀ, ਸੰਤਾਂ ਤੇ ਧਰਮਾਤਮਾ ਪੁਰਸ਼ਾਂ ਲਈ ਸਤਿਕਾਰ ਦੀ ਭਾਵਨਾ ਪਰਵਾਨ ਹੈ। ਗੁਰਮਤਿ ਨੇ ਮੰਗ ਕੇ ਖਾਣ ਜਾਂ ਬਾਰ ਪਰਾਏ ਬੈਠਣ ਦੀ ਆਲੋਚਨਾ ਕੀਤੀ ਹੈ। ਨਸ਼ਿਆਂ ਦੀ ਵਰਤੋਂ ਨੂੰ ਨਿੰਦਿਆ ਹੈ। ਇਸ ਦੀ ਬਜਾਇ, ਜੀਵਨ ਦੇ ਉਚੇਰੇ ਰਸਾਂ ਨੂੰ ਬਿਰਤੀ ਸਲਾਹੀ ਹੈ। ਵਿਸ਼ੇਸ਼ ਕਰਕੇ ਸੰਗੀਤ ਵਿਚ ਦਿਲਚਸਪੀ ਦੀ ਭਰਪੂਰ ਸਿਫਾਰਿਸ਼ ਕੀਤੀ ਹੈ। ਨਿਰਸੰਦੇਹ, ਸਿੱਖ ਪਰੰਪਰਾ ਨੇ ਗੁਰਬਾਣੀ ਦੇ ਗਾਇਨ ਦੀ ਨਿਵੇਕਲੀ ਕੀਰਤਨ-ਸ਼ੈਲੀ ਵਿਕਸਿਤ ਕਰ ਲਈ ਹੈ, ਜਿਸ ਵਿਚ ਬਾਣੀ ਤੇ ਸੰਗੀਤ ਦਾ ਸੰਜੋਗ ਪ੍ਰਾਪਤ ਹੈ।

ਗੁਰਮਤਿ ਦੀ ਵਿਆਖਿਆਕਾਰੀ ਦਾ ਕਾਰਜ ਗੁਰੂ ਨਾਨਕ ਦੇਵ ਦੇ ਜੀਵਨ-ਕਾਲ ਤੋਂ ਹੀ ਅਰੰਭ ਹੋ ਗਿਆ ਸੀ, ਜਦੋਂ ਉਨ੍ਹਾਂ ਦੇ ਸਪੁੱਤਰ ਬਾਬਾ ਸਿਰੀ ਚੰਦ ਨੇ ਉਦਾਸੀ ਸੰਪਰਦਾ ਕਾਇਮ ਕਰ ਦਿੱਤੀ। ਫਿਰ ਵੀ, ਗੁਰਮਤਿ ਦੇ ਨਿਯਮਾਂ ਦੀ ਵਿਧੀ-ਬੱਧ ਵਿਆਖਿਆ ਵਿਚ ਭਾਈ ਗੁਰਦਾਸ ਦੀ ਦੇਣ ਮੁੱਢਲੀ ਮਹੱਤਤਾ ਵਾਲੀ ਹੈ। ਵਿਆਖਿਆਕਾਰੀ ਦੇ ਇਨ੍ਹਾਂ ਜਤਨਾਂ ਵਿਚ, ਗੁਰੂ ਸਾਹਿਬਾਨ ਦੀ ਸਿਖਿਆ ਅਨੁਸਾਰ 'ਗੁਰਮੁਖ' ਦੀ ਪਰਿਭਾਸ਼ਾ ਤੇ ਪਛਾਣ, ਅਤੇ ਗੁਰਬਾਣੀ ਦੇ ਅਰਥ-ਭੇਦ ਜਾਂ ਵਿਸਤਾਰ ਹਿਤ ਵਿਆਖਿਆ ਦਾ ਸੁਤੰਤਰ ਚੌਖਟਾ ਕਾਇਮ ਕਰਨਾ ਸ਼ਾਮਿਲ ਸਨ। ਵਿਆਖਿਆਕਾਰੀ ਦੀ ਇਹ ਕ੍ਰਿਆ ਭਾਈ ਮਨੀ ਸਿੰਘ ਜਿਹੇ ਸਿਰਕੱਢ ਵਿਦਵਾਨਾਂ ਦੀ ਸਰਪ੍ਰਸਤੀ ਹੇਠਾਂ ਜਾਰੀ ਰਹੀ, ਅਤੇ ਸਿੰਘ ਸਭਾ ਲਹਿਰ ਰਾਹੀਂ ਆਪਣੀ ਸਿਖਰ ਨੂੰ ਪੁੱਜੀ, ਜਿਸ ਨੇ ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰੋਫ਼ੈਸਰ ਤੇਜਾ ਸਿੰਘ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਜਿਹੇ ਸਿਰਮੌਰ ਵਿਆਖਿਆਕਾਰਾਂ ਨੂੰ ਸਾਹਮਣੇ ਲਿਆਂਦਾ। ਗੁਰਮਤਿ ਵਿਆਖਿਆ ਦਾ ਕਾਰਜ ਨਿਰੰਤਰ ਜਾਰੀ ਹੈ ਅਤੇ ਅੱਜ ਨਵੀਆਂ ਦਿਸ਼ਾਵਾਂ ਲੈ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

# 9.
# ਅਕਾਲਵਾਦ ਦਾ ਫ਼ਲਸਫ਼ਾ

'ਅਕਾਲ' ਸਿੱਖ ਧਰਮ ਅਤੇ ਸਿੱਖ-ਚਿੰਤਨ ਦਾ ਇਕ ਕੇਂਦਰੀ ਸੰਕਲਪ ਹੈ, ਜੋ ਇਸ ਦੀ ਜੀਵਨ-ਮਰਿਆਦਾ ਅਤੇ ਪਰੰਪਰਾ ਵਿਚ ਡੂੰਘੀ ਤਰ੍ਹਾਂ ਰਚਿਆ ਹੋਇਆ ਹੈ। ਸਿੱਖ-ਮਤ ਦੇ ਦ੍ਰਿਸ਼ਟੀਕੋਣ ਤੋਂ ਉੱਚਤਮ ਦੈਵੀ ਹਸਤੀ ਜਾਂ ਪਾਰਬ੍ਰਹਮ ਨੂੰ 'ਸਤਿ' ਅਤੇ 'ਅਕਾਲ' ਦੇ ਨਾਵਾਂ ਨਾਲ ਸੰਬੋਧਨ ਕਰਨਾ, ਉਸ ਦੇ ਸਰਬੋਤਮ ਲੱਛਣਾਂ ਨੂੰ ਉਜਾਗਰ ਕਰਨ ਦਾ ਭਾਸ਼ਾਈ ਜਤਨ ਹੈ। 'ਸਤਿ' ਨੂੰ ਗੁਰਬਾਣੀ ਨੇ ਉੱਚਤਮ ਹਕੀਕਤ ਦਾ 'ਪਰਾ-ਪੂਰਬਲਾ' ਨਾਮ ਦਰਸਾਇਆ ਹੈ; ਬਾਕੀ ਦੇ ਸਾਰੇ ਨਾਮ ਉਸ ਦੇ ਕਿਰਤਮ ਜਾਂ ਕਰਮ ਨਾਮ ਹਨ। ਇਸੇ ਸਤਿ ਨੂੰ ਅਕਾਲ ਕਹਿ ਕੇ, ਗੁਰੂ ਸਾਹਿਬਾਨ ਨੇ ਦੈਵੀ ਹਸਤੀ ਦੀ ਸਦੀਵਤਾ, ਅਮਿਟਤਾ, ਸਥਿਰਤਾ ਅਤੇ ਕਾਲ-ਰਹਿਤ ਹੋਂਦ ਵੱਲ ਸੰਕੇਤ ਕੀਤਾ ਹੈ। 'ਕਾਲ' ਸ਼ਬਦ ਦੀ ਵਰਤੋਂ ਸਮੇਂ ਅਤੇ ਮੌਤ ਦੇ ਅਰਥਾਂ ਵਿਚ ਚਿਰ-ਕਾਲ ਤੋਂ ਹੁੰਦੀ ਆਈ ਹੈ, ਅਤੇ ਅ-ਕਾਲ ਇਸ ਸੰਕੇਤ ਦਾ ਵਿਰੋਧੀ ਸੰਕਲਪ ਹੋਣ ਦੇ ਨਾਤੇ ਨਾਸ-ਰਹਿਤ, ਸਮੇਂ-ਸਥਾਨ ਤੋਂ ਉਪਰ, ਅਗੋਚਰ ਤੱਤ ਦਾ ਅਰਥ ਦੇਂਦਾ ਹੈ। ਅਕਾਲ ਉਹ ਹੈ ਜੋ ਕਾਲ-ਚੱਕਰ ਵਿਚ ਨਹੀਂ, ਜਿਸ ਉੱਤੇ ਸਮੇਂ ਤੇ ਮੌਤ ਦਾ ਕੋਈ ਪ੍ਰਭਾਵ ਨਹੀਂ; ਜੋ ਨਾ ਜੰਮਦਾ ਹੈ, ਨਾ ਮਰਦਾ ਹੈ; ਜੋ ਜੂਨਾਂ ਵਿਚ ਨਹੀਂ ਪੈਂਦਾ, 'ਅਜੂਨੀ' ਹੈ; ਜੋ ਥਾਪਿਆ ਨਹੀਂ ਜਾਂਦਾ, 'ਅਥਾਪ' ਹੈ। ਸਿੱਖ-ਚਿੰਤਨ ਨੇ ਅਕਾਲ ਦੇ ਇਸ ਸੰਕਲਪ ਨੂੰ ਆਪਣੀ ਦਾਰਸ਼ਨਿਕ ਵਿਚਾਰਧਾਰਾ ਦਾ ਧੁਰਾ ਬਣਾ ਲਿਆ ਹੈ।

ਗੁਰੂ ਨਾਨਕ ਦੇਵ ਦੇ ਮੂਲ-ਮੰਤਰ ਵਿਚ 'ਅਕਾਲ' ਸ਼ਬਦ ਦੀ ਵਰਤੋਂ ਇਸ ਦੇ ਬੁਨਿਆਦੀ ਸੰਕੇਤ ਹੋਣ ਦਾ ਪ੍ਰਮਾਣ ਹੈ। ਦਸਮ-ਗ੍ਰੰਥ ਬਾਣੀ ਵਿਚ ਅਕਾਲ ਨੂੰ ਸਰਬ-ਸ੍ਰੇਸ਼ਟ ਸੰਕਲਪ ਵਜੋਂ ਪਰਵਾਨ ਕੀਤਾ ਗਿਆ ਹੈ, ਅਤੇ ਇਸ ਦੀ ਬਾਰ-ਬਾਰ ਵਰਤੋਂ ਹੋਈ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੀਆਂ ਪਾਵਨ ਰਚਨਾਵਾਂ ਵਿਚ ਅਕਾਲ ਨੂੰ ਪਰਮਾਤਮਾ ਦੇ ਨਾਮ ਵਜੋਂ ਅਤੇ ਉਸ ਦੇ ਇਕ ਲੱਛਣ ਵਜੋਂ, ਦੋਹਾਂ ਰੂਪਾਂ ਵਿਚ ਅਪਨਾਇਆ ਹੈ। ਅਕਾਲ ਨੂੰ 'ਸ੍ਰੀ ਅਕਾਲ' ਅਤੇ 'ਅਕਾਲ ਪੁਰਖ' ਦਾ ਦਰਜਾ ਦੇ ਕੇ ਇਸ ਸ਼ਬਦ ਨੂੰ ਆਪਣੇ ਇਸ਼ਟ ਦੇ ਨਾਮ ਵਜੋਂ ਸਤਿਕਾਰਿਆ ਹੈ। ਸਿੱਖ ਸਭਿਆਚਾਰ ਵਿਚ ਸ੍ਰੀ-ਅਕਾਲ ਦਾ ਸੰਕੇਤ 'ਸਤਿ ਸ੍ਰੀ ਅਕਾਲ' ਦੇ ਨਾਅਰੇ ਅਤੇ ਨਮਸਕਾਰ ਦੇ ਰੂਪ ਵਿਚ ਨਿਤਾ-ਪ੍ਰਤੀ ਵਰਤਣ-ਵਿਹਾਰ ਦਾ ਅੰਗ ਬਣ ਗਿਆ ਹੈ। ਇਥੋਂ ਤਕ ਕਿ ਰਸਮੀ ਸੁਆਗਤ ਦੇ ਸੰਕੇਤ ਵਜੋਂ 'ਸਤਿ ਸ੍ਰੀ ਅਕਾਲ' ਸਮੁੱਚੇ ਪੰਜਾਬੀ ਜੀਵਨ ਵਿਚ ਰਚ ਚੁੱਕਾ ਹੈ। ਸਿੱਖ-ਚਿੰਤਨ,


Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਭਿਆਚਾਰ ਅਤੇ ਗੁਰਬਾਣੀ ਵਿਚ 'ਅਕਾਲ' ਦੇ ਕੇਂਦਰੀ ਮਹੱਤਵ ਨੂੰ ਧਿਆਨ ਵਿਚ ਰਖਦਿਆਂ, ਸਿੱਖ ਫ਼ਲਸਫ਼ੇ ਨੂੰ 'ਅਕਾਲਵਾਦ' ਦਾ ਨਾਮ ਦੇਣਾ ਉਚਿਤ ਜਾਪਦਾ ਹੈ, ਚਾਹੇ ਇਸ ਸੰਬੰਧੀ ਕੋਈ ਅੰਤਿਮ ਨਿਰਣਾ ਨਹੀਂ ਲਿਆ ਗਿਆ।

## ਕਾਲ ਤੇ ਅਕਾਲ ਦੇ ਸੰਕੇਤ

ਗੁਰਬਾਣੀ ਅਤੇ ਭਗਤ-ਬਾਣੀ ਵਿਚ ਅਕਾਲ ਸ਼ਬਦ ਦੀ ਵਰਤੋਂ ਸੰਗਿਆ ਅਤੇ ਵਿਸ਼ੇਸ਼ਣ ਦੋ ਰੂਪਾਂ ਵਿਚ ਪ੍ਰਾਪਤ ਹੈ। 'ਅਕਾਲ' ਅਤੇ 'ਮੂਰਤਿ' ਦਾ ਸਮਾਸ (ਅਕਾਲ ਮੂਰਤਿ), ਮੂਲ-ਮੰਤਰ ਤੋਂ ਬਿਨਾਂ, ਸਿਰੀ ਰਾਗ ਦੇ ਛੰਤਾਂ ਅਤੇ ਮਾਝ ਦੇ ਸੋਰਠਿ ਰਾਗ ਦੇ ਸ਼ਬਦਾਂ ਵਿਚ ਵਰਤਿਆ ਗਿਆ ਹੈ :

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ,
ਨਾ ਕਦੇ ਮਰੈ, ਨ ਜਾਇਆ।

—(ਸਿਰੀ ਰਾਗ, 4, ਪੰਨਾ 78)

ਅਕਾਲ ਮੂਰਤਿ ਅਜੂਨੀ ਸੰਭੌ, ਮਨ ਸਿਮਰਤ
ਠੰਢਾ ਥੀਵਾਂ ਜੀਉ।

—(ਮਾਝ, 5, ਪੰਨਾ 99)

ਸਫਲ ਦਰਸਨ ਅਕਾਲ ਮੂਰਤਿ
ਪ੍ਰਭ ਹੈ ਭੀ ਹੋਵਨਹਾਰਾ।

—(ਸੋਰਠਿ 5, ਪੰਨਾ 609)

ਇਸੇ ਸਮਾਸ ਦੀ ਵਰਤੋਂ ਰਾਮਕਲੀ ਅਤੇ ਮਾਰੂ ਰਾਗ ਵਿਚ, ਗੁਰੂ ਅਰਜਨ ਦੇਵ ਦੇ ਸ਼ਬਦਾਂ (ਪੰਨਾ 916, 1082) ਵਿਚ ਪ੍ਰਾਪਤ ਹੈ। ਅਕਾਲ ਅਤੇ ਪੁਰਖ ਦਾ ਸਮਾਸ 'ਪੁਰਖੁ ਅਕਾਲਿ' ਦੇ ਰੂਪ ਵਿਚ, ਗਉੜੀ ਪੂਰਬੀ (ਮ. 4, ਕਰਹਲੇ, ਪੰਨਾ 235) ਵਿਚ ਦੇਖਿਆ ਜਾ ਸਕਦਾ ਹੈ। ਕਾਲ ਤੇ ਅਕਾਲ ਨੂੰ ਸੰਗਿਆ-ਰੂਪ ਵਿਚ ਵੀ ਵਰਤਿਆ ਗਿਆ ਹੈ, ਜਿਵੇਂ :

ਕਾਲੁ ਅਕਾਲੁ ਖਸਮ ਕਾ ਕੀਨਾ,
ਇਹ ਪਰਪੰਚੁ ਬਧਾਵਨ।

—(ਮਾਰੂ, ਕਬੀਰ, 1104)

ਸਿਮਰੈ ਕਾਲੁ ਅਕਾਲੁ ਸੁਚਿ ਸੋਚਾ।

—(ਮਾਰੂ, 5, 1079)

ਦਸਮ-ਗ੍ਰੰਥ ਦੀਆਂ ਰਚਨਾਵਾਂ ਵਿਚ 'ਅਕਾਲ' ਦੀ ਵਰਤੋਂ ਜਾਪੁ ਸਾਹਿਬ ਬਾਣੀ ਤੋਂ ਹੀ ਆਰੰਭ ਹੋ ਜਾਂਦੀ ਹੈ, ਜਿਥੇ ਇਸ ਨੂੰ "ਸ੍ਰੀ ਅਕਾਲ ਪੁਰਖੁ ਜੀ ਤੇਰੀ ਸਰਣਿ" ਦੇ ਮੰਗਲਾਚਰਨ ਉਪਰੰਤ, ਦੂਜੇ ਛੰਦ ਵਿਚ "ਨਮਸਤ੍ਵੰ ਅਕਾਲੇ। ਨਮਸਤ੍ਵੰ ਕ੍ਰਿਪਾਲੇ।" ਦੀਆਂ ਪੰਕਤੀਆਂ ਵਿਚ ਇਸ਼ਟ ਵਜੋਂ ਚਿਤਾਰਿਆ ਗਿਆ ਹੈ। 'ਜਾਪੁ' ਵਿਚ ਹੀ 'ਗੁਰ

Sri Satguru Jagjit Singh Ji eLibrary NamdhariElibrary@gmail.com

ਬਰ ਅਕਾਲ' ਦਾ ਜ਼ਿਕਰ ਆਉਂਦਾ ਹੈ। 'ਅਕਾਲ ਉਸਤਤਿ' ਬਾਣੀ ਦਾ ਸਿਰਲੇਖ ਆਪਣੇ ਆਪ ਵਿਚ ਅਕਾਲ ਦੀ ਮਹਿਮਾ ਦਾ ਸੰਕੇਤਕ, ਅਤੇ ਇਸ ਦੇ ਮੰਗਲਾਚਰਨ ਵਿਚ 'ਸ੍ਰੀ ਅਕਾਲ ਜੀ ਕੀ ਉਸਤਤਿ' ਉਪਰੰਤ "ਅਕਾਲ ਪੁਰਖ ਜੀ ਕੀ ਰੱਛਾ ਹਮ ਨੈ" ਅਤੇ "ਸਰਬ ਕਾਲ ਜੀ ਕੀ ਰਛਿਆ ਹਮ ਨੈ" ਦਾ ਹਵਾਲਾ ਪ੍ਰਾਪਤ ਹੈ। ਇਸ ਬਾਣੀ ਵਿਚ ਕਾਲ ਤੇ ਅਕਾਲ ਦੇ ਸੰਕੇਤ ਅਨੇਕ ਪ੍ਰਕਰਣਾਂ ਵਿਚ ਆਏ ਹਨ, ਜਿਵੇਂ :

ਕਾਲ ਰਹਿਤ ਅਨਕਾਲ ਸਰੂਪਾ। —(ਛੰਦ ਨੰ.9)
ਸਭ ਕੋ ਕਾਲ, ਸਭਨ ਕੋ ਕਰਤਾ। —(ਬੰਦ 10)
ਦੀਨ ਦਇਆਲ ਅਕਾਲ ਭਜੇ ਬਿਨੁ,
ਅੰਤ ਕੋ ਅੰਤ ਕੇ ਧਾਮ ਸਿਧਾਰੇ।—(ਬੰਦ 252)

ਇਸ ਤੋਂ ਬਿਨਾਂ, 'ਕਾਲ ਬਿਆਲ' (ਕਾਲ ਰੂਪੀ ਸੱਪ), 'ਕਾਲ ਹੂੰ ਕੇ ਕਾਲ', 'ਮਹਾਂ ਕਾਲ' (ਸ਼ਿਵ-ਪੁੱਤਰ) ਆਦਿਕ ਸੰਕੇਤਾਂ ਵਿਚ ਕਾਲ ਨੂੰ ਵਿਭਿੰਨ ਅਰਥਾਂ ਵਿਚ ਵਰਤਿਆ ਗਿਆ ਹੈ। 'ਬਚਿਤ੍ਰ ਨਾਟਕ' ਦਾ ਪਹਿਲਾ ਅਧਿਆਇ 'ਸ੍ਰੀ ਕਾਲ ਜੀ ਕੀ ਉਸਤਤਿ' ਦੇ ਸਿਰਲੇਖ ਨਾਲ ਆਰੰਭ ਹੁੰਦਾ ਹੈ। ਇਸ ਵਿਚ "ਮਹਾਂ ਤੰਤ੍ਰ ਮੰਤ੍ਰੰ, ਮਹਾਂ ਕਾਲ ਕਾਲੰ" ਦਾ ਉਲੇਖ ਹੈ। ਕਾਲ ਨੂੰ ਮਹਾਂਬਲੀ ਦਰਸਾਉਣ ਲਈ ਕਈ ਪ੍ਰਮਾਣ ਦਿੱਤੇ ਗਏ ਹਨ, ਜਿਵੇਂ :

ਜਿਤੇ ਅਉਲੀਆ, ਅੰਬੀਆ, ਗਉਸ ਵੈ ਹੈਂ।
ਸਭੇ ਕਾਲ ਕੇ ਅੰਤ ਦਾੜ੍ਹਾਂ, ਤਲੇ ਹੈਂ। —(ਬੰਦ 29)

ਇਸੇ ਰਚਨਾ ਦੇ 'ਅਪਨੀ ਕਥਾ' ਅਧਿਆਇ ਦੇ ਅੰਤਰਗਤ "ਮਹਾਂਕਾਲ ਕਾਲਕਾ ਅਰਾਧੀ" ਦਾ ਜ਼ਿਕਰ ਹੈ। ਅਕਾਲ ਪੁਰਖ ਲਈ 'ਸਰਬ ਕਾਲ' ਦਾ ਸਮਾਸ ਵੀ ਵਰਤਿਆ ਗਿਆ ਹੈ—"ਸਰਬ ਕਾਲ ਹੈ ਪਿਤਾ ਅਪਾਰਾ। ਦੇਬਿ ਕਾਲਕਾ ਮਾਤ ਹਮਾਰਾ।" ਇਕ ਹੋਰ ਰੂਪ 'ਕਾਲ ਪੁਰਖ' ਹੈ, ਜਿਸ ਦੀ ਵਰਤੋਂ 'ਚਉਬੀਸ ਅਵਤਾਰ' ਆਦਿਕ ਰਚਨਾਵਾਂ ਵਿਚ ਉਪਲੱਬਧ ਹੈ। ਕਾਲ ਅਤੇ ਅਕਾਲ ਦੀ, ਦਾਰਸ਼ਨਿਕ ਦ੍ਰਿਸ਼ਟੀ ਤੋਂ, ਵਿਸ਼ੇਸ਼ ਵਰਤੋਂ ਨਿਮਨ ਪੰਕਤੀ ਵਿਚ ਪ੍ਰਾਪਤ ਹੈ :

ਅਉਰ ਸੁ ਕਾਲ ਸਭੈ ਬਸਿ ਕਾਲ ਕੇ,
ਏਕ ਹੀ ਕਾਲ ਅਕਾਲ ਸਦਾ ਹੈ।
—(ਬਚਿਤ੍ਰ ਨਾਟਕ, ਸਵੈਯਾ, 84)

ਵਿਸ਼ਵ-ਸਿਧਾਂਤ ਦੇ ਦ੍ਰਿਸ਼ਟਕੋਣ ਤੋਂ ਨਿਮਨ ਦਰਜ ਪੰਕਤੀ ਦਾ ਮਹੱਤਵ ਸਪੱਸ਼ਟ ਹੈ :

ਪ੍ਰਿਥਮ ਕਾਲ ਜਬ ਕਰਾ ਪਸਾਰਾ,
ਓਅੰਕਾਰ ਤੇ ਸ੍ਰਿਸਟਿ ਉਪਾਰਾ—ਬ. ਨਾ. ਬੰਦ 10)

ਉਪਰੋਕਤ ਉਦਾਹਰਣਾਂ ਤੋਂ ਪ੍ਰਤੱਖ ਹੈ ਕਿ ਗੁਰੂ-ਗ੍ਰੰਥ ਅਤੇ ਦਸਮ-ਗ੍ਰੰਥ ਬਾਣੀਆਂ ਵਿਚ ਕਾਲ ਅਤੇ ਅਕਾਲ ਦੋਹਾਂ ਨੂੰ ਅੰਤਿਮ ਸੱਤਾ ਦੇ ਪ੍ਰਤੀਕ ਵਜੋਂ ਵਰਤਿਆ ਗਿਆ

Sri Satguru Jagjit Singh Ji eLibrary NamdhariElibrary@gmail.com

ਹੈ, ਚਾਹੇ ਵਿਭਿੰਨ ਪ੍ਰਕਰਣਾਂ ਵਿਚ ਇਨ੍ਹਾਂ ਦੇ ਹੋਰ ਅਰਥ ਵੀ ਦ੍ਰਿਸ਼ਟੀਗੋਚਰ ਹਨ। ਸੰਸਾਰ ਦੀਆਂ ਕੁੱਲ ਘਟਨਾਵਾਂ ਤੇ ਨਾਮ-ਰੂਪ ਕਾਲ ਦੀ ਉਪਜ ਹਨ (ਸਕਲ ਕਾਲ ਕਾ ਕੀਆ ਤਮਾਸਾ), ਅਤੇ ਕਾਲ ਦੇ ਅਧੀਨ ਹਨ। ਅਜੋਕਾ ਵਿਗਿਆਨਕ ਚਿੰਤਨ ਘਟਨਾਵਾਂ ਨੂੰ ਪੁਲਾੜ-ਕਾਲ (ਸਪੇਸ-ਟਾਈਮ) ਉੱਤੇ ਆਧਾਰਿਤ ਮੰਨਦਾ ਹੈ, ਜਿਸ ਵਿਚ ਕਾਲ (ਸਮੇਂ) ਦਾ ਵਿਚਾਰ ਸੰਮਿਲਤ ਹੈ। 'ਬਚਿਤ੍ਰ ਨਾਟਕ' ਦੇ ਕਰਤਾ ਅਨੁਸਾਰ ਕਾਲ ਦੀ ਇਹ ਮਹਾਂ-ਸ਼ਕਤੀ ਅੰਤਿਮ ਸੱਤਾ ਆਪ ਹੈ, ਜਿਸ ਨੂੰ 'ਕਾਲ', 'ਕਾਲ ਪੁਰਖ', 'ਸਰਬ ਕਾਲ' ਦੇ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਇਹ ਸ਼ਕਤੀ ਸਭ ਵਸਤਾਂ, ਘਟਨਾਵਾਂ, ਜੀਵਾਂ ਦੀ ਰਚਨਹਾਰ ਵੀ ਹੈ ਅਤੇ ਕਾਲ (ਅੰਤ) ਵੀ। ਇਸ ਸ਼ਕਤੀ ਦਾ ਆਪਣਾ ਅੰਤ ਕੋਈ ਨਹੀਂ, ਸੋ ਇਹ ਅਕਾਲ ਹੈ। ਹੋਰਨਾਂ ਵਾਸਤੇ ਜੋ 'ਕਾਲ' ਹੈ, ਆਪਣੇ ਆਪ ਵਿਚ ਉਹ 'ਅਕਾਲ' ਹੈ। ਇੱਕੋ-ਇਕ ਪਰਮ ਹਸਤੀ ਲਈ ਕਾਲ ਤੇ ਅਕਾਲ ਦੇ ਵਿਰੋਧਾਭਾਸੀ ਸ਼ਬਦਾਂ ਦੀ ਵਰਤੋਂ ਰਾਹੀਂ, ਗੁਰੂ ਗੋਬਿੰਦ ਸਿੰਘ-ਬਾਣੀ ਨੇ ਆਪਣਾ ਮਤ ਅਤੇ ਦ੍ਰਿਸ਼ਟੀਕੋਣ ਵਿਅਕਤ ਕਰ ਦਿੱਤਾ ਹੈ।

## ਕਾਲ ਤੇ ਸਦੀਵਤਾ

ਜਾਪ ਸਾਹਿਬ, ਅਕਾਲ ਉਸਤਤਿ ਅਤੇ ਦਸਮ-ਗ੍ਰੰਥ ਦੀਆਂ ਹੋਰ ਬਾਣੀਆਂ ਵਿਚ ਪਰਮ-ਸੱਤਾ ਦੇ ਦੋ ਸਰੂਪਾਂ ਦਾ ਵਰਣਨ ਬਾਰ-ਬਾਰ ਦੁਹਰਾਇਆ ਗਿਆ ਹੈ। ਇਕ ਸਰੂਪ ਚਕਰ-ਚਿਹਨ, ਵਰਣ-ਜਾਤੀ, ਰੇਖ-ਭੇਖ ਤੋਂ ਮੁਕਤ, ਅਰੂਪ ਤੇ ਅਕਾਲ ਹਸਤੀ ਦਾ ਹੈ, ਜਿਸ ਨੂੰ ਪਰੰਪਰਾ ਨੇ ਨਿਰਗੁਣ ਬ੍ਰਹਮ ਦਾ ਨਾਮ ਦਿੱਤਾ ਹੋਇਆ ਸੀ। ਦੂਸਰਾ ਸਰੂਪ ਪੁਰਖੀ ਗੁਣਾਂ ਵਾਲੇ ਮਿਹਰਵਾਨ ਪ੍ਰਭੂ ਦਾ ਹੈ, ਜਿਸ ਨੂੰ ਸਰਗੁਣ ਰੂਪ ਵਿਚ ਚਿਤਵਿਆ ਗਿਆ ਹੈ। ਜਾਪ ਸਾਹਿਬ ਵਿਚ ਪਰਮ-ਸੱਤਾ ਦੇ 'ਅਕਾਲ' ਤੇ 'ਕ੍ਰਿਪਾਲ' ਦੋਹਾਂ ਸਰੂਪਾਂ ਨੂੰ ਨਮਸਕਾਰ ਕੀਤੀ ਗਈ ਹੈ। ਇਹ ਦੋਵੇਂ ਇੱਕੋ-ਇਕ ਸਰਬੋਤਮ ਹਸਤੀ ਦੇ ਦੋ ਪੱਖ ਹਨ ਜਿਨ੍ਹਾਂ ਨੂੰ ਕਾਲ ਤੇ ਸਦੀਵਤਾ ਦੇ ਧਰੁਵੀ ਸੰਬੰਧ ਵਿਚ ਪ੍ਰਸਤੁਤ ਕੀਤਾ ਜਾ ਸਕਦਾ ਹੈ। ਦ੍ਰਿਸ਼ਟਮਾਨ ਜਗਤ-ਪਰਪੰਚ ਅਤੇ ਇਸ ਦਾ ਹਰ ਭਾਗ ਤੇ ਕਿਣਕਾ ਕਾਲ ਦੀ ਪ੍ਰਭੁਤਾ ਦੇ ਅਧੀਨ ਕਾਰਜ ਕਰਦਾ ਹੈ। ਵਿਸ਼ਵ-ਰਚਨਾ ਵਿਚ ਵਰਤ ਰਿਹਾ ਵਿਕਾਸ ਦਾ ਨਿਯਮ ਅਸਲ ਵਿਚ ਕਾਲ ਦਾ ਨਿਯਮ ਹੀ ਹੈ। ਜੋ ਘਟਨਾ ਵਾਪਰਦੀ ਹੈ, ਕਾਲ ਵਿਚ ਵਾਪਰਦੀ ਹੈ; ਜੋ ਉਪਜਦਾ ਤੇ ਬਿਨਸਦਾ ਹੈ, ਕਾਲ ਦੇ ਅਧੀਨ ਹੈ; ਬ੍ਰਹਿਮੰਡ ਦਾ ਹਰ ਜੀਵ ਕਾਲ-ਚੱਕਰ ਵਿਚ ਆਪਣੀ ਭੌਣੀ ਭੌਂ ਰਿਹਾ ਹੈ; ਆਵਾਗਉਣ ਵੀ ਕਾਲ ਦਾ ਹੀ ਚੱਕਰ ਹੈ। ਇਸ ਪਰਿਵਰਤਨਸ਼ੀਲ ਜਗਤ ਵਿਚ ਕਾਲ ਦਾ ਹੁਕਮ ਪ੍ਰਧਾਨ ਹੈ, ਕਾਲ ਹੀ ਹੁਕਮਰਾਨ ਹੈ, ਕਾਲ ਹੀ ਸਰਬ-ਵਿਆਪਕ ਸੱਤਾ ਹੈ। ਕਾਲ ਦੇ ਇਸ ਸੰਕਲਪ ਨੂੰ ਧਰਮ-ਸਿਧਾਂਤ ਦੀ ਦ੍ਰਿਸ਼ਟੀ ਤੋਂ ਪ੍ਰਭੂ, ਕਰਤਾ-ਭਰਤਾ-ਹਰਤਾ, ਈਸ਼ਵਰ ਤੇ ਸਰਗੁਣ ਬ੍ਰਹਮ, ਆਦਿਕ ਅਨੇਕ ਸੰਗਿਆਵਾਂ ਦਿੱਤੀਆਂ ਗਈਆਂ ਹਨ। ਵਿਗਿਆਨ ਨੇ ਇਸੇ ਸੰਕਲਪ ਨੂੰ ਘੜੀ-ਪਲ ਜਾਂ ਮਿੰਟਾਂ-ਸਕਿੰਟਾਂ ਤੇ ਛਿਣਾਂ ਵਿਚ ਵਿਭਾਜਿਤ ਕਰ ਕੇ, ਅਨੰਤ

Sri Satguru Jagjit Singh Ji eLibrary NamdhariElibrary@gmail.com

ਵਿਸ਼ਲੇਸ਼ਣ ਦਾ ਭਾਗੀ ਬਣਾਇਆ ਹੈ। ਦਾਰਸ਼ਨਿਕਾਂ ਨੇ ਕਾਲ ਦੇ ਅਨੁਭਵ ਨੂੰ ਮਨੁੱਖੀ ਚੇਤਨਾ ਨਾਲ ਸੰਬੰਧਿਤ ਕਰ ਕੇ, ਇਸ ਨੂੰ ਚੇਤਨਾ-ਪ੍ਰਵਾਹ ਦੇ ਰੂਪ ਵਿਚ ਸੰਕਲਪਿਆ ਹੈ।

ਕਾਲ-ਅਕਾਲ ਦੀ ਧਰੁਵੀ ਰੇਖਾ ਜਾਂ ਪੈਮਾਨੇ ਦਾ ਦੂਸਰਾ ਸਿਰਾ 'ਸਦੀਵਤਾ' ਹੈ। ਜਿਥੇ ਨਾ ਕੋਈ ਪਰਿਵਰਤਨ ਹੈ, ਨਾ ਘੜੀ-ਪਲ-ਛਿਣ ਦਾ ਕੋਈ ਅਨੁਭਵ; ਨਾ ਕਾਲ-ਚੱਕਰ ਦੀ ਵਿਆਪਕਤਾ ਹੈ, ਨਾ ਚੇਤਨਾ-ਪ੍ਰਵਾਹ ਦੀ ਸਾਰਥਿਕਤਾ; ਉਹ ਸਥਿਤੀ ਸਦੀਵੀ ਹਸਤੀ ਦੀ, ਨਿਰਗੁਣ ਦੈਵੀ ਤੱਤ ਦੀ, ਅਰੂਪ ਤੇ ਅਗੋਚਰ ਸਥਿਤੀ ਹੈ, ਜਿਸ ਦਾ ਨਾ ਕਿਆਸ, ਨਾ ਕਲਪਨਾ, ਨਾ ਕਥਨ ਸੰਭਵ ਹੈ। ਸਦੀਵਤਾ ਇਕ ਸੰਕਲਪ ਵਜੋਂ ਮਨੁੱਖੀ ਬੌਧਿਕਤਾ ਦੀ ਘਾੜਤ ਹੈ, ਪਰ ਇਸ ਦਾ ਨਾ ਕੋਈ ਸ਼ਾਬਦਿਕ ਵਰਣਨ, ਨਾ ਕੋਈ ਕਾਲਪਨਿਕ ਚਿੱਤਰ ਦਿੱਤਾ ਜਾ ਸਕਿਆ ਹੈ। ਇਸ ਕਥਨੋਂ-ਬਾਹਰੇ ਰਹੱਸ ਦਾ ਆਤਮਿਕ ਅਨੁਭਵ ਜਿਨ੍ਹਾਂ ਸਿੱਧ-ਪੁਰਸ਼ਾਂ, ਗੁਰੂ-ਵਿਅਕਤੀਆਂ ਨੂੰ ਹੋਇਆ ਹੈ, ਉਨ੍ਹਾਂ ਨੇ ਇਸ ਦੀ ਅਕੱਥ-ਕਥਾ ਦੇ ਕੁਝ ਸੰਕੇਤ ਜ਼ਰੂਰ ਦਿੱਤੇ ਹਨ। ਸਾਧਾਰਨ ਮਨੁੱਖ ਲਈ ਸਦੀਵਤਾ ਦਾ ਪ੍ਰਸ਼ਨ ਓਨਾ ਹੀ ਜਟਿਲ, ਕਠਿਨ ਤੇ ਅਪਹੁੰਚ ਹੈ, ਜਿੰਨਾ ਕਿ ਬ੍ਰਹਮ ਆਪ ਹੈ। ਜੋ ਸਦੀਵੀ ਨਹੀਂ, ਜਿਸ ਦੀ ਆਪਣੀ ਹੋਂਦ ਕਾਲਗਤ ਹੈ, ਜੋ ਹਸਤੀ ਦੇ ਸਾਗਰ ਉੱਤੇ ਆਰਜ਼ੀ ਬੁਲਬੁਲਾ ਹੈ, ਉਹ ਕਾਲ-ਰਹਿਤ ਸਦੀਵੀ ਅਨੰਤਤਾ ਦੀ ਥਾਹ ਕਿਵੇਂ ਪਾ ਸਕਦਾ ਹੈ? ਅਧੂਰਾ ਤੇ ਅਪੂਰਨ ਜੀਵਨ ਸੰਪੂਰਨਤਾ ਦੇ ਪੂਰਨ ਗਿਆਨ ਦਾ ਦਾਅਵਾ ਕਿਵੇਂ ਕਰ ਸਕਦਾ ਹੈ? ਸਦੀਵਤਾ ਨੂੰ ਇਕ ਸੰਕਲਪ ਵਜੋਂ, ਬੁੱਧੀ ਦੇ ਚਮਤਕਾਰ ਵਜੋਂ ਪ੍ਰਸਤੁਤ ਕਰ ਦੇਣਾ ਇਕ ਗੱਲ ਹੈ, ਇਸ ਦਾ ਯਥਾਰਥਕ ਅਨੁਭਵ, ਇਸ ਦੇ ਸੁਭਾ ਤੇ ਬਣਤਰ ਦਾ ਪੂਰਨ ਭਾਸ਼ਾਈ ਕਥਨ ਜਾਂ ਪ੍ਰਸਤੁਤੀ ਦੂਸਰੀ ਗੱਲ ਹੈ, ਜਿਸ ਦਾ ਦਾਅਵਾ ਹਰ ਕਿਸੇ ਦੇ ਵੱਸ ਵਿਚ ਨਹੀਂ।

ਦਸਮ-ਗ੍ਰੰਥ ਬਾਣੀ ਕਾਲ ਅਤੇ ਸਦੀਵਤਾ ਵਿਚਕਾਰ ਸੰਬੰਧ ਸਥਾਪਿਤ ਕਰਦਿਆਂ, ਕਾਲ ਨੂੰ ਅਕਾਲ ਦੇ ਇਕ ਪੱਖ ਜਾਂ ਵਿਮਾ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ। ਅਕਾਲ ਦੀ ਸਦੀਵੀ ਤੱਤ ਅਸਾਧਾਰਨ ਅਤੇ ਅਪਹੁੰਚ ਹੋਣ ਕਾਰਨ, ਇਸ ਨੂੰ ਸਿੱਧੇ ਤੌਰ 'ਤੇ ਸਮਝਣਾ ਜਾਂ ਅਨੁਭਵ ਦਾ ਵਿਸ਼ਾ ਬਣਾਉਣਾ ਲਗਭਗ ਅਸੰਭਵ ਹੈ। ਪਰ ਇਸ ਨੂੰ ਕਾਲ ਦੇ ਮਾਧਿਆਮ ਰਾਹੀਂ ਬਹੁਤ ਹੱਦ ਤਕ ਸਮਝਿਆ ਤੇ ਬੁਝਿਆ ਗਿਆ ਹੈ। ਕਾਲ ਦੀ ਗਤੀ ਤੇ ਅਵਧੀ ਮਨੁੱਖੀ ਅਨੁਭਵ ਦੇ ਪਾਤਰ ਹਨ। ਕਾਲ ਦਾ ਪੁਲਾੜ (ਜਾਂ ਸਥਾਨ) ਨਾਲ ਅਨਿਖੜ ਸੰਬੰਧ ਹੈ। ਕਾਲ ਦੇ ਅਨੁਭਵ ਤੋਂ ਬਿਨਾਂ ਸਦੀਵਤਾ ਦਾ ਸੰਕਲਪ ਸਿਰਜਿਆ ਨਹੀਂ ਜਾ ਸਕਦਾ। ਸਦੀਵੀ ਉਹ ਹੈ ਜੋ ਕਾਲ ਦੀ ਤਰ੍ਹਾਂ ਗਤੀਸ਼ੀਲ ਨਹੀਂ, ਨਾ ਹੀ ਜਿਸ ਦੀ ਕੋਈ ਅਵਧੀ ਹੈ। ਕਾਲ ਤੇ ਅਕਾਲ ਦੇ ਪਰਸਪਰ ਸੰਬੰਧ ਨੂੰ ਗ੍ਰਹਿਣ ਕਰਨ ਵਿਚ ਦਸਮ-ਗ੍ਰੰਥ ਬਾਣੀ ਚੋਖੀ ਸਹਾਇਤਾ ਕਰਦੀ ਹੈ। ਕਾਲ ਦਾ ਕੇਂਦਰੀ ਲੱਛਣ ਇਸ ਦੀ ਕ੍ਰਿਆਸ਼ੀਲਤਾ ਹੈ; ਇਹ ਇਕ ਪ੍ਰਵਾਹ ਜਾਂ ਵਹਾਉ ਹੈ, ਜਿਸ ਦੀ ਗਤੀਸ਼ੀਲ ਕ੍ਰਿਆ ਕਦੀ ਤੇਜ਼, ਕਦੀ ਮੱਧਮ ਭਾਸਦੀ ਹੈ। ਇਸ ਦੇ ਟਾਕਰੇ ਉੱਤੇ ਅਕਾਲ ਦਾ

Sri Satguru Jagjit Singh Ji eLibrary NamdhariElibrary@gmail.com

ਸੰਕਲਪ ਗਤੀ-ਰਹਿਤ ਹਸਤੀ ਦਾ ਸੰਕੇਤਕ ਹੈ। ਸਦੀਵੀ ਤੱਤ ਸਦਾ-ਸਥਿਰ, ਅਡੋਲ ਰੂਪ ਵਿਚ ਹੀ ਸੰਕਲਪਿਆ ਜਾ ਸਕਦਾ ਹੈ।

ਦਸਮ-ਗ੍ਰੰਥ ਬਾਣੀ ਕਾਲ ਦੇ ਕਰਤਾਰੀ ਪੱਖ ਉੱਤੇ ਵੀ ਚਾਨਣਾ ਪਾਉਂਦੀ ਹੈ। ਵਿਸ਼ਵ ਦੀਆਂ ਕੁੱਲ ਬਣਤਰਾਂ ਕਾਲ ਦੀਆਂ ਉਪਜਾਈਆਂ ਹੋਈਆਂ ਹਨ, ਬ੍ਰਹਿਮੰਡ ਦੀਆਂ ਕੁੱਲ ਸ਼ਕਤੀਆਂ ਕਾਲ ਦੀ ਉਪਜ ਹਨ, ਕੁਦਰਤ ਦਾ ਕੁੱਲ ਵਿਗਿਆਨ ਕਾਲ ਦਾ ਹੀ ਅਦਭੁਤ ਤਮਾਸ਼ਾ ਹੈ। ਕਾਲ ਦੇ ਅਮਲ ਤੇ ਇਸ ਦੀ ਕ੍ਰਿਆਸ਼ੀਲਤਾ ਦੇ ਫਲ-ਸਰੂਪ ਸੰਸਾਰ ਨਿਰੰਤਰ ਘਟਨਾਵਾਂ ਦਾ ਸਮੂਹ ਸਿੱਧ ਹੁੰਦਾ ਹੈ। ਹਰ ਜੀਵ ਜੰਤੂ ਆਪ ਵੀ ਇਸ ਘਟਨਾ-ਲੜੀ ਦਾ ਮਣਕਾ ਹੈ; ਅਤੇ ਜਿਸ ਜਗਤ-ਤਮਾਸ਼ੇ ਨੂੰ ਉਹ ਨਿਹਾਰਦਾ ਤੇ ਮਾਣਦਾ ਹੈ, ਉਹ ਵੀ ਕਾਲ ਵਿਚ ਵਾਪਰਦੀਆਂ ਘਟਨਾਵਾਂ ਦਾ ਸਿਲਸਿਲਾ ਹੈ, ਜਿਸ ਦਾ ਕੁਝ ਭਾਗ ਅਲਪ-ਕਾਲੀ ਜੀਵਾਂ ਦੇ ਦ੍ਰਿਸ਼ਟੀਗੋਚਰ ਹੈ। ਜਿਸ ਅਮਲ ਨੂੰ ਮਨੁੱਖ 'ਵਿਕਾਸ' ਦਾ ਨਾਮ ਦੇਂਦਾ ਹੈ, ਉਹ ਵੀ ਕਾਲ-ਕ੍ਰਿਆ ਦਾ ਇਕ ਰੁਖ ਹੈ; ਇਸ ਨੂੰ ਆਪਣੇ ਲਾਭ-ਹਾਣ ਦੀ ਦ੍ਰਿਸ਼ਟੀ ਤੋਂ ਅਸੀਂ ਉੱਨਤੀ ਜਾਂ ਪ੍ਰਗਤੀ ਮੰਨ ਲੈਂਦੇ ਹਾਂ। ਹਰ ਘਟਨਾ ਤੇ ਕਿਆ ਕਾਲ ਦੇ ਵਸੀਕਾਰ ਅਧੀਨ ਹੈ, ਕੇਵਲ ਕਾਲ ਆਪ ਇਸ ਤੋਂ ਸੁਤੰਤਰ ਹੈ, ਅਤੇ ਉਹ "ਏਕ ਹੀ ਕਾਲ ਅਕਾਲ ਸਦਾ ਹੈ।"

ਪ੍ਰਤੱਖ ਹੈ ਕਿ ਸਰਬੋਤਮ ਹਸਤੀ ਨੂੰ ਦਸਮ-ਗ੍ਰੰਥ ਬਾਣੀ ਨੇ ਕਾਲ ਤੇ ਅਕਾਲ ਦੋਵੇਂ ਨਾਮ ਦਿੱਤੇ ਹਨ। ਦੈਵੀ ਸੱਤਾ ਕਾਲ ਵੀ ਹੈ, ਅਕਾਲ ਵੀ; ਕਾਲ-ਰੂਪ ਵਿਚ ਉਹ ਕਰਤਾਰੀ ਸ਼ਕਤੀ ਹੈ, ਸਿਰਜਣਹਾਰ ਹੈ, ਕੁਦਰਤ ਵਿਚ ਵਿਆਪਕ ਹੈ; ਅਕਾਲ ਰੂਪ ਵਿਚ ਉਹ ਸਦੀਵੀ ਤੱਤ ਹੈ, ਅਪਰੰਪਰ ਤੇ ਅਗੋਚਰ ਹੈ। ਵਿਆਪਕਤਾ ਤੇ ਅਗੋਚਰਤਾ ਕਾਲ-ਅਕਾਲ ਹਸਤੀ ਦੇ ਓਨੇ ਹੀ ਪ੍ਰਮੁੱਖ ਲੱਛਣ ਹਨ, ਜਿੰਨੇ ਸਰਗੁਣ-ਤੇ-ਨਿਰਗੁਣ ਬ੍ਰਹਮ ਦੀ ਸਫੁਰਤਾ ਤੇ ਅਫੁਰਤਾ ਦੇ ਪੱਖ। ਵਿਸ਼ਵ-ਰਚਨਾ ਵਿਚ ਵਿਆਪਕ ਸਰਗੁਣ, ਪੁਰਖੀ ਗੁਣਾਂ ਵਾਲਾ ਈਸ਼ਵਰ ਹੈ, ਜੋ 'ਸਫੁਰ' ਹੈ, ਜਿਸ ਦਾ ਫੁਰਨਾ ਫੁਰਦਿਆਂ ਬ੍ਰਹਿਮੰਡ ਦਾ ਪਸਾਰਾ ਪਸਰ ਗਿਆ, ਜਿਸ ਤੋਂ 'ਲਖ ਦਰੀਆਉ' ਕਾਰਜਸ਼ੀਲ ਹੋ ਗਏ, ਅਤੇ ਵਿਕਾਸ ਦੇ ਅਮਲ ਚਾਲੂ ਹੋ ਗਏ। ਵਿਸ਼ਵ-ਰਚਨਾ ਤੋਂ ਪੂਰਬਲੀ ਅਸਥਾ ਦਾ ਅਫੁਰ, ਨਿਰਗੁਣ ਬ੍ਰਹਮ, ਅਪੁਰਖੀ ਤੱਤ ਹੈ ਜੋ ਅਦ੍ਰਿਸ਼ਟ ਤੇ ਅਗੋਚਰ ਹੈ, ਅਕਾਲ ਹੈ, ਸਦੀਵਤਾ ਹੈ। ਕਾਲ-ਅਕਾਲ ਦੇ ਦੋ ਸਰੂਪ ਹੁੰਦੇ ਹੋਏ ਵੀ, ਅੰਤਿਮ ਵਾਸਤਵਿਕਤਾ ਨੂੰ ਇੱਕੋ-ਇਕ ਆਤਮ-ਤੱਤ ਪਰਵਾਨ ਕੀਤਾ ਗਿਆ ਹੈ। ਉਹ ਕਾਲ-ਪੁਰਖ ਵੀ ਹੈ, ਅਕਾਲ ਪੁਰਖ ਵੀ। ਦਸਮ-ਗ੍ਰੰਥ ਬਾਣੀ ਨੇ ਉਸ ਦੇ ਦੋਹਾਂ ਪੱਖਾਂ ਨੂੰ 'ਪੁਰਖ' ਦੀ ਸੰਗਿਆ ਦੇ ਕੇ, ਉਸ ਦੇ ਅੰਤ੍ਰੀਵੀ ਪੁਰਖੀ ਗੁਣ (ਚੇਤਨਾ) ਨੂੰ ਵਿਅਕਤ ਕੀਤਾ ਹੈ। ਸਤ-ਚਿਤ-ਆਨੰਦ ਰੂਪੀ ਬ੍ਰਹਮ ਦਾ 'ਚਿਤ' ਨਿਰਗੁਣ ਤੇ ਸਰਗੁਣ ਪੱਖਾਂ ਵਿਚ ਸਾਂਝਾ ਹੈ। ਨਿਰਗੁਣ ਨਿਰੰਕਾਰ ਕੇਵਲ ਸੁੰਨ (ਸਿਫ਼ਰ) ਨਹੀਂ, ਇਹ ਚੇਤਨਾ-ਯੁਕਤ ਸਤ ਤੇ ਸਤਿ ਹੈ। ਇਸੇ ਚੇਤਨਾ ਸ਼ਕਤੀ ਵਿਚੋਂ ਸਫੁਰਤਾ ਵਿਕਸਿਤ ਹੁੰਦੀ ਹੈ ਅਤੇ ਵਿਸ਼ਵ-ਰਚਨਾ

Sri Satguru Jagjit Singh Ji eLibrary NamdhariElibrary@gmail.com

ਦਾ ਸਰੂਪ ਧਾਰਦੀ ਹੈ। ਇਹੋ ਹੁਕਮੀ ਦਾ 'ਹੁਕਮ' ਹੈ।

## ਅਕਾਲਵਾਦ ਦਾ ਸਿਧਾਂਤ

ਗੁਰੂ-ਗ੍ਰੰਥ ਬਾਣੀ ਅਤੇ ਦਸਮ-ਗ੍ਰੰਥ ਰਚਨਾਵਾਂ ਵਿਚ, ਕਾਲ-ਰਹਿਤ ਹਸਤੀ ਨੂੰ, ਹੋਰਨਾਂ ਸੰਗਿਆਵਾਂ ਤੋਂ ਬਿਨਾਂ, 'ਅਕਾਲ' ਦਾ ਨਾਮ ਦਿੱਤਾ ਗਿਆ ਹੈ, ਜੋ ਆਪਣੀ ਬਣਤਰ ਵਿਚ, ਨਾਂਹ-ਵਾਚਕ ਸ਼ਬਦ ਹੈ ਅਤੇ ਜਿਸ ਦਾ ਭਾਵ ਹੈ 'ਜੋ ਕਾਲ ਵਿਚ ਨਹੀਂ'। ਪਰ ਆਪਣੇ ਅੰਤਰੀਵੀ ਅਰਥ ਵਿਚ ਇਹ ਹਾਂ-ਵਾਚਕ ਸੰਕੇਤ ਹੈ, ਜਿਸ ਦਾ ਭਾਵ ਹੈ ਸਦਾ-ਰਹਿਣ ਵਾਲੀ, ਸਦੀਵੀ ਹਸਤੀ। ਜਾਪ ਸਾਹਿਬ ਬਾਣੀ ਵਿਚ ਗੁਰੂ ਗੋਬਿੰਦ ਸਿੰਘ ਨੇ ਪਰਮ ਪੁਰਖ ਨੂੰ 'ਅਨਾਮੇ' ਕਹਿ ਕੇ ਇਹ ਨਿਸ਼ਚਿਤ ਕਰਾਇਆ ਹੈ ਕਿ ਦਰ-ਅਸਲ ਉਸ ਦਾ ਕੋਈ ਵੀ ਨਾਮ ਨਹੀਂ; ਉਹ ਨਾਵਾਂ ਤੇ ਥਾਵਾਂ ਤੋਂ ਉਪਰ, ਨਿਰਗੁਣ ਹਸਤੀ ਹੈ। ਅਜਿਹੀ ਨਾਮ-ਰਹਿਤ ਹਸਤੀ ਨੂੰ ਅਨੇਕ ਕਿਰਤਮ ਨਾਮ ਦਿੱਤੇ ਗਏ ਹਨ। ਇਕ ਅਰਥ ਵਿਚ 'ਅਨਾਮ' ਵੀ ਇਕ ਨਾਮ ਹੀ ਹੈ। ਜਿਸ ਹਸਤੀ ਨੂੰ ਅਸੀਂ ਬੇਨਾਮ ਜਾਂ ਅਨਾਮ ਕਹਿ ਕੇ ਨਮਸਕਾਰ ਕਰਦੇ ਹਾਂ, ਉਸ ਨੂੰ ਅਸੀਂ 'ਅਨਾਮ' ਦਾ ਭਾਸ਼ਾਈ ਸੰਕੇਤ ਦੇ ਰਹੇ ਹਾਂ, ਜੋ ਨਾਮ ਦਾ ਕੰਮ ਕਰਦਾ ਹੈ। ਉਸ ਅਗੋਚਰ ਤੱਤ ਨੂੰ ਅਸੀਂ ਹੋਰ ਵੀ ਕਈ ਨਾਮ ਦਿੱਤੇ ਹੋਏ ਹਨ, ਜਿਵੇਂ ਸ਼ੂਨਯ, ਸੁੰਨ, ਮਹਾਂਸੁਨ; ਨਿਰ-ਆਕਾਰ, ਨਿਰੰਕਾਰ, ਨਿਰਗੁਣ; ਅਰੂਪ, ਅਨੀਲ, ਅਨਾਦਿ, ਆਦਿਕ। ਹੋਰਨਾਂ ਭਾਸ਼ਾਵਾਂ ਵਿਚ ਵੀ ਅਜਿਹੇ ਨਾਮ ਮਿਲਦੇ ਹਨ, ਜੋ ਪਰਮ ਹਸਤੀ ਨੂੰ ਖ਼ਾਲਮਖ਼ਾਲੀ, ਅ-ਵਸਤਤਾ, ਸਿਫ਼ਰ ਦਾ ਅਰਥ ਦੇ ਕੇ ਉਸ ਦੀ ਅਰੂਪਤਾ, ਅਗੋਚਰਤਾ ਦਰਸਾਂਦੇ ਹਨ। ਇਸ ਦ੍ਰਿਸ਼ਟੀ ਤੋਂ ਨਿਰੰਕਾਰ (ਜਿਸ ਦਾ ਕੋਈ ਰੂਪ ਜਾਂ ਆਕਾਰ ਨਹੀਂ) ਨਾਂਹ-ਵਾਚਕ ਸੰਕੇਤ ਹੁੰਦਾ ਹੋਇਆ ਵੀ, ਹਾਂ-ਵਾਚਕ ਅਰਥ ਦੇਂਦਾ ਹੈ, ਅਤੇ ਅਕਾਲ ਵਾਂਗ ਪਰਮ ਪੁਰਖ ਲਈ ਅਕਸਰ ਵਰਤਿਆ ਜਾਂਦਾ ਹੈ।

ਨਾਮਕਰਨ ਮਨੁੱਖੀ ਲੋੜ ਹੈ। ਇਸ ਤੋਂ ਬਿਨਾਂ ਮਨੁੱਖ ਪਰਸਪਰ ਸੰਚਾਰ ਅਤੇ ਨਿਜੀ ਭਾਵਾਂ ਦਾ ਪ੍ਰਗਟਾਵਾ ਕਰਨ ਤੋਂ ਅਸਮਰੱਥ ਹਨ। ਇਹ ਸਾਡੀ ਭਾਸ਼ਾਈ ਅਵੱਸ਼ਕਤਾ ਹੈ, ਅਤੇ ਮਨੁੱਖੀ ਮਜ਼ਬੂਰੀ ਵੀ। ਇਸੇ ਲਈ ਅਸੀਂ ਅਨਾਮ ਹਸਤੀ ਨੂੰ ਵੀ ਨਾਮ ਦੇ ਰੱਖੇ ਹਨ। ਸਿੱਖ-ਮਤ ਨੇ ਸਦੀਵੀ ਆਤਮ ਤੱਤ ਨੂੰ 'ਸਤਿ' ਅਤੇ 'ਅਕਾਲ' ਦੇ ਸੰਕੇਤ ਦੇ ਕੇ ਇਹ ਲੋੜ-ਪੂਰਤੀ ਕੀਤੀ ਹੈ। ਦੋਹਾਂ ਸੰਕੇਤਾਂ ਦਾ ਭਾਵ ਸਦਾ-ਸਥਿਰ, ਕਾਲ-ਰਹਿਤ ਪਰਮ-ਆਤਮਾ ਹੈ, ਜਿਸ ਉੱਤੇ ਸਮੇਂ-ਸਥਾਨ, ਵਿਕਾਸ-ਪ੍ਰਕ੍ਰਿਆਵਾਂ ਆਦਿਕ ਦਾ ਕੋਈ ਪ੍ਰਭਾਵ ਨਹੀਂ। ਸਿੱਖ-ਮਤ ਦੇ ਆਗਮਨ ਤੋਂ ਪਹਿਲਾਂ ਕੁਝ ਹੋਰ ਚਿੰਤਨਧਾਰਾਵਾਂ ਨੇ ਵੀ ਪਰਮ-ਸੱਤਾ ਨੂੰ ਨਾਂਹ-ਵਾਚਕ ਨਾਮ ਦਿੱਤੇ ਹੋਏ ਸਨ, ਜਿਨ੍ਹਾਂ ਦਾ ਅੰਤਰੀਵੀ ਅਰਥ ਹਾਂ-ਵਾਚਕ ਸੀ। ਅਜਿਹਾ ਇਕ ਨਾਮ 'ਅਦਵੈਤ' ਹੈ, ਜਿਸ ਤੋਂ ਭਾਵ ਹੈ 'ਦੂਈ-ਰਹਿਤ' ਜਾਂ (ਲਾਸਾਨੀ)। ਪਰ, ਇਹ ਸੰਕੇਤ 'ਬ੍ਰਹਮ' ਲਈ ਵਰਤਿਆ ਗਿਆ ਹੈ, ਜਿਸ ਨੂੰ ਅ-ਦਵੈਤ, ਇੱਕੋ-ਇਕ, ਗੁਣ-ਅਤੀਤ, ਅੰਤਿਮ ਯਥਾਰਥ ਦੇ ਰੂਪ ਵਿਚ ਚਿਤਵਿਆ

Sri Satguru Jagjit Singh Ji eLibrary NamdhariElibrary@gmail.com

ਗਿਆ ਹੈ। ਅਕਾਲ ਵਾਂਗ, ਅਦਵੈਤ ਵੀ ਨਿਰਗੁਣ ਬ੍ਰਹਮ ਦਾ ਸੂਚਕ ਸ਼ਬਦ ਹੈ, ਅਤੇ ਅਦਵੈਤਵਾਦੀ ਫ਼ਲਸਫ਼ੇ ਦਾ ਕੇਂਦਰ-ਬਿੰਦੂ ਹੈ।

ਸ਼ੰਕਰਾਚਾਰੀਆ ਦਾ ਵੇਦਾਂਤਕ ਫ਼ਲਸਫ਼ਾ, ਜੋ ਅਦਵੈਤਵਾਦ ਦੇ ਨਾਮ ਨਾਲ ਪ੍ਰਸਿੱਧ ਹੈ, ਉੱਚਤਮ ਹਕੀਕਤ ਨੂੰ ਦੂਈ-ਰਹਿਤ ਮੰਨਦਾ ਹੈ। ਇਸ ਫ਼ਲਸਫ਼ੇ ਅਨੁਸਾਰ, ਅਦਵੈਤ ਹਸਤੀ ਬ੍ਰਹਮ-ਆਤਮਾ ਹੈ, ਜਿਸ ਨੂੰ ਸ਼ੁੱਧ-ਚੇਤਨਾ, ਜਾਂ ਨਿਰੋਲ ਆਤਮ-ਤੱਤ ਰੂਪ ਵਿਚ ਸੰਕਲਪਿਆ ਗਿਆ ਹੈ। 'ਸਤ' (ਹਸਤੀ/ਬੀਇੰਗ) ਹੀ 'ਚਿਤ' (ਚੇਤਨ ਸ਼ਕਤੀ) ਹੈ। ਜੀਵਾਂ ਵਿਚ ਵਿਆਪਕ 'ਆਤਮਾ' ਬ੍ਰਹਮ ਨਾਲੋਂ ਵਖਰੀ ਨਹੀਂ, ਨਾ ਹੀ ਜਗਤ-ਪਰਪੰਚ ਇਸ ਤੋਂ ਭਿੰਨ ਹੈ। ਦ੍ਰਿਸ਼ਟਮਾਨ ਜਗਤ ਕੇਵਲ ਭੁਲੇਖਾ ਹੈ, ਜੋ 'ਮਾਇਆ' ਦੇ ਪ੍ਰਭਾਵ ਕਰਕੇ ਜੀਵਾਂ ਨੂੰ ਨਜ਼ਰ ਆ ਰਿਹਾ ਹੈ। ਵਾਸਤਵ ਵਿਚ, ਪਰਮਾਰਥਕ ਸੱਚ ਹੀ ਸੱਚ ਹੈ; ਜੋ ਕੁਝ ਇੰਦਰੀਆਂ ਨੂੰ ਭਾਸ ਰਿਹਾ ਹੈ, ਉਹ ਯਥਾਰਥ ਨਹੀਂ। ਜਦੋਂ ਵਿਅਕਤੀ ਗਿਆਨਵਾਨ ਹੋ ਜਾਂਦਾ ਹੈ, ਉਸਦੇ ਭੁਲੇਖੇ ਦੂਰ ਹੋ ਜਾਂਦੇ ਹਨ, ਅਤੇ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਉਸ ਅਵਸਥਾ ਵਿਚ ਵਿਅਕਤੀ ਦਾ ਨਿਜੀ ਆਪਾ ਬ੍ਰਹਮ ਤੋਂ ਭਿੰਨ ਨਹੀਂ ਰਹਿੰਦਾ; "ਮੈਂ ਹੀ ਬ੍ਰਹਮ ਹਾਂ" ਦੀ ਸਚਾਈ ਉਸ ਉੱਤੇ ਪਰਗਟ ਹੋ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ, 'ਮੈਂ' ਤੇ 'ਬ੍ਰਹਮ' ਦੀ ਦਵੈਤ, ਭੁਲੇਖੇ ਅਤੇ ਯਥਾਰਥ ਦੀ ਦੂਈ ਮਿਟ ਜਾਂਦੇ ਹਨ। ਇਹ ਪੂਰਨ ਗਿਆਨ ਦੀ ਅਵਸਥਾ ਜੀਵ ਦੀ ਉੱਚਤਮ ਪ੍ਰਾਪਤੀ ਹੈ। ਮਾਇਆ ਦੀ ਸ਼ਕਤੀ ਅਨਾਦੀ ਹੋਣ ਕਰਕੇ, ਬ੍ਰਹਮ ਵਾਂਗ ਹੀ ਵਿਆਪਕ ਹੈ, ਅਤੇ ਗਿਆਨਹੀਣ ਵਿਅਕਤੀਆਂ ਲਈ ਇਸ ਦੀ ਹੋਂਦ ਕਾਇਮ ਰਹਿੰਦੀ ਹੈ। ਉਹ 'ਮੈਂ ਤੇ ਉਹ' ਦੀ ਭਿੰਨਤਾ, ਸੰਸਾਰ ਤੇ ਬ੍ਰਹਮ ਦੀ ਭਾਸ ਰਹੀ ਦੂਈ ਦਾ ਸ਼ਿਕਾਰ ਬਣੇ ਰਹਿੰਦੇ ਹਨ।

ਅਦਵੈਤਵਾਦ ਦਾ ਦਾਰਸ਼ਨਿਕ ਸਿਧਾਂਤ ਆਪਣੀ ਭਾਸ਼ਾਈ ਬਣਤਰ ਵਿਚ ਨਾਂਹ-ਵਾਚਕ ਜਾਪਦਾ ਹੈ, ਪਰ ਆਪਣੇ ਅੰਤਰੀਵੀ ਅਰਥਾਂ ਵਿਚ ਇਹ ਅੰਤਿਮ ਹਕੀਕਤ ਦਾ ਏਕਵਾਦੀ ਫ਼ਲਸਫਾ ਹੈ। ਇਸ ਸਿਧਾਂਤ ਅਨੁਸਾਰ, ਕੇਵਲ ਬ੍ਰਹਮ ਹੀ ਇੱਕੋ-ਇਕ ਹਕੀਕਤ ਹੈ। ਜੇਕਰ ਇਸ ਫ਼ਲਸਫ਼ੇ ਨੂੰ ਬ੍ਰਹਮਵਾਦ ਦਾ ਨਾਮ ਦਿੱਤਾ ਜਾਵੇ ਤਾਂ ਇਸ ਦੀ ਬਣਤਰ ਹਾਂ-ਵਾਚਕ ਹੋ ਜਾਂਦੀ ਹੈ। ਬ੍ਰਹਮ ਉਹ ਸੱਤਾ ਹੈ ਜਿਸ ਉੱਤੇ ਕਿਸੇ ਦਾ ਅੰਕੁਸ਼ ਤੇ ਅਧਿਕਾਰ ਨਹੀਂ; ਉਹ ਨਿਰੰਕੁਸ਼ ਤੇ ਪੂਰਨ ਰੂਪ ਵਿਚ ਸੁਤੰਤਰ ਸੱਤਾ ਹੈ। ਬ੍ਰਹਮਵਾਦ ਤੋਂ ਅਗੇਰੇ, ਇਸ ਸਿਧਾਂਤ ਨੂੰ ਨਿਰੰਕੁਸ਼ਵਾਦ ਦਾ ਨਾਮ ਦੇਣਾ ਵੀ ਤਰਕ-ਸੰਗਤ ਹੈ। ਨਿਰੰਕੁਸ਼ ਬ੍ਰਹਮ ਤੋਂ ਸਿਵਾ ਕੋਈ ਦੂਸਰੀ ਖ਼ੁਦ-ਮੁਖ਼ਤਾਰ ਹੋਂਦ ਜਾਂ ਹਸਤੀ ਮੌਜੂਦ ਨਹੀਂ। ਸਪੱਸ਼ਟ ਹੈ ਕਿ ਸ਼ੰਕਰਾਚਾਰੀਆ ਨੇ ਆਪਣੇ ਦਾਰਸ਼ਨਿਕ ਸਿਧਾਂਤ ਨੂੰ ਅਦਵੈਤਵਾਦ ਦਾ ਸਿਰਲੇਖ ਦੇਣ ਸਮੇਂ ਉੱਚਤਮ ਹਕੀਕਤ ਦੇ ਅਦਵੈਤਿਕ ਸੰਕਲਪ ਨੂੰ ਮੁੱਖ ਰਖਿਆ। ਹੋਰਨਾਂ ਦਾਰਸ਼ਨਿਕ ਮਤਾਂ ਨੇ ਵੀ ਅਕਸਰ ਇਹੋ ਵਿਧੀ ਅਪਨਾਈ ਹੈ, ਅਤੇ ਆਪਣੇ-ਆਪਣੇ ਕੇਂਦਰੀ ਸੰਕਲਪ ਦੇ ਆਧਾਰ ਉੱਤੇ ਸਿਧਾਂਤਾਂ ਦਾ ਨਾਮਕਰਨ ਕੀਤਾ ਹੈ, ਜਿਵੇਂ

Sri Satguru Jagjit Singh Ji eLibrary NamdhariElibrary@gmail.com

ਕਿ ਦਵੈਤ-ਵਾਦ, ਸ਼ੂਨਯਵਾਦ, ਅਸਤਿੱਤਵਵਾਦ, ਵਿਕਾਸਵਾਦ, ਯਥਾਰਥਵਾਦ ਆਦਿਕ। ਇਸੇ ਪ੍ਰਪਾਟੀ ਅਨੁਸਾਰ, ਸਿੱਖ ਫ਼ਲਸਫ਼ੇ ਨੂੰ 'ਅਕਾਲਵਾਦ' ਦਾ ਨਾਮ ਦੇਣਾ ਉਚਿਤ ਜਾਪਦਾ ਹੈ।

ਸਿੱਖ-ਪਰੰਪਰਾ ਨੇ ਅੰਤਿਮ ਯਥਾਰਥ ਜਾਂ ਪਰਮ-ਸੱਤਾ ਨੂੰ ਅਕਾਲ ਦੇ ਸਰੂਪ ਵਿਚ ਚਿਤਵਿਆ ਹੈ, ਜੋ ਕਿ ਸਿੱਖ-ਚਿੰਤਨ ਦਾ ਕੇਂਦਰੀ-ਸੰਕਲਪ ਹੋ ਨਿਬੜਿਆ ਹੈ। ਇਸ ਦ੍ਰਿਸ਼ਟੀ ਤੋਂ, ਸਿੱਖ-ਮਤ ਦਾ ਫ਼ਲਸਫ਼ਾ 'ਅਕਾਲ' ਨੂੰ ਕੇਂਦਰ-ਬਿੰਦੂ ਥਾਪ ਕੇ ਹੀ ਆਪਣੀਆਂ ਸੰਭਾਵਨਾਵਾਂ ਨੂੰ ਸਹੀ ਢੰਗ ਨਾਲ ਉਜਾਗਰ ਕਰ ਸਕਦਾ ਹੈ। ਅਕਾਲਵਾਦ ਦਾ ਅਕਾਲ ਕੇਵਲ ਨਿਰਗੁਣ, ਅਰੂਪ ਆਤਮ-ਸੱਤਾ ਹੀ ਨਹੀਂ, ਇਹ ਆਪਣੀ ਸਿਰਜੀ ਹੋਈ ਲੋਕਾਈ ਦਾ ਨਾਇਕ ਵੀ ਹੈ। ਸਿੱਖ-ਪਰੰਪਰਾ ਵਿਚ ਜੋਧੇ-ਮਹਾਂਬਲੀ-ਸੂਰਮੇ ਦੀ ਅਧਿਕ ਮਾਨਤਾ ਰਹੀ ਹੈ, ਅਤੇ ਵੀਰ-ਨਾਇਕਾਂ ਨੂੰ ਸਤਿਕਾਰ ਦੀ ਭਾਵਨਾ ਨਾਲ ਯਾਦ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ-ਬਾਣੀ ਵਿਚ ਅਕਾਲ ਪੁਰਖ ਲਈ ਵੀ ਅਜਿਹੇ ਸੰਕੇਤ ਵਰਤੇ ਗਏ ਹਨ ਜੋ ਉਸ ਦੀ ਸੂਰਮਤਾਈ, ਜੌਹਰਮਈ ਸ਼ਕਤੀ ਦੇ ਸੂਚਕ ਹਨ। ਇਸ ਬਾਣੀ ਵਿਚ ਪ੍ਰਭੂ ਨੂੰ 'ਸਰਬ-ਲੋਹ' ਕਹਿ ਕੇ, ਉਸ ਦੇ ਹਠੀਲੇ, ਸ਼ਕਤੀ-ਸੰਪੰਨ ਪੱਖ ਨੂੰ ਪ੍ਰਗਟਾਇਆ ਗਿਆ ਹੈ। ਜਾਪ ਸਾਹਿਬ ਵਿਚ ਇਕ ਪਾਸੇ ਅਕਾਲ ਦਾ ਚੱਕਰ-ਚਿਹਨ ਤੋਂ ਮੁਕਤ ਪੱਖ ਉਜਾਗਰ ਕੀਤਾ ਹੈ, ਦੂਸਰੇ ਪਾਸੇ ਉਸ ਦੀ ਰਚਨਾਤਮਿਕਤਾ ਨੂੰ ਸਰਬ-ਕਾਲ, ਸਰਬ-ਦਿਆਲ, ਸਰਬ-ਪਾਲ ਦੇ ਵਿਸ਼ੇਸ਼ਣਾਂ ਨਾਲ ਸ਼ਿੰਗਾਰਿਆ ਹੈ। ਉਸ ਨੂੰ ਨਮਸ਼ਕਾਰ ਕਰਦਿਆਂ ਸੂਰਜਾਂ ਦਾ ਸੂਰਜ, ਚੰਦਰਾਂ ਦਾ ਚੰਦਰ, ਜੋਗੀਆਂ ਦਾ ਜੋਗੀ, ਤੇਜੱਸਵੀਆਂ ਦਾ ਤੇਜੱਸਵੀ ਕਥਨ ਕੀਤਾ ਹੈ। ਉਸ ਨੂੰ—

> ਨਮੋ ਜੁਧ ਜੁਧੇ, ਨਮੋ ਗਿਆਨ ਗਿਆਨੇ।
> ਨਮੋ ਭੋਜ ਭੋਜੇ, ਨਮੋ ਪਾਨ ਪਾਨੇ।
> ਨਮੋ ਕਲਹ ਕਰਤਾ, ਨਮੋ ਸਾਂਤ ਰੂਪੇ।
> ਨਮੋ ਇੰਦ੍ਰ ਇੰਦ੍ਰੇ, ਅਨਾਦੰ ਬਿਭੂਤੇ।

ਦੀ ਸ਼ਬਦਾਵਲੀ ਰਾਹੀਂ ਵਡਿਆਇਆ ਹੈ। "ਨਮੋ ਗੀਤ ਗੀਤੇ, ਨਮੋ ਤਾਨ ਤਾਨੇ। ਨਮੋ ਨ੍ਰਿਤ ਨ੍ਰਿਤੇ, ਨਮੋ ਨਾਦ ਨਾਦੇ। ਨਮੋ ਪਾਨ ਪਾਨੇ, ਨਮੋ ਬਾਦ ਬਾਦੇ।" ਦੇ ਅਲੰਕਾਰਾਂ ਰਾਹੀਂ ਉਸ ਦੇ ਕਲਾਮਈ ਪੱਖਾਂ ਨੂੰ ਉਜਾਗਰ ਕੀਤਾ ਹੈ। ਉਹ ਸੰਗੀਤ ਦੀ ਸੁਰ ਹੈ, ਪਾਣੀਆਂ ਦਾ ਵਹਾਉ ਹੈ, ਪਵਨ ਦਾ ਵੇਗ ਹੈ ਅਤੇ ਨਾਲ ਹੀ ਰਾਜਿਆਂ ਦਾ ਰਾਜਾ ਹੈ, ਸ਼ਾਹਾਂ ਦਾ ਸ਼ਾਹ ਹੈ। ਉਸ ਤੋਂ ਵਡੇਰਾ ਨਾ ਕੋਈ ਸੂਰਮਾ ਹੈ, ਨਾ ਕੋਈ ਨਾਇਕ ਹੈ। ਸਿੱਖ-ਚਿੰਤਨ ਦਾ ਅਕਾਲ, ਆਪਣੇ ਸਰਗੁਣ ਪੱਖ ਵਿਚ ਕ੍ਰਿਪਾਲ ਤੇ ਦਿਆਲ ਹੈ, ਸ਼ਸਤਰ ਤੇ ਅਸਤਰ ਦਾ ਧਾਰਨੀ ਹੈ, ਬੀਰਤਾ ਦਾ ਪੁੰਜ ਤੇ ਸਰਬ-ਲੋਹ ਹੈ। ਉਹ ਅਨੇਕ ਵੀ ਹੈ, ਏਕ ਵੀ। "ਏਕ ਮੂਰਤਿ, ਅਨੇਕ ਦਰਸ਼ਨ, ਕੀਨ ਰੂਪ ਅਨੇਕ। ਖੇਲ ਖੇਲ ਅਖੇਲ ਖੇਲਨ, ਅੰਤ ਕੋ ਫਿਰਿ ਏਕ।"

Sri Satguru Jagjit Singh Ji eLibrary NamdhariElibrary@gmail.com

## ਅਕਾਲ ਮੂਰਤਿ ਤੇ ਅਕਾਲ ਪੁਰਖ

ਮੂਲ-ਮੰਤਰ ਵਿਚ ਆਏ ਦੋ ਸ਼ਬਦ 'ਅਕਾਲ' ਤੇ 'ਮੂਰਤਿ' ਸਮਾਸ ਰੂਪ ਵਿਚ 'ਕਾਲ-ਰਹਿਤ ਮੂਰਤੀ/ਅਕਾਰ' ਦਾ ਅਰਥ ਦੇਂਦੇ ਹਨ। ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਬਾਣੀਆਂ ਵਿਚ 'ਅਕਾਲ ਮੂਰਤਿ' ਦੀ ਵਰਤੋਂ ਇਸੇ ਅਰਥ ਦੀ ਧਾਰਨੀ ਹੈ : ਉਹ ਦੈਵੀ ਸੱਤਾ ਜੋ ਕਾਲ-ਕ੍ਰਿਆ ਤੋਂ ਉਪਰ ਹੈ, ਅਤੇ ਫਿਰ ਵੀ ਵਿਸ਼ਵ ਦੇ ਰੂਪਾਕਾਰਾਂ ਵਿਚ ਵਿਆਪਕ ਹੈ। ਕਾਲ-ਅਤੀਤ ਹਸਤੀ ਪੁਲਾੜ-ਕਾਲ ਢਾਂਚੇ ਤੋਂ ਅਪਰੰਪਰ ਹੈ, ਅਤੇ ਇਸੇ ਲਈ ਅਰੂਪ ਤੇ ਨਿਰਾਕਾਰ ਹੈ। ਪਰ, ਉਹੀ ਅਗੋਚਰ ਸੱਤਾ ਆਪਣੇ ਵਿਆਪਕ ਪੱਖ ਵਿਚ ਬ੍ਰਹਿਮੰਡੀ ਆਕਾਰ ਦਾ ਰੂਪ ਧਾਰਦੀ ਹੈ। ਸਿੱਖ ਚਿੰਤਨ ਰੱਬ ਦੇ ਅਗੋਚਰ ਤੇ ਵਿਆਪਕ ਦੋਹਾਂ ਪੱਖਾਂ ਵਿਚ ਸੁਜੋੜ ਸਥਾਪਿਤ ਕਰਦਾ ਹੋਇਆ ਨਿਰਾਕਾਰ ਤੇ ਸਾਕਾਰ, ਤੱਤ ਤੇ ਹੋਂਦ ਨੂੰ ਪਰਸਪਰ ਸਾਂਝ ਵਿਚ ਪਰੋ ਦੇਂਦਾ ਹੈ।

'ਅਕਾਲ-ਮੂਰਤਿ' ਸਮਾਸ ਦੀ ਵਿਆਖਿਆ ਦੋ ਤਰ੍ਹਾਂ ਨਾਲ ਸੰਭਵ ਹੈ। ਕਈ ਵਿਆਖਿਆਕਾਰ ਇਸ਼ ਨੂੰ ਇਕ ਇਕਾਈ ਮੰਨਦੇ ਹਨ, ਅਤੇ ਅਕਾਲ ਨੂੰ ਮੂਰਤੀ ਦਾ ਵਿਸ਼ੇਸ਼ਣ ਪਰਵਾਨ ਕਰਦਿਆਂ, ਸਦਾ ਸਥਿਰ ਰਹਿਣ ਵਾਲੀ ਪਰਗਟ ਹੋਂਦ ਦੇ ਅਰਥ ਦੀ ਪੁਸ਼ਟੀ ਕਰਦੇ ਹਨ। ਜੋ ਵਿਆਖਿਆਕਾਰ ਅਕਾਲ ਤੇ ਮੂਰਤੀ ਨੂੰ ਦੋ ਭਿੰਨ ਇਕਾਈਆਂ ਮੰਨ ਕੇ ਚਲਦੇ ਹਨ, ਉਨ੍ਹਾਂ ਲਈ ਇਹ ਦੋ ਸੁਤੰਤਰ ਸ਼ਬਦ ਹਨ; ਦੋਵੇਂ ਸ਼ਬਦ ਆਪਣੇ ਤੌਰ 'ਤੇ ਦੈਵੀ ਸੱਤਾ ਦੇ ਲੱਛਣ ਦਰਸਾਂਦੇ ਹਨ, ਜੋ ਸਮੇਂ-ਸਥਾਨ ਤੋਂ ਪਰੇਡੀ ਹੁੰਦੀ ਹੋਈ ਵੀ, ਪੁਲਾੜ-ਕਾਲ ਵਿਚ ਵਿਆਪਕ ਸੱਤਾ ਹੈ। ਚਾਹੇ ਦੋਵੇਂ ਵਿਆਖਿਆਵਾਂ ਇਕ ਦੂਜੀ ਤੋਂ ਭਿੰਨ ਹਨ, ਦੋਹਾਂ ਵਿਚ ਭਾਵ-ਅਰਥ ਦੀ ਸਾਂਝ ਮੌਜੂਦ ਹੈ। ਅਕਾਲ ਮੂਰਤਿ ਬ੍ਰਹਮ-ਈਸ਼ਵਰ ਦੇ ਨਿਰਗੁਣ ਤੇ ਸਰਗੁਣ ਪੱਖਾਂ ਦਾ ਸੰਜੋਗ ਪ੍ਰਸਤੁਤ ਕਰਦਾ ਹੈ। ਸਦੀਵੀ ਲੱਛਣ-ਰਹਿਤ ਹਕੀਕਤ ਹੀ ਵਿਸ਼ਵ-ਵਿਆਪੀ ਹੋਂਦ ਦੇ ਰੂਪ ਵਿਚ ਵਿਅਕਤ ਹੋ ਰਹੀ ਹੈ।

'ਅਕਾਲ ਪੁਰਖ' ਵੀ ਇਸੇ ਤਰ੍ਹਾਂ ਦੈਵੀ ਹਸਤੀ ਜਾਂ ਈਸ਼ਵਰ ਲਈ ਵਰਤਿਆ ਗਿਆ ਸੰਕੇਤ ਹੈ। ਅਕਾਲ ਮੂਰਤਿ ਵਾਂਗ ਇਹ ਵੀ ਦੋ ਇਕਾਈਆਂ ਤੋਂ ਬਣਿਆ ਹੋਇਆ ਹੈ—'ਅਕਾਲ' ਅਤੇ 'ਪੁਰਖ'। ਸ਼ਬਦ 'ਪੁਰਖ' ਮੂਲ-ਮੰਤਰ ਵਿਚ ਕਰਤਾ ਦੇ ਨਾਲ ਜੋੜ ਕੇ, 'ਕਰਤਾ ਪੁਰਖ' ਰੂਪ ਵਿਚ ਵਰਤਿਆ ਗਿਆ ਹੈ, ਜੋ ਕਰਤਾਰੀ ਸ਼ਕਤੀ ਵਾਲੇ ਦੈਵੀ ਪੁਰਖ ਦਾ ਅਰਥ ਦੇਂਦਾ ਹੈ। ਸਿੱਖ ਪਰੰਪਰਾ ਨੇ 'ਅਕਾਲ ਪੁਰਖ' ਸਮਾਸ ਨੂੰ ਨਿਤਾਪ੍ਰਤੀ ਵਰਤੋਂ-ਵਿਹਾਰ ਵਿਚ ਆਉਣ ਵਾਲੇ ਸੰਕੇਤ ਵਜੋਂ ਅਪਨਾ ਲਿਆ ਹੈ, ਅਤੇ ਇਸ ਨੂੰ ਸਤਿਨਾਮ ਤੇ ਵਾਹਿਗੁਰੂ ਦਾ ਸਮਾਨ-ਅਰਥਕ ਸਵੀਕਾਰ ਕਰ ਲਿਆ ਹੈ।

ਸ਼ਾਬਦਿਕ ਤੌਰ 'ਤੇ 'ਪੁਰਖ' ਦਾ ਪ੍ਰਤੀਕ ਸੰਸਕ੍ਰਿਤ ਦੇ 'ਪੁਰਸ਼' ਦਾ ਰੂਪਾਂਤਰ ਹੈ, ਜੋ ਸਦਾ ਪੁਲਿੰਗ (ਮਰਦ) ਰੂਪ ਵਿਚ ਵਰਤਿਆ ਜਾਂਦਾ ਹੈ। ਵੇਦਕ ਸਾਹਿਤ ਵਿਚ ਇਸ ਸ਼ਬਦ ਨੂੰ ਜਗਤ ਜਾਂ ਸਮੁੱਚੀ ਵਿਸ਼ਵਮਈ ਹੋਂਦ ਦਾ ਅਰਥ ਵੀ ਦਿੱਤਾ ਗਿਆ ਹੈ। ਸਾਂਖ ਅਤੇ ਯੋਗ ਦੇ ਦਾਰਸ਼ਨਿਕ ਚਿੰਤਨ ਵਿਚ 'ਪੁਰਸ਼' ਦੇ ਪ੍ਰਮੁੱਖ ਤੱਤ-ਮੀਮਾਂਸਿਕ

Sri Satguru Jagjit Singh Ji eLibrary NamdhariElibrary@gmail.com

ਧਾਰਨਾਵਾਂ ਵਿਚੋਂ ਇਕ ਹੈ, ਜੋ ਆਤਮ-ਸੱਤਾ ਜਾਂ ਨਿਰੋਲ ਚੇਤਨਤਾ ਦੇ ਰੂਪ ਵਿਚ 'ਪ੍ਰਕਿਰਤੀ' (ਕੁਦਰਤ) ਨੂੰ ਪ੍ਰਭਾਵਿਤ ਕਰਦਾ ਹੈ। ਪ੍ਰਕਿਰਤੀ ਆਪਣੀ ਬਣਤਰ ਵਿਚ ਪਦਾਰਥਕ ਹੈ, ਜਦ ਕਿ ਪੁਰਸ਼ ਚੇਤਨ ਤੱਤ ਹੈ, ਜਿਸ ਨੂੰ ਸਤ-ਚਿਤ-ਆਨੰਦ ਦੇ ਅੰਤਰਗਤ 'ਚਿਤ' ਦਾ ਸੰਕੇਤ ਦਿੱਤਾ ਗਿਆ ਹੈ। ਇਸ ਦ੍ਰਿਸ਼ਟੀ ਤੋਂ 'ਪੁਰਖ' ਨੂੰ ਅਧਿਆਤਮਿਕਤਾ ਜਾਂ ਆਤਮ-ਤੱਤ ਵਜੋਂ ਸਵੀਕਾਰਿਆ ਜਾ ਸਕਦਾ ਹੈ। 'ਅਕਾਲ' ਨਾਲ ਸੰਯੁਕਤ ਰੂਪ ਵਿਚ ਇਹ ਸਮੁੱਚਾ ਸੰਕੇਤ ਸਦੀਵੀ ਦੈਵੀ ਪੁਰਖ ਦਾ ਭਾਵ ਦੇਂਦਾ ਹੈ। ਸਿੱਖ ਪਰੰਪਰਾ ਤੇ ਸਿੱਖ ਸਾਹਿਤ ਨੇ ਅਕਾਲ ਪੁਰਖ ਦਾ ਪ੍ਰਤੀਕ ਈਸ਼ਵਰ ਦੇ ਅਰਥ ਵਿਚ ਹੀ ਵਰਤਿਆ ਹੈ। ਇਸ ਨੂੰ ਇਕ ਲੋਕ-ਪ੍ਰੀਯ ਸੰਕੇਤ ਵਜੋਂ ਸਥਾਪਿਤ ਕਰਨ ਵਿਚ ਦਸਮ-ਗ੍ਰੰਥ ਬਾਣੀ ਦਾ ਵਿਸ਼ੇਸ਼ ਯੋਗਦਾਨ ਹੈ।

Sri Satguru Jagjit Singh Ji eLibrary NamdhariElibrary@gmail.com

## 10.
# ਸਿੱਖ ਧਰਮ ਦਾ ਨੈਤਿਕ ਫ਼ਲਸਫ਼ਾ

ਹਰ ਧਰਮ ਦੀ ਜੀਵਨ-ਜਾਂਚ ਮਨੁੱਖ ਨੂੰ ਕੁਝ ਗਿਣੇ-ਚੁਣੇ ਆਦਰਸ਼ਾਂ ਦੀ ਸੂਝ ਦੇਂਦੀ ਹੈ, ਜੋ ਸੰਬੰਧਿਤ ਭਾਈਚਾਰੇ ਦੇ ਮੈਂਬਰਾਂ ਲਈ ਉੱਤਮ ਕਦਰਾਂ-ਕੀਮਤਾਂ ਦਾ ਕੰਮ ਕਰਦੇ ਹਨ। ਸਮਕਾਲੀ ਫ਼ਲਸਫ਼ੇ ਵਿਚ ਕੁਝ ਧਾਰਾਵਾਂ ਅਜਿਹੀਆਂ ਹਨ, ਜੋ ਮਨੁੱਖ ਨੂੰ ਕੀਮਤਾਂ ਦੀ ਸੇਧ ਦੇਣ ਵਿਚ ਆਪਣੇ ਸ੍ਰੇਸ਼ਟ ਕਾਰਜ ਦੀ ਪੂਰਤੀ ਸਮਝਦੀਆਂ ਹਨ। ਇਸ ਦ੍ਰਿਸ਼ਟੀ ਤੋਂ ਅਸਤਿੱਤਵਵਾਦ ਧਰਮ-ਭਾਵਨਾ ਦੇ ਬਹੁਤ ਨੇੜੇ ਹੈ; ਇਸ ਨੇ ਫ਼ਲਸਫ਼ੇ ਦੇ ਪਰੰਪਰਾਵਾਦੀ ਤੱਤ-ਮੀਮਾਂਸਿਕ ਪ੍ਰਸ਼ਨਾਂ ਨੂੰ ਪਹਿਲ ਦੇਣ ਦੀ ਬਜਾਏ ਮਨੁੱਖੀ ਕੀਮਤਾਂ ਦਾ ਕੋਈ ਸੁਚੱਜਾ ਸਿਲਸਿਲਾ ਰਚਣ ਨੂੰ ਪਹਿਲ ਦਿੱਤੀ ਹੈ ਅਤੇ ਬੋਧੀ ਚਿੰਤਨ ਵਾਂਗ ਮਨੁੱਖ ਦੇ ਕਲੇਸ਼ ਤੇ ਸੰਤਾਪ ਨੂੰ ਨਿਵਾਰਨ ਦੇ ਉਪਰਾਲੇ ਢੂੰਡੇ ਹਨ। ਮਨੁੱਖੀ ਕਲਿਆਣ ਦੀ ਇਸ ਭਾਵਨਾ ਨਾਲ ਗੁਰਬਾਣੀ ਦੇ ਆਸ਼ਿਆਂ ਦੀ ਡੂੰਘੀ ਸਾਂਝ ਹੈ। ਗੁਰਬਾਣੀ ਨੇ ਮਨੁੱਖ ਨੂੰ ਕੀਮਤਾਂ ਦੀ ਸੇਧ ਦਿੱਤੀ ਹੈ, ਜੋ ਉਸ ਲਈ ਜੀਵਨ ਵਿਚ ਕਮਾਏ ਜਾਣ ਵਾਲੇ ਉੱਦੇਸ਼ ਹੀ ਹਨ। ਇਹ ਠੀਕ ਹੈ ਕਿ ਸਿੱਖ ਫ਼ਲਸਫ਼ਾ ਕੀਮਤਾਂ ਦਾ ਅਜਿਹਾ ਸਿਲਸਿਲਾ ਵੀ ਰਚਦਾ ਹੈ, ਜੋ ਕੇਵਲ ਬ੍ਰਹਮ-ਈਸ਼ਵਰ ਦੇ ਲੱਛਣ ਹੋ ਸਕਦੇ ਹਨ ਅਤੇ ਕਿਸੇ ਜੀਵ ਲਈ ਉਨ੍ਹਾਂ ਦੀ ਪ੍ਰਾਪਤੀ ਸੰਭਵ ਨਹੀਂ ਜਾਪਦੀ, ਜਿਵੇਂ ਕਿ ਸਦੀਵਤਾ, ਅਨੰਤਤਾ, ਸਰਬ-ਵਿਆਪਕਤਾ, ਦੈਵੀ ਮਿਹਰ ਆਦਿਕ, ਪਰ ਮਾਨਵੀ ਪੱਧਰ ਉੱਤੇ ਸਿੱਖ-ਮਤ ਦੀਆਂ ਕੀਮਤਾਂ, ਜੋ ਮਨੁੱਖੀ ਪ੍ਰਾਪਤੀ ਲਈ ਪ੍ਰਸਤੁਤ ਹਨ, ਨੈਤਿਕਤਾ ਦੀ ਦ੍ਰਿਸ਼ਟੀ ਤੋਂ ਅਤਿਅੰਤ ਮਹੱਤਵਪੂਰਨ ਹਨ।

ਸਿੱਖ ਧਰਮ ਵਿਚ ਭਾਰਤ ਦੇ ਪ੍ਰਾਚੀਨ ਮਤਾਂ ਤੇ ਧਰਮਾਂ ਵਾਂਗ ਅਧਿਆਤਮਿਕ ਅਤੇ ਨੈਤਿਕ ਧਾਰਾਵਾਂ ਦਾ ਸੁਮੇਲ ਪ੍ਰਾਪਤ ਹੈ। 'ਭਗਵਦ ਗੀਤਾ' ਦੀ ਨੈਤਿਕਤਾ ਨਿਸ਼ਕਾਮ ਕਰਮ ਦਾ ਪ੍ਰਸਤਾਵ ਪੇਸ਼ ਕਰਦੀ ਹੈ, ਪਰ ਨਾਲ ਹੀ ਮੋਖ ਜਾਂ ਮੁਕਤੀ ਦਾ ਅਧਿਆਤਮਿਕ ਆਦਰਸ਼ ਵੀ ਪ੍ਰਸਤੁਤ ਕਰਦੀ ਹੈ। ਬੁੱਧ-ਮਤ ਦਾ 'ਅਸ਼ਟ ਮਾਰਗ' ਨਿਰੋਲ ਨੈਤਿਕ ਮਰਯਾਦਾ ਹੈ, ਪਰ ਬੋਧੀ ਚਿੰਤਨ ਨਿਰਵਾਣ ਨੂੰ ਅੰਤਿਮ ਉੱਦੇਸ਼ ਮੰਨਦਾ ਹੈ, ਜੋ ਇਕ ਅਧਿਆਤਮਿਕ ਆਦਰਸ਼ ਹੈ। ਸਿੱਖ-ਮਤ ਦੀ ਜੀਵਨ-ਜਾਚ ਇਕ ਵਿਸ਼ੇਸ਼ ਆਤਮਿਕ ਅਨੁਭਵ ਦੀ ਤਿਆਰੀ ਹੈ; ਇਹ ਅਨੁਭਵ ਆਪਣੇ ਆਪ ਵਿਚ ਨੈਤਿਕ ਨਹੀਂ, ਪਰ ਇਸ ਦੀ ਪ੍ਰਾਪਤੀ ਲਈ ਨੈਤਿਕ ਨਿਯਮਾਂ ਦੀ ਪਾਲਣਾ ਆਵੱਸ਼ਕ ਹੈ। ਗੀਤਾ ਦੇ 'ਸਥਿਤਪ੍ਰਗਿਅ'



Sri Satguru Jagjit Singh Ji eLibrary NamdhariElibrary@gmail.com

ਅਤੇ ਬੁੱਧ-ਮਤ ਦੇ 'ਬੋਧੀਸੱਤਵ' ਵਾਂਗ ਸਿੱਖ-ਮਤ 'ਬ੍ਰਹਮ-ਗਿਆਨੀ' ਦਾ ਸੰਕਲਪ ਪੇਸ਼ ਕਰਦਾ ਹੈ, ਜਿਸ ਦੀ ਅਧਿਆਤਮਿਕ ਵਿਸ਼ੇਸ਼ਤਾ ਪ੍ਰਭੂ ਨਾਲ ਅਭੇਦਤਾ ਤੇ ਵਿਸਮਾਦ ਦਾ ਅਨੁਭਵ ਹੈ ਅਤੇ ਨੈਤਿਕ ਵਿਸ਼ੇਸ਼ਤਾ ਪਰਉਪਕਾਰੀ ਤੇ ਸਦਾਚਾਰਕ ਜੀਵਨ ਹੈ।

## ਸਦਾਚਾਰਕ ਨਿਯਮ ਤੇ ਕਰਤੱਵ

ਸਿੱਖ-ਸਦਾਚਾਰ ਦੇ ਨਿਯਮਾਂ ਦਾ ਕੁਝ ਅੰਦਾਜ਼ਾ ਸਿੱਖ-ਸਮਾਜ ਦੀ ਪਰੰਪਰਾ ਵਿਚ ਪ੍ਰਚਲਿਤ ਮੁਹਾਵਰੇ ਤੇ ਅਖੌਤਾਂ ਤੋਂ ਲੱਗ ਸਕਦਾ ਹੈ। ਸਿੱਖ-ਧਰਮ ਦੀ ਅਰਦਾਸ ਵਿਚ 'ਚੜ੍ਹਦੀ ਕਲਾ', 'ਸਰਬੱਤ ਦਾ ਭਲਾ', 'ਮਨ ਨੀਵਾਂ', 'ਮਤ ਉੱਚੀ', 'ਦੇਗ਼ ਤੇਗ਼ ਫ਼ਤਹ' ਆਦਿ ਵਾਕੰਸ਼ ਇਸ ਮਤ ਦੀ ਭਾਈਚਾਰਕ ਤੇ ਨੈਤਿਕ ਭਾਵਨਾ ਨੂੰ ਉਜਾਗਰ ਕਰਦੇ ਹਨ। ਇਸੇ ਤਰ੍ਹਾਂ 'ਨਾਮ ਜਪੋ', 'ਕਿਰਤ ਕਰੋ', 'ਵੰਡ ਕੇ ਛਕੋ', 'ਸੰਗਤ ਤੇ ਪੰਗਤ', 'ਦਸਵੰਧ' ਆਦਿ ਦੇ ਆਦੇਸ਼ ਸਿੱਖ ਭਾਈਚਾਰੇ ਦੀ ਆਰਥਿਕ ਤੇ ਆਤਮਿਕ ਉੱਨਤੀ ਦੀ ਭਾਵਨਾ ਦੇ ਪ੍ਰਤੀਕ ਹਨ। ਬੋਲੀ ਤੇ ਮੁਹਾਵਰੇ ਦੀ ਇਹ ਵਰਤੋਂ ਸਿੱਖ-ਸਭਿਆਚਾਰ ਦੀ ਬਹੁਤ-ਪੱਖੀ ਸੇਧ ਦਾ ਅਨੁਮਾਨ ਅਵੱਸ਼ ਦੇਂਦੀ ਹੈ, ਪਰ ਸਿੱਖ-ਨੈਤਿਕਤਾ ਦੇ ਡੂੰਘੇਰੇ ਅਧਿਐਨ ਲਈ ਗੁਰੂ-ਬਾਣੀ ਅਤੇ ਭਗਤ-ਬਾਣੀ ਦੇ ਦ੍ਰਿਸ਼ਟੀਕੋਣਾਂ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ, ਜੋ ਸਿੱਖ ਦੇ ਕਰਤੱਵ ਕੀਮਤਾਂ ਅਤੇ ਨੈਤਿਕ ਗੁਣ ਨਿਰਧਾਰਿਤ ਕਰਦੇ ਹਨ।

ਗੁਰਬਾਣੀ ਮੂਲ ਰੂਪ ਵਿਚ ਗੁਰੂ ਸਾਹਿਬਾਨ ਦੇ ਅਧਿਆਤਮਵਾਦ ਦਾ ਕਾਵਿਕ ਪ੍ਰਗਟਾਵਾ ਹੈ, ਜਿਸ ਦਾ ਮਨੋਰਥ ਮਨੁੱਖ ਦਾ ਆਤਮਿਕ ਕਲਿਆਣ ਹੈ। ਇਸ ਦਾ ਦੂਸਰਾ ਪੱਖ ਕਰਤੱਵਾਂ ਦੀ ਪਾਲਣਾ ਹੈ, ਜੋ ਮਨੁੱਖ ਨੂੰ ਸੁਚੱਜੀ ਜੀਵਨ-ਸ਼ੈਲੀ ਵਿਕਸਿਤ ਕਰਨ ਵਿਚ ਸਹਾਈ ਹੈ। ਬਾਣੀ ਵਿਚ ਵਿਅਕਤੀ ਦੇ ਜੋ ਕਰਤੱਵ ਸੁਝਾਏ ਗਏ ਹਨ, ਉਨ੍ਹਾਂ ਨੂੰ ਹੇਠ ਲਿਖੇ ਅਧਿਆਤਮਿਕ, ਸਭਿਆਚਾਰਕ ਅਤੇ ਸਦਾਚਾਰਕ, ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

**(ੳ) ਅਧਿਆਤਮਿਕ ਕਰਤੱਵ :** ਇਸ ਕਰਤੱਵ ਅਧੀਨ ਨਾਮ-ਬਾਣੀ ਦਾ ਅਭਿਆਸ, 'ਹੁਕਮ' ਦੀ ਪਛਾਣ, ਆਤਮ-ਚੀਨਣ ਅਤੇ ਪ੍ਰਭੂ-ਭਗਤੀ ਆਉਂਦੇ ਹਨ। ਇਸ ਦਾ ਉੱਦੇਸ਼ 'ਗੁਰਮੁਖ' ਜਾਂ 'ਬ੍ਰਹਮ-ਗਿਆਨੀ' ਦੀ ਅਵਸਥਾ ਨੂੰ ਪ੍ਰਾਪਤ ਹੋਣਾ ਹੈ, ਜਿਸ ਲਈ ਜੀਵਨ-ਮੁਕਤੀ, ਨਿਰਬਾਣ-ਪਦ ਆਦਿ ਸੰਕੇਤ ਵਰਤੇ ਗਏ ਹਨ। ਮੋਹ-ਮਾਇਆ ਦੇ ਦੁਨਿਆਵੀ ਬੰਧਨਾਂ ਤੋਂ ਨਿਰਲੇਪਤਾ ਅਧਿਆਤਮਿਕ ਕਰਤੱਵ ਵਾਲੇ ਵਿਅਕਤੀ ਦੀ ਨਿਸ਼ਾਨੀ ਹੈ; 'ਕਮਲ' ਇਸ ਅਵਸਥਾ ਦਾ ਪਰੰਪਰਾਗਤ ਪ੍ਰਤੀਕ ਹੈ। ਪ੍ਰਭੂ ਦੀ ਮਿਹਰ ਦਾ ਪਾਤਰ ਬਣਨਾ ਭਗਤ ਦਾ ਅਧਿਆਤਮਿਕ ਕਰਤੱਵ ਮੰਨਿਆ ਗਿਆ ਹੈ।

**(ਅ) ਸਭਿਆਚਾਰਕ ਕਰਤੱਵ :** ਸਿੱਖ ਭਾਈਚਾਰੇ ਦੀ ਰਹੁ-ਰੀਤ, ਮਰਯਾਦਾ ਅਤੇ ਜੀਵਨ-ਨਿਰਬਾਹ ਇਸ ਕਰਤੱਵ ਅਧੀਨ ਆਉਂਦੇ ਹਨ। ਗੁਰਮਤਿ ਅਨੁਸਾਰ ਵਿਆਹ ਆਦਿ ਦੇ ਕਾਰਜ, ਅਰਦਾਸ ਅਤੇ ਗ੍ਰਿਹਸਥੀ ਜੀਵਨ, ਜੱਥੇਬੰਦੀ ਨੇਮਾਂ ਦੀ

Sri Satguru Jagjit Singh Ji eLibrary NamdhariElibrary@gmail.com

ਪਾਲਣਾ ਹਿਤ ਰਹਿਤ-ਮਰਯਾਦਾ ਦੀ ਪਾਬੰਦੀ ਅਤੇ ਕੁਰਹਿਤਾਂ (ਮਨਾਹੀਆਂ) ਤੋਂ ਪਰਹੇਜ਼; ਈਮਾਨਦਾਰੀ ਦੀ ਕਿਰਤ-ਕਮਾਈ ਵਿਚ ਸੰਤੋਖ ਅਤੇ ਜਨਤਕ ਕਾਰਜਾਂ ਹਿਤ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਦੇਣ ਦੀ ਪ੍ਰਥਾ ਦਾ ਪਾਲਣ ਸਭਿਆਚਾਰਕ ਕਰਤੱਵਾਂ ਵਿਚ ਸ਼ਾਮਿਲ ਹਨ।

**(ੲ) ਸਦਾਚਾਰਕ ਕਰਤੱਵ :** ਨੈਤਿਕਤਾ ਦੇ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਹਰ ਕਿਸਮ ਦੇ 'ਕਰਤੱਵ' ਦੀ ਪਾਲਣਾ ਸਦਾਚਾਰਕ ਕਰਮ ਹੈ, ਚਾਹੇ ਇਹ ਅਧਿਆਤਮਿਕ ਕਰਤੱਵ ਹੋਵੇ ਜਾਂ ਸਮਾਜਕ ਤੇ ਸਭਿਆਚਾਰਕ, ਪਰ ਵਿਅਕਤੀ ਦੇ ਕਈ ਕਰਤੱਵ ਨਿਰੋਲ ਸਦਾਚਾਰਕ ਵਰਗ ਵਿਚ ਆਉਂਦੇ ਹਨ, ਜਿਹਾ ਕਿ ਸਦਗੁਣਾਂ ਦਾ ਵਿਕਾਸ, ਕੀਮਤਾਂ ਦੀ ਕਮਾਈ, ਬਦੀ ਤੋਂ ਪਰਹੇਜ਼। ਸਿੱਖ-ਮਤ ਅਨੁਸਾਰ ਨੇਕੀ ਦਾ ਜੀਵਨ ਵਿਅਕਤੀਗਤ ਤੇ ਸਮੂਹਕ ਸਦਗੁਣਾਂ ਦੇ ਅਭਿਆਸ ਦਾ ਜੀਵਨ ਹੈ, ਜੋ ਨਾ ਕੇਵਲ ਅਧਿਆਤਮਿਕ ਆਦਰਸ਼ ਦੀ ਪ੍ਰਾਪਤੀ ਦਾ ਸਾਧਨ ਬਣਦਾ ਹੈ, ਸਗੋਂ ਭਾਈਚਾਰਕ ਜੀਵਨ ਪੱਧਰ ਨੂੰ ਉਚੇਰਾ ਕਰਦਾ ਅਤੇ ਇਸ ਵਿਚ ਇਕਸੁਰਤਾ ਲਿਆਉਂਦਾ ਹੈ। ਗੁਰਬਾਣੀ ਵਿਚ ਪ੍ਰਾਪਤ ਸੰਕੇਤਾਂ ਅਨੁਸਾਰ ਆਦਰਸ਼ ਵਿਅਕਤੀ ਦੇ ਸਦਗੁਣਾਂ ਦਾ ਸੰਖੇਪ ਸਾਰ ਇਸ ਪ੍ਰਕਾਰ ਹੈ :

"ਸਤੁ ਸੰਤੋਖ, ਗਿਆਨ" ਸਿੱਖ-ਸਦਾਚਾਰ ਦੇ ਪ੍ਰਮੁੱਖ ਨੈਤਿਕ ਗੁਣ ਹਨ। ਇਨ੍ਹਾਂ ਵਿਚੋਂ 'ਸਤੁ' ਉਸ ਅਭਿਆਸ ਵੱਲ ਸੰਕੇਤ ਹੈ, ਜੋ ਸੱਚ ਦੇ ਆਦਰਸ਼ ਨੂੰ ਵਿਹਾਰਕ ਜੀਵਨ ਵਿਚ 'ਸੱਚ-ਆਚਾਰ' ਦੇ ਰੂਪ ਵਿਚ ਗ੍ਰਹਿਣ ਕਰਾਉਂਦਾ ਹੈ। 'ਸਤੁ' ਨੂੰ ਅਕਸਰ 'ਜਤੁ' ਨਾਲ ਜੋੜ ਕੇ 'ਜਤੁ ਸਤੁ' ਦਾ ਰੂਪ ਦਿੱਤਾ ਜਾਂਦਾ ਹੈ, ਜਿਸ ਤੋਂ ਭਾਵ ਹੈ ਇਕ ਪਾਸੇ ਸਵੈ-ਕਾਬੂ ਜਾਂ ਮਨੋਵੇਗਾਂ ਉਪਰ ਵਸੀਕਾਰ ਅਤੇ ਦੂਸਰੇ ਪਾਸੇ ਸੁੱਚਮ ਜਾਂ ਪਵਿਤ੍ਰਤਾ ਦਾ ਜੀਵਨ। ਇਸ ਗੁਣ ਦਾ ਪ੍ਰਗਟਾਵਾ ਵਿਅਕਤੀ ਦੇ ਨਿਆਂ-ਪੂਰਨ ਵਿਵਹਾਰ, ਵਿਆਹੁਤਾ ਜੀਵਨ ਦੀ ਵਫ਼ਾ ਅਤੇ ਹੱਕ-ਹਲਾਲ ਦੀ ਕਮਾਈ ਰਾਹੀਂ ਹੁੰਦਾ ਹੈ। 'ਸੰਤੋਖ' ਦਾ ਗੁਣ ਨਿਜੀ ਸਦਾਚਾਰ ਦੀ ਉੱਤਮਤਾ ਲਈ ਆਵੱਸ਼ਕ ਹੈ। ਇਹ ਵਿਅਕਤੀ ਦੀਆਂ ਲਾਲਸਾਵਾਂ, ਕਾਮਨਾਵਾਂ ਤੇ ਲੋਭ-ਲਾਲਚ ਨੂੰ ਬੇਮੇਚ ਤੇ ਬੇਮੁਹਾਰ ਹੋਣ ਤੋਂ ਰੋਕਦਾ ਹੈ ਅਤੇ ਉਸ ਨੂੰ ਸੰਜਮ ਵਿਚ ਰਹਿਣ ਦੀ ਪ੍ਰੇਰਨਾ ਦੇਂਦਾ ਹੈ। 'ਸੰਤੋਖੀ ਜਿਊੜੇ' ਹੀ ਸੇਵਾ ਤੇ ਉਪਕਾਰ ਦੇ ਸਮਰੱਥ ਹਨ। 'ਗਿਆਨ' ਜਾਂ ਵਿਚਾਰਸ਼ੀਲਤਾ ਬੌਧਿਕ ਗੁਣ ਹੈ, ਜੋ ਗੁਰੂ ਸਾਹਿਬਾਨ ਨੇ ਪ੍ਰਮੁੱਖ ਸਦਗੁਣਾਂ ਵਿਚ ਗਿਣਿਆ ਹੈ। ਸਦਗੁਣਾਂ ਦੀ ਕੋਈ ਵੀ ਸੂਚੀ ਸੂਝ-ਸਿਆਣਪ ਜਾਂ ਦਾਨਾਈ ਦੇ ਵਿਵੇਕਸ਼ੀਲ ਗੁਣ ਤੋਂ ਬਿਨਾ ਮੁਕੰਮਲ ਨਹੀਂ, ਕਿਉਂਕਿ ਮਨ ਦੇ ਵਿਕਾਰਾਂ ਤੇ ਵੇਗਾਂ ਉਪਰ 'ਉੱਚੀ ਮਤ' ਦਾ ਸੁਲਝਿਆ ਹੋਇਆ ਸੰਜਮ ਹੀ ਵਿਅਕਤੀ ਨੂੰ ਸਦਾਚਾਰ ਦੇ ਮਾਰਗ ਉੱਤੇ ਅਡੋਲ ਰੱਖ ਸਕਦਾ ਹੈ।

ਗੁਰੂ ਨਾਨਕ ਬਾਣੀ ਵਿਚ 'ਮਿੱਠਤ' ਤੇ ਹਲੀਮੀ ਨੂੰ ਗੁਣਾਂ-ਚੰਗਿਆਈਆਂ ਦਾ ਤੱਤ ਕਿਹਾ ਗਿਆ ਹੈ। ਇਹ ਨਿਮਰਤਾ ਤੇ ਗ਼ਰੀਬੀ-ਭਾਵ ਦਾ ਗੁਣ ਹੈ, ਜੋ ਅਭਿਮਾਨ

Sri Satguru Jagjit Singh Ji eLibrary NamdhariElibrary@gmail.com

ਦਾ ਵਿਰੋਧੀ ਹੈ। ਹਲੀਮੀ ਦੇ ਗੁਣ ਵਾਲਾ ਵਿਅਕਤੀ ਗੁਣਵਾਨ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਨਿਰਗੁਣਿਆਰ ਸਮਝਦਾ ਹੈ। 'ਉੱਦਮ' ਇਕ ਹੋਰ ਸਦਗੁਣ ਹੈ, ਜਿਸ ਨੂੰ ਗੁਰਬਾਣੀ ਵਿਚ ਸਲਾਹਿਆ ਗਿਆ ਹੈ। ਸਦਾਚਾਰਕ ਜੀਵਨ ਦਾ ਧੁਰਾ ਇੱਛਿਤ ਕਰਮ ਹੈ, ਨਾ ਕਿ ਨਿਰੋਲ ਵਿਚਾਰ ਅਤੇ ਮੰਤਵ। ਨੇਕ ਕਰਮ ਲਈ ਉੱਦਮ ਜ਼ਰੂਰੀ ਆਧਾਰ ਹੈ; ਉੱਦਮ ਦੁਆਰਾ ਹੀ ਹਉਮੈ ਤੇ ਪਖੰਡ, ਅਗਿਆਨ ਤੇ ਕਪਟ, ਨਿੰਦਾ ਤੇ ਪਰਾਏ ਹੱਕ ਦੀਆਂ ਬੁਰਾਈਆਂ ਤੋਂ ਬਚਣ ਦੀ ਸੰਭਾਵਨਾ ਪੈਦਾ ਹੁੰਦੀ ਹੈ। 'ਸੇਵਾ' ਤੇ 'ਉਪਕਾਰ' ਦੇ ਗੁਣ ਵੀ ਉੱਦਮ ਉੱਤੇ ਆਧਾਰਿਤ ਹਨ। ਸੇਵਾ ਨੂੰ ਗੁਰਮਤਿ ਵਿਚ ਆਦਰਯੋਗ ਸਥਾਨ ਮਿਲਿਆ ਹੈ; ਇਹ ਵਿਅਕਤੀ ਨੂੰ ਆਪਣੇ ਆਪੇ ਤੋਂ ਉਪਰ ਉੱਠਣ ਅਤੇ ਲੋਕਾਈ ਦੇ ਹਿੱਤਾਂ ਦਾ ਖ਼ਿਆਲ ਬਣਨ ਦੀ ਸਮਰੱਥਾ ਬਖਸ਼ਦੀ ਹੈ। ਕਰਮ ਖੰਡ ਦੀ ਅਵਸਥਾ ਦੇ ਸਦਾਚਾਰਕ ਬਲ ਨੂੰ ਨਾਨਕ-ਬਾਣੀ "ਜੋਧਾ, ਮਹਾਂਬਲੀ, ਸੂਰਮਾ ਦਾ ਪ੍ਰਤੀਕ ਦਿੱਤਾ ਗਿਆ ਹੈ, ਜਿਸ ਤੋਂ ਸੂਰਬੀਰਤਾ ਦਾ ਸਦਗੁਣ ਨਿਰਣੇ ਹੁੰਦਾ ਹੈ। ਧਰਮ ਦੀ ਪਾਲਣਾ ਅਤੇ ਬਦੀ ਦੇ ਟਾਕਰੇ ਲਈ ਦਲੇਰੀ ਤੇ ਨਿਰਭੈਤਾ ਲਗਭਗ ਹਰੇਕ ਸਦਗੁਣ-ਸੂਚੀ ਵਿਚ ਸ਼ਾਮਿਲ ਹਨ। ਸਿੱਖ-ਸਦਾਚਾਰ 'ਸੰਤ' ਵਿਅਕਤੀ ਦੇ ਸਤੁ-ਸੰਤੋਖ-ਗਿਆਨ, ਨਿਮਰਤਾ, ਦਇਆ ਤੇ ਤਿਆਗ਼ ਨੂੰ ਸਿਪਾਹੀ ਦੀ ਨਿਡਰਤਾ, ਕੁਰਬਾਨੀ ਤੇ ਸੂਰਬੀਰਤਾ ਨਾਲ ਜੋੜ ਕੇ ਸੰਤ-ਸਿਪਾਹੀ ਦਾ ਆਦਰਸ਼ ਕਾਇਮ ਕਰਦਾ ਹੈ। ਪ੍ਰਮੁੱਖ ਸਦਗੁਣਾਂ ਦੀ ਸੂਚੀ ਵਿਚ ਸਿੱਖ ਨੈਤਿਕਤਾ 'ਰਸਿਕਤਾ' ਦੇ ਗੁਣ ਨੂੰ ਵੀ ਸ਼ਾਮਿਲ ਕਰਦੀ ਹੈ, ਜੋ ਸੰਗੀਤ ਅਤੇ ਨਾਮ ਰਸ ਵਿਚ ਲੀਨਤਾ ਦੀ ਲਖਾਇਕ ਹੈ।

ਨੈਤਿਕ ਗੁਣ ਦੇ ਵਿਕਾਸ ਦਾ ਦੂਸਰਾ ਪੱਖ ਔਗੁਣ ਜਾਂ ਬੁਰਾਈ ਉੱਤੇ ਬੰਧੇਜ ਹੈ। ਸਿੱਖ ਧਰਮ ਦੀ ਨੈਤਿਕਤਾ 'ਹਉਮੈ' ਨੂੰ ਬੁਰਾਈਆਂ ਦਾ ਮੂਲ ਮੰਨਦੀ ਹੈ। ਗੁਰਬਾਣੀ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਬਾਰੰਬਾਰ ਪੰਜ ਵਿਕਾਰ, ਪੰਜ ਚੋਰ ਆਦਿ ਕਿਹਾ ਹੈ ਅਤੇ ਇਨ੍ਹਾਂ ਨੂੰ ਰਾਸ ਕਰਨ ਉੱਤੇ ਅਤਿਅੰਤ ਬਲ ਦਿੱਤਾ ਗਿਆ ਹੈ। ਇਹ ਪੰਜੇ ਵਿਕਾਰ ਹਉਮੈ-ਭਾਵ ਦੀ ਉਪਜ ਹਨ। ਮਨੁੱਖ ਨੂੰ ਹਉਮੈ ਦੇ ਦੀਰਘ ਰੋਗ ਦੀ ਜਾਂਚ-ਪੜਤਾਲ ਕਰ ਕੇ ਇਸ ਦਾ ਇਲਾਜ ਲੱਭਣ ਦੀ ਪ੍ਰੇਰਨਾ ਕੀਤੀ ਗਈ ਹੈ। ਨਾਨਕ ਬਾਣੀ ਨੇ ਜੋ ਇਲਾਜ ਸੁਝਾਇਆ ਹੈ, ਉਹ 'ਹੁਕਮ' ਦੀ ਪਛਾਣ ਹੈ : "ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ।" ਪਖੰਡ ਇਕ ਹੋਰ ਬੁਰਾਈ ਹੈ, ਜਿਸ ਸੰਬੰਧੀ ਗੁਰੂ ਨਾਨਕ ਦੀ ਦੋ-ਤਰਫ਼ੀ ਤਾੜਨਾ ਹੈ : "ਛੋਡੀਲੇ ਪਾਖੰਡਾ !" ਇਸੇ ਤਰ੍ਹਾਂ ਨਿੰਦਾ, ਕਠੋਰਤਾ, ਪਰਾਇਆ ਹੱਕ ਤੇ ਵਹਿਮਾਂ-ਭਰਮਾਂ ਨੂੰ ਤਿਆਗਣ ਦੇ ਆਦੇਸ਼ ਪ੍ਰਾਪਤ ਹਨ।

**ਅੰਤ੍ਰੀਵੀ ਕੀਮਤਾਂ :** ਸਿੱਖ-ਮਤ ਅਨੁਸਾਰ, ਨੇਕੀ ਦਾ ਜੀਵਨ ਨਿਸ਼ਕਾਮ ਕਰਮ ਅਤੇ ਪਰਉਪਕਾਰ ਦਾ ਜੀਵਨ ਹੈ। ਕਿਸੇ ਫਲ, ਰਾਜ-ਪਾਟ ਜਾਂ ਮੁਕਤੀ ਦੀ ਲੋਚਾ ਤੋਂ ਸੁਤੰਤਰ, ਆਪਣਾ ਕਰਤੱਵ ਪਾਲਣ ਦੀ ਤਤਪਰਤਾ ਆਦਰਸ਼-ਵਿਅਕਤੀ ਦਾ ਲੱਛਣ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਗੁਰਬਾਣੀ ਦਾ ਫ਼ਲਸਫ਼ਾ ਮਨੁੱਖੀ ਜੀਵਨ ਦੇ

Sri Satguru Jagjit Singh Ji eLibrary NamdhariElibrary@gmail.com

ਉੱਦੇਸ਼ਾਂ ਜਾਂ ਕੀਮਤਾਂ ਨੂੰ ਮਹਾਨਤਾ ਨਹੀਂ ਦੇਂਦਾ। ਗੁਰਬਾਣੀ ਵਿਚ ਘੱਟ ਤੋਂ ਘੱਟ ਪੰਜ ਅੰਤ੍ਰੀਵੀ ਕੀਮਤਾਂ ਦਾ ਉਲੇਖ ਹੈ, ਜੋ ਸੰਖੇਪ ਵਿਚ ਇਹ ਹਨ :

**(ੳ) ਇਕਸੁਰਤਾ (ਅਭੇਦਤਾ) :** ਇਹ ਰਹੱਸਮਈ ਅਨੁਭਵ ਦੀ ਸਿਖਰਲੀ ਕੀਮਤ ਹੈ, ਜੋ ਵਿਅਕਤੀ ਅਤੇ ਬ੍ਰਹਮ ਦਾ ਭੇਦ ਮਿਟਾ ਦੇਂਦੀ ਹੈ। ਭਗਤ ਅਤੇ ਉਸ ਦਾ ਪ੍ਰਭੂ ਇਸ ਅਵਸਥਾ ਵਿਚ ਇਕਸੁਰ ਹੋ ਜਾਂਦੇ ਹਨ। ਸਿੱਖ-ਮਤ ਵਿਚ ਇਹ ਉੱਚਤਮ ਅਧਿਆਤਮਿਕ ਆਦਰਸ਼ ਹੈ, ਜੋ ਜੀਵਨ-ਮੁਕਤ, ਗੁਰਮੁਖ ਵਿਅਕਤੀਆਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਵਿਚ ਹਉਮੈ ਦੀ ਲੇਸ ਬਾਕੀ ਨਹੀਂ ਰਹਿੰਦੀ। ਜਪੁਜੀ ਵਿਚ 'ਸੱਚ' ਨੂੰ ਸਰਬੋਤਮ ਦਰਜਾ ਦਿੱਤਾ ਗਿਆ ਹੈ, ਅਤੇ ਉੱਚਤਮ ਅਵਸਥਾ ਨੂੰ ਸੱਚ-ਖੰਡ ਆਖਿਆ ਗਿਆ ਹੈ। ਬ੍ਰਹਮ ਨਾਲ ਅਭੇਦਤਾ ਪਰਮ ਸੱਚ ਨਾਲ ਇਕਸੁਰ ਹੋਣਾ ਹੈ। ਇਸ ਅਵਸਥਾ ਨੂੰ ਗੁਰਬਾਣੀ ਵਿਚ 'ਨਾਦ' ਦਾ ਪ੍ਰਤੀਕ ਦਿੱਤਾ ਗਿਆ ਹੈ।

**(ਅ) ਬ੍ਰਹਮ-ਗਿਆਨ :** ਬ੍ਰਹਮ ਨਾਲ ਇਕਸੁਰਤਾ ਦਾ ਦੂਸਰਾ ਰੂਪ ਬ੍ਰਹਮ ਦੀ ਅਨੰਤਤਾ ਤੇ ਸਦੀਵਤਾ, ਵਿਆਪਕਤਾ ਤੇ ਅਗੋਚਰਤਾ, ਏਕਤਾ ਤੇ ਸਿਰਜਨਾਤਮਕ ਸ਼ਕਤੀ ਦਾ ਅੰਤਰਬੋਧੀ ਗਿਆਨ ਹੈ, ਜੋ ਸਿੱਖ-ਮਤ ਦੇ ਚਿੰਤਨ ਅਨੁਸਾਰ ਪੂਰਨ ਗੁਰੂ ਦੀ ਸਿਖਿਆ ਉੱਤੇ ਅਮਲ ਦੁਆਰਾ ਸੰਭਵ ਹੁੰਦਾ ਹੈ। ਬ੍ਰਹਮ ਨੂੰ ਜੇਕਰ ਪਰਮ ਸੱਚ ਦੇ ਅਰਥਾਂ ਵਿਚ ਲਈਏ, ਤਾਂ ਬ੍ਰਹਮ-ਗਿਆਨ ਸੰਪੂਰਨ ਤੇ ਅਗੋਚਰ ਸਚਾਈ ਦੀ ਆਤਮਿਕ ਸੋਝੀ ਹੈ। ਜੇਕਰ ਬ੍ਰਹਮ ਨੂੰ ਬ੍ਰਹਿਮੰਡ ਵਿਚ ਵਿਆਪਕ ਸ਼ਕਤੀ ਮੰਨੀਏ, ਤਾਂ ਬ੍ਰਹਮ-ਗਿਆਨ ਦਾ ਅਰਥ ਵਿਸ਼ਵ-ਚੇਤਨਾ ਹੋ ਜਾਂਦਾ ਹੈ, ਜੋ ਬੌਧਿਕਤਾ ਦੀ ਸਿਖਰਲੀ ਮੰਜ਼ਿਲ ਹੈ। ਗੁਰਬਾਣੀ ਵਿਚ ਬ੍ਰਹਮ-ਗਿਆਨ ਨੂੰ 'ਵੇਦ' ਦਾ ਪ੍ਰਤੀਕ ਵੀ ਦਿੱਤਾ ਗਿਆ ਹੈ।

**(ੲ) ਅਨੰਦ :** ਗੁਰਬਾਣੀ ਵਿਚ 'ਸਹਿਜ' ਅਵਸਥਾ ਨੂੰ ਅਨੰਦ ਪ੍ਰਾਪਤੀ ਦੀ ਅਵਸਥਾ ਮੰਨਿਆ ਗਿਆ ਹੈ, ਜੋ ਮਨੁੱਖ ਦੇ ਭਾਵੁਕ ਪੱਖ ਦੀ ਉੱਚਤਮ ਕੀਮਤ ਹੈ। ਪ੍ਰਾਚੀਨ ਭਾਰਤੀ ਫ਼ਲਸਫ਼ਾ ਮੋਖ ਦੀ ਅਵਸਥਾ ਨੂੰ ਪੂਰਨ ਅਨੰਦ ਦੀ ਅਵਸਥਾ ਮੰਨਦਾ ਸੀ। "ਸਤ-ਚਿਤ-ਆਨੰਦ" ਬ੍ਰਹਮ ਦਾ ਹੀ ਸਰੂਪ ਹੈ। ਬੁੱਧ-ਮਤ ਵਿਚ ਨਿਰਵਾਣ ਨੂੰ ਦੁਖ-ਸੰਤਾਪ ਤੋਂ ਨਵਿਰਤੀ ਦੀ ਦਸ਼ਾ ਮੰਨਿਆ ਗਿਆ ਹੈ। ਸਿੱਖ-ਮਤ ਇਸ ਨੂੰ ਸੁਹਜਾਤਮਕ ਅਨੁਭਵ ਦੀ ਸੰਤੁਲਿਤ ਅਵਸਥਾ ਦਾ ਅਰਥ ਦੇਂਦਾ ਹੈ, ਜਿਥੇ ਕੁਦਰਤ ਦੀ ਅਨੂਪ ਘਾੜਤ, ਇਸ ਦੀ ਸੁੰਦਰਤਾ ਤੇ ਵਿਡਾਣ ਵਿਸਮਾਦ ਉਪਜਾਂਦੇ ਹਨ, ਅਤੇ ਬ੍ਰਹਮ ਨਾਲ ਸਾਂਝ ਸਹਿਜ-ਤੇ-ਅਨੰਦ ਦੀ ਅਵਸਥਾ ਉਤਪੰਨ ਕਰਦੀ ਹੈ।

**(ਸ) ਪ੍ਰੇਮ (ਭਗਤੀ) :** ਸਿੱਖ-ਮਤ ਦੇ ਨਾਮ-ਮਾਰਗ ਵਿਚ ਭਗਤੀ ਨੂੰ ਅਧਿਆਤਮਿਕ ਪ੍ਰਾਪਤੀ ਦਾ ਵਿਸ਼ੇਸ਼ ਸਾਧਨ ਮੰਨਿਆ ਗਿਆ ਹੈ। ਭਗਤੀ ਪ੍ਰਭੂ-ਪ੍ਰੇਮ ਦਾ ਹੀ ਨਾਮ ਹੈ। ਪਰ ਭਗਤ ਲਈ ਇਹ ਕੇਵਲ ਸਾਧਨ ਨਹੀਂ, ਉਹ ਪ੍ਰਭੂ ਨੂੰ ਪ੍ਰੇਮ-ਸਰੂਪ ਚਿਤਵਦਾ ਹੈ; ਪ੍ਰੇਮ ਹੀ ਪ੍ਰਭੂ ਹੈ। ਪ੍ਰੇਮ ਸਮੁੱਚੀ ਮਨੁੱਖਤਾ ਨਾਲ ਭਾਵੁਕ ਸਾਂਝ ਦੀ ਮਾਨਵਵਾਦੀ ਕੀਮਤ ਹੈ। ਇਸ ਦਾ ਪ੍ਰਗਟਾਵਾ ਵਿਅਕਤੀ ਦੀ ਸੁਹਿਰਦਤਾ ਤੇ ਕੁਰਬਾਨੀ-ਭਾਵ, ਮਿਲਵਰਤਣ

Sri Satguru Jagjit Singh Ji eLibrary NamdhariElibrary@gmail.com

ਤੇ ਉਪਕਾਰ ਦੁਆਰਾ ਹੁੰਦਾ ਹੈ।

(ਹ) ਪ੍ਰਕਾਸ਼ : ਸਿੱਖ ਨੈਤਿਕਤਾ ਪ੍ਰੇਮ ਤੇ ਭਗਤੀ ਦੇ ਨਾਲ-ਨਾਲ ਬੁੱਧੀ ਦੇ ਪ੍ਰਕਾਸ਼ ਅਤੇ ਸੁਰਤੀ-ਮਾਰਗ ਨੂੰ ਆਦਰਯੋਗ ਸਥਾਨ ਦੇਂਦੀ ਹੈ। ਪ੍ਰਭੂ ਜੇਕਰ ਪ੍ਰੇਮ ਦਾ ਪਾਤਰ ਹੈ, ਤਾਂ ਉਸ ਦਾ ਬ੍ਰਹਮ-ਰੂਪ ਬੁੱਧੀ ਤੇ ਖੋਜ ਦਾ ਵਿਸ਼ਾ ਹੈ। ਵਿਦਿਆ ਦਾ ਚਾਨਣ ਪਰਉਪਕਾਰ ਲਈ ਵੀ ਆਵੱਸ਼ਕ ਹੈ। ਕੁਦਰਤ ਦੀ ਵਿਸ਼ਾਲਤਾ ਤੇ ਅਨੇਕਤਾ, ਅਤੇ ਇਸ ਵਿਚ ਵਰਤ ਰਹੇ ਨਿਯਮਾਂ ਦੀ ਸੋਝੀ ਅਰਥ-ਭਰਪੂਰ ਜੀਵਨ ਦੀ ਸੂਚਕ ਹੈ। ਗਿਆਨ ਦੇ ਪ੍ਰਕਾਸ਼ ਰਾਹੀਂ ਨਵੇਂ ਸਿਰਿਓਂ ਘੜੀ ਗਈ ਸੁੱਧ-ਬੁੱਧ ਅਨੰਦ-ਪ੍ਰਾਪਤੀ ਦੀ ਮੰਜ਼ਿਲ ਹੈ।

ਸਿੱਖ ਧਰਮ ਦੀ ਨੈਤਿਕਤਾ ਵਿਚ ਸਮੁੱਚੀ ਅਧਿਆਤਮਿਕ ਸਿਖਿਆ ਅਤੇ ਕੀਮਤਾਂ ਦੀ ਵਿਚਾਰ ਮਨੁੱਖ ਦੇ ਕਲਿਆਣ ਹਿਤ ਹੈ। ਵਿਅਕਤੀਗਤ ਰੂਪ ਵਿਚ, ਮਨੁੱਖ ਦਾ ਸਦਾਚਾਰਕ ਵਿਕਾਸ 'ਸਚਿਆਰ' ਦੇ ਆਦਰਸ਼ ਵੱਲ ਪ੍ਰਗਤੀ ਹੈ, ਇਹ ਉਸ ਦੇ ਵਿਸ਼ਵਾਸ-ਪ੍ਰਬੰਧ ਅਤੇ ਆਚਰਣ ਵਿਚ ਸੱਚ ਦੀਆਂ ਅੰਤ੍ਰੀਵੀ ਕੀਮਤਾਂ ਦੀ ਕਮਾਈ ਹੈ। ਸਮਾਜਕ ਪੱਖ ਤੋਂ, ਇਹ ਨੈਤਿਕਤਾ ਮਾਨਸ ਦੀ ਇਕ ਜਾਤ ਅਤੇ ਸਾਂਝੀਵਾਲ ਮਨੁੱਖੀ ਭਾਈਚਾਰੇ ਦਾ ਸੁਨੇਹਾ ਦੇਂਦੀ ਹੈ। "ਸਰਬੱਤ ਦੇ ਭਲੇ" ਦਾ ਸਮਾਜਕ ਆਦਰਸ਼ ਸਿੱਖ-ਮਤ ਦੀ ਮਾਨਵਵਾਦੀ ਭਾਵਨਾ ਦਾ ਪ੍ਰਤੀਕ ਹੈ। ਸਮੁੱਚੇ ਰੂਪ ਵਿਚ ਸਿੱਖ-ਨੈਤਿਕਤਾ ਬੇਸ਼ੱਕ ਈਸ਼ਵਰਵਾਦ ਉੱਤੇ ਆਧਾਰਿਤ ਹੈ, ਅਤੇ ਵਿਸ਼ੇਸ਼ ਆਤਮਿਕ ਅਨੁਭਵ ਦਾ ਸਾਧਨ ਹੈ, ਪਰ ਇਸ ਦੀ ਸਦਗੁਣ-ਸੂਚੀ ਅਤੇ ਸਦਾਚਾਰਕ ਜੀਵਨ-ਜਾਚ ਵਿਚ, ਨਿਰੋਲ ਨੈਤਿਕ ਦ੍ਰਿਸ਼ਟੀਕੋਣ ਤੋਂ, ਮਨੁੱਖ ਦੇ ਨਿਜੀ ਤੇ ਸਰਬ-ਸਾਂਝੇ ਕਲਿਆਣ ਦੀ ਸਮਰੱਥਾ ਮੌਜੂਦ ਹੈ। ਸਿੱਖ-ਨੈਤਿਕਤਾ ਕੇਵਲ ਆਤਮਿਕ ਕਲਿਆਣ ਦੀ ਕੁੰਜੀ ਹੀ ਨਹੀਂ, ਇਹ ਸ਼ੁਭ ਕਰਮਾਂ ਦੀ ਮਰਯਾਦਾ ਅਤੇ ਸਰਬੱਤ ਦੇ ਭਲੇ ਦੀ ਦ੍ਰਿਸ਼ਟੀ ਨਾਲ ਓਤ-ਪੋਤ ਉਚੇਰੀ ਜੀਵਨ-ਜਾਚ ਵੀ ਹੈ।

Sri Satguru Jagjit Singh Ji eLibrary NamdhariElibrary@gmail.com

# 11.
# ਸਿੱਖ ਸਮਾਜ-ਦਰਸ਼ਨ ਤੇ ਰਾਜਨੀਤੀ

ਦਾਰਸ਼ਨਿਕ ਚਿੰਤਨ ਦਾ ਇਕ ਭਾਗ ਅੰਤਿਮ ਯਥਾਰਥ, ਮਨੁੱਖੀ ਗਿਆਨ ਅਤੇ ਕਦਰਾਂ-ਕੀਮਤਾਂ ਦਾ ਵਿਧੀਬੱਧ ਅਧਿਐਨ ਕਰਦਾ ਹੈ, ਜਦ ਕਿ ਇਸ ਦਾ ਦੂਸਰਾ ਭਾਗ ਮਨੁੱਖ ਦੇ ਨੈਤਿਕ ਵਿਹਾਰ, ਸਮਾਜਕ ਬਣਤਰ, ਰਾਜਨੀਤੀ, ਕਾਨੂੰਨ, ਕਲਾਤਮਕ ਸੂਹਜ ਆਦਿਕ ਵਿਸ਼ਿਆਂ ਉੱਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਿਚਾਰ ਪ੍ਰਗਟਾਂਦਾ ਹੈ। ਲਗਭਗ ਹਰ ਸਿਰਕੱਢ ਚਿੰਤਕ ਨੇ ਤੱਤ-ਮੀਮਾਂਸਾ, ਗਿਆਨ-ਸਿਧਾਂਤ ਅਤੇ ਕੀਮਤ-ਸਿਧਾਂਤ ਦੇ ਖੇਤਰਾਂ ਵਿਚ ਯੋਗਦਾਨ ਪਾਉਣ ਤੋਂ ਸਿਵਾ, ਸਮਾਜਕ ਤੇ ਰਾਜਨੀਤਿਕ ਫ਼ਲਸਫ਼ਾ ਦੇਣ ਦੀ ਚੇਸ਼ਟਾ ਵੀ ਕੀਤੀ ਹੈ। ਸਮੁੱਚੇ ਰੂਪ ਵਿਚ ਨੈਤਿਕਤਾ ਤੇ ਸਮਾਜ-ਦਰਸ਼ਨ ਫ਼ਲਸਫ਼ੇ ਦੀ ਵਿਚਾਰਧਾਰਾ ਦਾ ਅਨਿੱਖੜ ਅੰਗ ਬਣੇ ਰਹੇ ਹਨ। ਇਸੇ ਪ੍ਰਪਾਤੀ ਅਨੁਸਾਰ, ਧਰਮ-ਚਿੰਤਨ ਦੇ ਵਿਆਖਿਆਕਾਰਾਂ ਨੇ ਆਪਣੇ ਆਪਣੇ ਮਤ ਦਾ ਸਮਾਜ-ਦਰਸ਼ਨ ਤੇ ਰਾਜਨੀਤੀ ਸਿਧਾਂਤ ਪ੍ਰਸਤੁਤ ਕੀਤਾ ਹੈ, ਅਤੇ ਅਕਸਰ ਤੁਲਨਾਤਮਕ ਅਧਿਐਨ ਦੀ ਵਿਧੀ ਅਪਨਾਂਦਿਆਂ ਆਪਣੀ ਸੰਪਰਦਾ ਦੇ ਸਿਧਾਂਤਕ ਆਧਾਰਾਂ ਦੀ ਉੱਤਮਤਾ ਦਰਸਾਈ ਹੈ। ਸਿੱਖ-ਮਤ ਦੇ ਚਿੰਤਕ ਵੀ, ਇਸੇ ਤਰ੍ਹਾਂ, ਨਿਰੋਲ ਧਰਮ-ਸਿਧਾਂਤ ਤੋਂ ਸਿਵਾ, ਸਿੱਖ-ਮਤ ਦੀ ਸਮਾਜਕ-ਰਾਜਨੀਤਿਕ ਪਹੁੰਚ ਦੀ ਵਿਆਖਿਆ ਵੱਲ ਰੁਚਿਤ ਰਹੇ ਹਨ।

ਇਕ ਧਾਰਮਿਕ ਲਹਿਰ ਦੇ ਰੂਪ ਵਿਚ, ਸਿੱਖ ਭਾਈਚਾਰਾ ਪੰਦਰ੍ਹਵੀ-ਸੋਲ੍ਹਵੀਂ ਸਦੀ ਵਿਚ ਗੁਰੂ ਨਾਨਕ ਦੇਵ ਦੀ ਸਿਖਿਆ ਦੇ ਪ੍ਰਭਾਵਾਂ ਅਧੀਨ ਪੰਜਾਬ ਵਿਚ ਉਭਰਿਆ। ਕਈ ਚਿੰਤਕਾਂ ਨੇ ਸਿੱਖ-ਲਹਿਰ ਨੂੰ ਰੋਸਵਾਦੀ (ਪ੍ਰੋਟੈਸਟੈਂਟ) ਲਹਿਰ ਮੰਨਿਆ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਸਮਕਾਲੀਨ ਭਾਰਤੀ ਸਮਾਜ ਦੀਆਂ ਕੁਰੀਤੀਆਂ ਦੀ ਭਰਪੂਰ ਆਲੋਚਨਾ ਕੀਤੀ ਅਤੇ ਇਨ੍ਹਾਂ ਵਿਰੁੱਧ ਰੋਸ ਪ੍ਰਗਟਾਇਆ। ਇਹ ਠੀਕ ਹੈ ਕਿ ਸਿੱਖ-ਮਤ ਕੇਵਲ ਰੋਸ ਜਾਂ ਪ੍ਰੋਟੈਸਟ ਦਾ ਫ਼ਲਸਫ਼ਾ ਨਹੀਂ ਸੀ, ਤਦ ਵੀ ਇਸ ਰਾਜ-ਸਥਾਪਤੀ, ਸੰਸਥਾਪਕ ਧਰਮ, ਦੋਸ਼-ਪੂਰਨ ਮਨੁੱਖੀ ਵਿਹਾਰ ਤੇ ਕੁਰੀਤੀਆਂ ਵਿਰੁੱਧ ਰੋਸ ਦੀ ਭਾਵਨਾ ਸਪੱਸ਼ਟ ਰੂਪ ਵਿਚ ਮੌਜੂਦ ਸੀ। ਗੁਰੂ ਨਾਨਕ-ਬਾਣੀ ਵਿਚ 'ਦੈਵੀ ਬੇਰੁਖੀ', ਵਿਰੁੱਧ ਵੀ ਰੋਸ ਦੇ ਅੰਸ਼ ਪ੍ਰਾਪਤ ਹਨ। ਅਮਰੀਕਨ ਪ੍ਰੋਫ਼ੈਸਰ ਪਾਲ ਕੋਰਟਰਾਈਟ ਦੇ ਸ਼ਬਦਾਂ ਵਿਚ, ਸਿੱਖ-ਮਤ ਦਾ ਆਗਮਨ ਪੂਜਾ-ਵਿਧੀਆਂ, ਧਰਮ-ਪੁਸਤਕਾਂ ਤੇ ਜ਼ਾਤ-ਪਾਤ ਦੇ ਅਭਿਮਾਨ ਵਿਰੁੱਧ ਰੋਸ ਦਾ ਪ੍ਰਗਟਾਵਾ ਸੀ। ਇਹ ਕੇਵਲ ਹਿੰਦੂ ਤੇ ਮੁਸਲਮਾਨੀ



Sri Satguru Jagjit Singh Ji eLibrary NamdhariElibrary@gmail.com

ਧਰਮਾਂ ਵਿਰੁੱਧ ਨਹੀਂ, ਸਗੋਂ ਪੁਰਾਤਨਵਾਦ ਦੇ ਵਿਰੁੱਧ ਰੋਸ ਦੀ ਲਹਿਰ ਸੀ। ਕੁਝ ਹੋਰ ਚਿੰਤਕਾਂ ਨੇ ਇਸ ਰਾਇ ਦਾ ਖੰਡਨ ਕੀਤਾ ਹੈ ਕਿ ਸਿੱਖ-ਮਤ ਭਾਰਤ ਦੇ ਮੱਧ-ਕਾਲੀਨ ਹਿੰਦੂ ਚਿੰਤਨ ਦਾ ਹੀ ਅਗਲੇਰਾ ਪੜਾਅ ਸੀ, ਅਤੇ ਇਸ ਦੀ ਆਪਣੀ ਕੋਈ ਨਵੀਨ ਸੇਧ ਤੇ ਪ੍ਰਭੁਤਾ ਨਹੀਂ ਸੀ। ਗੰਭੀਰ ਚਿੰਤਕਾਂ ਨੇ ਸਿੱਖ ਲਹਿਰ ਦੀ ਉਪਜ ਸੰਬੰਧੀ ਹਿੰਦੂ ਤੇ ਇਸਲਾਮੀ ਧਾਰਾਵਾਂ ਦੇ ਸੰਗਮ ਵਾਲੇ ਪ੍ਰਸਤਾਵ ਨੂੰ ਵੀ ਪਰਵਾਨ ਨਹੀਂ ਕੀਤਾ।

## ਸਿੱਖ ਸੰਸਥਾਵਾਂ ਤੇ ਸਮਾਜਕ ਬਣਤਰ

ਮੱਧ-ਕਾਲ ਦੇ ਜਿਸ ਦੌਰ ਵਿਚ ਸਿੱਖ ਲਹਿਰ ਦਾ ਆਗਮਨ ਹੋਇਆ ਤੇ ਗੁਰੂ ਸਾਹਿਬਾਨ ਨੇ ਬਾਣੀ-ਰਚਨਾ ਕੀਤੀ, ਉਹ ਸਾਮੰਤਵਾਦੀ (ਜਾਗੀਰਦਾਰੀ) ਦੌਰ ਸੀ, ਅਤੇ ਇਸੇ ਦੌਰ ਦੇ ਸਮਾਜਕ ਸੰਬੰਧਾਂ ਵਿਚੋਂ ਬਾਣੀਕਾਰਾਂ ਨੇ ਕਾਵਿ-ਪ੍ਰਤੀਕ ਚੁਣੇ। ਰਜਵਾੜਾਸ਼ਾਹੀ ਦੀ ਪ੍ਰਧਾਨਤਾ ਦੇ ਸਮੁੱਚੇ ਪ੍ਰਭਾਵ ਅਧੀਨ ਕੁਦਰਤੀ ਸੀ ਕਿ ਬਾਣੀ ਵਿਚ ਰਾਜਾ, ਸੁਲਤਾਨ, ਸ਼ਹਿਨਸਾਹ ਆਦਿਕ ਸ਼ਬਦਾਂ ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ, ਅਤੇ ਪ੍ਰਤਿਸ਼ਠਾਵਾਨ, ਉੱਚੀ ਸ਼ੁਹਰਤ ਵਾਲੇ ਵਿਅਕਤੀਆਂ ਨੂੰ 'ਰਾਜਾਨ' ਕਹਿ ਕੇ ਆਦਰ ਦਿੱਤਾ ਜਾਂਦਾ (ਜਿਵੇਂ ਕਿ "ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ ਵਾਲੀ ਪੰਕਤੀ ਵਿਚ")। ਪਤੀ ਪਤਨੀ ਦੇ ਪਰਸਪਰ ਸੰਬੰਧਾਂ ਨੂੰ ਵੀ ਗੁਰਬਾਣੀ ਵਿਚ, ਸਾਮੰਤਵਾਦੀ ਦੌਰ ਦੀ ਸਮੁੱਚੀ ਭਾਵਨਾ ਅਨੁਸਾਰ, ਅਧਿਕਾਰ-ਸੰਪੰਨ ਅਤੇ ਆਪਾ-ਸਮਰਪਨ ਦੇ ਰਿਸ਼ਤੇ ਵਿਚ ਚਿਤ੍ਰਿਆ ਗਿਆ ਹੈ। ਪੁਰਸ਼ ਦਾ ਰੋਲ ਪ੍ਰਭੁਤਾ ਵਾਲਾ ਹੈ, ਜਦ ਕਿ ਨਾਰੀ ਦਾ ਅਧੀਨਗੀ ਵਾਲਾ, ਨਿਰਭਰਤਾ ਤੇ ਕੁਰਬਾਨੀ ਵਾਲਾ, ਤੇ ਦਾਸੀ ਵਾਲਾ ਹੈ। ਇਨ੍ਹਾਂ ਸੰਬੰਧਾਂ ਦੇ ਆਧਾਰ ਉੱਤੇ ਕਾਵਿਕ ਪ੍ਰਤੀਕਾਂ ਦੀ ਜੋ ਰਚਨਾ ਹੋਈ, ਉਨ੍ਹਾਂ ਅਨੁਸਾਰ ਪਰਮਾਤਮਾ 'ਪੁਰਸ਼' 'ਰਾਜਾ' 'ਸ਼ਾਹ' ਤੇ ਮਰਜ਼ੀ ਦਾ ਮਾਲਕ ਸੀ; ਪ੍ਰਭੂ ਦੇ ਭਗਤ ਉਸ ਦੀਆਂ 'ਨਾਰੀਆਂ', 'ਦਾਸੀਆਂ', 'ਸੁਹਾਗਨਾਂ' ਸਨ; ਜੋ ਪਤੀ ਨੂੰ ਰੀਝਾਣ ਵਿਚ ਸਫ਼ਲ ਸਨ, ਉਹ ਸੁਚੱਜੀਆਂ, ਅਤੇ ਜੋ ਅਸਫ਼ਲ ਸਨ, ਉਹ ਕੁਚੱਜੀਆਂ ਗਰਦਾਨੀਆਂ ਗਈਆਂ। ਜਿਸ ਅਭਾਗਨ ਦਾ 'ਸ਼ਹੁ' ਹੋਰਨਾਂ ਦੇ ਰੰਗ ਵਿਚ ਰੱਤਾ ਹੈ, ਉਹ ਪਤੀ-ਮਿਲਾਪ ਦੀ ਤਾਂਘ ਵਿਚ ਖਾਲੀ ਸੇਜ ਨੂੰ ਨਿਹਾਰਦੀ, ਬਿਰਹਾ ਵਿਚ ਬਿਹਬਲ ਹੋ ਰਹੀ ਹੈ।

ਗੁਰਬਾਣੀ ਨੇ ਸਮਕਾਲੀਨ ਵਾਤਾਵਰਣ ਵਿਚੋਂ ਪ੍ਰਤੀਕ ਲੈ ਕੇ ਸਮਾਜਕ ਤੇ ਰਾਜਸੀ ਸੰਬੰਧਾਂ ਦਾ ਜੋ ਵਿਵਰਨ ਦਿੱਤਾ ਹੈ, ਉਸ ਦਾ ਇਤਿਹਾਸਕ ਤੇ ਸਾਹਿਤਕ ਮੁੱਲ ਅਵੱਸ਼ ਹੈ, ਪਰ ਇਨ੍ਹਾਂ ਸੰਬੰਧਾ ਵਿਚ ਵਿਆਪਕ ਕੁਰੀਤੀਆਂ ਦੀ ਜੋ ਆਲੋਚਨਾ ਬਾਣੀ ਵਿਚ ਪ੍ਰਾਪਤ ਹੈ, ਉਹ ਰਾਜਨੀਤਿਕ ਦ੍ਰਿਸ਼ਟੀ ਤੋਂ ਅਧਿਕ ਮਹੱਤਵ ਵਾਲੀ ਹੈ, ਰਾਜਾ ਅਧਿਕਾਰ-ਸੰਪੰਨ ਹੈ, ਉਸਨੂੰ ਦੌਲਤ ਤੇ ਤਾਕਤ ਦਾ ਨਸ਼ਾ ਹੈ, ਉਸ ਨੂੰ ਵਧੇਰੇ ਬਲਵਾਨ ਹੋਣ ਦੀ ਲਾਲਸਾ ਹੈ, ਉਸ ਪਾਸ ਭੋਗ-ਵਿਲਾਸ ਦੇ ਅਨੇਕ ਵਸੀਲੇ ਹਨ, ਅਤੇ ਬਹੁਤੀ ਸੰਭਾਵਨਾ ਉਸ ਦੇ ਕੁਰਾਹੇ ਪੈ ਜਾਣ ਦੀ ਹੈ। ਜੇਕਰ ਉਹ ਸ਼ੀਂਹ ਬਣ ਕੇ, ਆਪਣੇ

Sri Satguru Jagjit Singh Ji eLibrary NamdhariElibrary@gmail.com

ਮੁਕੱਦਮ-ਕੁੱਤਿਆਂ ਦੀ ਸਹਾਇਤਾ ਨਾਲ ਪਰਜਾ ਉੱਤੇ ਵਧੀਕੀਆਂ ਕਰੇ, ਲੋਕਾਂ ਉੱਤੇ ਜ਼ੁਲਮ ਢਾਹੇ, ਪਰਾਈ ਰਿਆਸਤ ਉੱਤੇ ਹਮਲਾ ਕਰੇ, ਆਪਣੀ ਫ਼ੌਜ ਨੂੰ ਲੁੱਟ-ਮਾਰ, ਜ਼ਬਰ-ਜ਼ਨ੍ਹਾ ਤੇ ਹਿੰਸਕ ਕਾਰਵਾਈ ਦੀ ਛੁੱਟੀ ਦੇ ਰਖੇ, ਤਾਂ ਕਾਵਿਕ ਪ੍ਰਤਿਭਾ ਨੂੰ ਅਜਿਹਾ 'ਰਾਜਾ' ਪਰਵਾਨ ਨਹੀਂ, ਗੁਰਬਾਣੀ ਵਿਚ ਅਜਿਹੀ ਸਥਿਤੀ ਦੀ ਆਲੋਚਨਾ ਤੇ ਨਿਖੇਧੀ ਵੀ ਹੈ, ਅਤੇ ਇਸ ਦੇ ਵਿਰੁੱਧ ਰੋਸ ਦਾ ਪੁਰਜ਼ੋਰ ਪ੍ਰਗਟਾਵਾ ਵੀ ਹੈ। ਗੁਰੂ ਨਾਨਕ-ਬਾਣੀ (ਵਿਸ਼ੇਸ਼ ਕਰਕੇ ਆਸਾ ਅਤੇ ਮਾਝ ਰਾਗ ਦੀਆਂ ਵਾਰਾਂ) ਵਿਚ ਤੁਰਕ-ਪਠਾਨੀ ਤੇ ਮੁੱਢਲੇ ਮੁਗ਼ਲ ਰਾਜ ਦੇ ਤੌਰ-ਤਰੀਕਿਆਂ, ਅਸੰਤੁਲਿਤ ਸਮਾਜਕ ਸੰਬੰਧਾਂ ਤੇ ਅਣਸੁਖਾਵੇਂ ਹਾਲਾਤ ਦਾ ਭਰਪੂਰ ਚਿਤਰਨ ਪ੍ਰਾਪਤ ਹੈ।

ਇਕ ਦ੍ਰਿਸ਼ਟੀ ਤੋਂ ਗੁਰਬਾਣੀ ਸਮੁੱਚੇ ਮਨੁੱਖੀ ਜੀਵਨ ਦੀ ਆਲੋਚਨਾ ਹੈ। ਇਸ ਵਿਚ ਕੇਵਲ ਕੁਰੀਤੀਆਂ, ਅੰਡਬਰਾਂ ਦੀ ਨਿਖੇਧੀ ਹੀ ਨਹੀਂ, ਸੁਚੱਜੇ ਜੀਵਨ-ਢੰਗ ਲਈ ਉਸਾਰੂ ਸੇਧਾਂ ਵੀ ਪ੍ਰਾਪਤ ਹਨ। ਗੁਰਬਾਣੀ ਦਾ ਫ਼ਲਸਫ਼ਾ ਜੀਵਨ ਦੇ ਲਗਭਗ ਹਰ ਪਹਿਲੂ ਨੂੰ ਧਿਆਨ ਦਾ ਪਾਤਰ ਬਣਾਉਂਦਾ ਹੈ, ਚਾਹੇ ਇਹ ਨਿਰੋਲ ਨਿੱਜੀ ਤੇ ਨਿਵੇਕਲਾ ਪੱਖ ਹੈ, ਚਾਹੇ ਨੈਤਿਕ ਤੇ ਸਮਾਜਕ, ਸੰਪਰਦਾਇਕ ਜਾਂ ਮਾਨਵਵਾਦੀ। ਮਨੁੱਖ ਨੂੰ ਬਾਣੀ ਨੇ ਗ੍ਰਿਹਸਥੀ ਦੇ ਰੋਲ ਵਿਚ, ਚਿੰਤਕ ਤੇ ਸ਼ਰਧਾਲੂ ਦੇ ਰੋਲ ਵਿਚ ਚਿਤ੍ਰਿਆ ਹੈ; ਉਹ ਪੁਜਾਰੀ ਹੈ ਜਾਂ ਵਿਦਵਤਾ-ਅਭਿਮਾਨੀ, ਨੇਤਾ ਹੈ ਜਾਂ ਹੁਕਮਰਾਨ, ਗੁਰਮੁਖ ਤੇ ਬ੍ਰਹਮ-ਗਿਆਨੀ ਹੈ ਜਾਂ ਸਚਾਈ ਦਾ ਮੁਤਲਾਸ਼ੀ, ਸਮਾਜ ਦੇ ਅਨੇਕ ਪ੍ਰਕਰਣਾਂ ਤੇ ਸਥਿਤੀਆਂ ਵਿਚ ਉਸ ਨੂੰ ਕਾਰਜ ਕਰਦਾ ਦਰਸਾਇਆ ਗਿਆ ਹੈ। ਮਨੁੱਖ ਦੇ ਸੰਬੰਧ ਵਿਚ ਬਾਣੀ ਦਾ ਚਿੱਤਰ-ਪਟ ਏਨਾ ਵਿਸ਼ਾਲ ਹੈ, ਜਿੰਨਾ ਮਨੁੱਖ ਦਾ ਸਮੁੱਚਾ ਜੀਵਨ। ਵਿਅਕਤੀ ਨੂੰ ਬਾਣੀ ਨੇ ਬਚਪਨ ਤੋਂ ਬੁਢਾਪੇ ਅਤੇ ਮੌਤ ਤਕ, ਮਨਮੁਖਤਾ ਤੋਂ ਪ੍ਰਭੂ-ਪ੍ਰਾਪਤੀ ਤਕ ਸਭ ਸਥਿਤੀਆਂ ਵਿਚ ਪ੍ਰਸਤੁਤ ਕੀਤਾ ਹੈ। ਮਨੁੱਖ ਦੀਆਂ ਕਰਤੂਤਾਂ ਤੇ ਗੁਨਾਹ, ਉਸ ਦੇ ਕਾਰ-ਵਿਹਰ ਤੇ ਨੀਤੀਆਂ, ਉਸ ਦੀ ਦੁਬਿਧਾ, ਸੰਕਟ ਤੇ ਬੇਗਾਨਗੀ—ਕਿਸੇ ਵੀ ਪੱਖ ਨੂੰ ਗੁਰੂ-ਗ੍ਰੰਥ ਬਾਣੀ ਦੇ ਕਰਤਿਆਂ ਨੇ ਅੱਖੋਂ-ਪਰੋਖੇ ਨਹੀਂ ਕੀਤਾ। ਬਾਣੀ ਦੀ ਇਸ ਸਮੁੱਚੀ ਸਾਮਗ੍ਰੀ ਦਾ ਆਪਣਾ ਸਮਾਜਕ ਮਹੱਤਵ ਹੈ, ਜਿਸ ਦੀ ਇਕੋ-ਇਕ ਸੇਧ ਮਨੁੱਖ ਦਾ ਕਲਿਆਣ ਹੈ, ਉਸ ਦਾ ਨੈਤਿਕ, ਸਭਿਆਚਾਰਕ ਤੇ ਆਤਮਿਕ ਵਿਕਾਸ ਹੈ।

ਸਿੱਖ-ਚਿੰਤਨ ਨੇ ਜਿਸ ਜੀਵਨ-ਜਾਚ ਅਤੇ ਸਮਾਜਕ ਬਣਤਰ ਨੂੰ ਆਦਰਸ਼ ਰੂਪ ਵਿਚ ਪਰਵਾਨਗੀ ਦਿੱਤੀ ਹੈ, ਉਸ ਦੇ ਸਿੱਧਾਂਤਕ ਆਧਾਰ ਗੁਰੂ-ਗ੍ਰੰਥ ਬਾਣੀ ਵਿਚ ਪ੍ਰਾਪਤ ਹਨ। ਬਾਣੀ ਹੀ ਸਿੱਖ ਰਾਜਨੀਤੀ ਤੇ ਸਮਾਜ-ਦਰਸ਼ਨ ਦੀ ਸੇਧ ਨਿਰਧਾਰਿਤ ਕਰਦੀ ਹੈ ਅਤੇ ਇਨ੍ਹਾਂ ਖੇਤਰਾਂ ਨਾਲ ਸੰਬੰਧਿਤ ਚਿੰਤਕਾਂ ਦੀ ਮੂਲ-ਪ੍ਰੇਰਨਾ ਦਾ ਕਾਰਜ ਕਰਦੀ ਹੈ। ਜਿਨ੍ਹਾਂ ਸੰਸਥਾਵਾਂ ਨੇ ਸਿੱਖ ਭਾਈਚਾਰੇ ਨੂੰ ਸੰਗਠਿਤ ਕਰਨ ਵਿਚ ਹਿੱਸਾ ਪਾਇਆ ਹੈ ਅਤੇ ਜਿਨ੍ਹਾਂ ਤੋਂ ਸਿੱਖ ਸਮਾਜ ਦੀ ਨਿਵੇਕਲੀ ਪਛਾਣ ਕਾਇਮ ਹੋਈ ਹੈ, ਉਨ੍ਹਾਂ ਦੇ ਮੂਲ ਆਧਾਰ ਵੀ ਗੁਰਬਾਣੀ ਵਿਚ ਮੌਜੂਦ ਹਨ। ਇਸ ਦਿਸ਼ਾ ਵੱਲ ਪਹਿਲਾ

Sri Satguru Jagjit Singh Ji eLibrary NamdhariElibrary@gmail.com

ਕਦਮ 'ਸੰਗਤ' ਦੀ ਸਥਾਪਤੀ ਸੀ, ਜੋ ਗੁਰੂ ਨਾਨਕ ਦੇਵ ਦੇ ਜੀਵਨ-ਕਾਲ ਵਿਚ ਹੀ ਹੋਂਦ ਵਿਚ ਆ ਗਈ। ਗੁਰਬਾਣੀ ਵਿਚ 'ਮਿਲਬੇ ਦੀ ਮਹਿਮਾ' ਦਾ ਵਰਣਨ ਹੈ, ਇਕੱਤਰ ਹੋ ਕੇ ਜਸ-ਗਾਇਨ ਦੀ ਵਡਿਆਈ ਹੈ, ਇਕ ਦੂਸਰੇ ਦੇ ਸੰਗ-ਸਾਥ ਵਿਚ ਦੁਬਿਧਾ ਤੇ ਸਹਿਸਾ ਦੂਰ ਕਰਨ ਦੀ ਸਿਖਿਆ ਹੈ। ਸੰਗਤ ਇਕ ਖੁਲ੍ਹੀ ਇਕਾਈ ਹੈ, ਜਿਸ ਦੇ ਮੈਂਬਰਾ ਦੀ ਸੰਖਿਆ ਨਿਸ਼ਚਿਤ ਨਹੀਂ; ਇਸ ਦਾ ਵਿਸ਼ੇਸ਼ ਆਧਾਰ ਗੁਰੂ ਦੀ ਸਿਖਿਆ ਵਿਚ ਨਿਸ਼ਚਾ ਹੈ ਅਤੇ ਸਰਬ-ਸਾਂਝੇ ਕਲਿਆਣ ਦੀ ਭਾਵਨਾ ਹੈ। ਗੁਰੂ ਅਮਰਦਾਸ ਨੇ ਸੰਗਤਾਂ ਦੇ ਸੰਗਠਨ ਨੂੰ ਸੁਚੇਤ ਪੱਧਰ ਉੱਤੇ ਸੰਸਥਾਇਕ ਰੂਪ ਦਿੱਤਾ ਅਤੇ ਕਈ ਨਵੀਆਂ ਸੰਸਥਾਵਾਂ ਦੀ ਰੂਪ-ਰੇਖਾ ਉਲੀਕੀ। ਸਿੱਖ-ਪਰੰਪਰਾ ਨੇ ਗੁਰਦੁਆਰੇ ਨੂੰ ਸਿੱਖ ਸਮਾਜ ਦੀ ਕੇਂਦਰੀ ਸੰਸਥਾ ਵਜੋਂ ਵਿਕਸਿਤ ਕਰ ਲਿਆ।

ਸੰਗਤ ਅਤੇ ਗੁਰਦੁਆਰੇ ਦੀ ਸੰਸਥਾ ਨੇ ਸਾਂਝੇ ਰੂਪ ਵਿਚ ਸਿੱਖ ਸਮਾਜ ਅਤੇ ਸਭਿਆਚਾਰ ਨੂੰ ਢਾਲਣ ਵਿਚ ਪ੍ਰਭਾਵਸ਼ਾਲੀ ਦੇਣ ਦਿੱਤੀ ਹੈ। ਇਸ ਨੇ ਸਿੱਖ ਭਾਈਚਾਰੇ ਦੇ ਬਹੁ-ਪੱਖੀ ਵਿਕਾਸ ਵਿਚ ਭਰਪੂਰ ਯੋਗਦਾਨ ਪਾਇਆ ਹੈ ਅਤੇ ਕਦਰਾਂ-ਕੀਮਤਾਂ ਦੀ ਸੇਧ ਨਿਰਧਾਰਿਤ ਕੀਤੀ ਹੈ। ਗੁਰੂ ਅਤੇ ਸੰਗਤ ਦੇ ਸਨਮੁਖ ਸਭ ਵਿਅਕਤੀ ਬਰਾਬਰ ਹਨ, ਊਚ-ਨੀਚ, ਜ਼ਾਤ-ਪਾਤ ਦਾ ਕੋਈ ਫ਼ਰਕ ਨਹੀਂ। ਅਸੂਲੀ ਤੌਰ 'ਤੇ ਇਹ ਸਮਾਨਤਾ ਸਿਹਤਮੰਦ ਸਮਾਜਕ ਬਣਤਰ ਦੀ ਬੁਨਿਆਦ ਹੈ। ਸਿੱਖ-ਪਰੰਪਰਾ ਨੇ 'ਰਾਣਾ ਰੰਕ ਬਰਾਬਰੀ' ਦਾ ਨਿਯਮ ਅਪਨਾ ਕੇ ਆਪਣੀ ਸਮਾਜਕ ਜੁਗਤ ਨੂੰ ਸਮਾਨਤਾ ਦਾ ਆਧਾਰ ਦੇਣ ਵਿਚ ਰੁਚੀ ਦਿਖਾਈ। ਸਿਧਾਂਤ ਰੂਪ ਵਿਚ ਸੰਗਤ ਬਰਾਬਰ ਵਿਅਕਤੀਆਂ ਦਾ ਸਮੂਹ ਹੈ। ਗੁਰਦੁਆਰੇ ਜਾਂ ਲੰਗਰ ਵਿਚ ਇਕੱਤਰ ਸੰਗਤ ਨੂੰ 'ਸਾਧ ਸੰਗਤ' ਦਾ ਕਰਜਾ ਦਿੱਤਾ ਜਾਂਦਾ ਹੈ, ਚਾਹੇ ਨਿਜੀ ਜੀਵਨ ਵਿਚ, ਵਿਅਕਤੀਗਤ ਰੂਪ ਵਿਚ, ਹਰ ਵਿਅਕਤੀ ਸਾਧ ਦੀ ਪੱਧਰ ਨੂੰ ਪ੍ਰਾਪਤ ਨਾ ਹੀ ਹੋਵੇ। ਨਿਮਰਤਾ, ਸ਼ਰਧਾ ਅਤੇ ਅਰਦਾਸ ਦੀ ਭਾਵਨਾ ਨਾਲ ਗੁਰੂ ਦੇ ਸਨਮੁਖ ਹਾਜ਼ਰ ਸੰਗਤ ਨੂੰ ਸਿੱਖ ਪਰੰਪਰਾ ਨੇ ਗੁਰੂ ਨਾਲੋਂ ਵੀ ਉਚੇਰੇ ਆਦਰ ਦਾ ਪਾਤਰ ਮੰਨਿਆ ਹੈ। ਪ੍ਰਚਲਿਤ ਮੁਹਾਵਰੇ ਅਨੁਸਾਰ, 'ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ' ਹੈ।

ਸਮਾਨਤਾ ਦੀ ਕੀਮਤ ਲੋਕਤੰਤਰੀ ਨਜ਼ਾਮ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਵਿਚ ਗਿਣੀ ਜਾਂਦੀ ਹੈ। ਗੁਰਬਾਣੀ ਬੇਸ਼ਕ ਸਾਮੰਤਵਾਦੀ ਦੌਰ ਦੇ ਵਾਤਾਵਰਣ ਵਿਚ ਉਚਾਰੀ ਗਈ, ਇਸ ਦੀਆਂ ਕੀਮਤਾਂ ਦੀ ਸੇਧ ਨਿਸ਼ਚੇ ਹੀ ਲੋਕਤੰਤਰੀ ਸੀ। ਸਮਾਨਤਾ ਦੀ ਭਾਵਨਾ ਭਰੱਪਣ ਦੀ ਕੀਮਤ ਨੂੰ ਸਾਰਥਿਕ ਬਣਾਉਣ ਵਿਚ ਸਹਾਈ ਹੁੰਦੀ ਹੈ। ਸਿੱਖ-ਚਿੰਤਨ ਨੇ 'ਕੁਦਰਤ ਕੇ ਸਭ ਬੰਦੇ' ਦੀ ਭਾਈਚਾਰਕ ਭਾਵਨਾ ਨੂੰ ਅਧਿਕ ਮੱਹਤਵ ਦਿੱਤਾ ਹੈ। ਸਾਰੀ ਲੋਕਾਈ ਇਕੋ 'ਨੂਰ' ਦੀ ਉਪਜ ਮੰਨ ਕੇ ਸਰਬੱਤ ਦੇ ਭਲੇ ਨੂੰ ਆਦਰਸ਼ ਥਾਪਿਆ ਹੈ। ਇਸ ਮਾਨਵਵਾਦੀ ਕੀਮਤ ਦਾ ਆਧਾਰ ਸਨੇਹ ਤੇ ਪ੍ਰੇਮ ਦੀ ਭਾਵਨਾ ਹੈ, ਜਿਸ ਤੋਂ ਬਿਨਾਂ ਸਰਬ-ਸਾਂਝੀ ਭਲਾਈ ਦਾ ਆਦਰਸ਼ ਥੋਥਾ ਤੇ ਅਰਥਹੀਣ

Sri Satguru Jagjit Singh Ji eLibrary NamdhariElibrary@gmail.com

ਰਹਿ ਜਾਂਦਾ ਹੈ। ਭਾਵੁਕ ਸਾਂਝ ਅਤੇ ਪਰਸਪਰ ਸਨੇਹ-ਭਾਵ ਤੋਂ ਬਿਨਾਂ ਸਮਾਨਤਾ ਤੇ ਭਰੱਪਣ ਦੀਆਂ ਕੀਮਤਾਂ ਜੀਵਨ ਵਿਚ ਕਾਰਜਸ਼ੀਲ ਨਹੀਂ ਹੋ ਸਕਦੀਆਂ। ਗੁਰਬਾਣੀ ਦਾ ਫ਼ਲਸਫ਼ਾ ਇਕ ਪਾਸੇ ਪ੍ਰਭੂ-ਪ੍ਰੇਮ ਤੇ ਦੂਜੇ ਪਾਸੇ ਮਾਨਵ-ਪ੍ਰੇਮ ਦਾ ਸੰਦੇਸ਼ ਸਮੋਈ ਬੈਠਾ ਹੈ। ਇਸ ਦੀ ਸਿਧਾਂਤਕ ਸੇਧ ਅਜਿਹੀ ਸਮਾਜ-ਜੁਗਤ ਹੈ, ਜੋ ਹਰ ਵਿਅਕਤੀ ਦੇ ਸਰਬ-ਪੱਖੀ ਵਿਕਾਸ ਤੇ ਕਲਿਆਣ ਦੇ ਵਸੀਲੇ ਪੈਦਾ ਕਰੇ, ਸਨੇਹ-ਭਾਵ ਨੂੰ ਪ੍ਰਫੁਲਿਤ ਕਰੇ ਅਤੇ ਲੋਕਾਈ ਨੂੰ ਸਾਧ-ਪੁਰਸ਼ਾਂ ਦੇ ਸਮੁੱਚ ਦਾ ਸਰੂਪ ਦੇ ਸਕੇ। ਵਿਹਾਰਕ ਦ੍ਰਿਸ਼ਟੀ ਤੋਂ ਅਜਿਹਾ ਆਦਰਸ਼ਕ ਢਾਂਚਾ ਸ਼ਾਇਦ ਮਨੁੱਖ਼ਤਾ ਦੀ ਸੌਖੀ ਪਹੁੰਚ ਵਿਚ ਨਹੀਂ, ਪਰ ਇਸ ਦੇ ਸਿਧਾਂਤਕ ਮੁੱਲ ਬਾਰੇ ਕੋਈ ਸ਼ੱਕ ਨਹੀਂ।

## ਧਰਮ ਕਰਮ ਤੇ ਰਾਜਨੀਤੀ

ਜਿਸ ਕਿਸਮ ਦੀ ਸਮਾਜਕ ਵਿਉਂਤ ਦਾ ਆਦਰਸ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਾਪਤ ਹੈ, ਉਹ ਕੇਵਲ-ਮਾਤਰ ਕਾਲਪਨਿਕ ਚਿੱਤਰ ਨਹੀਂ, ਜਿਸ ਦੀ ਪੂਰਤੀ ਸੰਭਵ ਨਾ ਹੋਵੇ, ਸਗੋਂ ਇਹ ਮਨੁੱਖਤਾ ਦੀ ਅਕਾਂਖਿਆ, ਉਸ ਦੇ ਸੁਪਨਿਆਂ ਦੀ ਤਰਜਮਾਨੀ ਹੈ। ਸਾਮੰਤਵਾਦੀ ਦੌਰ ਦੀ ਲੁੱਟ-ਖਸੁੱਟ ਤੇ ਹਿੰਸਾ ਵਿਰੁੱਧ ਸੰਗਰਾਮ ਕਰਦੀ ਲੋਕਾਈ ਨੂੰ ਲੋਕਤੰਤਰੀ ਕੀਮਤਾਂ ਦੀ ਸੇਧ ਦੇਣ ਵਾਲੇ ਚਿੰਤਕਾਂ ਨੇ ਜਦੋਂ 'ਸੁਤੰਤਰਤਾ, ਸਮਾਨਤਾ ਤੇ ਭਰੱਪਣ' ਦਾ ਨਾਅਰਾ ਦਿੱਤਾ ਸੀ, ਉਹ ਕਿਸੇ ਕਾਲਪਨਿਕ ਰਾਜ-ਪ੍ਰਣਾਲੀ ਜਾਂ 'ਯੂਟੋਪੀਆ' ਤੋਂ ਘੱਟ ਨਹੀਂ ਸੀ, ਪਰ ਲੋਕਾਂ ਨੇ ਆਪਣੇ ਆਪਣੇ ਢੰਗ ਨਾਲ ਪੂਰਨ ਜਾਂ ਅਪੂਰਨ ਰੂਪ ਵਿਚ ਲੋਕਤੰਤਰੀ ਆਦਰਸ਼ ਨੂੰ ਸਾਕਾਰ ਕਰ ਲਿਆ। ਗੁਰੂ ਸਾਹਿਬਾਨ ਨੇ ਸਮਾਜ-ਵਿਗਿਆਨੀਆਂ ਜਾਂ ਰਾਜਨੀਤੱਗਾਂ ਵਾਂਗ ਕੋਈ ਵਿਧੀਬੱਧ ਰਾਜਸੀ ਵਿਚਾਰਧਾਰਾ ਪੇਸ਼ ਨਹੀਂ ਕੀਤੀ; ਉਨ੍ਹਾਂ ਨੇ ਲੋਕਾਂ ਨੂੰ ਨੈਤਿਕ ਤੇ ਆਤਮਿਕ ਪੱਧਰ ਉੱਤੇ ਵਿਚਰਨ ਦੀ, ਸੁੱਚੇ ਵਿਹਾਰ ਦੀ, ਸਰਬ-ਸਾਂਝੇ ਕਲਿਆਣ ਹਿਤ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਹੈ। ਧਰਮ ਦੇ ਚੌਖਟੇ ਵਿਚ ਰਹਿ ਕੇ ਆਪਣਾ ਸਮਾਜਕ ਕਰਤੱਵ ਨਿਭਾਉਣ ਵਾਲਾ ਵਿਅਕਤੀ ਗੁਰਬਾਣੀ ਦੇ ਆਸ਼ੇ ਉੱਤੇ ਪੂਰਾ ਉਤਰ ਸਕਦਾ ਹੈ। ਉਸ ਨੂੰ ਆਪਣੇ ਆਦਰਸ਼ਾਂ ਪ੍ਰਤੀ ਸੁਚੇਤ ਕਰਨ ਦੀ, ਭਾਈਚਾਰਕ ਭਾਵਨਾਵਾਂ ਨੂੰ ਹਲੂਣਾ ਦੇਣ ਦੀ, ਸਮਾਜ-ਸੇਵੀ ਸੰਸਥਾਵਾਂ ਦੀ ਨਰੋਈ ਸੋਧ ਅਪਨਾਉਣ ਹਿਤ ਪ੍ਰੇਰਨਾ ਦੇਣ ਦੀ ਲੋੜ ਹੈ, ਜੋ ਬਾਣੀਕਾਰਾਂ ਨੇ ਚੋਖੀ ਮਾਤ੍ਰਾ ਵਿਚ ਮੁਹੱਈਆ ਕੀਤੀ ਹੈ।

ਸਿੱਖ-ਚਿੰਤਨ ਤੇ ਪਰੰਪਰਾ, ਸਮੁੱਚੇ ਰੂਪ ਵਿਚ, ਇਸ ਧਾਰਨਾ ਦੇ ਹਾਮੀ ਰਹੇ ਹਨ ਕਿ ਗੁਰਬਾਣੀ ਦੇ ਆਸ਼ੇ ਦਾ ਸਮਾਜ ਤੇ ਰਾਜ-ਪ੍ਰਣਾਲੀ ਧਰਮ ਦੇ ਚੌਖਟੇ ਵਿਚ ਹੀ ਸੰਭਵ ਹਨ। ਸੰਸਾਰ ਦੇ ਵਿਭਿੰਨ ਸਮਾਜ-ਵਿਗਿਆਨੀਆਂ ਤੇ ਰਾਜਸੀ ਨੀਤੀਵੇਤਾਵਾਂ ਨੇ ਭਿੰਨ ਭਿੰਨ ਵਿਚਾਰਧਾਰਾਵਾਂ ਪ੍ਰਸਤੁਤ ਕੀਤੀਆਂ ਹਨ, ਜਿਨ੍ਹਾਂ ਦੇ ਅੰਤਰਗਤ ਧਰਮ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਅਨੇਕ ਦ੍ਰਿਸ਼ਟੀਕੋਨਾਂ ਤੋਂ ਵਿਚਾਰਿਆ ਗਿਆ ਹੈ। ਕਈ ਚਿੰਤਕ ਇਨ੍ਹਾਂ ਨੂੰ ਇਕ ਦੂਜੇ ਤੋਂ ਸੁਤੰਤਰ ਰੱਖਣ ਦੀ ਸਿਫ਼ਾਰਿਸ਼ ਕਰਦੇ ਹਨ; ਕਈ ਹੋਰ

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਦਾ ਸੰਜੋਗ ਸਥਾਪਿਤ ਕਰਨ ਵਿਚ ਹੀ ਲੋਕਾਂ ਦੀ ਭਲਾਈ ਦੇਖਦੇ ਹਨ; ਕਈ ਚਿੰਤਕ ਰਾਜਸੀ ਮਾਮਲਿਆਂ ਵਿਚ ਧਰਮ ਦਾ ਦਖ਼ਲ ਉੱਕਾ ਪਰਵਾਨ ਨਹੀਂ ਕਰਦੇ; ਅਤੇ ਕਈ ਹੋਰ ਧਰਮ ਨੂੰ ਲੋਕ-ਜੀਵਨ ਵਿਚੋਂ ਖਾਰਜ ਕਰਨ ਦੀ ਸਲਾਹ ਦੇਂਦੇ ਹਨ। ਰਾਜਨੀਤੀ ਦੇ ਪ੍ਰਕਰਣ ਵਿਚ 'ਧਰਮ' ਤੋਂ ਭਾਵ ਅਕਸਰ ਸੰਸਥਾਪਿਕ ਧਰਮ ਜਾਂ 'ਚਰਚ' ਹੁੰਦਾ ਹੈ, ਜੋ ਇਕ ਸੰਗਠਨ ਦੇ ਰੂਪ ਵਿਚ ਰਾਜ-ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਿਚ ਅਤੇ ਉਸ ਉੱਤੇ ਆਪਣਾ ਅਧਿਕਾਰ ਕਾਇਮ ਰੱਖਣ ਵਿਚ ਡੂੰਘੀ ਤਰ੍ਹਾਂ ਰੁਚਿਤ ਹੁੰਦਾ ਹੈ। ਸੰਸਾਰ ਦੇ ਵਿਭਿੰਨ ਖਿੱਤਿਆਂ ਵਿਚ ਈਸਾਈਅਤ, ਇਸਲਾਮ, ਯਹੂਦੀ ਮਤ ਆਦਿਕ 'ਚਰਚਾਂ' ਦਾ ਕਿਸੇ-ਨਾ-ਕਿਸੇ ਰੂਪ ਵਿਚ ਬੋਲਬਾਲਾ ਰਿਹਾ ਹੈ। ਜੇਕਰ ਕੋਈ ਰਾਜ-ਪ੍ਰਣਾਲੀ ਅਸੂਲੀ ਤੌਰ 'ਤੇ 'ਚਰਚ' ਦੇ ਪ੍ਰਭਾਵ ਤੋਂ ਮੁਕਤ ਹੈ ਅਤੇ ਧਰਮ-ਨਿਰਪੱਖਤਾ ਦਾ ਦਾਅਵਾ ਕਰਦੀ ਹੈ, ਤਦ ਵੀ ਉਸ ਦੇ ਅਧਿਕਾਰੀਆਂ ਦੀ ਰਾਜਸੀ ਕਾਰਵਾਈ ਉੱਤੇ ਧਾਰਮਿਕ ਪਿਛੋਕੜ ਅਤੇ ਸਭਿਆਚਾਰਕ ਪ੍ਰਭਾਵਾਂ ਦੀ ਰੰਗਣ ਦੇਖੀ ਜਾਂਦੀ ਹੈ। ਧਰਮ ਤੇ ਸਭਿਆਚਾਰ ਦੇ ਸੰਸਕਾਰਾਂ ਤੋਂ ਨਾ ਵਿਅਕਤੀ, ਨਾ ਸਿਆਸੀ ਜੀਵਨ ਅਭਿੱਜ ਰਹਿੰਦਾ ਹੈ।

ਧਰਮ ਤੇ ਸਿਆਸਤ ਨੂੰ ਨਿਖੇੜਨ ਤੋਂ ਅਸਲ ਭਾਵ ਕਿਸੇ ਵਿਸ਼ੇਸ਼ ਧਾਰਮਿਕ ਸੰਪਰਦਾ ਜਾਂ ਫ਼ਿਰਕੇ ਦੀ ਪਕੜ ਤੋਂ ਰਾਜ-ਪ੍ਰਬੰਧ ਨੂੰ ਮੁਕਤ ਰੱਖਣਾ ਹੈ। ਕਈ ਰਾਜਸੀ ਨੀਤੀਆਂ ਨੂੰ ਪਾਰਟੀਆਂ ਸੰਪਰਦਾਇਕ ਸੰਗਠਨਾਂ ਜਾਂ ਨੇਤਾਵਾਂ ਦੀ ਸਹਾਇਤਾ ਨਾਲ ਰਾਜਸੀ ਨੀਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਅਤੇ ਇਸ ਤਰ੍ਹਾਂ ਆਪਣੇ ਹਿਮਾਇਤੀਆਂ ਦੇ ਆਰਥਿਕ ਹਿੱਤਾਂ ਦੀ ਰਖਵਾਲੀ ਕਰ ਲੈਂਦੀਆਂ ਹਨ। ਧਰਮ ਦੀ ਅਜਿਹੀ ਕੁਵਰਤੋਂ ਅਤੇ ਸਿੱਧੇ ਜਾਂ ਅਸਿੱਧੇ ਢੰਗਾਂ ਰਾਹੀਂ ਰਾਜਨੀਤਿਕ ਢਾਂਚੇ ਵਿਚ ਦਖ਼ਲ-ਅੰਦਾਜ਼ੀ ਲੋਕ-ਜੀਵਨ ਨੂੰ ਗੰਧਲਾ ਕਰਦੀ ਹੈ। ਇਸ ਦੇ ਉਲਟ ਜੇਕਰ ਸੁੱਚੀ ਧਰਮ-ਭਾਵਨਾ ਤੇ ਨੈਤਿਕ ਸੂਝ ਰਾਜ-ਸਥਾਪਤੀ ਦੀ ਦਿਸ਼ਾ ਨਿਰਧਾਰਿਤ ਕਰਨ, ਅਤੇ ਸੰਬੰਧਿਤ ਦੇਸ਼ ਦੀ ਸਭਿਆਚਾਰਕ ਪਰੰਪਰਾ ਦੇ ਅਨੁਕੂਲ ਪ੍ਰਗਤੀ ਦਾ ਵਾਤਾਵਰਣ ਸਿਰਜਣ, ਤਾਂ ਇਹ ਗੱਲ ਲੋਕਾਂ ਦੇ ਹਿੱਤ ਵਿਚ ਹੈ। ਗੁਰਬਾਣੀ ਨੇ ਧਰਮ ਤੇ ਰਾਜਨੀਤੀ ਦੇ ਸੰਬੰਧ ਵਿਚ ਕਿਸੇ ਸੰਪਰਦਾ ਜਾਂ ਫ਼ਿਰਕੇ ਦੀ ਵਕਾਲਤ ਨਹੀਂ ਕੀਤੀ। ਇਸ ਵਿਚ ਕੇਵਲ ਕਰਤੱਵ ਨਿਭਾਉਣ ਉੱਤੇ ਬਲ ਹੈ, ਅਤੇ 'ਕਰਤੱਵ' ਦਾ ਨਿਰਧਾਰਨ ਧਰਮ-ਭਾਵਨਾ ਦੇ ਚੌਖਟੇ ਵਿਚ ਕਰਨ ਦੀ ਸੇਧ ਹੈ। ਰਾਜੇ (ਜਾਂ ਰਾਜ-ਅਧਿਕਾਰੀ) ਦਾ ਮੁੱਖ ਕਰਤੱਵ, ਗੁਰਬਾਣੀ ਅਨੁਸਾਰ, ਨਿਆਂ ਦੀ ਪਾਲਨਾ ਹੈ। ਇਸ ਪ੍ਰਕਰਣ ਵਿਚ ਗੁਰੂ ਨਾਨਕ ਦੇਵ ਦੀਆਂ ਇਹ ਪੰਕਤਿਆਂ ਵਿਚਾਰ ਦੀਆਂ ਪਾਤਰ ਹਨ :

ਨਾਨਕ ਚੁਲੀਆ ਸੁਚੀਆ, ਜੇ ਭਰਿ ਜਾਣੈ ਕੋਇ।
ਸੁਰਤੇ ਚੁਲੀ ਗਿਆਨ ਕੀ, ਜੋਗੀ ਕਾ ਜਤੁ ਹੋਇ।
ਬ੍ਰਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨੁ।
ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨ।

—(ਪੰਨਾ 1240)

Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਨੇ ਜਿਥੇ ਵਿਦਵਾਨਾਂ, ਜੋਗੀਆਂ, ਪੰਡਿਤਾਂ ਤੇ ਗ੍ਰਿਹਸਥੀਆਂ ਦੇ ਮੁੱਖ ਕਰਤੱਵਾਂ ਵੱਲ ਸੰਕੇਤ ਕੀਤਾ ਹੈ, ਉਥੇ ਰਾਜਿਆਂ ਦੇ ਫ਼ਰਜ਼ ਦਾ ਉਲੇਖ ਵੀ ਕੀਤਾ ਹੈ। ਜੋ ਰਾਜ-ਪ੍ਰਬੰਧ ਨਿਆਂ-ਪਾਲਕ ਨਹੀਂ, ਪਰਜਾ ਦੇ ਹਿੱਤਾਂ ਦੀ ਰਖਵਾਲੀ ਨਹੀਂ ਕਰਦਾ, ਲੋਕ-ਕਲਿਆਣ ਦੀ ਸੇਧ ਨਹੀਂ ਅਪਨਾਉਂਦਾ, ਉਸ ਦੀ ਕਰੜੀ ਆਲੋਚਨਾ ਬਾਣੀ ਵਿਚ ਪ੍ਰਾਪਤ ਹੈ। ਗੁਰੂ ਨਾਨਕ ਦੇਵ ਨੇ ਦੇਸ-ਪਰਦੇਸ ਦਾ ਰਟਨ ਕੀਤਾ, ਪਰ ਆਪਣੀ ਜਨਮ-ਭੂਮੀ ਦੇ ਰੂਪ ਵਿਚ ਉਹ ਹਿੰਦੁਤਾਨ ਨੂੰ ਵਿਸ਼ੇਸ਼ ਸਨੇਹ ਨਾਲ ਚਿਤਾਰਦੇ ਹਨ। ਉਨ੍ਹਾਂ ਦੀ ਬਾਣੀ-ਰਚਨਾ ਵਿਚ 'ਹਿੰਦੁਸਤਾਨ' ਸ਼ਬਦ ਦੀ ਇਕ ਤੋਂ ਵਧੀਕ ਵਾਰ ਵਰਤੋਂ ਹੋਈ ਹੈ। ਬਾਬਰ ਦੀ ਮੁਗ਼ਲ ਫ਼ੌਜ ਨੂੰ ਉਹ ਪਾਪ ਦੀ ਜੰਞ ਤੇ ਜਮਦੂਤਾਂ ਦਾ ਲਸ਼ਕਰ ਕਹਿੰਦੇ ਹਨ; ਬਾਬਰ ਧਿੰਗੋਜ਼ੋਰੀ ਭਾਰਤ ਦਾ 'ਕੰਨਿਆ-ਦਾਨ' ਮੰਗ ਰਿਹਾ ਹੈ। ਉਸ ਦੀ ਹਿੰਸਾ ਤੇ ਜਬਰ ਅਧੀਨ ਲੋਕ ਕੁਰਲਾ ਉਠੇ ਹਨ। ਗੁਰੂ ਸਾਹਿਬ ਆਪਣੇ ਦੇਸ਼-ਵਾਸੀਆਂ ਦੀ ਗ਼ੈਰਤ ਨੂੰ ਟੁੰਬ ਰਹੇ ਹਨ। ਇਹ ਉਨ੍ਹਾਂ ਦੀ ਰਾਜਸੀ ਚੇਤਨਾ ਦਾ ਸੂਚਕ ਹੈ। ਜੇਕਰ ਆਤਮਿਕ ਰਾਹਬਰ ਦੇ ਰੂਪ ਵਿਚ ਉਹ ਲੋਕਾਂ ਦੇ 'ਗੁਰੂ' ਹਨ, ਤਾਂ ਸਮਾਜਕ-ਰਾਜਨੀਤੀਕ ਖੇਤਰ ਵਿਚ ਉਹ ਜਨਤਾ ਦੇ ਪੱਥ-ਪ੍ਰਦਰਸ਼ਕ ਤੇ ਚਿੰਤਕ ਵੀ ਹਨ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਸੰਸਾਰਕ ਕਾਰ-ਵਿਹਾਰ ਤੋਂ ਉਪਰਾਮਤਾ ਜਾਂ ਭਾਂਜ ਦਾ ਸਬਕ ਨਹੀਂ ਦਿੱਤਾ, ਨਾ ਹੀ ਰਾਜ-ਪਾਟ ਵਿਚ ਰੁਚੀ ਲੈਣ ਤੋਂ ਵਰਜਿਆ ਹੈ। ਪ੍ਰਮੁੱਖ ਰੂਪ ਵਿਚ ਗੁਰੂ-ਘਰ ਸਹਿਨਸ਼ੀਲਤਾ, ਸ਼ਾਤੀ ਤੇ ਸਾਧੂ-ਬਿਰਤੀ ਦਾ ਪ੍ਰਤੀਕ ਰਿਹਾ, ਪਰ ਹਾਲਾਤ ਦੀ ਵੰਗਾਰ ਨੂੰ ਕਬੂਲਣ ਅਤੇ ਸੂਰਮਗਤੀ ਦੇ ਸੇਧ ਧਾਰਨ ਦੀ ਪ੍ਰੇਰਨਾ ਸਮੁੱਚੇ ਸਿੱਖ-ਚਿੰਤਨ ਦਾ ਅੰਗ ਬਣਦੀ ਗਈ।

ਬਾਣੀ ਦਾ ਫ਼ਲਸਫ਼ਾ 'ਧਰਮ' ਨੂੰ ਵਿਸ਼ਾਲ ਅਰਥਾਂ ਵਿਚ ਸੰਕਲਪਦਾ ਹੈ। ਧਰਮ ਦਾ ਸੰਬੰਧ ਕੇਵਲ ਅਧਿਆਤਮਿਕ ਜੀਵਨ ਨਾਲ ਨਹੀਂ, ਮਨੁੱਖੀ ਜੀਵਨ ਦੇ ਲਗਭਗ ਹਰ ਪਹਿਲੂ ਨਾਲ ਹੈ। ਨਿਰਮਲ ਕਰਮ ਨੈਤਿਕ ਦ੍ਰਿਸ਼ਟੀ ਤੋਂ ਧਰਮ ਹਨ। ਕਿਰਤ ਕਮਾਈ ਤੇ ਵੰਡ ਕੇ ਖਾਣਾ ਆਰਥਿਕ ਜੀਵਨ ਦਾ ਧਰਮ ਹੈ। ਮਾਲਾ ਦੇ ਨਾਲ-ਨਾਲ ਤਲਵਾਰ ਨੂੰ ਸੂਰਮਗਤੀ ਦੇ ਚਿੰਨ੍ਹ ਵਜੋਂ ਅਪਨਾਉਣਾ ਹਰ ਸ਼ਹਿਰੀ ਦਾ ਧਰਮ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਉਪਰੰਤ ਗੁਰੂ-ਘਰ ਦੇ ਪ੍ਰਤੀਕ ਬਦਲਣੇ ਸ਼ੁਰੂ ਹੋ ਗਏ। 'ਸੰਤ' ਦੇ ਨਾਲ 'ਸਿਪਾਹੀ' ਦਾ ਚਿੰਨ੍ਹ ਸਿੱਖ-ਜੀਵਨ ਦਾ ਨਿਸ਼ਾਨ ਬਣ ਕੇ ਉਭਰਿਆ। ਗੁਰੂ ਹਰਗੋਬਿੰਦ ਦਾ ਬਾਣਾ, ਸ਼ਹਿਜ਼ਾਦਿਆਂ ਵਾਲਾ ਠਾਠ-ਬਾਠ, ਗੁਰੂ-ਪਿਤਾ (ਗੁਰੂ ਅਰਜਨ ਦੇਵ) ਨਾਲੋਂ ਵੱਖਰੀ ਨੁਹਾਰ ਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਵਿਅਕਤੀ ਅੰਦਰੋਂ ਸਾਧੂ-ਸੁਭਾ ਤੇ ਬਾਹਰੋਂ ਸ਼ਹਿਜ਼ਾਦਾ ਬਣ ਕੇ ਵਿਚਰੇ। ਹਥਿਆਰ ਦੀਨ-ਦੁਖੀ ਦੀ ਰਖਿਆ ਲਈ ਤੇ ਜ਼ਾਲਮ ਦੇ ਨਾਸ ਲਈ ਸਨ। ਗੁਰੂ ਨਾਨਕ ਨੇ ਸੰਸਾਰਕ ਜੀਵਨ ਤਿਆਗਿਆ ਨਹੀਂ ਸੀ, ਇਸ ਦੇ ਲੋਭ-ਲਾਲਸਾਵਾਂ ਤੋਂ ਉਪਰ ਉੱਠਣ ਦਾ ਰਾਹ ਉਲੀਕਿਆ ਸੀ। ਗੁਰੂ ਹਰਗੋਬਿੰਦ ਨੇ ਆਪਣੇ ਪੈਰੋਕਾਰਾਂ ਨੂੰ ਨਿਸ਼ਚਾ ਕਰਾਇਆ ਕਿ ਗੁਰੂ 'ਸੱਚਾ'

Sri Satguru Jagjit Singh Ji eLibrary NamdhariElibrary@gmail.com

ਵੀ ਹੈ ਤੇ 'ਪਾਤਸ਼ਾਹ' ਵੀ। ਉਹ ਗੁਰ-ਗੱਦੀ ਦਾ ਵਾਰਸ ਹੈ। ਪਰ ਨਾਲ ਹੀ ਤਖ਼ਤ ਦਾ ਅਧਿਕਾਰੀ ਹੈ।

ਹਾਲਾਤ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰਖਦਿਆਂ ਗੁਰੂ ਸਾਹਿਬਾਨ ਨੇ ਜੋ ਨਵੇਂ ਪ੍ਰਤੀਕ ਅਪਣਾਏ, ਉਨ੍ਹਾਂ ਨੇ ਸਿੱਖ-ਚਿੰਤਨ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਦਲੇਰੀ ਦਾ ਗੁਣ ਆਤਮਿਕ ਤੇ ਦੁਨਿਆਵੀ ਜੀਵਨ ਵਿਚ ਇੱਕੋ ਜਿਹਾ ਲੁੜੀਂਦਾ ਹੈ,—ਇਹ ਵਿਸ਼ਵਾਸ ਸਿੱਖ ਭਾਈਚਾਰੇ ਦੀ ਜੀਵਨ-ਟੇਕ ਬਣ ਗਿਆ। ਪੱਤ ਤੇ ਸਵੈਮਾਨ ਨਾਲ ਜਿਊਣ ਦੀ ਚਿਤਾਵਨੀ ਗੁਰੂ ਨਾਨਕ ਦੇ ਸਮੇਂ ਤੋਂ ਹੀ ਮਿਲ ਰਹੀ ਸੀ—"ਜਿਨ ਜੀਵੰਦਿਆ ਪਤਿ ਨਹੀਂ, ਮੁਇਆ ਮੰਦੀ ਸੋਇ।" ਗੁਰੂ ਹਰਗੋਬਿੰਦ ਦੇ ਸਮੇਂ ਤਕ ਦਲੇਰੀ ਤੇ ਪੱਤ ਦੇ ਜੀਵਨ ਲਈ ਮੀਰੀ ਤੇ ਪੀਰੀ ਦਾ ਸਮੰਜਨ ਸਿੱਖ ਸਮਾਜ-ਦਰਸ਼ਨ ਤੇ ਰਾਜਨੀਤੀ ਦਾ ਸ੍ਰੇਸ਼ਟ ਆਧਾਰ ਬਣ ਗਿਆ। "ਹਾਰ ਨਹੀਂ, ਸਭ ਜੇਤੈ' ਦੀ ਭਾਵਨਾ ਬਲਵਾਨ ਹੁੰਦੀ ਹੋਈ 'ਨਿਸਚੈ ਕਰਿ ਅਪਨੀ ਜੀਤ ਕਰਉਂ" ਦੇ ਨਾਅਰੇ ਵਿਚ ਬਦਲ ਗਈ। ਰਾਜਸੀ ਜੀਵਨ ਵਿਚ ਜੋ ਕ੍ਰਿਆ ਕੂੜ ਦੀ ਪ੍ਰਧਾਨਤਾ ਦਾ ਵਿਰੋਧ ਕਰੇ ਅਤੇ ਸੱਚ ਦਾ ਪੱਲਾ ਥੰਮੀ ਰਖੇ, ਉਹ ਧਰਮ-ਕਰਮ ਹੈ। ਗੁਰਬਾਣੀ ਦੇ ਇਸ ਫ਼ਲਸਫ਼ੇ ਨੇ ਧਰਮ ਅਤੇ ਰਾਜਨੀਤੀ ਨੂੰ ਅਨਿਖੜ ਸੰਬੰਧ ਵਿਚ ਜੋੜ ਦਿੱਤਾ। ਧਰਮ-ਕਰਮ ਦੀ ਇਹ ਨੀਤੀ ਵਿਕਸਿਤ ਹੋ ਰਹੀ ਸਿੱਖ ਜੀਵਨ-ਮਰਿਆਦਾ ਅਤੇ ਰਾਜਸੀ ਸ਼ਕਤੀ ਲਈ ਨਿੱਗਰ ਸਿਧਾਂਤਕ ਆਧਾਰ ਹੋ ਨਿਬੜੀ।

## ਰਾਜਨੀਤਿਕ ਸੰਬੰਧਾਂ ਦਾ ਪਿਛੋਕੜ

ਸਿੱਖ ਰਾਜਨੀਤੀ ਦੇ ਵਿਕਾਸ ਵਿਚ ਕਈ ਪੜਾਅ ਅਤੇ ਮੋੜ ਆਏ। ਗੁਰੂ-ਘਰ ਅਤੇ ਸ਼ਾਹੀ ਘਰਾਣੇ ਦੇ ਪਰਸਪਰ ਸੰਬੰਧਾਂ ਵਿਚ ਵੀ ਅਨੇਕ ਪਰਿਵਰਤਨ ਆਏ। ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਦੋਂ ਸਿੱਖ-ਭਾਈਚਾਰੇ ਦੀ ਵਾਗ-ਡੋਰ ਗੁਰੂ ਹਰਗੋਬਿੰਦ ਜੀ ਨੇ ਸੰਭਾਲੀ, ਤਾਂ ਸਿੱਖ ਪਹਿਲੀ ਵਾਰੀ 'ਸੂਰਮਾ' ਬਣ ਕੇ ਰਣ-ਭੂਮੀ ਵਿਚ ਉਤਰਿਆ। ਸੂਰਮਗਤੀ ਦੇ ਇਸ ਕ੍ਰਿਆਤਮਕ ਪੱਖ ਉੱਤੇ ਧਿਆਨ ਛੇਵੇਂ ਗੁਰੂ ਦੇ ਜੀਵਨ-ਕਾਲ ਵਿਚ ਕੇਂਦ੍ਰਿਤ ਹੋਇਆ; ਪਰ ਸੂਰਮੇ ਦੇ ਲੱਛਣਾਂ ਦੀ ਚਰਚਾ ਗੁਰੂ-ਬਾਣੀ ਤੇ ਭਗਤ-ਬਾਣੀ ਵਿਚ ਪਹਿਲਾਂ ਤੋਂ ਹੀ ਪ੍ਰਾਪਤ ਸੀ। ਕਬੀਰ ਜੀ ਦੀ ਸ਼ਬਦਾਵਲੀ ਵਿਚ—"ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ।" ਇਹ ਸੰਤਗੀਰੀ ਦੀ ਸੂਰਮਤਾਈ ਸੀ, ਜਿਸ ਲਈ ਸਿਰ ਨੂੰ 'ਤਲੀ' ਉੱਤੇ ਧਰਨਾ ਪੈਂਦਾ ਹੈ। ਮਗਰੋਂ ਇਹ ਸੂਰਮਗਤੀ ਸਿਪਾਹੀ ਦੇ ਕਰਤੱਵ ਵਿਚ ਬਦਲ ਗਈ, ਜਦੋਂ ਅਸੂਲ ਦੀ ਖ਼ਾਤਿਰ, ਜਾਨ ਦੀ ਬਾਜ਼ੀ ਲਗਾਉਣ ਦੀ ਲੋੜ ਪੈ ਗਈ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਨੂੰ 'ਪਾਤਸ਼ਾਹ' ਦੇ ਰੂਪ ਵਿਚ ਦੇਖਣਾ ਅਰੰਭਿਆ, ਜੋ 'ਤਖਤ ਤੇ ਛਤਰ' ਦਾ ਅਧਿਕਾਰੀ ਸੀ।

ਗੁਰੂ ਨਾਨਕ ਦੀ ਗੱਦੀ ਦੇ ਵਾਰਸ ਪਾਤਸ਼ਾਹ ਜ਼ਰੂਰ ਹਨ, ਪਰ ਉਹ 'ਸੱਚਾ'

Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ ਹਨ, ਸਿਆਸੀ ਤੇ ਰਾਜਪਾਟ ਦੇ ਅਰਥਾਂ ਵਿਚ ਸਾਧਾਰਨ ਬਾਦਸ਼ਾਹ ਨਹੀਂ। ਗੁਰੂ ਨਾਨਕ ਦੇਵ ਦੇ ਜੀਵਨ-ਕਾਲ ਵਿਚ ਹੀ ਮੁਗ਼ਲ ਹਕੂਮਤ ਦਾ ਸੰਚਾਲਕ, ਬਾਬਰ, ਹਿੰਦੁਸਤਾਨ ਦਾ ਬਾਦਸ਼ਾਹ ਆ ਬਣਿਆ। ਬਾਬਰ ਤੇ ਉਸ ਦੇ ਗੁਰੂ ਘਰਾਣੇ ਦੇ ਸਮਾਨਾਂਤਰ, 1526 ਤੋਂ 1708 ਈਸਵੀਂ ਤਕ ਨਿਭਦੇ ਰਹੇ। 'ਬਾਬੇ ਕੇ' ਵਾਰਸਾਂ ਨੂੰ 'ਦੀਨ ਸ਼ਾਹ' (ਧਰਮ ਦੇ ਪਾਤਸ਼ਾਹ) ਅਤੇ 'ਬਾਬਰ ਕੇ' ਨੂੰ 'ਦੁਨੀ ਪਤਿ' (ਸੰਸਾਰਕ ਰਾਜ-ਪਾਟ ਦੇ ਮਾਲਕ) ਕਿਹਾ ਗਿਆ ਹੈ। ਦੋਵੇਂ ਪਾਤਸ਼ਾਹੀ ਘਰਾਣੇ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਰਹੇ, ਕਦੀ ਮਿੱਤਰਾਂ ਦੇ ਤੌਰ' ਤੇ, ਕਦੀ ਵਿਰੋਧੀਆਂ ਦੇ ਰੂਪ ਵਿਚ। ਮੁੱਠ-ਭੇੜ ਹੋਈ, ਜੰਗਾਂ ਹੋਈਆਂ, ਸ਼ਹੀਦੀਆਂ ਵੀ ਦੇਣੀਆਂ ਪਈਆਂ। ਰਾਇ ਬਲਵੰਡ ਤੇ ਸੱਤੇ ਅਨੁਸਾਰ, "ਨਾਨਕ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ।" ਪਰ ਜੋ 'ਰਾਜ' ਗੁਰੂ ਨਾਨਕ ਨੇ ਚਲਾਇਆ, ਉਸ ਵਿਚ ਬਾਬਰ ਘਰਾਣੇ ਦੇ ਸਿਆਸੀ ਦਾਉ-ਪੇਚਾਂ, ਤਾਕਤ-ਅਜ਼ਮਾਈ, ਜਬਰ ਤੇ ਹਿੰਸਾ ਦੀ ਕੋਈ ਥਾਂ ਨਹੀਂ ਸੀ, ਨਾ ਹੀ ਇਹ ਰਾਜ ਸੰਪਰਦਾਇਕ ਕੱਟੜਤਾ ਉੱਤੇ ਆਧਾਰਿਤ ਸੀ। ਸਮੇਂ ਦੀ ਵੰਗਾਰ ਅਧੀਨ ਗੁਰੂ ਨਾਨਕ ਦੇ ਵਾਰਸਾਂ ਨੂੰ ਤਲਵਾਰ ਚੁੱਕਣੀ ਪਈ, ਫ਼ੌਜ ਜਥੇਬੰਦ ਕਰਨੀ ਪਈ, ਅਤੇ ਆਖ਼ਿਰ ਰਾਜ-ਪਾਟ ਵੀ ਸੰਭਾਲਣਾ ਪਿਆ। ਤਦ ਵੀ, ਬੁਨਿਆਦੀ ਤੌਰ ਤੇ, ਗੁਰੂ-ਘਰਾਣੇ ਦੀ ਸੇਧ ਮਨੁੱਖ-ਮਾਤਰ ਦਾ ਨੈਤਿਕ ਆਤਮਿਕ ਕਲਿਆਣ ਸੀ, ਦਲੇਰ ਦੇ ਨਿਰਮਲ ਜੀਵਨ-ਜਾਚ ਸੀ।

ਮੁਗ਼ਲ ਬਾਦਸ਼ਾਹਤ ਦਾ ਤੀਸਰਾ ਅਧਿਕਾਰੀ ਅਕਬਰ 1556 ਵਿਚ ਸ਼ਹਿਨਸ਼ਾਹ ਬਣਿਆ। ਉਧਰ ਗੁਰੂ ਨਾਨਕ ਦੀ ਗੱਦੀ ਦੇ ਤੀਸਰੇ ਅਧਿਕਾਰੀ ਗੁਰੂ ਅਮਰਦਾਸ 1552 ਵਿਚ ਗੁਰਗੱਦੀ ਉੱਤੇ ਬਿਰਾਜ ਚੁੱਕੇ ਸਨ। ਅਕਬਰ ਨੇ ਰਾਜ-ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿਤ ਸਲਤਨਤ ਨੂੰ 22 ਇਕਾਈਆਂ ਵਿਚ ਵੰਡ ਦਿੱਤਾ। ਦੂਜੇ ਪਾਸੇ ਗੁਰੂ ਅਮਰਦਾਸ ਨੇ ਸਿੱਖੀ ਦੇ ਪ੍ਰਚਾਰ ਦੇ ਪਾਸਾਰ ਹਿਤ 22 ਮੰਜੀਆਂ ਕਾਇਮ ਕੀਤੀਆਂ। ਅਕਬਰ ਵਿਚ ਧਾਰਮਿਕ ਸਹਿਨਸ਼ੀਲਤਾ ਦੀ ਰੁਚੀ ਪ੍ਰਬਲ ਸੀ। ਉਸ ਨੂੰ ਗੁਰੂ ਸਾਹਿਬ ਦੇ ਧਰਮ-ਕਰਮ ਨਾਲ ਕੋਈ ਵਿਸ਼ੇਸ਼ ਵਿਰੋਧ ਨਹੀਂ ਸੀ। ਇਕ ਵਾਰੀ ਉਹ ਗੋਇੰਦਵਾਲ ਵਿਚੋਂ ਲੰਘਦਾ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਗਿਆ ਤੇ ਲੰਗਰ ਵਿਚ ਖਾਣਾ ਵੀ ਖਾ ਗਿਆ। ਇਤਿਹਾਸਕਾਰਾਂ ਨੇ ਅਕਬਰ ਤੇ ਗੁਰੂ ਅਰਜਨ ਦੇਵ ਵਿਚਕਾਰ ਵੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ। ਬਦਾਯੂਨੀ ਕਹਿੰਦਾ ਹੈ, "ਅਕਬਰ ਗੁਰੂ ਸਾਹਿਬ ਦੀ ਰੂਹਾਨੀਅਤ ਦਾ ਪ੍ਰਸ਼ੰਸਕ ਸੀ ਅਤੇ ਉਨ੍ਹਾਂ ਪਾਸੋਂ ਅਸ਼ੀਰਵਾਦ ਲੈ ਕੇ ਖੁਸ਼ ਹੁੰਦਾ ਸੀ।" ਅਬੁਲ ਫ਼ਜ਼ਲ ਨੇ ਵੀ 'ਅਕਬਰਨਾਮਾ' ਵਿਚ ਬਾਦਸ਼ਾਹ ਦੇ ਗੁਰੂ ਸਾਹਿਬ ਨਾਲ ਮੇਲ ਦਾ ਜ਼ਿਕਰ ਕੀਤਾ ਹੈ। ਗੁਰੂ-ਘਰ ਪ੍ਰਤੀ ਅਕਬਰ ਦਾ ਰਵੱਈਆ ਤਅੱਸਬ ਵਾਲਾ ਨਹੀਂ ਸੀ, ਚਾਹੇ ਉਸ ਦੀ ਇਹ ਰੁਚੀ ਕੱਟੜਪੰਥੀ ਮੁੱਲਾਂ ਤੇ ਅਹਿਲਕਾਰਾਂ ਨੂੰ ਪਸੰਦ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

ਅਕਬਰ ਤੋਂ ਉਪਰੰਤ ਜਹਾਂਗੀਰ ਨੇ ਆਪਣੀ ਬਾਦਸ਼ਾਹਤ ਦੇ ਪਹਿਲੇ ਹੀ ਸਾਲ ਦੌਰਾਨ 'ਕਾਫ਼ਿਰਾਂ' ਨੂੰ ਕੁਚਲਣ ਦੇ ਮਨਸੂਬੇ ਬਣਾ ਲਏ। ਇਸ ਪਾਸੇ ਪਹਿਲਾ ਵਾਰ ਉਸ ਨੇ ਗੁਰੂ-ਘਰਾਣੇ ਉੱਤੇ ਕੀਤਾ। ਫ਼ਾਰਸੀ ਵਿਚ ਲਿਖੀ ਉਸ ਦੀ ਸਵੈ-ਜੀਵਨੀ 'ਤੁਜ਼ਕਿ ਜਹਾਂਗੀਰੀ' ਸਪੱਸ਼ਟ ਸ਼ਬਦਾਂ ਵਿਚ ਉਸ ਦੇ ਇਰਾਦਿਆਂ ਉੱਤੇ ਰੋਸ਼ਨੀ ਪਾਉਂਦੀ ਹੈ। ਉਹ ਲਿਖਦਾ ਹੈ ਕਿ ਬਿਆਸ ਨਦੀ ਦੇ ਕਿਨਾਰੇ ਗੋਇੰਦਵਾਲ ਵਿਚ ਵਸਦਾ 'ਹਿੰਦੂ' ਅਰਜਨ, ਪੀਰ ਤੇ ਸ਼ੇਖ ਦੇ ਲਿਬਾਸ ਵਿਚ ਬੇਸਮਝ ਹਿੰਦੂਆਂ ਤੇ ਕਈ ਬੇਵਕੂਫ਼ ਮੁਸਲਮਾਨਾਂ ਨੂੰ ਗੁਮਰਾਹ ਕਰ ਰਿਹਾ ਹੈ। ਉਹ ਉਨ੍ਹਾਂ ਲੋਕਾਂ ਦਾ ਧਾਰਮਿਕ ਤੇ ਦੁਨਿਆਵੀ ਰਾਹਬਰ ਬਣਿਆ ਬੈਠਾ ਸੀ। "ਮੈਂ ਬੜੀ ਦੇਰ ਤੋਂ ਸੋਚ ਰਿਹਾ ਸਾਂ ਕਿ ਝੂਠ ਦੀ ਇਸ ਆਵਾਜਾਈ ਨੂੰ ਬੰਦ ਕਰ ਦਿਆਂ ਤੇ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲੈ ਆਵਾਂ।" ਆਖ਼ਿਰ ਜਹਾਂਗੀਰ ਦੇ ਹੁਕਮ ਅਧੀਨ ਗੁਰੂ ਅਰਜਨ ਦੇਵ ਨੂੰ ਮਈ 1606 ਵਿਚ 'ਸਿਆਸਤ ਤੇ ਯਾਸਾ' ਦੀ ਦੰਡਾਵਲੀ ਅਧੀਨ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ ਸਿੱਖ ਧਰਮ ਦੀ ਪਹਿਲੀ ਸ਼ਹਾਦਤ ਸੀ, ਜਿਸ ਨੇ ਸਿੱਖ ਲਹਿਰ ਨੂੰ ਨਵਾਂ ਮੋੜ ਦਿੱਤਾ, ਨਵੀਂ ਦਿਸ਼ਾ ਤੇ ਸੇਧ ਦਿੱਤੀ। ਗੁਰੂ ਹਰਗੋਬਿੰਦ ਦੇ ਸਮੇਂ ਸਿੱਖੀ ਦਾ ਸੈਨਿਕੀਕਰਨ, ਸੰਗਠਿਤ ਭਾਈਚਾਰੇ ਦੇ ਵਿਕਾਸ-ਮਾਰਗ ਦਾ ਇਕ ਅਨਿਵਾਰੀ ਪੜਾਅ ਸੀ। ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਵਿਚ ਵਾਪਰੀਆਂ ਘਟਨਾਵਾਂ, ਸੰਗਰਾਮ ਤੇ ਕਾਰਨਾਮੇ, ਸਿੱਖ ਰਾਜਨੀਤੀ ਵਿਚ ਆਏ ਪਰਿਵਰਤਨ ਤੇ ਪ੍ਰਾਪਤੀਆਂ ਸਭ ਇਸੇ ਦਿਸ਼ਾ ਦੇ ਸੇਧ ਦਾ ਸਿੱਟਾ ਸਿੱਧ ਹੁੰਦੇ ਹਨ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਸਿੱਖ ਲਹਿਰ ਆਪਣੇ ਆਪ ਵਿਚ ਇਕ ਸਮਾਜਕ ਲਹਿਰ ਸੀ, ਨਾ ਕਿ ਕੇਵਲ-ਮਾਤਰ ਵਿਅਕਤੀ ਦੇ ਆਤਮਿਕ ਕਲਿਆਣ ਦਾ ਇਕ ਹੋਰ ਮਾਰਗ। ਇਹ ਠੀਕ ਹੈ ਕਿ ਮਨੁੱਖ ਦੇ ਨੈਤਿਕ-ਆਤਮਿਕ ਵਿਕਾਸ ਲਈ ਗੁਰੂ ਨਾਨਕ-ਬਾਣੀ ਨੇ ਗਾਡੀ ਰਾਹ ਪ੍ਰਸਤੁਤ ਕੀਤਾ, ਪਰ ਇਸ ਦੇ ਨਾਲ ਹੀ ਗੁਰੂ ਸਾਹਿਬਾਨ ਨੇ ਮੱਧਕਾਲੀਨ ਭਾਰਤੀ ਸਮਾਜ ਦੀ ਨਵੇਂ ਸਿਰਿਉਂ ਘਾੜਤ ਲਈ ਕਾਰਗਰ ਕਦਮ ਉਠਾਏ, ਜਿਨ੍ਹਾਂ ਦੇ ਫਲਸਰੂਪ ਸਿੱਖ ਸੰਪਰਦਾਇ ਸਾਧੂ-ਸੰਤਾਂ ਦਾ ਇਕ ਟੋਲਾ ਨਾ ਰਹਿ ਕੇ ਦਲੇਰ ਤੇ ਸੰਤੋਖੀ ਜਿਊੜਿਆਂ ਦਾ ਭਾਈਚਾਰਾ ਬਣ ਕੇ ਉਭਰਿਆ, ਜੋ ਕਿਰਤ-ਕਮਾਈ ਵਿਚ ਯਕੀਨ ਰਖਦੇ ਸਨ, ਨਾਮ-ਮਾਰਗ ਦੇ ਪਾਂਧੀ ਸਨ ਅਤੇ ਇਨਸਾਫ਼ ਤੇ ਸਵੈ-ਰੱਖਿਆ ਲਈ ਜਥੇਬੰਦ ਹੋ ਸਕਦੇ ਸਨ। ਜਿਵੇਂ ਕਿ ਸਰਦਾਰ ਕਪੂਰ ਸਿੰਘ ਨੇ ਕਿਹਾ ਹੈ, ਸਿੱਖ-ਮਤ ਨੂੰ ਮੱਧਕਾਲੀਨ ਹਿੰਦੂ ਸਮਾਜ ਦਾ ਇਕ ਇਤਿਹਾਸਕ ਦੌਰ ਜਾਂ ਸੁਧਾਰ-ਲਹਿਰ ਮੰਨ ਲੈਣ ਵਿਚ ਸਿੱਖ ਲਹਿਰ ਦੀ ਖ਼ਾਸੀਅਤ ਸੰਬੰਧੀ ਗ਼ਲਤ ਧਾਰਨਾ ਕਾਇਮ ਹੋਣ ਦੀ ਸੰਭਾਵਨਾ ਹੈ। ਗੁਰੂ ਨਾਨਕ ਦੇਵ ਨਵਾਂ ਸਮਾਜ ਸਿਰਜਣ ਲਈ ਆਧਾਰ ਕਾਇਮ ਕੀਤੇ ਅਤੇ ਦਾਰਸ਼ਨਿਕ ਬੁਨਿਆਦਾਂ ਪੱਕੀਆਂ ਕੀਤੀਆਂ। ਮੁਕਤੀ ਜਾਂ ਕਲਿਆਣ ਕੇਵਲ ਵਿਅਕਤੀਗਤ ਲੋੜ ਨਹੀਂ, ਸਗੋਂ ਸਮੂਹਕ ਤੇ ਸਮਾਜਕ ਪ੍ਰਾਪਤੀ ਹੈ।

ਪਰੰਪਰਾਗਤ ਭਾਰਤੀ ਸਭਿਆਚਾਰ ਦੇ ਅਸਲੇ ਦੀ ਪਰਖ ਕਰਦਿਆਂ, ਸਰਦਾਰ

Sri Satguru Jagjit Singh Ji eLibrary NamdhariElibrary@gmail.com

ਕਪੂਰ ਸਿੰਘ ਨੇ ਹਿੰਦੂ ਸੰਸਕ੍ਰਿਤੀ ਦੇ ਦੋ ਆਧਾਰਾਂ ਦਾ ਉਲੇਖ ਕੀਤਾ ਹੈ। ਪਹਿਲਾ ਆਧਾਰ 'ਰਿਗਵੇਦ' ਦੇ ਮੰਤਰ ਹਨ, ਜਿਨ੍ਹਾਂ ਨੇ ਸਮਾਜਕ ਦਰਜਾਬੰਦੀ, ਜ਼ਾਤ-ਪਾਤ ਦੀ ਊਚ-ਨੀਚ, ਰਹੁ-ਰੀਤਾਂ ਤੇ ਕਰਮਕਾਂਡ, ਅਤੇ ਸਦਾਚਾਰ ਦੀਆਂ ਰਸਮੀ ਪਾਬੰਦੀਆਂ ਉੱਤੇ ਬਲ ਦਿੱਤਾ। ਦੂਜਾ ਆਧਾਰ ਉਪਨਿਸ਼ਦਾਂ ਵਿਚ ਅੰਕਿਤ ਵਿਚਾਰ ਤੇ ਸਿਧਾਂਤ ਹਨ ਜੋ ਆਤਮਿਕ ਪੱਧਰ ਉੱਤੇ ਮਨੁੱਖੀ ਸਮਾਨਤਾ ਨੂੰ ਸਵੀਕ੍ਰਿਤੀ ਦੇਂਦੇ ਹਨ, ਅੰਤਰੀਵੀ ਸੁਹਜ ਅਤੇ ਸਾਧਨਾ ਦੀ ਲੋੜ ਉੱਤੇ ਬਲ ਦੇਂਦੇ ਹਨ। ਇਕ ਪਾਸੇ ਰਿਵਾਜੀ ਆਧਾਰ ਸੀ, ਦੂਜੇ ਪਾਸੇ ਸਿਧਾਂਤਕ। ਗੁਰੂ ਨਾਨਕ ਦੇ ਆਗਮਨ ਤੋਂ ਪੂਰਬਲੀਆਂ ਪੰਜ ਸਦੀਆਂ ਦੇ ਦੌਰਾਨ ਭਾਰਤ ਉੱਤੇ ਹੋਏ ਬਦੇਸ਼ੀ, ਮੁਸਲਮਾਨੀ ਹਮਲਿਆਂ ਨੇ ਹਿੰਦੂ ਸਭਿਆਚਾਰ ਤੇ ਸਮਾਜ ਨੂੰ ਜੜ੍ਹੋਂ ਹਿਲਾ ਦਿੱਤਾ; ਉਸ ਵਿਚ ਇਸ ਧੱਕੇ ਨੂੰ ਸਹਿਣ ਦੀ ਸਮਰਸੱਥਾ ਨਹੀਂ ਸੀ। ਕਪੂਰ ਸਿੰਘ ਦਾ ਮਤ ਹੈ ਕਿ ਗੁਰੂ ਨਾਨਕ ਦੇਵ ਇਸ ਖੋਖਲੇ ਹੋ ਚੁੱਕੇ ਸਮਾਜ ਦੀ ਨਵ-ਸਿਰਜਨਾ ਦਾ ਸੰਦੇਸ਼ ਲੈ ਕੇ ਆਏ, ਜਿਸ ਨੇ ਸਮਾਜਕ ਰਾਜਸੀ ਖੇਤਰਾਂ ਵਿਚ ਆਪਣਾ ਰੰਗ ਦਿਖਾਇਆ, ਅਤੇ ਸਿੱਟੇ ਵਜੋਂ ਗੁਰੂ ਨਾਨਕ-ਕਾਲ ਤੋਂ ਉਪਰੰਤ 'ਪੰਜਾਬ ਦਾ ਇਤਿਹਾਸ' 'ਸਿੱਖ ਇਤਿਹਾਸ' ਬਣ ਗਿਆ। ਪ੍ਰਤੱਖ ਹੈ ਕਿ ਗੁਰੂ ਸਾਹਿਬ ਨੇ ਸਮਕਾਲੀਨ ਹਿੰਦੂ ਸਭਿਆਚਾਰ ਦੇ ਕਰਮਕਾਂਡੀ ਆਧਾਰ ਨੂੰ ਅਸਲੋਂ ਰੱਦ ਕਰ ਦਿੱਤਾ, ਅਤੇ ਸਾਧਨਾ ਦੇ ਪੱਖ ਨੂੰ ਨਰੋਈ ਸੇਧ ਬਖ਼ਸ਼ੀ।

ਸਮਾਜ ਦੇ ਨਵ-ਗਠਨ ਹਿਤ ਗੁਰੂ ਸਾਹਿਬ ਨੇ ਜੋ ਵਿਉਂਤ ਸਿਰਜੀ, ਉਸ ਦੇ ਤਿੰਨ ਸਪੱਸ਼ਟ ਆਧਾਰ ਸਨ। ਪਹਿਲਾ ਮਨੋਵਿਗਿਆਨਕ ਸੰਜਮ ਸੀ, ਜਿਸ ਨੂੰ 'ਸਾਧਨਾ' ਦੇ ਅੰਤਰਗਤ ਵਿਚਾਰਿਆ ਜਾ ਸਕਦਾ ਹੈ। ਇਸ ਨੂੰ ਨਾਮ-ਸਿਮਰਨ, ਧਿਆਨ ਧਾਰਨ ਜਾਂ ਲਿਵ-ਜੋੜਨ ਦੀ ਸ਼ਬਦਾਵਲੀ ਦਿੱਤੀ ਗਈ ਹੈ। ਇਹ ਵਿਅਕਤੀ ਦਾ ਧਾਰਮਿਕ ਕਰਤੱਵ ਸੀ, ਉਸ ਦੀ ਆਤਮਿਕ ਲੋੜ ਸੀ। ਉਸ ਦੀ ਮਾਨਸਿਕਤਾ ਨੂੰ ਬਲ ਦੇਣ ਲਈ ਇਹ ਸੰਜਮ ਨਿਰਧਾਰਿਤ ਕੀਤਾ ਗਿਆ, ਕਿਉਂਕਿ ਬਲਵਾਨ ਆਤਮਾ ਹੀ ਨਰੋਏ ਸਮਾਜ ਦੀ ਘਾੜਤ ਵਿਚ ਮੁੱਲਵਾਨ ਸਿੱਧ ਹੋ ਸਕਦੀ ਹੈ। ਵਿਅਕਤੀ ਦੀ ਆਤਮਿਕ ਅਮੀਰੀ ਨੂੰ ਗੁਰੂ ਨਾਨਕ ਦੇਵ ਨੇ "ਜਿਨ ਪਟੁ ਅੰਦਰਿ, ਬਾਹਰਿ ਗੁਦੜ, ਤੇ ਭਲੇ ਸੰਸਾਰਿ" ਕਹਿ ਕੇ ਵਡਿਆਇਆ ਸੀ। ਮੰਦੇ ਕਰਮਾਂ ਨਾਲ ਮੈਲੀ ਹੋਈ ਮਤ ਨੂੰ ਨਾਮ ਦੇ ਸੰਜਮ ਨਾਲ ਧੋ ਕੇ ਸਵੱਛ ਕਰਨ ਦੀ ਸੇਧ ਬਾਣੀ ਵਿਚ ਥਾਂ-ਥਾਂ ਉੱਤੇ ਪ੍ਰਾਪਤ ਹੈ। ਇਹ ਸੰਜਮ ਕਿਸੇ ਵਿਸ਼ੇਸ਼ ਕਰਮਕਾਂਡ, ਰਸਮੀ ਅਡੰਬਰ ਜਾਂ ਰਹੁ-ਰੀਤ ਨਾਲ ਜੁੜਿਆ ਹੋਇਆ ਨਹੀਂ। ਇਸ ਦਾ ਸਿੱਧਾ ਸੰਬੰਧ ਜੀਵਨ ਦੀ ਉੱਤਮਤਾ ਨਾਲ, ਮਨੁੱਖ ਦੇ ਮਾਨਸਿਕ-ਆਤਮਿਕ ਵਿਕਾਸ ਨਾਲ ਹੈ। ਇਸ ਦੀ ਸੇਧ ਨਰੋਈ ਜੀਵਨ-ਜਾਚ ਵਾਲੇ ਸੰਤੁਲਿਤ ਵਿਅਕਤੀਆਂ ਦਾ ਨਰੋਆ ਸਮਾਜ ਹੈ।

ਗੁਰੂ ਸਾਹਿਬ ਦੀ ਵਿਉਂਤ ਦਾ ਦੂਜਾ ਆਧਾਰ ਆਰਥਿਕ ਜੀਵਨ ਦਾ ਨਿਯਮ ਸੀ, ਜੋ 'ਕਿਰਤ' ਦੇ ਰੂਪ ਵਿਚ ਪਰਵਾਨ ਚੜ੍ਹਿਆ। ਇਹ ਧਨ-ਦੌਲਤ ਦੀ ਉਪਜ ਤੇ

Sri Satguru Jagjit Singh Ji eLibrary NamdhariElibrary@gmail.com

ਖਪਤ ਦਾ ਅਜਿਹਾ ਸੰਜਮ ਸੀ ਜੋ ਆਰਥਿਕ ਜੀਵਨ ਨੂੰ ਸਦਾਚਾਰਕ ਆਧਾਰ ਦੇਂਦਾ ਹੈ। ਮਨੁੱਖ ਦੀਆਂ ਜੋ ਵੀ ਪਦਾਰਥਕ ਪ੍ਰਾਪਤੀਆਂ ਬਦਨੀਤੀ, ਠੱਗੀ-ਠੋਰੀ, ਲੁੱਟ-ਖਸੁੱਟ ਤੇ ਸੋਸ਼ਨ ਉੱਤੇ ਆਧਾਰਿਤ ਹੋਣਗੀਆਂ, ਉਹ ਪਾਪ ਦੀ ਕਮਾਈ, ਅਨੈਤਿਕ ਕਬਜ਼ਾ ਤੇ ਹਰਾਮਖੋਰੀ ਹੋਣਗੀਆਂ। ਜਿਸ ਕ੍ਰਿਆ ਨੂੰ ਮਾਰਕਸਵਾਦੀ ਸਿਧਾਂਤ ਨੇ ਤਿਰਸਕਾਰਿਆ ਹੈ, ਉਸ ਨੂੰ ਚਾਰ ਸਦੀਆਂ ਪਹਿਲਾਂ ਗੁਰੂ ਸਾਹਿਬ ਨੇ 'ਹੱਕ ਪਰਾਇਆ' ਦੀ ਕ੍ਰਿਆ ਮੰਨ ਕੇ ਅਯੋਗ ਠਹਿਰਾਇਆ। ਕੋਈ ਬਲਵਾਨ ਆਤਮਾ ਹੀ ਆਰਥਿਕ ਜੀਵਨ ਵਿਚ ਅਜਿਹੇ ਨੈਤਿਕ ਸੰਜਮ ਨੂੰ ਲਾਗੂ ਕਰ ਸਕਦੀ ਹੈ। ਨਾਮ-ਜਾਪ ਤੇ ਕਿਰਤ-ਕਮਾਈ ਅੰਤਰ-ਸੰਬੰਧ ਵਿਚ ਜੁੜੇ ਹੋਏ ਨਿਯਮ ਹਨ। ਤੀਸਰਾ ਨਿਯਮ 'ਵੰਡ ਕੇ ਖਾਣ' ਦਾ ਸਮਾਜਕ ਸੰਜਮ ਹੈ। ਇਹ ਇਸ ਤੱਥ ਦੀ ਪਰਵਾਨਗੀ ਹੈ ਕਿ ਹਰ ਵਿਅਕਤੀ ਕਿਸੇ ਭਾਈਚਾਰੇ ਦਾ ਮੈਂਬਰ ਹੈ, ਅਤੇ ਉਸ ਦੀ ਜੀਵਨ-ਤਾਰ ਸਮਾਜਕ ਸੰਗ-ਸਾਥ ਨਾਲ ਜੋੜੀ ਹੋਈ ਹੈ। ਜੋ ਕੁਝ ਵਿਅਕਤੀ ਕਮਾਉਂਦਾ ਹੈ, ਸਮਾਜਕ ਗਠਨ ਦੇ ਆਸਰੇ ਕਮਾਉਂਦਾ ਹੈ, ਉਸ ਉੱਤੇ ਕੇਵਲ ਉਸ ਦਾ ਨਿਜੀ ਅਧਿਕਾਰ ਨਹੀਂ। ਮਨੁੱਖ ਦੀਆਂ ਜੋ ਵੀ ਲੱਭਤਾਂ ਹਨ, ਚਾਹੇ ਆਰਥਿਕ ਖੇਤਰ ਦੀਆਂ, ਚਾਹੇ ਵਿਗਿਆਨਕ, ਤਕਨੀਕੀ, ਮੈਡੀਕਲ, ਵਿਦਿਅਕ, ਕਿਸੇ ਵੀ ਖੇਤਰ ਦੀਆਂ, ਉਨ੍ਹਾਂ ਉੱਤੇ ਮਨੁੱਖੀ ਸਮਾਜ ਦਾ ਪੂਰਾ ਹੱਕ ਹੈ, ਜਿਸ ਨੇ ਕਿ ਇਨ੍ਹਾਂ ਲੱਭਤਾਂ ਲਈ ਸਹੂਲਤਾਂ ਤੇ ਅਵਸਰ ਮੁਹਈਆ ਕੀਤੇ। 'ਵੰਡ' ਦਾ ਨਿਯਮ, ਸੀਮਿਤ ਅਰਥ ਵਿਚ, ਲੋੜਵੰਦ ਨਾਲ ਆਪਣੀ ਰੋਟੀ ਵੰਡ ਕੇ ਖਾਣ ਦਾ ਨਿਯਮ ਹੋ ਸਕਦਾ ਹੈ, ਪਰ ਵਿਸ਼ਾਲ ਅਰਥਾਂ ਵਿਚ ਇਹ ਸੁਚੱਜੇ ਤੇ ਸੁਲਝੇ ਹੋਏ ਸਮਾਜਕ ਪ੍ਰਬੰਧ ਦਾ ਨਿਯਮ ਹੈ, ਜੋ ਸਾਂਝ ਦੀ ਭਾਵਨਾ ਉੱਤੇ ਆਧਾਰਿਤ ਹੈ, ਅਤੇ ਸੰਤੁਲਿਤ ਭਾਈਚਾਰਕ ਵਿਉਂਤ ਦਾ ਅਕੱਟ ਪ੍ਰਮਾਣ ਹੈ।

## ਪ੍ਰੇਮ ਸੁਮਾਰਗ ਦੀ ਸਮਾਜ-ਜੁਗਤ

ਇਕ ਆਦਰਸ਼ ਭਾਈਚਾਰੇ ਅਤੇ ਰਾਜਨੀਤਿਕ ਢਾਂਚੇ ਲਈ ਸਿੱਖ ਪਰੰਪਰਾ ਨੂੰ ਪਹਿਲੀ ਸੇਧ ਗੁਰੂ-ਗ੍ਰੰਥ ਬਾਣੀ ਵਿਚ ਪ੍ਰਾਪਤ ਸੰਕੇਤਾਂ ਤੋਂ ਮਿਲੀ; ਬਾਕੀ ਕਾਰਜ ਗੁਰੂ ਸਾਹਿਬਾਨ ਦੀ ਜ਼ਾਤੀ ਅਗਵਾਈ ਨੇ ਨਿਭਾਇਆ। ਸਿੱਖ ਸਮਾਜ ਨੇ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕੀਤਾ ਅਤੇ ਜਿਨ੍ਹਾਂ ਸਥਿਤੀਆਂ ਵਿਚੋਂ ਗੁਜ਼ਰ ਕੇ ਰਾਜ-ਸਥਾਪਤੀ ਨਾਲ ਸਫ਼ਲ ਟਾਕਰਾ ਕੀਤਾ, ਉਨ੍ਹਾਂ ਤੋਂ ਮਿਲੇ ਸਬਕਾਂ ਤੇ ਅਨੁਭਵਾਂ ਨੇ ਸਿੱਖ ਰਾਜਨੀਤੀ ਦੇ ਸਿਧਾਂਤਕ ਵਿਕਾਸ ਵਿਚ ਭਰਵਾਂ ਹਿੱਸਾ ਪਾਇਆ। ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਸਿੱਖ ਸਮਾਜ-ਸਿਧਾਂਤ ਤੇ ਰਾਜਨੀਤੀ ਵਿਚ ਏਨਾ ਨਿਖਾਰ ਆ ਚੁੱਕਾ ਸੀ ਕਿ ਇਸ ਨੂੰ ਪੁਸਤਕ-ਰੂਪ ਵਿਚ ਸਮੇਟਿਆ ਜਾ ਸਕੇ ਅਤੇ ਵਿਧੀ-ਬੱਧ ਢੰਗ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾ ਸਕੇ। ਉਸ ਵੇਲੇ 'ਰਾਜ ਕਰੇਗਾ ਖਾਲਸਾ' ਕੇਵਲ ਇਕ ਨਾਅਰਾ ਤੇ ਸੁਪਨਾ ਸੀ, ਵਾਸਤਵਿਕ ਰਾਜ ਲਗਭਗ ਦੋ ਸਦੀਆਂ ਦੇ ਬਾਅਦ ਸਥਾਪਿਤ ਹੋ ਸਕਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਏਨਾ ਸਮਾਂ ਪਹਿਲਾਂ ਅਜਿਹੀ ਸਟੇਟ ਦੀ

Sri Satguru Jagjit Singh Ji eLibrary NamdhariElibrary@gmail.com

ਕਲਪਨਾ ਜੋ ਪ੍ਰੇਮ-ਭਾਵ ਨਾਲ ਜਨਤਾ ਦੇ ਭਲੇ ਲਈ ਕਾਰਜ ਕਰੇਗੀ, ਇਕ ਗੁਮਨਾਮ ਲੇਖਕ ਦੇ ਚਿੰਤਨ ਨੂੰ ਟੁੰਬ ਗਈ, ਅਤੇ ਉਸ ਨੇ ਗੁਰਬਾਣੀ ਵਿਚ ਦਰਸਾਏ, ਪਰੰਪਰਾ ਦੁਆਰਾ ਵਿਕਸਿਤ ਹੋਏ, ਅਤੇ ਨਿਜੀ ਅਨੁਭਵ ਵਿਚ ਪਲ੍ਹਰੇ ਨਿਯਮਾਂ ਦੀ ਰੋਸ਼ਨੀ ਵਿਚ 'ਪ੍ਰੇਮ ਸੁਮਾਰਗ' ਗ੍ਰੰਥ ਦਾ ਨਿਰਮਾਣ ਕੀਤਾ। ਵਿਦਵਾਨਾਂ ਨੇ ਇਸ ਹੱਥ-ਲਿਖਤ ਮਸੌਦੇ ਦਾ ਰਚਨਾ-ਕਾਲ ਅਠਾਰ੍ਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਮਿੱਥਿਆ ਹੈ। ਡਾ. ਮੋਹਨ ਸਿੰਘ ਨੇ ਦਸਮ-ਗੁਰੂ ਅਤੇ ਰਣਜੀਤ ਸਿੰਘ ਦੇ ਦਰਮਿਆਨੀ ਸਮੇਂ ਨੂੰ 'ਪ੍ਰੇਮ-ਸੁਮਾਰਗ ਕਾਲ' ਕਿਹਾ ਹੈ। ਉਸ ਅਨੁਸਾਰ, ਲੇਖਕ ਨੇ ਇਕ ਨੇਕ, ਖ਼ਾਲਸ ਤੇ ਭਲੇ ਦੀ ਭਾਵਨਾ ਨਾਲ ਵਰੋਸਾਈ ਜਮਾਤ ਦੇ ਰਾਜ ਦਾ ਆਦਰਸ਼ ਚਿੱਤਰਿਆ ਹੈ, ਜੋ ਭਾਸ਼ਾਈ, ਨੈਤਿਕ, ਸਭਿਆਚਾਰਕ, ਰਾਜਨੀਤਿਕ, ਸੈਨਿਕ, ਆਰਥਿਕ, ਸਭ ਤਰ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਕਰੇਗੀ ਤੇ ਨਿਰਣੇ ਲਏਗੀ।

ਡਾ. ਜੇ.ਐਸ. ਗਰੇਵਾਲ ਨੇ 'ਪ੍ਰੇਮ ਸੁਮਾਰਗ' ਨੂੰ ਸਿੱਖ ਸਮਾਜ-ਪ੍ਰਬੰਧ ਦਾ ਇਕ ਸਿਧਾਂਤ ਮੰਨਿਆ ਹੈ, ਜਿਸ ਦਾ ਸਮੁੱਚੀ ਸਿੱਖ ਪਰੰਪਰਾ ਵਿਚ ਆਦਰ-ਯੋਗ ਸਥਾਨ ਹੈ। ਇਸ ਪੁਸਤਕ ਵਿਚ ਪਹਿਲੀ ਵਾਰੀ ਆਦਰਸ਼ਕ ਸਿੱਖ ਸਮਾਜ ਤੇ ਸਟੇਟ ਦਾ ਨਕਸ਼ਾ ਖਿੱਚਿਆ ਗਿਆ ਹੈ। ਸਮਾਜਕ ਤੇ ਰਾਜਸੀ ਨੇਤਾਵਾਂ ਦੇ ਨੈਤਿਕ ਕਰਤੱਵ ਕੀ ਹੋਣਗੇ, ਇਸਤਰੀਆਂ ਪ੍ਰਤੀ, ਵਿਭਿੰਨ ਕੌਮੀਅਤਾ ਤੇ ਜਾਤੀਆਂ ਪ੍ਰਤੀ ਉਨ੍ਹਾਂ ਦਾ ਕੀ ਰਵੱਈਆ ਹੋਵੇਗਾ? 'ਰਾਜੇ' ਦਾ ਕੀ ਸਥਾਨ ਹੋਵੇਗਾ? ਇਨ੍ਹਾਂ ਪ੍ਰਸ਼ਨਾਂ ਬਾਰੇ ਵਿਸਤ੍ਰਿਤ ਵਿਚਾਰ 'ਪ੍ਰੇਮ ਸੁਮਾਰਗ' ਵਿਚ ਪ੍ਰਸਤੁਤ ਹੈ। ਲੇਖਕ ਅਨੁਸਾਰ, ਇਸਤਰੀ ਨੂੰ ਪਾਹੁਲ ਲੈਣ ਦਾ ਬਰਾਬਰ ਅਧਿਕਾਰ ਹੋਵੇਗਾ, ਚਾਹੇ ਉਹ ਕੁਆਰੀ ਹੋਵੇ, ਵਿਆਹੀ ਹੋਵੇ, ਜਾਂ ਵਿਧਵਾ ਹੋਵੇ। ਪੁਨਰ-ਵਿਆਹ ਦੀ ਖੁਲ੍ਹ ਹੋਵੇਗੀ। ਖਾਲਸੇ ਨੂੰ ਵੰਡ ਕੇ ਖਾਣ ਦਾ ਆਦੇਸ਼ ਹੈ ਜੋ ਇਸ ਸਟੇਟ ਵਿਚ ਰਾਇਜ ਹੋਵੇਗਾ। ਰਾਜ-ਅਧਿਕਾਰੀ ਨੂੰ ਪ੍ਰਭੂ ਵੱਲੋਂ ਪਰਜਾ ਦੀ ਸੇਵਾ ਦਾ ਕਰਤੱਵ ਸੌਂਪਿਆ ਗਿਆ ਹੈ, ਜਿਸ ਨੂੰ ਉਹ ਪੂਰੀ ਸਮਰੱਥਾ ਨਾਲ ਨਿਭਾਵੇ, ਨਹੀਂ ਤਾਂ ਉਸ ਨੂੰ ਰਾਜ-ਅਧਿਕਾਰ ਛਡਣਾ ਪਏਗਾ। ਰਾਜ-ਪਾਟ ਦਾ ਸਰੋਤ ਧਰਮ ਹੈ, ਜਿਸ ਦੀ ਪਾਲਨਾ ਰਾਜੇ ਦਾ ਪ੍ਰਮੁੱਖ ਕਰਤੱਵ ਹੈ। ਪਰ ਰਾਜ ਕਰਨਾ ਉਸ ਦਾ ਜਨਮ-ਸਿੱਧ ਅਧਿਕਾਰ ਨਹੀਂ। ਸਿੱਖ-ਮਤ ਨੇ ਬਾਦਸ਼ਾਹਾਂ ਦੇ ਦੈਵੀ ਹੱਕਾਂ ਵਾਲੇ ਸਿਧਾਂਤ ਨੂੰ ਪਰਵਾਨਗੀ ਨਹੀਂ ਦਿੱਤੀ।

'ਪ੍ਰੇਮ ਸੁਮਾਰਗ' ਦੇ ਕਰਤਾ ਨੇ 'ਨਿਆਂ' ਦੇ ਸੰਕਲਪ ਨੂੰ ਆਪਣੇ ਰਾਜਸੀ ਚਿੰਤਨ ਦਾ ਧੁਰਾ ਬਣਾਇਆ ਹੈ। ਉਸ ਅਨੁਸਾਰ, ਸਿੱਖ ਸਟੇਟ ਕਾਇਮ ਹੀ ਨਿਆਂ ਦੀ ਖ਼ਾਤਿਰ ਹੋਵੇਗੀ। ਰਾਜੇ ਦਾ ਪਹਿਲਾ ਕਰਤੱਵ ਨਿਆਂ ਦੀ ਪਾਲਨਾ ਹੋਵੇਗਾ ਜੋ ਗੁਰਬਾਣੀ ਦੇ ਆਸ਼ੇ ਦੇ ਐਣ ਅਨੁਕੂਲ ਹੈ—"ਰਾਜੇ ਚੁਲੀ ਨਿਆਵ ਕੀ।" ਰਾਜੇ ਨੂੰ ਸਟੇਟ ਦਾ ਅਧਿਕਾਰੀ ਇਸ ਲਈ ਬਣਾਇਆ ਗਿਆ ਹੈ; ਉਹ ਇਨਸਾਫ ਕਰੇ ਅਤੇ ਜਿਸ ਚੀਜ਼ ਉੱਤੇ ਉਸ ਦਾ ਹੱਕ ਨਹੀਂ, ਉਸ ਨੂੰ ਹਥਿਆਉਣ ਦੀ ਕੋਸ਼ਿਸ਼ ਨਾ ਕਰੇ। ਨਿਆਂ ਤੋਂ ਬਿਨਾਂ

Sri Satguru Jagjit Singh Ji eLibrary NamdhariElibrary@gmail.com

ਰਾਜ-ਸ਼ਕਤੀ ਨਰਕ ਦੇ ਸਮਾਨ ਹੈ। ਅਨਿਆਈਂ ਰਾਜੇ ਨੂੰ ਬਰਖ਼ਾਸਤ ਕਰਨਾ ਹੀ ਉਚਿਤ ਹੈ। ਸਟੇਟ ਲੋਕ-ਭਲੇ ਦੀ ਖ਼ਾਤਿਰ ਕਾਇਮ ਹੈ। ਸਿੱਖ ਸਟੇਟ ਵਿਚ, 'ਪ੍ਰੇਮ ਸੁਮਾਰਗ' ਅਨੁਸਾਰ, ਕੋਈ ਵਿਅਕਤੀ ਰੋਟੀ ਤੋਂ ਆਤੁਰ ਨਹੀਂ ਹੋਵੇਗਾ, ਕੋਈ ਕਪੜੇ, ਕੰਮ-ਕਾਜ ਤੋਂ ਵਿਰਵਾ ਨਹੀਂ ਹੋਵੇਗਾ। ਜੇ ਕਿਸੇ ਵਿਚ ਬੇਟੀ ਦਾ ਵਿਆਹ ਰਚਾਉਣ ਦੀ ਸਮਰੱਥਾ ਨਹੀਂ, ਤਾਂ ਉਸ ਨੂੰ ਸਟੇਟ ਵੱਲੋਂ ਆਰਥਿਕ ਸਹਾਇਤਾ ਮਿਲੇ। ਰਾਜਾ ਆਪਣੀ ਪਰਜਾ ਦਾ ਰਖਵਾਲਾ ਤੇ ਸਰਪ੍ਰਸਤ ਹੈ। ਉਹ ਹਾਕਮ ਨਹੀਂ ਸਗੋਂ ਸੇਵਕ ਹੈ।

ਸਮਾਜ ਤੇ ਸਟੇਟ ਦਾ ਸਿਧਾਂਤ 'ਪ੍ਰੇਮ ਸੁਮਾਰਗ' ਨੇ ਪ੍ਰਸਤੁਤ ਕੀਤਾ, ਉਸ ਦੀ ਅਜੋਕੇ ਸਮਾਜ-ਦਰਸ਼ਨ ਤੇ ਰਾਜਨੀਤੀ-ਵਿਗਿਆਨ ਦੀ ਦ੍ਰਿਸ਼ਟੀ ਤੋਂ ਪਰਖ ਕਰਦਿਆਂ ਕਈ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ। ਸੰਖੇਪ ਵਿਚ, ਇਹ ਵਿਚਾਰ ਰਾਜ-ਅਧਿਕਾਰੀ, ਨਿਆਂ, ਅਤੇ ਰਾਜਸੀ ਪ੍ਰਬੰਧ ਦੇ ਸਰੂਪ ਉੱਤੇ ਕੇਂਦ੍ਰਿਤ ਹੈ। 'ਪ੍ਰੇਮ ਸੁਮਾਰਗ' ਸਾਮੰਤਵਾਦੀ ਦੌਰ ਦੀ ਕ੍ਰਿਤ ਹੋਣ ਦੇ ਨਾਤੇ ਰਾਜੇ ਨੂੰ ਹੀ ਰਾਜ-ਅਧਿਕਾਰੀ ਮੰਨਦੀ ਹੈ। ਇਸ ਦ੍ਰਿਸ਼ਟੀ ਤੋਂ ਲੇਖਕ ਇਕ-ਪੁਰਖੀ ਰਾਜ ਦਾ ਸਮਰਥਨ ਕਰ ਰਿਹਾ ਹੈ। ਉਸ ਦੇ ਸਾਹਮਣੇ ਕੋਈ ਲੋਕ-ਤੰਤਰੀ ਰਾਜਸੀ ਢਾਂਚਾ ਮੌਜੂਦ ਨਹੀਂ, ਜਿਸ ਨਾਲ ਉਹ ਰਾਜੇ ਦੇ ਇਕ-ਪੁਰਖੀ ਰਾਜ ਦੀ ਤੁਲਨਾ ਕਰ ਸਕੇ। ਉਸ ਨੂੰ ਇਹ ਚੇਤਨਾ ਜ਼ਰੂਰ ਹੈ ਕਿ ਇਤਿਹਾਸ ਵਿਚ ਕਈ ਲੋਕ-ਹਿਤੈਸ਼ੀ ਨਿਆਂ-ਪਾਲਕ ਰਾਜੇ ਹੋਏ ਹਨ, ਜਿਨ੍ਹਾਂ ਦੇ ਨਾਮ ਲੋਕਾਂ ਦੀ ਯਾਦ ਉੱਤੇ ਉਕਰੇ ਪਏ ਹਨ। ਅਸ਼ੋਕ, ਚੰਦਰਗੁਪਤ, ਰਾਜਾ ਭੋਜ, ਤੇ ਕਿਸੇ ਹੱਦ ਤਕ ਅਕਬਰ, ਲੋਕਾਂ ਨੂੰ ਆਦਰਸ਼ਕ ਰਾਜੇ ਮਹਾਰਾਜੇ ਜਾਪਦੇ ਹਨ। ਵੈਸੇ, 'ਰਾਜਾ' ਸ਼ਬਦ ਉੱਤਰੀ ਭਾਰਤ ਦੀਆਂ ਭਾਸ਼ਾਵਾਂ ਵਿਚ ਨੇਕ, ਸਦਾਚਾਰੀ ਤੇ ਉਤਕ੍ਰਿਸ਼ਟ ਵਿਅਕਤੀ ਲਈ ਵਰਤੀਂਦਾ ਰਿਹਾ ਹੈ। ਕੋਈ ਹਿੰਸਕ ਅਤਿਆਚਾਰੀ ਤੇ ਦੁਰਾਚਾਰੀ ਹੁਕਮਰਾਨ 'ਰਾਜਾ' ਬਣਨ ਦਾ ਅਧਿਕਾਰੀ ਨਹੀਂ, ਚਾਹੇ ਉਹ ਫੌਜੀ ਤੇ ਰਾਜਸੀ ਤਾਕਤ ਦੇ ਬਲਬੋਤੇ ਹਾਕਮ ਬਣ ਬੈਠੇ।

ਫਿਰ ਵੀ, 'ਪ੍ਰੇਮ ਸੁਮਾਰਗ' ਦਾ ਕਰਤਾ ਇਕ-ਪੁਰਖੀ ਰਾਜ-ਪ੍ਰਬੰਧ ਵਿਚ, ਆਪਣੀ ਕਾਲਪਨਿਕ ਦ੍ਰਿਸ਼ਟੀ ਤੋਂ, ਲੋਕ-ਤੰਤਰੀ ਭਾਵਨਾ ਭਰਨ ਦੀ ਚੇਸ਼ਟਾ ਕਰਦਾ ਹੈ। ਅਨਿਆਈਂ, ਐਸ਼-ਪ੍ਰਸਤ ਤੇ ਕਰਤੱਵਹੀਣ ਰਾਜੇ ਨੂੰ ਉਹ ਅਯੋਗ ਕਰਾਰ ਦੇ ਕੇ, ਗੱਦੀਓਂ ਲਾਹੁਣ ਦੀ ਸਿਫ਼ਾਰਿਸ਼ ਕਰਦਾ ਹੈ, ਚਾਹੇ ਉਸ ਨੂੰ ਇਹ ਸਪੱਸ਼ਟ ਨਹੀਂ ਕਿ ਪ੍ਰਤਿਨਿਧ ਸਰਕਾਰ ਨਾ ਹੋਣ ਦੀ ਸੂਰਤ ਵਿਚ, ਰਾਜੇ ਨੂੰ ਬਰਖ਼ਾਸਤ ਕਰਨ ਦਾ ਅਧਿਕਾਰ ਲੋਕਾਂ ਨੂੰ ਕਿਹੜਾ ਵਿਧਾਨ ਦੇਵੇਗਾ। ਕਾਨੂੰਨ ਤੇ ਵਿਧਾਨ ਦੀ ਸਮੱਸਿਆ ਨੇ ਉਸ ਦਾ ਧਿਆਨ ਨਹੀਂ ਖਿਚਿਆ। ਜਿਸ 'ਨਿਆਂ' ਨੂੰ ਉਹ ਆਦਰਸ਼ਕ ਰਾਜ-ਪ੍ਰਬੰਧ ਦਾ ਧੁਰਾ ਬਣਾਉਂਦਾ ਹੈ, ਉਹ ਕਿਸ ਕਾਨੂੰਨ ਉੱਤੇ ਆਧਾਰਿਤ ਹੈ? ਵਿਧਾਨਕ ਨਿਆਂ ਜਿਸ ਰਾਜ-ਪ੍ਰਬੰਧ ਉੱਤੇ ਲਾਗੂ ਹੋ ਸਕਦਾ ਹੈ, ਉਸ ਦੀ ਸਾਰਥਿਕਤਾ ਇਕ-ਪੁਰਖੀ ਰਾਜ ਵਿਚ ਨਹੀਂ, ਕਿਸੇ ਪ੍ਰਤਿਨਿਧ ਸਰਕਾਰੀ ਢਾਂਚੇ ਵਿਚ ਹੀ ਗੌਲੀ ਤੇ ਪਰਖੀ ਜਾ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਕਿਸੇ ਮੂੰਹ-ਜ਼ੋਰ ਜਾਂ ਸਿਰ-ਫਿਰੇ ਰਾਜੇ ਦੀ ਮਨ-ਮਾਨੀ ਉਸ ਦੀ ਰਿਆਇਆ ਨੂੰ ਇਨਸਾਫ਼ ਨਹੀਂ ਦੇ ਸਕਦੀ, ਨਾ ਹੀ ਅਜਿਹੇ ਇਕ-ਪੁਰਖੀ ਢਾਂਚੇ ਵਿਚ ਕਿਸੇ ਵਿਧੀ-ਬੱਧ ਨਿਆਂ-ਪ੍ਰਣਾਲੀ ਦੇ ਕਾਇਮ ਹੋਣ ਦੀ ਵਧੇਰੀ ਸੰਭਾਵਨਾ ਕਿਆਸੀ ਗਈ ਹੈ।

ਇਕ ਕਾਲਪਨਿਕ ਚਿੱਤਰ ਦੇ ਰੂਪ ਵਿਚ, 'ਪ੍ਰੇਮ ਸੁਮਾਰਗ' ਦਾ ਰਾਜਸੀ ਪ੍ਰਬੰਧ ਸੁਹਾਉਣਾ ਤੇ ਨੇਕਨੀਤੀ ਵਾਲਾ ਹੈ, ਪਰ ਸੁਭਾਵਕ ਹੈ ਇਸ ਦਾ ਕਰਤਾ ਆਪਣੇ ਇਤਿਹਾਸਕ ਦੌਰ ਤੇ ਵਾਤਾਵਰਣ ਦੀਆਂ ਸੀਮਾਵਾਂ ਤੋਂ ਮੁਕਤ ਨਹੀਂ ਹੋ ਸਕਦਾ। ਸਹੀ ਅਰਥਾਂ ਵਿਚ 'ਰਾਜਨੀਤਿਕ' ਸਮਾਜ ਉਹ ਹੈ ਜੋ ਲੋਕਾਂ ਦੀ ਪ੍ਰਤਿਨਿਧ ਸਰਕਾਰ ਦੀ ਸਥਾਪਤੀ ਕਰ ਕੇ, ਵਿਧਾਨਕ ਨਿਆਂ-ਪ੍ਰਣਾਲੀ ਦੇ ਤਸੱਲਤ ਅਧੀਨ ਚੱਲੇ। ਅਜਿਹੇ ਸਮਾਜ ਵਿਚ ਲੋਕਾਂ ਦੀਆਂ ਭਾਵਨਾਵਾਂ , ਅਕਾਂਖਿਆਵਾਂ ਨੂੰ ਨਿਯਮਿਤ ਵਿਧਾਨਕੀ ਰੂਪ ਦੇਣ ਦੀ ਮਸ਼ੀਨਰੀ ਕਾਇਮ ਹੁੰਦੀ ਹੈ। ਵਿਭਿੰਨ ਸਮੂਹਾਂ, ਵਰਗਾਂ, ਜਾਤੀਆਂ, ਕੌਮੀਅਤਾਂ ਤੇ ਕਸਬੀ ਇਕਾਈਆਂ ਦੀ ਪ੍ਰਗਤੀ ਤੇ ਸੁਤੰਤਰਤਾ ਦੀ ਜ਼ਾਮਨ ਲੋਕਤੰਤਰੀ ਢੰਗ ਦੀ ਸਰਕਾਰ ਤਾਂ ਹੋ ਸਕਦੀ ਹੈ, ਇਕ-ਪੁਰਖੀ ਹਕੂਮਤ ਜਾਂ ਤਾਨਾਸ਼ਾਹੀ ਸਰਕਾਰ ਪਾਸੋਂ ਇਹ ਆਸ ਵਿਅਰਥ ਹੈ। ਲੋਕ-ਜੀਵਨ ਦੀ ਅਨੇਕਤਾ, ਬਹੁ-ਪੱਖਤਾ ਤੇ ਵਿਭਿੰਨਤਾ ਤੇ ਸੁੰਤੰਤਰਤਾ ਦੇ ਵਾਤਾਵਰਣ ਵਿਚ ਹੀ ਪਲ਼ੁਰ ਸਕਦੇ ਹਨ। 'ਪ੍ਰੇਮ ਸੁਮਾਰਗ' ਤੋਂ ਉਪਰੰਤ ਸਿੱਖ ਰਾਜਨੀਤੀ ਵਿਚ ਜੋ ਪਰਿਵਰਤਨ ਆਏ, ਅਤੇ ਸਮਾਜ-ਦਰਸ਼ਨ ਦੇ ਖੇਤਰ ਵਿਚ ਚਿੰਤਕਾਂ ਦੀ ਦੇਣ ਨੂੰ ਸਿੱਖ ਜਨਤਾ ਤੇ ਨੇਤਾਵਾਂ ਨੇ ਜਿਸ ਰੂਪ ਵਿਚ ਅਪਨਾ ਕੇ ਸਮਾਜਕ ਕਲਿਆਣ ਦੀ ਸੇਧ ਨਿਰਧਾਰਿਤ ਕੀਤੀ, ਉਸ ਦਾ ਮੁਲੰਕਣ ਵੀ ਵਿਸ਼ੇ-ਅਨੁਕੂਲ ਹੈ। ਕੀ ਅਜੋਕੇ ਲੋਕਤੰਤਰੀ ਦੌਰ ਵਿਚ ਕਿਸੇ ਪ੍ਰੇਮ-ਸੁਮਾਰਗੀ ਰਾਜੇ ਮਹਾਰਾਜੇ ਦੇ ਰਾਜ-ਪ੍ਰਬੰਧ ਦੀ ਵਿਉਂਤ ਸਾਰਥਿਕ ਤੇ ਸਫਲ ਹੋ ਸਕਦੀ ਹੈ?

## ਲੋਕ-ਤੰਤਰੀ ਭਾਵਨਾ ਤੇ ਹਲੇਮੀ ਰਾਜ

ਜਿਸ ਇਤਿਹਾਸਕ ਦੌਰ ਵਿਚ 'ਪ੍ਰੇਮ ਸੁਮਾਰਗ' ਦੀ ਰਚਨਾ ਹੋਈ, ਅਤੇ ਸਿੱਖ ਸਮਾਜ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਦੇ ਜਿਸ ਦੌਰ ਵਿਚੋਂ ਗੁਜ਼ਰਨਾ ਪਿਆ, ਉਹ ਮੁਗ਼ਲ ਹਕੂਮਤ ਦਾ ਸ਼ਾਹੀ ਦੌਰ ਸੀ। ਇਹ ਰਜਵਾੜਿਆਂ, ਮਹਾਰਾਜਿਆਂ ਤੇ ਬਾਦਸ਼ਾਹਾਂ ਦਾ ਜ਼ਮਾਨਾ ਸੀ ਜਿਸ ਵਿਚ ਹਰ ਜੇਤੂ ਸਰਦਾਰ ਨੂੰ ਨਵਾਬ ਜਾਂ ਰਾਜਾ ਦਾ ਲਕਬ ਦੇ ਕੇ ਉਸ ਦਾ ਮਾਣ ਵਧਾਇਆ ਜਾਂਦਾ ਸੀ। ਇਸ ਸਾਮੰਤਸ਼ਾਹੀ ਪ੍ਰਬੰਧ ਦੇ ਵਾਤਾਵਰਣ ਵਿਚ ਲੋਕਤੰਤਰੀ ਭਾਵਨਾ ਦਾ ਪ੍ਰਗਟਾਵਾ ਓਪਰੀ ਜਿਹੀ ਗੱਲ ਜਾਪਦੀ ਸੀ, ਚਾਹੇ ਇਹ ਜਨ-ਸਾਧਾਰਨ ਦੀਆਂ ਉਮੰਗਾਂ ਨੂੰ ਜ਼ਰੂਰ ਹੁਲਾਰਾ ਦੇ ਜਾਂਦੀ ਸੀ। ਗੁਰੂ ਸਾਹਿਬਾਨ ਦੁਆਰਾ ਸੰਗਤ ਦੀ ਕਿਆਮੀ ਆਪਣੇ-ਆਪ ਵਿਚ ਇਸ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਵਸੀਲਾ ਸਿੱਧ ਹੋਈ। ਗੁਰਦੁਆਰੇ ਦੀ ਸੰਸਥਾ ਨੇ ਸੰਗਤ ਵਿਚ ਹਰ ਵਿਅਕਤੀ ਨੂੰ ਬਰਾਬਰੀ ਦਾ ਦਰਜਾ ਦੇ ਕੇ ਲੋਕਤੰਤਰੀ ਭਾਵਨਾ ਨੂੰ ਪ੍ਰਪੱਕ ਕਰ ਦਿੱਤਾ। ਸਮੁੱਚੀ ਸੰਗਤ ਨੇ ਇਕ ਸੰਗਠਿਤ ਭਾਈਚਾਰੇ ਦਾ ਰੂਪ ਲੈ ਲਿਆ, ਜਿਸ ਦਾ

Sri Satguru Jagjit Singh Ji eLibrary NamdhariElibrary@gmail.com

ਕੇਂਦਰ-ਬਿੰਦੂ ਗੁਰੂ ਸੀ, ਜਾਂ ਗੁਰਬਾਣੀ, ਅਤੇ ਸੰਸਥਾਇਕ ਧੁਰਾ 'ਗੁਰਦੁਆਰਾ'। ਸਿੱਖ ਭਾਈਚਾਰੇ ਨੇ ਅਜਿਹੀ ਪ੍ਰਥਾ ਵਿਕਸਿਤ ਕਰ ਲਈ, ਜਿਸ ਅਨੁਸਾਰ ਹਰ ਸੰਕਟ, ਵਾਦ-ਵਿਵਾਦ ਜਾਂ ਝਗੜਾ-ਝੰਜਾ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹਾਜ਼ਿਰ ਹੋ ਕੇ, ਸ਼ਬਦ-ਵਾਕ ਲੈ ਕੇ, ਹੱਲ ਕਰ ਲਿਆ ਜਾਂਦਾ । ਗੁਰੂ ਦੇ 'ਹੁਕਮ' ਅਗੇ ਸਭ ਧਿਰਾਂ ਸਿਰ ਨਿਵਾ ਦੇਂਦੀਆਂ ਸਨ।

ਦਸਮ ਗੁਰੂ ਨੇ ਪੰਜ-ਪਿਆਰਿਆਂ ਦੀ ਪ੍ਰਥਾ ਥਾਪ ਕੇ ਲੋਕਤੰਤਰੀ ਭਾਵਨਾ ਨੂੰ ਵਧੇਰੇ ਬਲਵਾਨ ਬਣਾ ਦਿੱਤਾ। ਵਰਤਮਾਨ ਰਾਜਨੀਤਿਕ ਢਾਂਚੇ ਵਾਂਗ, 'ਪੰਜ ਪਿਆਰੇ' ਕਾਰਜਕਾਰੀ ਕੌਂਸਲ ਦਾ ਕਰਤੱਵ ਨਿਭਾਉਂਦੇ ਸਨ, ਅਤੇ 'ਸੰਗਤ' ਪਾਰਲੀਮੈਂਟ ਜਾਂ ਜਨਰਲ ਅਸੰਬਲੀ ਦਾ। ਜਿਵੇਂ ਕੌਂਸਲ ਜਾਂ ਕੈਬਿਨਿਟ ਵਿਸ਼ੇਸ਼ ਸਮੱਸਿਆਵਾਂ ਉੱਤੇ ਵਿਚਾਰ ਉਪਰੰਤ 'ਮਤਾ' ਤਿਆਰ ਕਰਦੀ ਅਤੇ ਇਸ ਦੀ ਪਰਵਾਨਗੀ ਅਸੰਬਲੀ ਜਾਂ ਸੰਸਦ ਪਾਸੋਂ ਪ੍ਰਾਪਤ ਕਰਦੀ ਹੈ, ਪੰਜ ਪਿਆਰਿਆਂ ਦੀ ਕਾਰਜਕਾਰੀ ਸੰਮਤੀ ਸੰਗਤ ਸਾਹਮਣੇ 'ਗੁਰਮਤਾ' ਰਖਦੀ ਸੀ, ਜੋ ਬਹੁ-ਸੰਮਤੀ (majority vote) ਜਾਂ ਸਰਬ-ਸੰਮਤੀ (unanimous support) ਨਾਲ ਪਾਸ ਕੀਤਾ ਜਾਂਦਾ ਸੀ। ਇਹ ਸਾਰੀ ਕਾਰਵਾਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਿਭਾਈ ਜਾਂਦੀ ਸੀ, ਜਿਸ ਤੋਂ ਪ੍ਰਤੱਖ ਹੈ ਕਿ ਸਿੱਖ ਪਰੰਪਰਾ ਨੇ ਸਮਾਜਕ-ਰਾਜਸੀ ਜੀਵਨ ਨੂੰ ਧਰਮ ਨਾਲੋਂ ਨਿਖੇੜਨ ਦਾ ਰਾਹ ਨਹੀਂ ਅਪਨਾਇਆ। ਗੁਰੂ ਤੇ ਬਾਣੀ ਵਿਚ ਸ਼ਰਧਾ ਸਿੱਖ-ਰਾਜਨੀਤੀ, ਸਾਂਝੀਵਾਲਤਾ, ਵਿਅਕਤੀਗਤ ਜੀਵਨ, ਹਰ ਪੱਖ ਵਿਚ ਪੈਰੋਕਾਰਾਂ ਨੂੰ ਅਗਵਾਈ ਤੇ ਸੇਧ ਦੇਂਦੀ ਰਹੀ ਹੈ।

ਲੋਕਤੰਤਰੀ ਭਾਵਨਾ ਨੂੰ ਸਬਲਤਾ ਦੇਣ ਵਾਲੀ ਇਕ ਹੋਰ ਅੰਸ਼ ਸਿੱਖ ਭਾਈਚਾਰੇ ਦੀ ਸੁਤੰਤਰ ਜੀਵਨ ਬਸਰ ਕਰਨ ਦੀ ਲੋਚਾ ਸੀ। ਬਰਾਬਰੀ, ਭਰੱਪਣ ਤੇ ਨਿਆਂ ਦੇ ਨਾਲ 'ਸੁਤੰਤਰਤਾ' ਲੋਕਰਾਜ ਦੀਆਂ ਬੁਨਿਆਦੀ ਕੀਮਤਾਂ ਵਿਚ ਸ਼ਾਮਿਲ ਹੈ। ਲੋਕਤੰਤਰੀ ਢਾਂਚਾ ਕੇਵਲ ਰਸਮੀ ਤੌਰ 'ਤੇ ਨਿਭਾਏ ਕਰਤੱਵਾਂ, ਚੋਣਾਂ ਆਦਿਕ ਦੇ ਸਿਲਸਿਲੇ ਉੱਤੇ ਹੀ ਆਧਾਰਿਤ ਨਹੀਂ, ਇਸ ਦਾ ਪ੍ਰਮੁੱਖ ਉਦੇਸ਼ ਵਿਅਕਤੀ ਅਤੇ ਸਮਾਜ ਦੀ ਸੁਤੰਤਰਤਾ ਕਾਇਮ ਰਖਣੀ, ਇਸ ਉੱਤੇ ਪਹਿਰਾ ਦੇਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ, ਸ਼ੇਖ ਫ਼ਰੀਦ ਦਾ ਇਹ ਸਲੋਕ ਸੁਤੰਤਰਤਾ ਦੀ ਇਸ ਭਾਵਨਾ ਦੀ ਤਰਜਮਾਨੀ ਕਰਦਾ ਹੈ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।
ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ।

—(ਪੰਨਾ 1380)

ਨਿਰਭਰਤਾ ਦੇ ਜੀਵਨ ਨਾਲੋਂ ਫਰੀਦ ਜੀ ਨੇ ਮੌਤ ਨੂੰ ਤਰਜੀਹ ਦਿੱਤੀ ਹੈ। ਫ਼ਰੀਦ ਦਾ ਜੀਵਨ-ਕਾਲ ਬਾਰ੍ਹਵੀਂ-ਤੇਰ੍ਹਵੀਂ ਸਦੀ ਈਸਵੀ ਤਕ ਸੀਮਿਤ ਸੀ। ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਨਿਊਯਾਰਕ ਦੇ ਪਾਸ ਸੁਤੰਤਰਤਾ ਦੇ ਬੁੱਤ (ਸਟੈਚੂ ਆਫ਼ ਲਿਬਰਟੀ) ਨੂੰ ਸਥਾਪਿਤ ਕਰਨ ਵੇਲੇ ਜੋ ਸ਼ਬਦ ਉਕਰੇ ਗਏ, ਉਹ ਸਨ—"ਮੈਨੂੰ ਸੁਤੰਤਰਤਾ

Sri Satguru Jagjit Singh Ji eLibrary NamdhariElibrary@gmail.com

ਬਖ਼ਸ਼ੋ, ਜਾਂ ਮੌਤ ਦੇ ਦਿਉ।" ਲੋਕਤੰਤਰੀ ਭਾਵਨਾ ਦਾ ਮੂਲ ਤੱਤ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਹੈ, ਅਤੇ ਬਾਬਾ ਫ਼ਰੀਦ ਦੇ ਉਕਤ ਸਲੋਕ ਦਾ ਪੂਰਾ-ਪੂਰਾ ਤਰਜਮਾ ਜਾਪਦਾ ਹੈ। ਸਿੱਖ ਮਾਨਸਿਕਤਾ ਦੀ ਘਾੜਤ ਵਿਚ "ਪਰ-ਅਧੀਨ ਸੁਪਨੇ ਸੁਖ ਨਾਹੀਂ" ਦੀ ਭਾਵਨਾ ਨੇ ਪ੍ਰਬਲ ਹਿੱਸਾ ਪਾਇਆ ਤੇ ਸਵਾਧੀਨਤਾ ਤੇ ਖ਼ੁਦ-ਸੁਖ਼ਤਾਰੀ ਪੰਜਾਬੀ ਜੀਵਨ ਦੀ ਟੇਕ ਹੈ।

ਮੁਗ਼ਲ ਹਕੂਮਤ ਨੇ ਲੋਕਾਂ ਦੀ ਆਜ਼ਾਦੀ ਉੱਤੇ ਜੋ ਬੰਧੇਜ ਲਾਗੂ ਕੀਤੇ, ਉਨ੍ਹਾਂ ਵਿਚ ਗ਼ੈਰ-ਮੁਸਲਿਮ ਫ਼ਿਰਕਿਆਂ ਦੀ ਧਾਰਮਿਕ ਸੁਤੰਤਰਤਾ ਉੱਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਸ਼ਾਮਿਲ ਸਨ। ਮੁਗਲ ਹਾਕਮਾਂ ਦਾ ਇਹ ਪੱਖ-ਪਾਤੀ ਰਵੱਈਆ ਔਰੰਗਜ਼ੇਬ ਦੇ ਰਾਜ ਵਿਚ ਤੀਬਰਤਾ ਨਾਲ ਉਭਰਿਆ, ਜਦੋਂ ਉਸ ਨੇ ਹਿੰਦੂ ਵਸਨੀਕਾਂ ਨੂੰ ਜਬਰੀ ਧਰਮ-ਪਰਿਵਰਤਨ ਦੀ ਨੀਤੀ ਦਾ ਸ਼ਿਕਾਰ ਬਣਾਇਆ, ਅਤੇ ਕਸ਼ਮੀਰ ਨੂੰ ਬ੍ਰਹਮਣੀ ਪ੍ਰਭਾਵ ਤੋਂ ਮੁਕਤ ਕਰ ਕੇ, ਵਿਸ਼ਾਲ ਮੁਸਲਿਮ ਸਲਤਨਤ ਨਾਲ ਜੋੜਨ ਦਾ ਮਨਸੂਬਾ ਘੜਿਆ। ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਇਸ ਮਜ਼ਹਬੀ ਤਅੱਸਬ ਵਿਰੁੱਧ, ਦਮਨ ਦੀ ਨੀਤੀ ਵਿਰੁੱਧ ਰੋਸ ਦਾ ਜ਼ੋਰਦਾਰ ਪ੍ਰਗਟਾਵਾ ਸੀ; ਇਹ ਧਾਰਮਿਕ ਸੁਤੰਤਰਤਾ ਦੇ ਹੱਕ ਵਿਚ ਦਿੱਤਾ ਬਲੀਦਾਨ ਸੀ। ਇਸ ਤੋਂ ਉਪਰੰਤ ਸਿੱਖ ਭਾਈਚਾਰੇ ਨੇ, ਦਸਮ ਗੁਰੂ ਦੀ ਅਗਵਾਈ ਹੇਠਾਂ, ਸੁਤੰਤਰਤਾ ਦੇ ਜੀਵਨ ਲਈ ਸੰਘਰਸ਼ ਦਾ ਰਾਹ ਅਪਨਾ ਲਿਆ, ਅਤੇ ਸੈਨਿਕ ਕਾਰਵਾਈ ਲਈ ਨਵੇਂ ਸਿਰਿਉਂ ਜਥੇਬੰਦ ਹੋਣ ਦੀ ਠਾਣ ਲਈ। ਅਨੰਦਪੁਰ ਸਾਹਿਬ ਦੀਆਂ ਜੰਗਾਂ ਤੋਂ ਲੈ ਕੇ ਸਿੱਖ ਮਿਸਲਾਂ ਦੇ ਸੰਗਰਾਮ ਤਕ, ਸਾਰੇ ਸੰਘਰਸ਼, ਕੁਰਬਾਨੀਆਂ ਤੇ ਸਾਕੇ ਸੁਤੰਤਰ ਜੀਵਨ-ਜਾਚ ਨੂੰ ਮਿਲੀ ਵੰਗਾਰ ਤੇ ਚੁਣੌਤੀ ਦਾ ਉੱਤਰ ਸਨ। ਆਜ਼ਾਦੀ ਦੇ ਜੀਵਨ ਲਈ "ਪਹਿਲਾਂ ਮਰਣੁ ਕਬੂਲਿ" ਦੀ ਸ਼ਰਤ ਪੂਰੀ ਕਰਨੀ ਜ਼ਰੂਰੀ ਸੀ।

ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਿੱਖ ਭਾਈਚਾਰੇ ਧਰਮ, ਨਿਆਂ ਅਤੇ ਸੁਤੰਤਰਤਾ ਦੀ ਖ਼ਾਤਿਰ ਜੂਝ ਰਿਹਾ ਸੀ, ਕਿ ਇਸ ਦੇ ਉਦੇਸ਼ਾਂ ਵਿਚ ਰਾਜ-ਪਾਟ ਹਥਿਆਉਣ ਦੀ ਤਾਂਘ ਵੀ ਸ਼ਾਮਿਲ ਸੀ? ਇਕ ਹੋਰ ਪ੍ਰਸ਼ਨ ਇਹ ਹੈ ਕਿ ਆਦਰਸ਼ਕ 'ਰਾਜ' ਸੰਬੰਧੀ ਸਿੱਖ ਦ੍ਰਿਸ਼ਟੀਕੋਣ ਕੀ ਹੈ? ਇਤਿਹਾਸਕ ਪ੍ਰਸੰਗ ਵਿਚ ਦੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਲਹਿਰ ਦਾ ਮਨੋਰਥ ਰਾਜਸੀ ਤਾਕਤ ਜਾਂ ਰਾਜ-ਪਾਟ ਦੀ ਪ੍ਰਾਪਤੀ ਨਹੀਂ ਸੀ। 'ਰਾਜ' ਦੁਨਿਆਵੀ ਜੀਵਨ ਦੀਆਂ ਲਾਲਸਾਵਾਂ ਦੀ ਅੰਤਿਮ ਪੂਰਤੀ ਹੈ; ਇਸ ਨੂੰ ਪ੍ਰਵਿਰਤੀ ਮਾਰਗ ਦੀ ਸਿਖਰ ਮੰਨਿਆ ਗਿਆ ਹੈ। ਦੂਜੇ ਪਾਸੇ, ਤਿਆਗ਼ ਦੀ ਭਾਵਨਾ 'ਮੁਕਤੀ' ਵਿਚ ਅੰਤਿਮ ਲਕਸ਼ ਦੀ ਪ੍ਰਾਪਤੀ ਦੇਖਦੀ ਹੈ, ਜੋ ਨਿਵ੍ਰਿਤੀ ਮਾਰਗ ਦੀ ਸਿਖਰ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਅੰਤਮਪੱਖੀ, ਵਿਰੋਧੀ ਸਿਰਿਆਂ ਨੂੰ ਤਿਆਗ ਕੇ "ਰਾਜੁ ਨ ਚਾਹਉਂ, ਮੁਕਤਿ ਨ ਚਾਹਉਂ" ਦੀ ਭਾਵਨਾ ਦਾ ਸੰਚਾਰ ਕੀਤਾ। ਰਾਜ ਨੂੰ ਗੁਰਬਾਣੀ ਨੇ ਅਕਸਰ "ਰਾਜ, ਮਾਲ, ਜੋਬਨ" ਆਦਿਕ ਦਿਲ-ਲਭਾਉਣੇ 'ਠੱਗਾਂ'

Sri Satguru Jagjit Singh Ji eLibrary NamdhariElibrary@gmail.com

ਦੇ ਅੰਤਰਗਤ ਦਰਸਾਇਆ ਹੈ, ਅਤੇ 'ਕਸਾਈ' ਰਾਜਿਆਂ ਨੂੰ ਧਰਮ ਦੇ ਦੁਸ਼ਮਨ ਕਰਾਰ ਦਿੱਤਾ ਹੈ। ਗੁਰਬਾਣੀ ਦੇ ਪੈਰੋਕਾਰਾਂ ਲਈ ਰਾਜ-ਪਾਟ ਨੂੰ ਹੀ ਜੀਵਨ ਦਾ ਅੰਤਿਮ ਉਦੇਸ਼ ਮੰਨ ਲੈਣਾ ਸੰਭਾਵੀ ਨਹੀਂ ਜਾਪਦਾ। ਕਿਸੇ ਉਚੇਰੇ ਆਦਰਸ਼ ਲਈ ਰਾਜ ਨੂੰ ਸਾਧਨ ਵਜੋਂ ਵਰਤਣ ਦੀ ਨਿਆਂਸ਼ੀਲਤਾ ਵਜ਼ਨੀ ਦਲੀਲ ਹੋ ਸਕਦੀ ਹੈ।

ਅਜੋਕੇ ਦੌਰ ਵਿਚ ਰਾਜ-ਸੱਤਾ ਹਰ ਕੌਮ ਦੀ ਆਵੱਸ਼ਕ ਲੋੜ ਬਣ ਗਈ ਹੈ। ਰਾਜ ਦੇ ਚੌਖਟੇ ਵਿਚ ਹੀ ਕਿਸੇ ਕੌਮ ਦੀ ਨਿਵੇਕਲੀ ਪਛਾਣ, ਉਸ ਦੀ ਸਮਾਜ-ਜੁਗਤ, ਉਸ ਦੀ ਆਰਥਿਕ ਖ਼ੁਦਮੁਖ਼ਤਾਰੀ, ਉਸ ਦੇ ਅੰਤਰ-ਰਾਸ਼ਟਰੀ ਸੰਬੰਧ, ਉਸ ਦਾ ਸਭਿਆਚਾਰਕ ਤੇ ਕਲਾਤਮਕ ਵਿਕਾਸ, ਅਤੇ ਉਸ ਦੀ ਧਾਰਮਿਕ ਸੁਤੰਤਰਤਾ ਕਾਇਮ ਹਨ। ਪ੍ਰਬਲ ਹੋ ਚੁੱਕੀ ਲੋਕਤੰਤਰੀ ਭਾਵਨਾ ਰਾਜ-ਸੱਤਾ ਉੱਤੇ ਕੌਮੀ ਅਧਿਕਾਰ ਹੀ ਸਵੀਕਾਰ ਕਰਦੀ ਹੈ। ਕੋਈ ਹੋਰ ਦੇਸ਼ ਜੇਕਰ ਦਖ਼ਲ-ਅੰਦਾਜ਼ੀ ਕਰਦਾ ਹੈ, ਤਾਂ ਕੌਮ ਦੀ ਆਰਥਿਕ, ਰਾਜਸੀ, ਸਭਿਆਚਾਰਕ, ਹਰ ਪ੍ਰਕਾਰ ਦੀ ਸੁਤੰਤਰਤਾ ਖ਼ਤਰੇ ਵਿਚ ਪੈ ਜਾਂਦੀ ਹੈ। ਲੋਕਤੰਤਰੀ ਜੀਵਨ-ਜਾਚ ਆਪਣੇ ਕੌਮੀ ਸੰਕਟਾਂ ਤੇ ਸਮੱਸਿਆਵਾਂ ਨੂੰ, ਬਿਨਾਂ ਕਿਸੇ ਬਾਹਰੀ ਦਖ਼ਲ-ਅੰਦਾਜ਼ੀ ਦੇ ਅੰਦਰੂਨੀ ਤੌਰ 'ਤੇ ਹੱਲ ਕਰਨ ਦੀ ਸੇਧ ਅਪਣਾਉਂਦੀ ਹੈ। ਇਸ ਸਥਿਤੀ ਵਿਚ ਸਿੱਖ ਲਹਿਰ ਰਾਜਸੀ ਸੱਤਾ ਤੋਂ ਭਾਂਜ ਦਾ ਰਾਹ ਨਹੀਂ ਅਪਣਾ ਸਕਦੀ। ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬੀ ਰਾਜ ਦਾ ਅਨੁਭਵ ਹੈ, ਚਾਹੇ ਅਜੋਕੇ ਅਰਥਾਂ ਵਿਚ ਇਹ ਲੋਕਤੰਤਰੀ ਰਾਜ ਨਹੀਂ ਸੀ। ਵਰਤਮਾਨ ਸਥਿਤੀ ਲੋਕਰਾਜੀ ਚੌਖਟੇ ਵਿਚ ਹੀ ਕੌਮਾਂ ਦੇ ਸਰਬ-ਪੱਖੀ ਕਲਿਆਣ ਦੀ ਸੰਭਾਵਨਾ ਉਜਾਗਰ ਕਰਦੀ ਹੈ।

ਸਿੱਖ ਕਲਪਨਾ ਦਾ ਲੋਕਤੰਤਰੀ ਰਾਜ ਗੁਰਬਾਣੀ ਦੀ ਸਿਖਿਆ ਤੋਂ ਪ੍ਰੇਰਿਤ ਅਤੇ ਚਿੰਤਕਾਂ ਦੇ ਦਰਸਾਏ ਮਾਰਗ ਉੱਤੇ ਆਧਾਰਿਤ ਹੈ। ਲੋਕ-ਭਲਾਈ ਦਾ ਸੰਕਲਪ ਇਸ ਦੀ ਵਿਉਂਤ ਦਾ ਕੇਂਦਰ-ਬਿੰਦੂ ਹੈ। ਇਸ ਦੇ ਰਾਜ-ਅਧਿਕਾਰੀਆਂ ਦੀ ਚੋਣ, ਸਮੁੱਚੀ ਲੋਕਤੰਤਰੀ ਕ੍ਰਿਆ ਦੇ ਅੰਤਰਗਤ, ਯੋਗਤਾ ਦੇ ਆਧਾਰ ਉੱਤੇ ਹੋਣੀ ਜ਼ਰੂਰੀ ਹੈ,— "ਤਖਤਿ ਬਹੈ ਤਖਤੈ ਕੀ ਲਾਇਕ।" ਗੁਰਬਾਣੀ ਬੇਸ਼ੱਕ ਰਾਜਾ, ਪਾਤਸ਼ਾਹ, ਤਖ਼ਤ ਦੀ ਸ਼ਬਦਾਵਲੀ ਵਰਤਦੀ ਹੈ, ਇਸ ਵਿਚ 'ਪੰਚ' ਦਾ ਸੰਕਲਪ ਮੌਜੂਦ ਹੈ, ਅਤੇ ਪੰਚਾਇਤੀ ਰਾਜ ਦੀ ਹਿਮਾਇਤ ਦੇ ਸੰਕੇਤ ਪ੍ਰਾਪਤ ਹਨ। ਰਾਜ-ਅਧਿਕਾਰੀ ਤੇ ਪ੍ਰਬੰਧਕ ਰਾਜ-ਸੱਤਾ ਨੂੰ ਨਿਜੀ ਲਾਲਸਾ ਦੀ ਪੂਰਤੀ ਹਿਤ ਨਹੀਂ, ਲੋਕ-ਸੇਵਾ ਦੇ ਕਰਤੱਵ ਵਜੋਂ ਅਮਲ ਵਿਚ ਲਿਆਉਣ। ਕੋਈ ਕਿਸੇ ਦਾ ਦਿਲ ਨਾ ਦੁਖਾਵੇ, ਜਨਤਾ ਸੁਖੀ ਵੱਸੇ, ਰਾਜ-ਅਧਿਕਾਰੀ ਸੇਵਾ-ਭਾਵ ਤੇ ਹਲੀਮੀ ਦੇ ਗੁਣਾਂ ਨਾਲ ਕਾਰਜ ਕਰਨ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ।
ਪੈ ਕੋਇ ਨ ਕਿਸੈ ਰਵਾਣਦਾ।
ਸਭ ਸੁਖਾਲੀ ਵੁਠੀਆ,
ਇਹੁ ਹੋਆ ਹਲੇਮੀ ਰਾਜੁ ਜੀਉ।

Sri Satguru Jagjit Singh Ji eLibrary NamdhariElibrary@gmail.com

## ਸਿੱਖੀ ਦੀ ਮਾਨਵਵਾਦੀ ਸੇਧ

ਸਿਧਾਂਤ-ਰੂਪ ਵਿਚ, ਸਿੱਖ ਰਾਜਨੀਤਿਕ ਚਿੰਤਨ ਗੁਰਬਾਣੀ ਦੇ ਆਸ਼ੇ ਦਾ ਅਨੁਸਾਰੀ ਹੋਣ ਦੇ ਨਾਤੇ, ਖੇਤਰੀ ਜਾਂ ਕੌਮੀ ਸੀਮਾਵਾਂ ਨਾਲ ਸੰਬੰਧਿਤ ਲੋਕਾਂ ਦੀ ਹੀ ਭਲਾਈ ਨਹੀਂ ਚਿਤਵਦਾ, ਸਗੋਂ ਇਹ ਸਮੁੱਚੀ ਮਨੁੱਖਤਾ ਲਈ ਅਜਿਹਾ ਰਾਜਸੀ ਪ੍ਰਬੰਧ ਸੰਕਲਪਦਾ ਹੈ ਜੋ ਅੰਤਰ-ਰਾਸ਼ਟਰੀ ਪੱਧਰ ਉੱਤੇ ਕਾਰਜ ਕਰੇ, ਅਤੇ ਮਾਨਵ-ਕਲਿਆਣ ਨੂੰ ਆਪਣਾ ਟੀਚਾ ਬਣਾਵੇ। ਸਿੱਖ-ਚਿੰਤਨ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੀ ਭਾਵਨਾ ਤੋਂ ਪ੍ਰੇਰਿਤ ਹੈ। ਜੋ ਵਿਉਂਤ, ਜੋ ਯੋਜਨਾ ਸਰਬੱਤ ਲੋਕਾਈ ਦੇ ਭਲੇ ਲਈ ਉਲੀਕੀ ਗਈ ਹੋਵੇ, ਉਹ ਸਿੱਖ ਸਿਧਾਂਤਾਂ ਦੀ ਭਾਵਨਾ ਦੇ ਅਨੁਕੂਲ ਹੋਵੇਗੀ। ਸਿੱਖ ਦੀ ਸੱਚੀ ਅਰਦਾਸ "ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ" ਦੀ ਅਰਦਾਸ ਹੈ। ਇਹ ਮਾਨਵ-ਹਿਤੈਸ਼ੀ ਭਾਵਨਾ ਕੇਵਲ ਵਲਵਲੇ ਤੇ ਨੇਕ-ਨੀਤੀ ਦੇ ਪ੍ਰਗਟਾਵੇ ਤਕ ਹੀ ਸੀਮਿਤ ਨਹੀਂ, ਚਿੰਤਨ ਦੀ ਪੱਧਰ ਉੱਤੇ ਇਹ ਅਜਿਹੇ ਮਾਨਵਵਾਦੀ ਸਿਧਾਂਤ ਦਾ ਰੂਪ ਧਾਰਦੀ ਹੈ, ਜੋ ਪਦਾਰਥਕ, ਸਮਾਜਕ ਤੇ ਆਤਮਿਕ ਪਹਿਲੂ ਦੀ ਹਰ ਕਦਰ-ਕੀਮਤ, ਹਰ ਉਦੇਸ਼ ਨੂੰ ਮਨੁੱਖੀ ਕਲਿਆਣ ਦੇ ਪਰਿਪੇਖ ਵਿਚ ਦੇਖਦਾ ਤੇ ਪਰਖਦਾ ਹੈ। ਗੁਰਬਾਣੀ ਦੀ ਕੁੱਲ ਸਿਖਿਆ ਤੇ ਵਿਚਾਰ ਮਨੁੱਖ ਦੇ ਲਾਭਹਿਤ ਹੈ; ਈਸ਼ਵਰ ਦੀ ਅਰਾਧਨਾ ਤੇ ਨਾਮ-ਜਾਪ ਵੀ ਆਖ਼ਿਰ ਮਨੁੱਖ ਦੇ ਆਤਮਿਕ ਵਿਕਾਸ ਦਾ ਮਾਰਗ ਹਨ। ਗੁਰਬਾਣੀ ਚਿੰਤਨ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ, ਬਿਨਾਂ ਕਿਸੇ ਖੇਤਰੀ, ਰਾਸ਼ਟਰੀ, ਨਸਲੀ ਭਿੰਨ-ਭੇਦ ਦੇ।

ਸਿੱਖ ਦ੍ਰਿਸ਼ਟੀਕੋਣ ਦਾ ਮਾਨਵਵਾਦ ਸਿੱਖ ਸਮਾਜ-ਸਿਧਾਂਤ ਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੋਇਆ, ਸਮਾਜਕ ਵਿਤਕਰਿਆਂ ਤੋਂ ਉਪਰ ਉਠਣ ਦਾ ਸਾਹਸ ਦੇਂਦਾ ਹੈ। ਸਮਾਜ ਦੀ ਬਣਤਰ ਅਜਿਹੀ ਹੋਵੇ ਜਿਸ ਵਿਚ ਕੋਈ ਸ਼੍ਰੇਣੀ, ਜਾਤੀ ਜਾਂ ਨਸਲੀ ਸਮੂਹ ਹੋਰਨਾਂ ਇਕਾਈਆਂ ਉੱਤੇ ਭਾਰੂ ਨਾ ਹੋਵੇ। ਇਹ ਠੀਕ ਹੈ ਕਿ 'ਪ੍ਰੇਮ-ਸੁਮਾਰਗ' ਦੇ ਕਰਤਾ ਨੇ ਸਰਲ-ਸਿੱਧੇ ਸ਼ਬਦਾਂ ਵਿਚ ਕਿਸੇ ਸਮਾਜਵਾਦੀ ਆਰਥਿਕ ਪ੍ਰਬੰਧ ਦਾ ਚਿਤਰਨ ਨਹੀਂ ਦਿੱਤਾ, ਨਾ ਹੀ ਸਿੱਖ ਚਿੰਤਕਾਂ ਤੇ ਨੇਤਾਵਾਂ ਨੇ ਸ਼੍ਰੇਣੀ-ਰਹਿਤ ਸਮਾਜ ਦੀ ਸਥਾਪਨਾ ਹਿਤ ਕੋਈ ਪ੍ਰਭਾਵੀ ਯੋਜਨਾ ਉਲੀਕੀ ਹੈ। ਫਿਰ ਵੀ, ਸਿਧਾਂਤ-ਰੂਪ ਵਿਚ ਸਿੱਖੀ ਦਾ ਸਮਾਜਕ ਤੇ ਰਾਜਨੀਤਿਕ ਫ਼ਲਸਫ਼ਾ ਵਿਤਕਰਿਆਂ ਤੋਂ ਮੁਕਤ, ਸੁਖੀ-ਸੁਹੇਲੇ ਮਾਨਵੀ ਪਰਿਵਾਰ ਦੀ ਕਲਪਨਾ ਕਰਦਾ ਹੈ, ਜੋ ਆਰਥਿਕ ਤੌਰ ਤੇ ਖੁਸ਼ਹਾਲ ਹੋਵੇ, ਕਿਰਤ-ਕਮਾਈ ਤੇ ਵੰਡ ਕੇ ਖਾਣ ਦਾ ਹਾਮੀ ਹੋਵੇ, ਲੋਭ-ਲਾਲਚ ਦੀ ਥਾਂ ਪ੍ਰੇਮ-ਭਾਵ ਉੱਤੇ ਟੇਕ ਰਖੇ। ਅਸੂਲੀ ਤੌਰ ਉੱਤੇ ਸਿੱਖ ਚਿੰਤਨ ਜ਼ਾਤ-ਪਾਤ ਦੇ ਵਿਤਕਰੇ ਨੂੰ ਕਰਦਾ ਹੈ, ਬੇਸ਼ੱਕ ਵਿਹਾਰਕ ਰੂਪ ਵਿਚ ਸਿੱਖ-ਸਮਾਜ ਨੇ ਜਾਤੀਆਂ-ਉਪਜਾਤੀਆਂ ਦੇ ਅੰਤਰਾਂ ਨੂੰ ਸਮਾਪਤ ਨਹੀਂ ਕੀਤਾ। ਅਸੂਲ ਦੀ ਸਵੀਕ੍ਰਿਤੀ ਆਸ਼ਾਵਾਦੀ ਸੰਕੇਤ ਹੈ; ਇਸ ਦੀ ਭਾਵਨਾ ਤੇ ਉਦੇਸ਼ ਮਾਨਵਵਾਦੀ ਹਨ।

Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਦੀ ਸਿਖਿਆ ਅਤੇ ਸਿੱਖ ਪਰੰਪਰਾ ਦੋਵੇਂ ਏਕੀਕਰਨ ਦੇ ਨਿਯਮ ਨੂੰ ਪਹਿਲ ਦੇਂਦੇ ਹਨ। ਅਧਿਆਤਮਿਕ ਪੱਧਰ ਉੱਤੇ, ਗੁਰਬਾਣੀ ਵਿਅਕਤੀਗਤ ਆਤਮਾ ਅਤੇ ਪਰਮ ਆਤਮਾ ਦੇ ਸੰਜੋਗ ਨੂੰ ਉੱਚਤਮ ਕੀਮਤ ਮੰਨਦੀ ਹੈ। ਅਭੇਦਤਾ ਜਾਂ ਇਕਸੁਰਤਾ ਦਾ ਇਹ ਨਿਯਮ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ ਵੀ ਕੰਮ ਕਰ ਰਿਹਾ ਹੈ, ਜਿਸ ਵਿਚ ਵਿਭਿੰਨ ਇਲਾਕਿਆਂ, ਜਾਤੀਆਂ, ਕਿੱਤਿਆਂ ਦੇ ਬਾਣੀਕਾਰਾਂ ਦੀ ਰਚਨਾ ਸੰਕਲਿਤ ਹੈ। ਭਾਵੁਕ ਸਾਂਝ ਤੇ ਏਕੀਕਰਨ ਦਾ ਇਹ ਨਿਯਮ ਮਨੁੱਖੀ ਰਿਸ਼ਤਿਆਂ ਨੂੰ ਇੱਕੋ ਇਨਸਾਨੀ ਨਸਲ ਦੇ ਸੰਜੋਗ ਵਿਚ ਜੋੜਨ ਦੀ ਸਮਰੱਥਾ ਰਖਦਾ ਹੈ। ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਸਿੱਖ-ਚਿੰਤਨ ਵਿਸ਼ਾਲ ਭਾਈਚਾਰੇ ਦੀ ਜੁਗਤ ਦਾ ਹਾਮੀ ਹੈ, ਜੋ ਵਿਸ਼ਵਾਰਥੀ ਹਿੱਤਾਂ ਦੀ ਸੇਧ ਦਾ ਧਾਰਨੀ ਹੋਵੇ। ਨਿਜੀ ਮੁਕਤੀ ਅਤੇ ਮਨੁੱਖਤਾ ਦੀ ਸਾਂਝੀ ਮੁਕਤੀ, ਇਸ ਪੱਧਰ ਉੱਤੇ, ਘੁਲ-ਮਿਲ ਜਾਂਦੇ ਹਨ। ਜੇਕਰ ਮਨੁੱਖ ਨੇ ਸੁਆਰਥ ਤੋਂ ਉਪਰ ਨਹੀਂ ਉਠਣਾ, ਉਪਕਾਰ-ਭਾਵ ਤੋਂ ਪ੍ਰੇਰਿਤ ਨਹੀਂ ਹੋਣਾ, ਤਾਂ ਉਸ ਦੀ ਸੂਝ-ਸਿਆਣਪ, ਪੜ੍ਹਾਈ-ਲਿਖਾਈ ਸਭ ਵਿਅਰਥ ਹੈ; ਇਹ ਸਭ ਹਉਮੈ ਦੀ ਝਖਣਾ-ਝਾਖ ਹੈ। ਗੁਰਬਾਣੀ, ਇਸ ਸੰਦਰਭ ਵਿਚ, "ਵਿਦਿਆ ਵੀਚਾਰੀ, ਤਾਂ ਪਰਉਪਕਾਰੀ" ਦਾ ਨਿਯਮ ਸਥਾਪਿਤ ਕਰਦੀ ਹੈ।

ਗੁਰਬਾਣੀ ਦੇ ਆਸ਼ੇ ਦਾ ਸਿੱਖ ਸੂਝਵਾਨ ਵਿਅਕਤੀ ਹੈ, ਜੋ ਸੌੜੀਆਂ ਹੱਦਬੰਦੀਆਂ ਵਿਚ ਨਹੀਂ ਵਿਚਰਦਾ; ਉਸ ਦੀ ਸੋਚਣੀ ਵਿਸ਼ਾਲ ਤੇ ਉਦਾਰਭਾਵੀ ਹੈ। ਜਿਸ ਰਵਾਇਤ ਨੇ ਉਸ ਦੀ ਬੌਧਿਕ ਤੇ ਭਾਵੁਕ ਉਸਾਰੀ ਕੀਤੀ ਹੈ, ਉਹ ਸਿਮਰਨ ਤੇ ਸੇਵਾ ਦੀ ਰਵਾਇਤ ਹੈ, ਨੇਕਨੀਤੀ ਤੇ ਸਾਂਝ-ਭਾਵੀ ਬਿਰਤੀ ਵਾਲੀ ਸਮਾਜਕ ਪਰੰਪਰਾ ਹੈ, ਸਰਬੱਤ ਦੇ ਭਲੇ ਦੀ ਉਮੰਗ ਹੈ। ਸਿੱਖ ਦੀ ਸੁੱਚੀ ਦੇਸ਼-ਭਗਤੀ ਉੱਤੇ ਕਿਸੇ ਤੰਗ ਨਜ਼ਰੀਏ, ਗਲ-ਵੱਢ ਮੁਕਾਬਲੇ ਜਾਂ ਬਦੇਸ਼ਾਂ ਪ੍ਰਤੀ ਨਫ਼ਰਤ ਦੀ ਪਾਨ ਨਹੀਂ ਚੜ੍ਹੀ ਹੋਈ, ਨਾ ਹੀ ਉਹ ਆਪਣੀ ਸਭਿਆਚਾਰਕ ਜੁਗਤ ਹੋਰਨਾਂ ਉੱਤੇ ਠੋਸਣ ਦਾ ਹਾਮੀ ਹੈ। ਗੰਭੀਰ ਚਿੰਤਨ ਦੀ ਦ੍ਰਿਸ਼ਟੀ ਤੋਂ, ਗੁਆਂਢੀਆਂ ਤੇ ਪ੍ਰਦੇਸੀਆਂ ਪ੍ਰਤੀ ਘਿਰਣਾ ਸੰਤੁਲਿਤ ਦੇਸ਼-ਪਿਆਰ ਦੀ ਨਿਸ਼ਾਨੀ ਨਹੀਂ, ਸਗੋਂ ਉਲਾਰ ਤੇ ਤੰਗ-ਦਿਲ ਬਿਰਤੀ ਦੀ ਸੂਚਕ ਹੈ। ਗੁਰਬਾਣੀ ਨੇ ਸਿੱਖ ਨੂੰ ਅਗੋਚਰਤਾ ਦੀ ਗੁੜ੍ਹਤੀ ਦਿੱਤੀ ਹੈ, ਵਰਣ-ਜਾਤੀਆਂ, ਕੌਮਾਂ ਦੀਆਂ ਹੱਦਬੰਦੀਆਂ ਤੋਂ ਉਪਰ ਉੱਠ ਕੇ ਸਰਬ-ਸਾਂਝੀ ਪ੍ਰੀਤ ਜਗਾਉਣ ਦੀ ਸੇਧ ਦਿੱਤੀ ਹੈ। ਸੀਮਾਵਾਂ ਪਾਰ ਕਰਨ ਦਾ ਸਾਹਸ ਦਿੱਤਾ ਹੈ। ਜਨਮ-ਭੂਮੀ ਦਾ ਪਿਆਰ, ਉਸ ਦੀਆਂ ਲੋੜਾਂ ਤੇ ਸਥਿਤੀ ਸੰਬੰਧੀ ਜਾਗਰੂਕਤਾ, ਉਸ ਦੇ ਵਿਕਾਸ-ਕਾਰਜਾਂ ਵਿਚ ਹਿੱਸਾ ਪਾਉਣ ਦੀ ਤਾਂਘ ਕਿਸੇ ਵੀ ਸੁਚੇਤ, ਸੂਝਵਾਨ ਸ਼ਹਿਰੀ ਦੇ ਲੱਛਣ ਹਨ; ਨਾਲ ਹੀ ਇਹ ਉਸ ਨੂੰ ਸੰਤੁਲਿਤ, ਅੰਤਰ-ਰਾਸ਼ਟਰੀ ਸੂਝ-ਬੂਝ ਦੇਣ ਦੇ ਕਾਰਕ ਵੀ ਹਨ। ਜੋ ਕੋਈ ਆਪਣੇ ਲੋਕਾਂ ਨੂੰ ਸਹੀ ਅਰਥਾਂ ਵਿਚ ਪਿਆਰਦਾ ਹੈ, ਉਹ ਪੜੋਸੀਆਂ ਤੇ ਬੇਗਾਨਿਆਂ ਪ੍ਰਤੀ ਸੁਹਿਰਦ ਹੋ ਸਕਦਾ ਹੈ। ਗੁਰਬਾਣੀ ਦਾ ਫ਼ਲਸਫ਼ਾ ਤੇ ਇਸ ਦੀ ਏਕੀਕਰਨ,

Sri Satguru Jagjit Singh Ji eLibrary NamdhariElibrary@gmail.com

ਇਕਸੁਰਤਾ ਤੇ ਸਾਂਝੀਵਾਲਤਾ ਦੀ ਭਾਵਨਾ, ਸਿੱਖ ਨੂੰ ਮਾਨਵਵਾਦੀ ਸੇਧ ਵਿਚ ਤੁਰਨ ਦਾ ਬਲ ਪ੍ਰਦਾਨ ਕਰਦੇ ਹਨ।

ਸਿੱਖ-ਚਿੰਤਨ ਦਾ ਮਾਨਵਵਾਦ ਕੱਟੜ ਕਿਸਮ ਦਾ, ਵਿਰੋਧ-ਭਾਵ ਵਾਲਾ ਸਿਧਾਂਤ ਨਹੀਂ, ਜੋ ਈਸ਼ਵਰਵਾਦੀ ਵਿਸ਼ਵਾਸ ਨੂੰ ਸਹਿਨ ਨਾ ਕਰੇ। ਸਿੱਖ ਲਈ ਮਨੁੱਖ ਤੇ ਰੱਬ ਦੋਵੇਂ ਸ਼ਰਧਾ ਤੇ ਪ੍ਰੇਮ ਦੇ ਪਾਤਰ ਹਨ; ਉਸ ਦੀ ਵਚਨਬੱਧਤਾ ਦੋਹਾਂ ਲਈ ਹੈ। ਈਸ਼ਵਰਵਾਦ ਉਸ ਨੂੰ ਧਰਮ ਦੇ ਮਾਰਗ ਦਾ ਪਾਂਧੀ ਬਣਾਉਂਦਾ ਹੈ, ਉਸ ਨੂੰ ਆਪਣੀ ਅੰਤਰੀਵੀ ਸਮਰੱਥਾ ਜਗਾਉਣ ਦਾ ਸਾਹਸ ਦੇਂਦਾ ਹੈ। ਮਾਨਵਵਾਦ ਉਸ ਨੂੰ ਸ਼ੁਭ ਕਰਮਾਂ ਲਈ ਨੈਤਿਕ ਪ੍ਰੇਰਨਾ ਤੇ ਦਲੇਰੀ ਬਖ਼ਸ਼ਦਾ ਹੈ। ਸਿੱਖ ਦ੍ਰਿਸ਼ਟੀ ਤੋਂ, ਦੋਵੇਂ ਇਕ ਦੂਜੇ ਨਾਲ ਸੁਮੇਲ ਦੀ ਸਾਂਝ ਵਿਚ ਪਰੁੱਚੇ ਹੋਏ ਹਨ। ਈਸ਼ਵਰਵਾਦ ਤੇ ਮਾਨਵਵਾਦ ਦੋਵੇਂ, ਮਨੁੱਖ ਨੂੰ ਇਕ ਦੂਜੇ ਨਾਲ ਜੋੜਨ ਦੇ ਸਿਧਾਂਤ ਹਨ; ਮਨੁੱਖੀ ਆਤਮਾ ਨੂੰ ਉਚੇਰੇ ਮੰਡਲਾਂ ਦਾ ਅਨੁਭਵ ਦੇਣ ਵਾਲੀਆਂ ਕਾਰਗਰ ਜੁਗਤਾਂ ਹਨ। ਇਨ੍ਹਾਂ ਤੋਂ ਪ੍ਰੇਰਿਤ ਨੀਤੀਵਾਨ ਸਮੁੱਚੀ ਮਨੁੱਖਤਾ ਦੇ ਕਲਿਆਣ ਦੀ ਭਾਵਨਾ ਨਾਲ ਆਪਣੇ ਭਾਈਚਾਰੇ ਵਿਚ ਵਿਚਰਦਾ ਤੇ ਇਸ ਦੀ ਪ੍ਰਗਤੀ ਲਈ ਕਾਰਜ ਕਰਦਾ ਹੈ। ਸਟੇਟ ਨੂੰ ਉਹ ਲੋਕ-ਸੇਵਾ ਤੇ ਸਮਾਜ-ਭਲਾਈ ਦਾ ਆਵੱਸ਼ਕ ਸਾਧਨ ਮੰਨਦਾ ਹੈ। ਰਾਜਸੀ ਸ਼ਕਤੀ ਉਸ ਦੇ ਹੱਥ ਵਿਚ ਇਕ ਅਮਾਨਤ ਹੈ, ਜੋ ਉਸ ਨੇ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਕੌਮੀਅਤ ਦੇ ਹੱਕ ਵਿਚ ਨਹੀਂ, ਸਗੋਂ ਹਰ ਫ਼ਿਰਕੇ, ਜਾਤੀ ਤੇ ਕੌਮੀ ਸਮੂਹ ਦੀ ਸਰਬ-ਪੱਖੀ ਉੱਨਤੀ ਲਈ ਵਰਤਣੀ ਹੈ। ਸਿੱਖ ਰਾਜਨੀਤੀ ਦਾ ਸਿਧਾਂਤਕ ਆਧਾਰ ਅਜਿਹੀ ਮਾਨਵ-ਹਿਤੈਸ਼ੀ, ਸੇਵਾ-ਭਾਵੀ ਨੀਤੀ ਹੈ, ਜਿਸ ਦੇ ਕਾਰਕੁਨਾਂ ਨੂੰ ਗੁਰਬਾਣੀ ਪਾਸੋਂ ਮਾਨਵਵਾਦੀ ਸੇਧ ਅਤੇ ਸੱਚ ਦੀ ਸੋਝੀ ਦਾ ਵਰਦਾਨ ਪ੍ਰਾਪਤ ਹੈ :

ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ।

Sri Satguru Jagjit Singh Ji eLibrary NamdhariElibrary@gmail.com

# 12.
# ਸਿੱਖ ਅਧਿਆਤਮਿਕ ਚਿੰਤਨ

ਕਿਸੇ ਵੀ ਧਰਮ ਦਾ ਅਧਿਆਤਮਕ ਚਿੰਤਨ ਉਸ ਧਰਮ ਦੀਆਂ ਬੁਨਿਆਦੀ ਮਨੌਤਾਂ, ਵਿਸ਼ਵਾਸ-ਪ੍ਰਬੰਧ ਅਤੇ ਮੁਕਤੀ-ਮਾਰਗ ਦਾ ਵਿਧੀ-ਬੱਧ ਪ੍ਰਗਟਾਵਾ ਹੈ। ਇਸ ਚਿੰਤਨ ਦੀ ਪੇਸ਼ਕਾਰੀ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਹ ਦਾਰਸ਼ਨਿਕ ਅਧਿਐਨ ਦਾ ਭੁਲੇਖਾ ਪਾਉਂਦੀ ਹੈ, ਪਰ ਅਸਲ ਵਿਚ ਇਸ ਚਿੰਤਨ ਦਾ ਵਿਸ਼ਾ ਤੇ ਸਰੂਪ ਧਰਮ-ਮੀਮਾਂਸਾ (ਥੀਆਲੋਜੀ) ਨਾਲ ਵਧੇਰੇ ਮੇਲ ਖਾਂਦਾ ਹੈ। ਕਿਸੇ ਵਿਸ਼ੇਸ਼ ਧਰਮ ਦੀ ਅਧਿਆਤਮਿਕਤਾ ਨਿਰਪੱਖ ਤੇ ਵਸਤੂਪਰਕ ਹੋਣੀ ਸੰਭਵ ਨਹੀਂ, ਕਿਉਂਕਿ ਇਸ ਨੇ ਆਪਣੇ ਵਿਸ਼ਵਾਸ-ਪ੍ਰਬੰਧ ਨੂੰ ਨਿਆਂਸ਼ੀਲ ਸਿੱਧ ਕਰਨਾ ਅਤੇ ਆਪਣੇ ਧਰਮ ਦਾ ਪੱਖ ਪੂਰਨਾ ਹੁੰਦਾ ਹੈ। ਧਰਮ-ਮੀਮਾਂਸਾ ਦਾ ਵਿਧੀ-ਕ੍ਰਮ ਦਾਰਸ਼ਨਿਕ ਹੋਣ ਕਰਕੇ, ਅਤੇ ਕਿਸੇ ਹੱਦ ਤਕ ਇਸ ਦੀ ਸ਼ਬਦਾਵਲੀ, ਦਲੀਲਕਾਰੀ ਤੇ ਭਾਵ-ਜੁਗਤ ਫ਼ਲਸਫ਼ੇ ਨਾਲ ਸਾਂਝੀ ਹੋਣ ਕਾਰਨ, ਧਰਮ-ਮੀਮਾਂਸਾ ਨੂੰ ਅਕਸਰ ਫ਼ਲਸਫ਼ੇ ਦਾ ਇਕ ਵਿਭਾਗ ਮੰਨ ਲਿਆ ਜਾਂਦਾ ਹੈ। ਇਹ ਠੀਕ ਹੈ ਕਿ ਦਰਸ਼ਨਵੇਤਾ ਆਪਣੇ ਪਰਿਵਾਰਕ ਧਰਮ ਦੇ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਦਾ, ਅਤੇ ਆਪਣੇ ਦਾਰਸ਼ਨਿਕ ਚਿੰਤਨ ਵਿਚ ਉਹ, ਅਚੇਤ ਰੂਪ ਵਿਚ, ਨਿਜੀ ਧਰਮ ਦੇ ਪ੍ਰਭਾਵਾਂ ਦੀ ਛੁਹ ਦੇ ਜਾਂਦਾ ਹੈ। ਫਿਰ ਵੀ, ਫ਼ਲਸਫ਼ੇ ਦੀ ਸੇਧ ਧਰਮ-ਮੀਮਾਂਸਾ ਦੇ ਮਨੋਰਥਾਂ ਨਾਲੋਂ ਭਿੰਨ ਹੈ। ਫ਼ਲਸਫ਼ੇ ਵਿਚ ਨਿਰਪੱਖ ਤਾਰਕਿਕ ਵਿਸ਼ਲੇਸ਼ਣ ਹੈ, ਇਸ ਦੀ ਕਿਆਸਕਾਰੀ ਵਿਵੇਕਸ਼ੀਲਤਾ ਦਾ ਪੱਲਾ ਨਹੀਂ ਛੱਡਦੀ, ਅਤੇ ਇਸ ਦਾ ਉਦੇਸ਼ ਕਿਸੇ ਨੂੰ ਮੁਕਤੀ ਦੁਆਉਣਾ ਨਹੀਂ। ਧਰਮ-ਮੀਮਾਂਸਾ ਤੇ ਅਧਿਆਤਮਿਕ ਚਿੰਤਨ ਦੇ ਮਨੋਰਥ, ਇਸ ਦੀ ਤੁਲਨਾ ਵਿਚ, ਵਧੇਰੇ ਵਿਹਾਰਕ, ਵਧੇਰੇ ਉਪਯੋਗੀ ਤੇ ਆਸ਼ਾਜਨਕ ਹਨ।

ਸਿੱਖ ਅਧਿਆਤਮਿਕਤਾ, ਇਸ ਦ੍ਰਿਸ਼ਟੀਕੋਣ ਤੋਂ, ਨਿਰੋਲ ਫ਼ਲਸਫ਼ੇ ਦੇ ਖੇਤਰ ਵਿਚ ਨਹੀਂ ਆਉਂਦੀ। ਇਸ ਦਾ ਮੇਲ ਸਿੱਖ ਮੱਤ ਦੇ ਧਰਮ-ਮੀਮਾਂਸਿਕ ਅਧਿਐਨ ਨਾਲ ਵਧੇਰੇ ਹੈ। ਸਿੱਧ ਅਧਿਆਤਮਿਕ ਚਿੰਤਨ ਦਾ ਉਦੇਸ਼ ਵਿਅਕਤੀ ਦੇ ਜੀਵਨ ਦੀ ਸਾਰਥਿਕਤਾ ਨੂੰ ਪਛਾਣਨਾ ਅਤੇ ਉਸ ਦੇ ਆਤਮਿਕ ਕਲਿਆਣ ਦਾ ਪੰਧ ਨਿਰਧਾਰਿਤ ਕਰਨਾ ਹੈ, ਜੋ ਕਿ ਗੁਰੂ-ਗ੍ਰੰਥ ਬਾਣੀ ਦੀ ਸਮੁੱਚੀ ਸੇਧ ਦਾ ਅਨੁਸਾਰੀ ਹੈ। ਸਿੱਖ ਧਰਮ-ਦਰਸ਼ਨ ਆਪਣੇ ਆਪ ਵਿਚ ਨਾ ਨਿਰੋਲ ਦਰਸ਼ਨ (ਫ਼ਲਸਫ਼ਾ) ਹੈ ਨਾ ਹੀ ਧਰਮ-ਦਰਸ਼ਨ ਜਾਂ ਧਰਮ ਦਾ ਫ਼ਲਸਫ਼ਾ। ਇਹ ਸਿੱਖ ਧਰਮ ਦਾ ਚਿੰਤਨ ਹੈ, ਜਿਸ ਦੀ



Sri Satguru Jagjit Singh Ji eLibrary NamdhariElibrary@gmail.com

ਅਧਿਐਨ-ਵਿਧੀ ਦਾਰਸ਼ਨਿਕ ਹੈ, ਪਰ ਵਿਸ਼ਾ-ਵਸਤੂ ਮੀਮਾਂਸਿਕ। ਦੂਸਰੇ ਸ਼ਬਦਾਂ ਵਿਚ, 'ਸਿੱਖ ਧਰਮ ਦਰਸ਼ਨ' ਸਿੱਖ ਮਤ ਦੀ ਥੀਆਲੋਜੀ ਹੈ, ਜੋ ਫ਼ਲਸਫ਼ੇ ਦੀ ਪਹੁੰਚ-ਵਿਧੀ ਅਪਣਾ ਕੇ ਸਿੱਖ ਧਰਮ ਦੀਆਂ ਮਨੌਤਾਂ, ਵਿਸ਼ਵਾਸਾਂ ਤੇ ਉਦੇਸ਼ਾਂ ਦੀ ਨਿਆਂਸ਼ੀਲਤਾ ਸਿੱਧ ਕਰਦੀ ਹੈ। ਸੋ, ਸਿੱਖ ਅਧਿਆਤਮਿਕਤਾ ਸਿੱਖ ਧਰਮ ਦੇ ਸਿਧਾਂਤਕ ਚੌਖਟੇ ਦਾ ਅਨਿੱਖੜ ਤੇ ਪ੍ਰਮੁੱਖ ਅੰਗ ਹੈ।

## ਅਧਿਆਤਮਿਕਤਾ ਦੀ ਸਮੱਸਿਆ

ਅਧਿਆਤਮਿਕਤਾ ਦਾ ਵਿਸ਼ਾ 'ਆਤਮਾ' ਦੇ ਸੰਕਲਪ ਉੱਤੇ ਆਪਣੀ ਰਚਨਾਕਾਰੀ ਕਰਦਾ ਹੈ। ਇਸ ਨੂੰ ਕਈ ਵਾਰੀ ਰੂਹਾਨੀਅਤ ਦਾ ਨਾਮ ਵੀ ਦਿੱਤਾ ਜਾਂਦਾ ਹੈ, ਜਿਸ ਦਾ ਕੇਂਦਰ-ਬਿੰਦੂ 'ਰੂਹ' ਹੈ। ਆਤਮਾ ਤੇ ਰੂਹ (spirit and soul) ਦੀ ਸ਼ਬਦਾਵਲੀ ਪ੍ਰਾਚੀਨ ਕਾਲ ਤੋਂ ਚਲੀ ਆਉਂਦੀ ਹੈ, ਅਤੇ ਧਾਰਮਿਕ ਸਿਧਾਂਤਾਂ ਦੀ ਰਚਨਾ ਵਿਚ ਇਸ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਅਜੋਕਾ ਧਰਮ-ਚਿੰਤਨ ਮਨੁੱਖ ਦੇ ਮੁੱਢਲੇ ਧਾਰਮਿਕ ਵਿਸ਼ਵਾਸ ਨੂੰ ਰੂਹਵਾਦ (Animism) ਦਾ ਨਾਮ ਦੇਂਦਾ ਹੈ। ਪ੍ਰਾਚੀਨ, ਆਦਿਵਾਸੀ ਲੋਕਾਂ ਦੀ ਮਨੌਤ ਸੀ ਕਿ ਹਰ ਜਾਨਦਾਰ ਤੇ ਬੇਜਾਨ ਵਸਤੂ ਵਿਚ 'ਰੂਹ' ਸਥਿਤ ਹੈ। ਪ੍ਰਾਚੀਨ ਮਨੁੱਖ ਕੁਦਰਤ ਦੇ ਹਰ ਕਣ ਤੇ ਜ਼ੱਰੇ ਵਿਚ ਰੂਹ ਦੀ ਹੋਂਦ ਪਰਵਾਨ ਕਰਦਾ ਸੀ, ਮੁਰਦੇ ਵਿਚ ਵੀ ਰੂਹ ਮੌਜੂਦ ਸੀ। ਇਨਸਾਨ ਆਪਣੇ ਅੰਦਰ ਕਿਸੇ ਸ਼ਕਤੀ ਦੀ ਹੋਂਦ ਮਹਿਸੂਸ ਕਰਦਾ ਹੈ, ਜੋ ਉਸ ਨੂੰ ਹਿਲਾਉਂਦੀ-ਜੁਲਾਉਂਦੀ ਹੈ, ਭਾਵ ਤੇ ਇਹਸਾਸ ਪੈਦਾ ਕਰਦੀ ਹੈ। ਧਰਮ ਦੇ ਵਿਕਾਸ ਵਿਚ ਰੂਹਵਾਦ ਤੋਂ ਉਪਰੰਤ ਸਜੀਵਤਾਵਾਦ (Animatism) ਦਾ ਪੜਾਅ ਆਇਆ, ਜਿਸ ਅਨੁਸਾਰ ਕੋਈ ਵੀ ਚਮਤਕਾਰੀ ਘਟਨਾ, ਰਹੱਸ-ਭਰਪੂਰ ਵਸਤੂ, ਜਾਂ ਅਨੋਖੀ ਤੇ ਨਿਵੇਕਲੀ ਸ਼ੈ, ਕਿਸੇ-ਨਾ-ਕਿਸੇ ਅਦਿੱਖ ਸ਼ਕਤੀ ਦਾ ਕ੍ਰਿਸ਼ਮਾ ਸੀ। ਕੋਈ ਗ਼ੈਬੀ ਰੂਹ ਇਨ੍ਹਾਂ ਵਸਤਾਂ, ਜੀਵਾਂ, ਘਟਨਾਵਾਂ ਵਿਚ ਕੰਮ ਕਰ ਰਹੀ ਹੈ। ਕਈ ਗ਼ੈਬੀ ਸ਼ਕਤੀਆਂ ਇਨਸਾਨ ਦੀਆਂ ਮਿੱਤਰ ਹਨ, ਤੇ ਕਈ ਉਸ ਦੀਆਂ ਦੋਖੀ ਹਨ। ਜਿਸ ਕੁਦਰਤੀ ਘਟਨਾ ਜਾਂ ਵਚਿੱਤਰ ਵਰਤਾਰੇ ਨੂੰ ਪ੍ਰਾਚੀਨ ਮਨੁੱਖ ਸਮਝ ਨਹੀਂ ਸੀ ਸਕਦਾ, ਉਸ ਨੂੰ ਉਹ ਗ਼ੈਬੀ ਤੇ ਅਦਿੱਖ ਸਜੀਵ ਸ਼ਕਤੀ ਨਾਲ ਜੋੜ ਦੇਂਦਾ ਸੀ। ਫ਼ਸਲ ਦੇ ਉੱਗਣ ਵਿਚ ਵੀ ਕਿਸੇ ਦੈਵੀ ਸ਼ਕਤੀ ਦਾ ਹੱਥ ਸੀ। ਦੇਵੀ ਦੇਵਤਿਆਂ ਤੇ ਦੈਤਾਂ ਦੀ ਕਲਪਨਾ ਸਜੀਵਤਾ ਦੇ ਇਸੇ ਵਿਸ਼ਵਾਸ ਦੀ ਦੇਣ ਸੀ।

ਰੂਹਵਾਦ ਤੇ ਸਜੀਵਤਾਵਾਦ ਦੀਆਂ ਪ੍ਰਾਚੀਨ ਮਨੌਤਾਂ ਨੇ ਕਈ ਹੋਰ ਵਿਸ਼ਵਾਸ-ਪ੍ਰਬੰਧਾਂ ਨੂੰ ਜਨਮ ਦਿੱਤਾ, ਜਿਨ੍ਹਾਂ ਵਿਚ ਪਿੱਤਰ-ਪੂਜਾ, ਦੇਵ-ਪੂਜਾ, ਭੂਤ-ਸ਼ਕਤੀ, ਅੰਧ-ਪੂਜਾ, ਟੋਟਿਮਵਾਦ, ਜਾਦੂ-ਟੂਣੇ ਤੇ ਸ਼ਮਨਵਾਦ ਸ਼ਾਮਿਲ ਹਨ। ਇਨ੍ਹਾਂ ਵਿਸ਼ਵਾਸ-ਪ੍ਰਣਾਲੀਆਂ ਦੇ ਆਧਾਰ ਉੱਤੇ ਕਈ ਕਿਸਮ ਦੀਆਂ ਰਸਮਾਂ-ਰੀਤਾਂ ਦੀ ਰਚਨਾ ਹੋਈ, ਅਤੇ ਸਮਾਜਕ ਸੰਸਥਾਵਾਂ ਹੋਂਦ ਵਿਚ ਆਈਆਂ। ਰੂਹਾਨੀ ਸ਼ਕਤੀ ਦਾ ਵਿਚਾਰ ਕਈ ਧਾਰਮਿਕ ਤੇ ਦਾਰਸ਼ਨਿਕ ਸਿਧਾਂਤਾਂ ਦੀ ਆਧਾਰ-ਸ਼ਿਲਾ ਬਣਿਆ। ਆਦਿ-ਕਾਲੀਨ

Sri Satguru Jagjit Singh Ji eLibrary NamdhariElibrary@gmail.com

ਮਨੁੱਖ ਦਾ ਰੂਹਾਂ ਵਿਚ ਵਿਸ਼ਵਾਸ : ਦੈਵੀ ਸ਼ਕਤੀਆਂ ਦੀ ਅਨੇਕਤਾ ਤੇ ਦਰਜਾਕਾਰੀ ਦੇ ਪੜਾਵਾਂ ਵਿਚੋਂ ਗੁਜ਼ਰਦਾ, ਇੱਕੋ-ਇਕ ਸਰਬ-ਵਿਆਪੀ ਆਤਮਾ ਦੇ ਸੰਕਲਪ ਤਕ ਪੁੱਜ ਗਿਆ। ਬਹੁਦੇਵਵਾਦ ਤੇ ਏਕੀਸ਼ਵਰਵਾਦ ਧਰਮ-ਚਿੰਤਨ ਦੇ ਵਿਕਾਸ ਵਿਚ ਦੋ ਪ੍ਰਮੁੱਖ ਸਿਧਾਂਤ ਹਨ, ਜਿਨ੍ਹਾਂ ਨੇ ਪੂਰਬੀ ਤੇ ਪੱਛਮੀ ਧਰਮ-ਦਰਸ਼ਨ ਦੀਆਂ ਧਾਰਾਵਾਂ ਵਿਚ ਬਹੁਤ ਹੱਦ ਤਕ ਸਾਂਝ ਪੈਦਾ ਕੀਤੀ ਹੈ। ਸ਼ਬਦਾਵਲੀ ਤੇ ਪ੍ਰਤੀਕ ਬੇਸ਼ੱਕ ਭਿੰਨ ਹਨ, ਪਰ ਦੋਵੇਂ ਪਰੰਪਰਾਵਾਂ ਇੱਕੋ ਸੇਧ ਵਿਚ ਤੁਰਦੀਆਂ, ਕਿਸੇ ਵਿਸ਼ਵ-ਵਿਆਪੀ 'ਮਨ' 'ਬੁੱਧੀ' ਜਾਂ 'ਆਤਮਾ' ਦੀ ਧਾਰਨਾ ਤਕ ਪੁਜਦੀਆਂ ਹਨ, ਜਿਸ ਨੂੰ ਭਾਰਤੀ ਚਿੰਤਨ ਨੇ 'ਬ੍ਰਹਮ' ਦਾ ਸੰਕੇਤ ਦਿੱਤਾ। ਅਧਿਆਤਮਿਕਤਾ ਦੇ ਵਿਸ਼ੇ ਵਿਚ ਆਤਮ-ਬ੍ਰਹਮ ਦੀ ਧਾਰਨਾ ਪ੍ਰਬਲ ਤੇ ਪ੍ਰਭਾਵਸ਼ਾਲੀ ਰਹੀ ਹੈ।

ਧਰਮ-ਚਿੰਤਨ ਦੇ ਖੇਤਰ ਵਿਚ ਜਿਸ ਸਿਧਾਂਤ ਨੂੰ ਅਧਿਆਤਮਵਾਦ ਕਿਹਾ ਜਾਂਦਾ ਹੈ, ਉਸ ਦਾ ਬੁਨਿਆਦੀ ਵਿਚਾਰ-ਵਿਸ਼ਵ ਦੀ ਆਤਮ-ਸੱਤਾ ਹੈ ਜਿਸ ਨੂੰ ਅੰਤਿਮ ਹਕੀਕਤ ਵਜੋਂ ਪਰਵਾਨ ਕੀਤਾ ਗਿਆ। ਕੁਦਰਤ ਕੇਵਲ ਪਦਾਰਥਕ, ਬੇਜਾਨ, ਸਥੂਲ ਹੋਂਦ ਨਹੀਂ, ਇਸ ਦਾ ਕੇਂਦਰੀ ਤੱਤ ਸਜੀਵ ਸੂਖ਼ਮ ਆਤਮ-ਤੱਤ ਹੈ, ਜਿਸ ਨੇ ਅਗਿਆਨ, ਹਉਮੈਂ ਜਾਂ ਮਾਇਆ ਦੇ ਪ੍ਰਭਾਵ ਰਾਹੀਂ ਪਦਾਰਥਕ ਰੂਪ ਧਾਰਨ ਕੀਤੇ ਹੋਏ ਹਨ। ਦੂਸਰੇ ਸ਼ਬਦਾਂ ਵਿਚ, ਪਰਮ ਸਚਾਈ ਜਾਂ ਅਸਲੀਅਤ ਆਤਮਾ (Spirit) ਹੈ, ਨਾ ਕਿ ਮਾਦਾ (Matter) ਜਾਂ ਭੌਤਿਕ ਪਦਾਰਥ। ਅੰਤਿਮ ਯਥਾਰਥ ਦੇ ਇਸ ਸੰਕਲਪ ਉੱਤੇ ਆਧਾਰਿਤ ਹੈ 'ਧਾਰਨਾਵਾਦ' ਦਾ ਦਾਰਸ਼ਨਿਕ ਸਿਧਾਂਤ, ਜੋ ਆਦਰਸ਼ਵਾਦ (Idealism) ਦੇ ਨਾਮ ਨਾਲ ਪ੍ਰਚਲਿਤ ਹੈ। ਧਰਮ-ਮੀਮਾਂਸਾ ਦੇ ਚਿੰਤਕ ਇਸ ਨੂੰ ਅਧਿਆਤਮਵਾਦ (spiritualism) ਦਾ ਨਾਮ ਦੇਂਦੇ ਹਨ। ਉਨ੍ਹਾਂ ਲਈ ਇਹ ਕੇਵਲ ਇਕ ਸਿਧਾਂਤ ਜਾਂ ਬੌਧਿਕ ਗੋਰਖ-ਧੰਦਾ ਨਹੀਂ, ਇਹ ਵਿਅਕਤੀ ਦਾ ਅੰਤਿਮ ਸਰੋਕਾਰ ਹੈ, ਉਸ ਦੀ ਪ੍ਰਬਲ ਜਿਗਿਆਸਾ ਹੈ, ਬ੍ਰਹਮ ਦੀ ਅਸਲੀਅਤ ਨੂੰ ਪਛਾਣਨ ਤੇ ਉਸ ਨਾਲ ਇਕਸੁਰ ਹੋਣ ਦਾ ਸਾਧਨਾ-ਮਾਰਗ ਹੈ।

ਅਧਿਆਤਮਵਾਦੀ ਫ਼ਲਸਫ਼ੇ ਨੇ ਪੂਰਬ ਤੇ ਪੱਛਮ ਦੀਆਂ ਚਿੰਤਨ-ਪਰੰਪਰਾਵਾਂ ਵਿਚ ਵਿਭਿੰਨ ਸਰੂਪ ਧਾਰਨ ਕੀਤੇ ਹਨ। ਬੇਸ਼ੱਕ ਆਦਰਸ਼ਵਾਦੀ ਤੱਤ ਸਭਨਾਂ ਵਿਚ ਸਾਂਝਾ ਹੈ, ਪਰ ਇਸ਼ਟ ਦੇ ਸਰੂਪ, ਵਿਸ਼ਵ ਦੀ ਹਸਤੀ ਤੇ ਜੀਵ ਦੀ ਅਸਲੀਅਤ ਸੰਬੰਧੀ ਵਿਭਿੰਨ ਧਾਰਨਾਵਾਂ ਤੇ ਕਿਆਸ ਪ੍ਰਸਤੁਤ ਹੋਏ ਹਨ। ਜੇਕਰ ਉੱਚਤਮ ਹਕੀਕਤ (ਬ੍ਰਹਮ) ਨੂੰ ਰੱਬ (ਈਸ਼ਵਰ) ਸਰੂਪ ਵਿਚ ਚਿਤਵਿਆ ਜਾਵੇ, ਤਾਂ ਮਨੁੱਖ ਦਾ ਆਪਣੇ ਇਸ਼ਟ ਨਾਲ ਸੰਬੰਧ ਦਾ ਪ੍ਰਸ਼ਨ ਅਧਿਆਤਮਵਾਦੀ ਚਿੰਤਨ ਦਾ ਮੁੱਖ ਵਿਸ਼ਾ ਬਣ ਜਾਂਦਾ ਹੈ। ਇਸ ਪ੍ਰਸ਼ਨ ਨੇ ਅਕਸਰ ਭਗਤ ਤੇ ਪ੍ਰਭੂ ਦੇ ਪਰਸਪਰ ਸੰਬੰਧ ਦਾ ਰੂਪ ਧਾਰਿਆ ਹੈ, ਜਿਸ ਦੀਆਂ ਅਨੇਕ ਪਰਤਾਂ ਨੇ ਵਿਭਿੰਨ ਸੰਕਲਪਾਂ ਤੇ ਵਿਸ਼ਵਾਸਾਂ ਨੂੰ ਜਨਮ ਦਿੱਤਾ ਹੈ। ਰਹੱਸਮਈ ਅਨੁਭਵ, ਆਪਾ-ਸਮਰਪਣ, ਰਜ਼ਾ ਤੇ ਭਾਣਾ, ਦੈਵੀ ਕਿਰਪਾ ਤੇ ਮਿਹਰ,

Sri Satguru Jagjit Singh Ji eLibrary NamdhariElibrary@gmail.com

ਆਦਿਕ ਵਿਚਾਰ ਤੇ ਸਿਧਾਂਤ ਭਗਤ-ਪ੍ਰਭੂ ਦੇ ਪ੍ਰਸ਼ਨ ਨਾਲ ਜੁੜੇ ਹੋਏ ਹਨ। ਇਕ ਹੋਰ ਸਮੱਸਿਆ ਈਸ਼ਵਰ ਤੇ ਜੀਵ ਦੀ 'ਦਵੈਤ' ਸੰਬੰਧੀ ਹੈ, ਜਿਸ ਨੂੰ 'ਮੈਂ ਤੇ ਤੂੰ' ਦੇ ਪ੍ਰਤੀਕ ਰਾਹੀਂ ਕਥਨ ਕੀਤਾ ਗਿਆ ਹੈ। ਇਸ ਬਾਰੇ ਗੰਭੀਰ ਧਰਮ-ਚਿੰਤਨ ਦਾ ਨਿਰਣਾ ਮੈਂ ਤੇ ਤੂੰ ਦੀ ਇਕਰੂਪਤਾ ਹੈ। ਹਰੀ ਤੇ ਹਰੀ ਦਾ ਜਨ (ਉਸ ਦਾ ਉਪਾਸ਼ਕ, ਭਗਤ) ਦੋਵੇਂ ਇੱਕ ਹਨ; ਦੋਵੇਂ ਆਤਮ-ਸਰੂਪ ਹਨ, ਦੋਹਾਂ ਦਾ ਤੱਤ ਇੱਕੋ ਸਰਬ-ਵਿਆਪਕ ਆਤਮਾ ਹੈ। ਪਾਣੀ ਤੇ ਉਸ ਉੱਤੇ ਉਪਜੀ ਤਰੰਗ ਦੋ ਹਸਤੀਆਂ ਨਹੀਂ, ਇੱਕੋ ਅਸਲੀਅਤ ਦੇ ਦੋ ਪ੍ਰਗਟਾਵੇ ਹਨ।

ਸਿੱਖ ਅਧਿਆਤਮਵਾਦ ਦਾ ਮੂਲ-ਤੱਤ, ਹੋਰਨਾਂ ਈਸ਼ਵਰਵਾਦੀ ਮਤਾਂ ਵਾਂਗ, ਅਧਿਆਤਮਿਕਤਾ (spirituality) ਹੈ। ਇਸ ਨੂੰ ਆਦਰਸ਼ਵਾਦੀ ਫ਼ਲਸਫ਼ੇ ਦੀ ਬੁਨਿਆਦੀ ਮਨੌਤ ਪਰਵਾਨ ਹੈ, ਜਿਸ ਅਨੁਸਾਰ ਸ੍ਰਿਸ਼ਟੀ ਤੇ ਮਨੁੱਖ ਦੀ ਮੂਲ ਹਕੀਕਤ ਆਤਮਾ ਹੈ। ਗੁਰਬਾਣੀ ਨੇ ਇਸ ਨੂੰ 'ਜੋਤਿ' ਦੇ ਪ੍ਰਤੀਕ ਰਾਹੀਂ ਦਰਸਾਇਆ ਹੈ। ਮਨੁੱਖੀ ਸਰੀਰ (ਕਾਇਆਂ) ਵਿਚ ਆਤਮਿਕ ਜੋਤੀ ਸਥਿਤ ਹੈ; ਜਦੋਂ ਸਰੀਰ ਤੇ ਆਤਮਾ ਦਾ ਇਹ ਸੰਜੋਗ ਸਮਾਪਤ ਹੋ ਜਾਂਦਾ ਹੈ, ਜੀਵ ਦੀ ਮੌਤ ਹੋ ਜਾਂਦੀ ਹੈ, ਅਤੇ ਉਸ ਦੀ ਜੋਤੀ ਪਰਮ-ਜੋਤੀ ਵਿਚ ਰਲ ਜਾਂਦੀ ਹੈ। ਗੁਰੂ ਅਮਰ ਦਾਸ ਮਨੁੱਖੀ ਕਾਇਆਂ ਨੂੰ ਸੰਬੋਧਨ ਹੋ ਕੇ ਕਹਿੰਦੇ ਹਨ :

ਏ ਸਰੀਰਾ ਮੇਰਿਆ,
ਹਰਿ ਤੁਮ ਮਹਿ ਜੋਤਿ ਰਖੀ,
ਤਾ ਤੂ ਜਗ ਮਹਿ ਆਇਆ। —(ਰਾਮਕਲੀ, ਅਨੰਦ)

ਸਰੀਰ ਇਕ ਮਹਲ ਵਾਂਗ ਹੈ, ਜਿਸ ਵਿਚ ਅਪਾਰ ਜੋਤੀ ਦੀ ਅੰਸ਼ ਸਮਾਈ ਹੋਈ ਹੈ :

ਕਾਇਆ ਮਹਲ ਮੰਦਰੁ ਘਰੁ ਹਰਿ ਕਾ,
ਤਿਸੁ ਮਹਿ ਰਖੀ ਜੋਤ ਅਪਾਰਾ।—(ਗੁਰੂ ਨਾਨਕ, ਮਲਾਰ)

ਇਹ ਆਤਮ-ਜੋਤੀ ਹਰ ਜੀਵ ਵਿਚ ਪ੍ਰਕਾਸ਼ਮਾਨ ਹੈ। ਸਿੱਖ ਅਧਿਆਤਮਵਾਦ ਇਸ ਨੂੰ ਦੈਵੀ ਚਾਨਣ ਦੇ ਰੂਪ ਵਿਚ ਪਰਵਾਨ ਕਰਦਾ ਹੈ :

ਸਭ ਮਹਿ ਜੋਤਿ, ਜੋਤਿ ਹੈ ਸੋਇ।
ਤਿਸੁ ਦੈ ਚਾਨਣਿ, ਸਭ ਮਹਿ ਚਾਨਣੁ ਹੋਇ।

—(ਧਨਾਸਰੀ, ਆਰਤੀ)

ਸਿੱਖ ਦ੍ਰਿਸ਼ਟੀਕੋਣ ਦਾ ਬੋਧੀ ਆਦਿਕ ਮਤਾਂ ਨਾਲ ਸਪੱਸ਼ਟ ਮਤ-ਭੇਦ ਹੈ, ਜਿਨ੍ਹਾਂ ਦਾ ਵਿਸ਼ਵਾਸ 'ਅਨਾਤਮ' ਵਿਚ ਹੈ, ਅਤੇ ਜੋ ਜੀਵ-ਆਤਮਾ ਜਾਂ ਪਰਮ-ਆਤਮਾ ਦੀ ਸਚਾਈ ਪਰਵਾਨ ਨਹੀਂ ਕਰਦੇ।

## ਇਸ਼ਟ, ਜਗਤ ਤੇ ਜੀਵ

ਸਿੱਖ ਅਧਿਆਤਮਿਕ ਚਿੰਤਨ ਦਾ ਆਦਿ-ਬਿੰਦੂ ਇਸ਼ਟ ਵਿਚ ਬੇਫਿਕਰ

Sri Satguru Jagjit Singh Ji eLibrary NamdhariElibrary@gmail.com

ਵਿਸ਼ਵਾਸ ਹੈ, ਜਿਸ ਦਾ ਸਰੂਪ ਮੂਲ-ਮੰਤਰ ਅਤੇ ਸਮੁੱਚੀ ਗੁਰੂ-ਗ੍ਰੰਥ ਬਾਣੀ ਵਿਚ ਅੰਕਿਤ ਹੈ। ਸਿੱਖ ਪਰੰਪਰਾ ਅਨੁਸਾਰ ਸਿੱਖੀ ਆਸ਼ੇ ਦਾ ਇਸ਼ਟ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਮੁੱਚ ਵਿਚ ਪ੍ਰਾਪਤ ਹੈ। ਨਿਰਗੁਣ-ਸਰਗੁਣ ਬ੍ਰਹਮ, ਮਨੁੱਖੀ ਜਾਮੇ ਵਿਚ ਪਰਗਟ ਗੁਰੂ ਅਤੇ ਗੁਰੂ-ਬਾਣੀ ਅੰਤਰ-ਸੰਬੰਧ ਵਿਚ ਜੁੜੇ ਹੋਏ ਹਨ। ਜਿਵੇਂ-ਜਿਵੇਂ 'ਖਸਮ ਕੀ ਬਾਣੀ' ਦਾ ਆਵੇਸ਼ ਹੁੰਦਾ ਹੈ, ਗੁਰੂ ਤੈਸਾ ਹੀ ਗਿਆਨ ਬਾਣੀ ਰਾਹੀਂ ਵਿਅਕਤ ਕਰ ਕਰਦਾ ਹੈ। ਸਿੱਖ ਵਿਸ਼ਵਾਸ-ਪ੍ਰਬੰਧ ਬਾਣੀ ਨੂੰ ਗੁਰੂ ਰੂਪ ਵਿਚ ਪਰਵਾਨ ਕਰਦਾ ਹੈ ਅਤੇ ਬਾਣੀ ਹੀ 'ਤੱਤ-ਵਖਾਣੀ' ਹੈ। ਗੁਰਬਾਣੀ ਹੀ ਨਾਦ ਹੈ, ਗੁਰਬਾਣੀ ਹੀ ਵੇਦ ਹੈ। ਈਸਾਈ-ਯਹੂਦੀ ਰਵਾਇਤ ਅਨੁਸਾਰ ਰੱਬ ਨੇ ਮੂਸਾ ਨੂੰ 'ਦਸ ਆਦੇਸ਼' ਤਖਤੀ ਉੱਤੇ ਉੱਕਰ ਕੇ ਦਿੱਤੇ, ਜਿਨ੍ਹਾਂ ਵਿਚ ਇਹ ਫ਼ੁਰਮਾਨ ਸ਼ਾਮਿਲ ਸੀ ਕਿ ਮੇਰੇ ਸਿਵਾ ਤੁਸੀਂ ਕਿਸੇ ਹੋਰ ਰੱਬ (ਦੇਵਤੇ ਆਦਿਕ) ਵਿਚ ਅਕੀਦਾ ਨਹੀਂ ਰਖੋਗੇ। ਸਾਮੀ ਧਰਮਾਂ ਵਿਚ ਫ਼ਰਿਸ਼ਤਿਆਂ ਨੂੰ ਰੱਬ ਅਤੇ ਨਬੀ ਪੈਗ਼ਬਰ ਵਿਚਕਾਰ ਵਿਚੋਲੇ ਜਾਂ ਮਾਧਿਅਮ ਦੇ ਰੂਪ ਵਿਚ ਪਰਵਾਨ ਕੀਤਾ ਗਿਆ ਹੈ। ਸਿੱਖ ਧਰਮ ਦਾ ਇਸ਼ਟ ਅਜਿਹੀ ਕਿਸੇ ਮਨੌਤ ਨੂੰ ਲੈ ਕੇ ਨਹੀਂ ਤੁਰਦਾ; ਇਹ 'ਨਾਨਕ ਕਾ ਪਾਤਿਸਾਹ' ਹੈ, ਜੋ ਦਿੱਬ-ਦ੍ਰਿਸ਼ਟੀ ਵਾਲਿਆਂ ਨੂੰ ਜ਼ਾਹਰਾ ਦਿਸਦਾ ਹੈ, ਜੋ ਮਨੁੱਖ ਦਾ ਪ੍ਰੇਰਨਾ-ਸਰੋਤ ਹੈ ਅਤੇ ਆਵੇਸ਼ਮਈ ਬਾਣੀ ਦੁਆਰਾ ਹਿਰਦੇ ਵਿਚ ਵਿਅਕਤ ਹੁੰਦਾ ਹੈ।

ਭਾਰਤੀ ਪੰਰਪਰਾ ਵਿਚ ਇਸ਼ਟ ਸੰਬੰਧੀ ਵਿਭਿੰਨ ਵਿਸ਼ਵਾਸ ਪ੍ਰਚਲਿਤ ਰਹੇ ਹਨ। ਇਸ ਵਿਚ ਬਹੁਦੇਵਵਾਦ ਦਾ ਬੋਲਬਾਲਾ ਰਿਹਾ ਹੈ, ਨਾਲ ਹੀ ਇਕ-ਈਸ਼ਵਰਵਾਦੀ ਧਾਰਨਾ ਦੀ ਮਾਨਤਾ ਰਹੀ ਹੈ। ਹਿੰਦੂ ਪਰੰਪਰਾ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਨੂੰ ਤਿੰਨ ਪ੍ਰਮੁੱਖ ਦੇਵਾਂ ਦੇ ਰੂਪ ਵਿਚ ਪਰਵਾਨ ਕੀਤਾ ਹੈ। ਇਸ ਤੱਥ ਵਲ ਸੰਕੇਤ ਕਰਦਿਆਂ ਗੁਰੂ ਨਾਨਕ ਦੇਵ ਨੇ 'ਤਿੰਨ ਚੇਲਿਆਂ' ਵਾਲੀ ਧਾਰਨਾ ਨਾਲ ਆਪਣਾ ਮਤਭੇਦ ਪ੍ਰਗਟਾਇਆ ਹੈ ਅਤੇ "ਜਿਸ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ" ਦੇ ਸ਼ਬਦਾਂ ਵਿਚ ਇਕੋ 'ਹੁਕਮੀ' ਵਿਚ ਵਿਸ਼ਵਾਸ ਪੁਸ਼ਟ ਕੀਤਾ ਹੈ। ਉਹੀ ਕਰਤਾ, ਭਰਤਾ ਤੇ ਹਰਤਾ ਹੈ। ਸਿੱਖ ਦ੍ਰਿਸ਼ਟੀਕੋਣ ਦਾ ਇਸ਼ਟ ਬਹੁਤ ਵਾਰੀ ਵਿਰੋਧਭਾਸੀ ਸੰਕੇਤਾਂ ਦੁਆਰਾ ਵਿਅਕਤ ਕੀਤਾ ਜਾਂਦਾ ਹੈ; ਉਹ ਨਿਰਗੁਣ ਵੀ ਹੈ, ਸਰਗੁਣ ਵੀ; ਗੁਪਤ ਵੀ ਹੈ, ਪਰਗਟ ਵੀ ਹੈ; ਅਕਲ ਵੀ ਹੈ, ਕਲਾ-ਭਰਪੂਰ ਵੀ; ਬ੍ਰਹਮ ਵੀ ਹੈ, ਈਸ਼ਵਰ ਵੀ। ਉਸ ਨੂੰ 'ਪਾਰਬ੍ਰਹਮ-ਪ੍ਰਭੂ' ਦੀ ਸੰਗਿਆ ਦਿੱਤੀ ਗਈ ਹੈ—(ਪਾਰਬ੍ਰਹਮੁ ਪ੍ਰਭ ਪਾਇਆ, ਉਤਰੇ ਸਗਲ ਵਿਸੂਰੇ—ਰਾਮਕਲੀ ਅਨੰਦ)। ਉਹ ਸੂਖ਼ਮ ਵੀ ਹੈ, ਸਥੂਲ ਵੀ—(ਤੂੰ ਸੂਖਮੁ ਹੋਆ ਅਸਥੂਲ—ਮਾਝ 5)। ਉਹ ਸਰਬ-ਨਿਵਾਸੀ ਹੁੰਦਾ ਹੋਇਆ ਵੀ ਅਲਿਪਤ ਤੇ ਨਿਰਲੇਪ ਹੈ। ਸੁਖਮਨੀ ਵਿਚ ਉਸ ਨੂੰ 'ਸਤਿ ਸਰੂਪ' ਕਿਹਾ ਗਿਆ ਹੈ ਅਤੇ "ਰੂਪ, ਨ ਰੇਖ, ਨ ਰੰਗ ਕਿਛੁ, ਤ੍ਰਿਹੁ ਗੁਣ ਤੇ ਪ੍ਰਭ ਭਿੰਨ" ਦਰਸਾਇਆ ਗਿਆ ਹੈ। ਜੇਕਰ ਉਸ ਬਾਰੇ "ਨੇਤੀ ਨੇਤੀ" ਸੱਚ ਹੈ ਤਾਂ "ਇਤਿ ਇਤਿ" ਵੀ ਉਸੇ ਉੱਤੇ ਲਾਗੂ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਨੇ ਸਿੱਖੀ ਦੇ ਇਸ਼ਟ ਲਈ 'ਗੁਰ' ਤੇ 'ਗੁਰੂ' ਸੰਕੇਤ ਵਰਤੇ ਹਨ। 'ਗੁਰੂ' ਪਦ ਪਰਮ-ਸੱਤਾ (ਸਭ ਤੋਂ ਵੱਡੀ ਸ਼ਕਤੀ), ਮਹਾਨ ਸਿਖਿਆਦਾਤਾ, ਚਾਨਣ ਮੁਨਾਰਾ, ਪਰਮ ਜੋਤੀ ਦੇ ਅਰਥਾਂ ਵਿਚ ਈਸ਼ਵਰ ਲਈ ਅਤੇ ਮਾਰਗ-ਦਰਸ਼ਨ ਕਰਨ ਵਾਲੇ ਗੁਰੂ ਸਾਹਿਬਾਨ ਲਈ ਵਰਤੋਂ ਵਿਚ ਆਇਆ ਹੈ। ਗੁਰੂ ਦੇ ਮੁਖ ਤੋਂ ਉਚਾਰੀ ਹੋਈ ਬਾਣੀ ਵੀ ਗੁਰੂ-ਰੂਪ ਹੈ। ਗੁਰੂ ਤੋਂ ਸਿਵਾ ਅਕਾਲ ਪੁਰਖ ਲਈ ਪਿਤਾ, ਪਤੀ, ਪ੍ਰਿਤਪਾਲਕ, ਸਖਾ ਆਦਿਕ ਦਰਜਨਾਂ ਨਾਮ ਵਰਤੇ ਗਏ ਹਨ, ਜੋ ਬਾਣੀ-ਰਚਨਾ ਵੇਲੇ ਕਵੀ-ਹਿਰਦੇ ਦੀ ਅਵਸਥਾ ਦੇ ਸੂਚਕ ਹਨ। ਪਰਮਾਤਮਾ 'ਮਿਠਬੋਲੜਾ ਸਜਨ' ਹੈ, 'ਸੁੰਦਰ ਸਰੂਪ' ਹੈ। ਗੁਰੂ ਅਰਜਨ ਦੇਵ ਨੇ ਪ੍ਰਭੂ ਨੂੰ—"ਤੂੰ ਸਾਝਾ ਸਾਹਿਬ ਬਾਪੁ ਹਮਾਰਾ" ਕਹਿ ਕੇ ਸੰਬੋਧਨ ਕੀਤਾ ਹੈ। ਉਹ "ਸਭ ਤੇ ਦੂਰ, ਸਭਨ ਤੇ ਨੇਰਾ" ਹੈ। ਅਪਰੰਪਰ ਤੇ ਅਗੋਚਰ ਹੈ, ਪਰ ਵਿਆਪਕ ਤੇ ਅੰਗ-ਸੰਗ ਵੀ ਹੈ। ਉਹ ਰੋਗਾਂ ਤੇ ਸੋਗਾਂ ਤੋਂ ਬਚਾਉਂਦਾ ਹੈ, ਮਿਹਰਵਾਨ ਹੈ, ਦਾਤਾਰ ਹੈ।

ਇਸ਼ਟ ਤੋਂ ਅਗੇਰੇ ਸਿੱਖ ਅਧਿਆਤਮਵਾਦ ਸੰਸਾਰ-ਰਚਨਾ ਸੰਬੰਧੀ ਆਪਣਾ ਨਜ਼ਰੀਆ ਸਪੱਸ਼ਟ ਕਰਦਾ ਹੈ। ਇਹ ਧਰਤੀ ਜਿਥੇ ਮਨੁੱਖ ਦਾ ਨਿਵਾਸ ਹੈ, ਅਨੰਦ ਵਿਸ਼ਵ-ਰਚਨਾ ਦਾ ਇਕ ਭਾਗ ਹੈ, ਜਿਸ ਨੂੰ ਕੋਈ ਸਥਿਰ ਮੰਨਦਾ ਹੈ, ਕੋਈ ਅਸਥਿਰ—"ਸਾਧੋ, ਰਚਨਾ ਰਾਮ ਬਨਾਈ। ਇਕਿ ਬਿਨਸੈ, ਇਕ ਅਸਥਿਰੁ ਮਾਨੈ, ਅਚਰਜੁ, ਲਖਿਓ ਨ ਜਾਈ।" ਨਿਸ਼ਚਿਤ ਗੱਲ ਏਨੀ ਹੈ ਕਿ ਜਗਤ-ਰਚਨਾ ਕਰਤਾ-ਪੁਰਖ ਦੀ ਕ੍ਰਿਤ ਹੈ; ਮਨੁੱਖ ਲਈ ਇਸ ਦੀ ਹੋਂਦ-ਹਸਤੀ ਰਹੱਸ-ਭਰਪੂਰ ਹੈ, ਅਸਚਰਜ ਹੈ। ਗੁਰੂ ਸਾਹਿਬਾਨ ਨੇ ਇਸ ਨੂੰ ਸੱਚੇ ਸਾਹਿਬ ਦੀ ਸੱਚੀ ਕਾਰ ਰਿਹਾ ਹੈ। "ਆਪਿ ਸਤਿ, ਕੀਆ ਸਭੁ ਸਤਿ। ਤਿਸ ਪ੍ਰਭੁ ਤੇ ਸਗਲੀ ਉਤਪਤਿ।" ਪਰ ਜਗਤ ਦੀ ਪਦਾਰਥਕ ਹੋਂਦ ਵਿਚ ਜੇਕਰ ਆਤਮ-ਤੱਤ ਦੀ ਸੂਖ਼ਮਤਾ ਦਾ ਅਨੁਭਵ ਨਾ ਕੀਤਾ ਜਾਏ ਤਾਂ ਇਸ ਨੂੰ ਸਦਾ ਰਹਿਣ ਵਾਲੀ, ਸਥਿਰ ਹੋਂਦ ਮੰਨ ਲਿਆ ਜਾਵੇ ਤਾਂ ਗੁਰਬਾਣੀ ਦਾ ਫ਼ਲਸਫ਼ਾ ਇਸ ਧਾਰਨਾ ਦਾ ਵਿਰੋਧ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਸੰਸਾਰ ਕੂੜ ਹੈ, ਝੂਠ ਹੈ, ਸੁਪਨਾ ਹੈ, ਧੂੰਏਂ ਦਾ ਪਹਾੜ ਹੈ। "ਇਹ ਸੰਸਾਰ ਸਗਲ ਹੈ ਸੁਪਨਾ, ਦੇਖ ਕਹਾ ਲੋਭਾਵੈ। ਜੋ ਉਪਜੈ ਸੋ ਸਗਲ ਬਿਨਾਸੈ, ਰਹਨੁ ਨ ਕੋਊ ਪਾਵੈ"—(ਸਾਰੰਗ-9)। "ਜੈਸਾ ਸੁਪਨਾ ਰੈਨਿ ਕਾ, ਤੈਸਾ ਸੰਸਾਰ। ਦ੍ਰਿਸਟਿਮਾਨੁ ਸਭ ਬਿਨਸੀਐ, ਕਿਆ ਲਗਹਿ ਗਵਾਰ।"—(ਬਿਲਾਵਲ-5)। "ਨਾਨਕ ਦੁਨੀਆ ਚਾਰਿ ਦਿਹਾੜੇ, ਸੁਖਿ ਕੀਤੈ ਦੁਖੁ ਹੋਈ। ਗਲਾ ਵਾਲੇ ਹੈਨਿ ਘਣੇਰੇ, ਛਡਿ ਨ ਸਕੈ ਕੋਈ।"—(ਮਲਾਰ ਵਾਰ-੧)

ਸਿੱਖ-ਚਿੰਤਨ ਅਨੁਸਾਰ ਮਨੁੱਖ ਦੁਨੀਆਂ ਬਾਰੇ ਦੋ ਤਰ੍ਹਾਂ ਦੇ ਰਵੱਈਏ ਅਪਣਾ ਸਕਦਾ ਹੈ। ਇਸ ਨੂੰ ਕਰਤੇ ਦਾ ਖੇਲ ਸਮਝ ਕੇ ਇਸ ਵਿਚ ਵਿਚਰੋ; ਇਸ ਦੇ ਹਰ ਭਾਗ, ਹਰ ਕਿਣਕੇ ਵਿਚ ਹਰੀ ਦਾ ਰੂਪ ਨਿਹਾਰੋ; ਇਸ ਦਾ ਵਿਡਾਣ ਦੇਖ-ਦੇਖ ਕੇ ਵਿਸਮਾਦ ਦਾ ਅਨੁਭਵ ਕਰੋ; ਕੁਦਰਤ ਵਿਚ ਵਸਦੇ ਕਾਦਰ ਨੂੰ ਸਾਖਿਆਤ ਕਰ ਕੇ ਉਸ ਤੋਂ

Sri Satguru Jagjit Singh Ji eLibrary NamdhariElibrary@gmail.com

ਬਲਿਹਾਰੀ ਜਾਉ। ਦੂਸਰਾ ਰਵੱਈਆ ਹੈ, ਇਸ 'ਦੁਨੀ ਸੁਹਾਵਾ ਬਾਗ਼' ਦੇ ਸੁਆਦਾਂ ਵਿਚ ਖਚਿਤ ਹੋ ਕੇ ਜੀਵਨ ਦਾ ਮੂਲ-ਉੱਦੇਸ਼ ਭੁਲਾ ਦਿਉ ਅਤੇ ਇਸ ਦੀ 'ਵਿਸ' ਨੂੰ ਪੀਂਦੇ ਜਾਉ। ਦੁਨੀਆਂ ਜ਼ਹਿਰੀਲੀ ਹੈ, ਪਰ ਇਹ ਸੱਚੇ ਦੀ ਕੋਠੜੀ ਵੀ ਹੈ। ਇਸ ਵਿਚ ਹੁਕਮੀ ਦਾ ਹੁਕਮ ਸਮਾਇਆ ਹੋਇਆ ਹੈ, ਜਿਸ ਨੂੰ ਅਨੁਭਵ ਕਰਨਾ ਮਨੁੱਖ ਦਾ ਕਰਤੱਵ ਹੈ। ਗੁਰੂ ਅਮਰਦਾਸ ਸੰਸਾਰ-ਰਚਨਾ ਦੇ ਦੋਹਾਂ ਪੱਖਾਂ ਨੂੰ ਇਕੋ ਵਾਕ ਵਿਚ ਅੰਕਿਤ ਕਰਦੇ ਹਨ :

ਏਹੁ ਵਿਸੁ ਸੰਸਾਰ ਤੁਮ ਦੇਖਦੇ
ਏਹੁ ਹਰਿ ਕਾ ਰੂਪ ਹੈ, ਹਰਿ ਰੂਪੁ ਨਦਰੀ ਆਇਆ।

ਗੁਰਬਾਣੀ ਬਾਰ-ਬਾਰ ਚਿਤਾਉਣੀ ਕਰਦੀ ਹੈ ਕਿ ਸੰਸਾਰ ਦੇ ਮੋਹ ਬੰਧਨਾਂ ਤੋਂ ਉਪਰ ਉਠ ਕੇ, ਇਸ ਦੀ ਅਸਲੀਅਤ ਨੂੰ ਪਛਾਣ ਕੇ, ਆਤਮਿਕ ਕਲਿਆਣ ਦਾ ਪਾਂਧੀ ਬਣਿਆ ਜਾਵੇ। ਗੁਰੂ ਨਾਨਕ ਦਾ ਪ੍ਰਸ਼ਨ ਹੈ—"ਨਾਨਕ ਦੁਨੀਆ ਕੈਸੀ ਹੋਈ?" ਉੱਤਰ ਹੈ—"ਸਾਲਕੁ ਮਿਤੁ ਨ ਰਹਿਓ ਕੋਈ। ਭਾਈ ਬੰਧੀ ਹੇਤੁ ਚੁਕਾਇਆ। ਦੁਨੀਆ ਕਾਰਣਿ ਦੀਨੁ ਗਵਾਇਆ।" ਦੁਨੀਆਂ ਵਿਚ 'ਸੱਚ' ਦੇ ਖ਼ਜ਼ਾਨੇ ਭਰੇ ਪਏ ਹਨ, ਸੱਚ ਦੀ ਸਾਮਗ੍ਰੀ ਹੈ, ਸੱਚ ਦਾ ਹੀ ਪਸਾਰਾ ਹੈ। ਸਿੱਖ ਅਧਿਆਤਮਿਕਤਾ ਇਸ ਸਚਾਈ ਨੂੰ ਭਾਲਣ, ਇਸ ਦਾ ਅਨੁਭਵ ਕਰਨ ਦੀ ਸੇਧ ਦੇਂਦੀ ਹੈ।

ਇਸ਼ਟ ਅਤੇ ਜਗਤ-ਰਚਨਾ ਸੰਬੰਧੀ ਨਜ਼ਰੀਆ ਸਪੱਸ਼ਟ ਕਰਨ ਉਪਰੰਤ ਸਿੱਖ ਅਧਿਆਤਮਿਕਤਾ ਮਨੁੱਖੀ ਜੀਵ ਦੇ ਪ੍ਰਸ਼ਨ ਨਾਲ ਨਿਪਟਦੀ ਹੈ। ਗੁਰਬਾਣੀ ਵਿਚ ਮਨੁੱਖ ਦੇ ਦੋ ਪੱਖਾਂ ਬਾਰੇ ਹਵਾਲੇ ਪ੍ਰਾਪਤ ਹਨ। ਇਕ ਉਸ ਦਾ ਦੁਨਿਆਵੀ, ਪਦਾਰਥਕ ਜਾਂ ਹੋਂਦ-ਪਾਰਕ ਪੱਖ ਹੈ, ਜਿਸ ਨੂੰ ਬਾਲ-ਜੁਆਨੀ ਤੇ ਬਿਰਧ, ਤਿੰਨ ਅਵਸਥਾਵਾਂ ਵਿਚ ਵੰਡ ਕੇ ਦਰਸਾਇਆ ਹੈ। ਬਾਣੀ ਵਿਚ ਮਨੁੱਖੀ ਜੀਵਨ ਦੇ 'ਚਾਰ ਪਹਿਰ' ਗਿਣਾਏ ਗਏ ਹਨ ਅਤੇ ਇਸ ਦੇ 'ਦਸ ਪੜਾਵਾਂ' ਦਾ ਜ਼ਿਕਰ ਹੈ, ਜੋ ਮਾਂ ਦੇ ਦੁੱਧ ਨਾਲ 'ਪਹਿਲੇ ਪਿਆਰ' ਤੋਂ ਲੈ ਕੇ, ਪਰਿਵਾਰ ਦੇ ਜੀਆਂ, ਬਚਪਨ ਦੀਆਂ ਖੇਡਾਂ, ਖਾਣ-ਪੀਣ ਦੇ ਸ਼ੌਕ, ਕਾਮ-ਇੱਛਾ, ਧਨ-ਸੰਪਤੀ ਦੀ ਲਾਲਸਾ ਤਕ ਫੈਲੇ ਹੋਏ ਹਨ, ਫੇਰ ਧਉਲੇ ਤੇ ਉਭੇ ਸਾਹਾਂ ਦੀ ਸਟੇਜ ਆਉਂਦੀ ਹੈ ਅਤੇ ਅੰਤ ਵਿਚ "ਦਧਾ, ਹੋਆ, ਸੁਆਹ।" ਇਹ ਹੈ ਮਨੁੱਖ ਦੀ ਰਚਨਾ, ਉਸ ਦਾ ਅਸਤਿੱਤਵ, ਜੋ ਜਨਮ ਤੋਂ ਮੌਤ ਤਕ ਇਕ ਸੀਮਿਤ ਅਵਧੀ ਲਈ ਧਰਤੀ ਉੱਤੇ ਵਿਚਰਦਾ ਹੈ। ਮਨੁੱਖ ਦੀ ਇਹ ਕਾਲਗਤ ਹਸਤੀ ਉਸ ਦੇ ਦੁਨਿਆਵੀ ਜੀਵਨ ਦਾ ਪੱਖ ਹੈ। ਬਾਣੀ ਨੇ ਜਿਸ ਦੂਸਰੇ ਪੱਖ ਉੱਤੇ ਧਿਆਨ ਕੇਂਦ੍ਰਿਤ ਕੀਤਾ ਹੈ, ਉਹ ਮਨੁੱਖ ਦਾ ਅੰਤਰੀਵੀ, ਆਤਮਿਕ ਪੱਖ ਹੈ—ਉਸ ਦੀ ਜੋਤੀ ਹੈ, ਜੋ ਉਹ ਸਰੀਰ ਵਿਚ ਧਾਰਨ ਕਰ ਕੇ ਜਗਤ ਵਿਚ ਪ੍ਰਵੇਸ਼ ਕਰਦਾ ਹੈ। ਗੁਰੂ ਅਮਰਦਾਸ ਨੇ ਜੀਵ ਦੇ ਆਤਮ-ਤੱਤ ਦਾ ਹਵਾਲਾ ਦੇਂਦਿਆਂ ਕਿਹਾ ਹੈ :

ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ।

Sri Satguru Jagjit Singh Ji eLibrary NamdhariElibrary@gmail.com

ਮਨੁੱਖ ਨਾ ਕੇਵਲ ਸਰੀਰ ਹੈ, ਨਾ ਨਿਰੋਲ ਆਤਮਾ। ਉਹ ਦੋਹਾਂ ਦਾ ਮਿਸ਼ਰਨ ਹੈ। ਉਸ ਦੀ ਰਚਨਾ ਵਿਚ ਪਦਾਰਥਕ ਤੱਤਾਂ ਦਾ ਹਿੱਸਾ ਵੀ ਹੈ, ਮਾਨਸਿਕ-ਆਤਮਿਕ ਤੱਤਾਂ ਦਾ ਵੀ। ਇਕ ਪੱਖ ਤੋਂ ਗੁਰਬਾਣੀ ਮਨੁੱਖੀ ਜੀਵ ਨੂੰ ਹਉਂ ਦਾ ਪੁਤਲਾ ਦਰਸਾਉਂਦੀ ਹੈ। "ਹਉ ਵਿਚਿ ਆਇਆ, ਹਉ ਵਿਚਿ ਗਇਆ। ਹਉ ਵਿਚ ਜੰਮਿਆ, ਹਉ ਵਿਚਿ ਮੂਆ।" ਉਸ ਦੇ ਸਾਰੇ ਕਾਰ-ਵਿਹਾਰ, ਪੁੰਨ-ਪਾਪ, ਦੁਖ-ਸੁਖ, ਨਾਦਾਨੀਆਂ ਤੇ ਦਾਨਾਈਆਂ : ਮੈਂ-ਮੇਰੀ ਤੇ ਹਉਮੈ-ਭਾਵ ਦੀ ਉਪਜ ਹਨ। ਨਾਲ ਹੀ ਗੁਰੂ ਸਾਹਿਬ ਇਸ 'ਦੀਰਘ ਰੋਗ' ਦੀ ਪਛਾਣ, ਇਸ ਦੀ ਸੁਚੇਤਨਾ ਸੰਬੰਧੀ ਚਿਤਾਉਣੀ ਕਰਾਉਂਦੇ ਹਨ—"ਹਉਮੈਂ ਬੂਝੈ, ਤ ਦਰ ਸੂਝੈ।" ਹਉਮੈਂ ਤੋਂ ਬਿਨਾਂ ਵਿਅਕਤੀ ਦੀ ਹੋਂਦ ਕਿਆਸੀ ਨਹੀਂ ਜਾ ਸਕਦੀ, ਪਰ ਹਉਮੈਂ ਹੀ ਵਿਅਕਤੀ ਦੀ ਸਮੁੱਚਤਾ ਨਹੀਂ। ਹਉਮੈਂ ਉਸ ਨੂੰ ਪ੍ਰਾਣੀ, ਇਕ ਸਾਹ ਲੈਂਦਾ ਯੰਤਰ ਬਣਾ ਸਕਦੀ ਹੈ; 'ਬੰਦਾ' ਬਣਨ ਲਈ ਹਉਮੈਂ ਤੋਂ ਅਗੇਰੇ ਕੁਝ ਹੋਰ ਸਾਮਗ੍ਰੀ ਦੀ ਆਵੱਸ਼ਕਤਾ ਹੈ, ਜਿਸ ਦੇ ਸੰਕੇਤ ਗੁਰਬਾਣੀ ਨੇ ਸਦਾਚਾਰ, ਸੇਵਾ, ਸਿਮਰਨ ਤੇ ਸੰਤੁਲਿਤ ਜੀਵਨ ਦੇ ਸ਼ਬਦਾਂ ਵਿਚ ਅੰਕਿਤ ਕੀਤੇ ਹਨ।

ਸੋ ਜੀਵ ਦੀ ਹਸਤੀ ਸੰਬੰਧੀ ਸਿੱਖ ਵਿਚਾਰਧਾਰਾ ਦਾ ਨਿਰਣਾ ਹੈ ਕਿ ਇਹ ਪਰਮ ਜੋਤੀ ਦੀ ਅੰਸ਼ ਹੈ ਜੋ ਹਉਮੈਂ ਨਾਲ ਮਿਲ ਕੇ ਸੰਸਾਰੀ ਮਨੁੱਖ ਦਾ ਰੂਪ ਧਾਰਦੀ ਹੈ। ਵਿਅਕਤੀ ਦਾ ਸੰਸਾਰ ਵਿਚ ਵਿਚਰਨਾ ਉਸ ਲਈ ਇਕ ਮਹਾਨ ਅਵਸਰ ਹੈ—"ਭਈ ਪਰਾਪਤਿ ਮਾਨੁਖ ਦੇਹੁਰੀਆ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।" ਪਰ ਹਉਮੈਂ ਦੇ ਪ੍ਰਭਾਵ ਅਧੀਨ ਵਿਅਕਤੀ ਆਪਣੇ ਅੰਦਰ ਸਥਿਤ ਜੋਤੀ ਨੂੰ ਨਹੀਂ ਪਛਾਣਦਾ, ਅਤੇ ਹੱਥ ਆਇਆ ਅਵਸਰ ਗੁਆ ਬੈਠਦਾ ਹੈ। ਜੀਵ 'ਹਉਂ' ਵਿਚ ਹੀ ਜੰਮਦਾ ਹੈ ਤੇ ਮਰਦਾ ਹੈ, ਹਉਂ ਵਿਚ ਹੀ ਸਾਰੇ ਕਾਰ-ਵਿਹਾਰ ਕਰਦਾ, ਹਸਦਾ ਤੇ ਰੋਂਦਾ, ਦਾਨਾਈਆ ਤੇ ਨਾਦਾਨੀਆਂ ਕਰਦਾ ਹੈ। ਉਸ ਦੀ ਮਮਤਾ, ਤ੍ਰਿਸ਼ਨਾ, ਮੋਹ-ਮਾਇਆ ਤੇ ਮੈਂ-ਮੇਰੀ ਸਭ ਹਉਮੈਂ ਦੇ ਸਰੂਪ ਹਨ। ਜਿੰਨੀ ਦੇਰ ਹਉਮੈਂ ਦਾ ਪੜਦਾ ਕਾਇਮ ਹੈ, ਜੀਵ ਆਪਣੀ ਆਤਮਿਕ ਹਕੀਕਤ ਨੂੰ ਜਾਣਨ-ਬੁਝਣ ਦੇ ਅਸਮਰੱਥ ਹੈ। ਗੁਰੂ ਅਰਜਨ ਦੇਵ ਦਾ ਵਾਕ ਹੈ—"ਅੰਤਰਿ ਅਲਖੁ, ਨ ਜਾਈ ਲਖਿਆ, ਵਿਚਿ ਪੜਦਾ ਹਉਮੈਂ ਪਾਈ।" ਸਿੱਖ-ਚਿੰਤਨ ਅਨੁਸਾਰ, ਜੀਵ ਆਪਣੀ ਵਿਵੇਕ ਬੁੱਧ ਦੇ ਆਸਰੇ ਅਤੇ ਪਰਮਾਤਮਾ ਦੀ ਕਿਰਪਾ ਨਾਲ ਕੂੜ ਦੀ ਇਸ ਪਾਲ ਨੂੰ ਗਿਰਾ ਸਕਦਾ ਹੈ। ਜਿਸ ਦੇ ਅੰਦਰੋਂ ਹਉਮੈਂ ਸਮਾਪਤ ਹੋ ਗਈ, ਉਹ ਜੀਵਨ-ਮੁਕਤ ਹੋ ਗਿਆ। ਗੁਰਬਾਣੀ ਨੇ ਹਉਮੈਂ ਨੂੰ ਹੁਕਮ ਦੇ ਵਿਰੋਧ ਵਿਚ ਰੱਖ ਕੇ, ਜੀਵ ਨੂੰ ਦੈਵੀ ਹੁਕਮ ਦੀ ਸੂਝ-ਬੂਝ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ, ਅਤੇ ਸਿੱਧੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ :

ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ।

ਹੁਕਮ ਨੂੰ ਬੁੱਝਣ ਦਾ ਮਾਰਗ ਉਹੀ ਹੈ ਜਿਸ ਨੂੰ ਸਿੱਖ-ਚਿੰਤਨ ਨੇ ਨਾਮ-ਮਾਰਗ ਦੀ ਸੰਗਿਆ ਦਿੱਤੀ ਹੈ।

Sri Satguru Jagjit Singh Ji eLibrary NamdhariElibrary@gmail.com

ਸਿੱਖ ਅਧਿਆਤਮਿਕਤਾ ਜੀਵ ਦੀ ਸਥਿਤੀ ਦਾ ਵਿਸ਼ਲੇਸ਼ਣ ਕਰ ਕੇ ਹੀ ਗੱਲ ਸਮਾਪਤ ਨਹੀਂ ਕਰ ਦੇਂਦੀ; ਇਹ ਉਹ ਦੀ ਆਦਰਸ਼ਕ ਸੋਧ ਵੀ ਨਿਰਧਾਰਿਤ ਕਰਦੀ ਹੈ; ਉਸ ਲਈ ਗਿਆਨ ਅੰਜਨ ਦੀ, ਪਰਮ ਸੁਖ ਦੀ, ਜੀਵਨ-ਮੁਕਤੀ ਦੀ ਪ੍ਰਾਪਤੀ ਦਾ ਮਾਰਗ ਰੁਸ਼ਨਾਦੀ ਹੈ। ਸਿੱਖ-ਚਿੰਤਨ ਅਨੁਸਾਰ, "ਮੁਕਤੀ ਇਕ ਵਿਸ਼ੇਸ਼ ਮਾਨਸਿਕ, ਆਤਮਿਕ ਦਸ਼ਾ ਦਾ ਨਾਮ ਹੈ।" ਇਹ ਮਨੁੱਖ ਦੇ ਬ੍ਰਹਮ-ਗਿਆਨ ਦੀ ਅਵਸਥਾ ਹੈ, ਜਿਥੇ ਸੰਤੁਲਨ ਤੇ ਸਹਿਜ ਹੈ, ਨਿਰਲੇਪਤਾ ਹੈ, ਨਿਰਦੋਖਤਾ ਹੈ। ਜਿਥੇ ਨੈਤਿਕਤਾ ਤੇ ਆਤਮਿਕਤਾ ਦਾ ਸੰਜੋਗ ਹੋ ਜਾਂਦਾ ਹੈ; ਨਿਰਮਲ ਕਰਮ ਤੇ ਨਾਮ-ਜਾਪ ਸ੍ਰੇਸ਼ਟ ਧਰਮ ਦੀ ਪੱਧਰ ਨਿਰਧਾਰਿਤ ਕਰਦੇ ਹਨ। ਪੰਜ ਤੱਤਾਂ ਦਾ ਪ੍ਰਾਣੀ, ਹਉਮੈਂ ਦਾ ਪੁਤਲਾ, ਕਾਲਗਤ ਜੀਵ ਗੁਰਬਾਣੀ ਦੀ ਪ੍ਰੇਰਨਾ ਅਧੀਨ ਉੱਚਤਮ ਕੀਮਤਾਂ ਦੀ ਕਮਾਈ ਵੱਲ ਰੁਚਿਤ ਹੋ ਜਾਂਦਾ ਹੈ, ਜੋ ਉਸ ਨੂੰ ਆਦਰਸ਼ਕ ਜੀਵਨ ਦੀ ਪੱਧਰ ਤਕ ਲੈ ਜਾਂਦੀਆਂ ਹਨ। ਸਿੱਖ ਚਿੰਤਨ ਨੇ ਜੀਵ ਦੀ ਜਿਸ ਅਵਸਥਾ ਨੂੰ 'ਸੱਚ-ਖੰਡ' ਦੀ ਅਵਸਥਾ ਕਿਹਾ ਹੈ, ਉਸ ਦਾ ਰਹੱਸਮਈ ਅਨੁਭਵ ਕਿਸੇ ਅਜਿਹੇ ਸਾਧਕ ਦੀ ਪਹੁੰਚ ਵਿਚ ਹੀ ਸੰਭਵ ਹੈ, ਜਿਸ ਦੀ ਸੁੱਧ-ਬੁੱਧ ਨਵੇਂ-ਸਿਰਿਓਂ ਘੜੀ ਗਈ ਹੈ, ਜੋ ਜੋਧੇ-ਮਹਾਂਬਲੀ-ਸੂਰਮੇ ਦੀ ਪਦਵੀ ਨੂੰ ਪ੍ਰਾਪਤ ਹੈ, ਜੋ ਖ਼ਲਕਤ ਵਿਚ ਖ਼ਾਲਕ ਦੇ ਦਰਸ਼ਨ ਕਰਦਾ ਹੈ। ਗੁਰਬਾਣੀ ਦੀ ਸ਼ਬਦਾਵਲੀ ਵਿਚ ਉਹ ਜੀਵਨ-ਮੁਕਤ ਤੇ ਸਚਿਆਰ ਹੈ, ਗੁਰਮੁਖ ਤੇ ਬ੍ਰਹਮ-ਗਿਆਨੀ ਹੈ। ਉਸ ਨੇ 'ਹੁਕਮ' ਦੀ ਪਛਾਣ ਕਰ ਲਈ ਹੈ ਤੇ ਉਸ; ਨੂੰ 'ਮਿਹਰ' ਦਾ ਵਰਦਾਨ ਪ੍ਰਾਪਤ ਹੈ।

## ਪਾਪ-ਪੁੰਨ, ਦੁਖ-ਸੰਤਾਪ

ਸਿੱਖ ਅਧਿਆਤਮਿਕ ਚਿੰਤਨ ਜੀਵ ਨੂੰ ਜੀਵਨ-ਜੁਗਤੀ ਦੀ ਸੇਧ ਦੇਂਦਾ ਹੈ, ਉਸ ਵਿਚ ਪੌਰਾਣਿਕ, ਮਿਥਿਹਾਸਕ ਕਥਾ-ਕਹਾਣੀਆਂ, ਨਰਕ-ਸੁਰਗ, ਪਾਪ ਪੁੰਨ ਦੀ ਵਿਚਾਰ, ਜਾਂ ਕਰਮ-ਕਾਂਡ, ਰਸਮੀ ਵਰਤ-ਨੇਮ, ਅਰਚਾ-ਪੂਜਾ ਆਦਿਕ ਨੂੰ ਅਹਿਮੀਅਤ ਨਹੀਂ ਦਿੱਤੀ ਗਈ। ਵੇਦਕ ਸਾਹਿਤ ਵਿਚ ਪੁੰਨ-ਕਰਮ ਤੇ ਪਾਪ-ਕਰਮ ਦੀ ਵਿਸਤ੍ਰਿਤ ਚਰਚਾ ਹੈ, ਅਤੇ ਇਨ੍ਹਾਂ ਕਰਮਾਂ ਨੂੰ ਰਸਮੀ ਕਰਮ-ਕਾਂਡ ਨਾਲ ਜੋੜਿਆ ਗਿਆ ਹੈ। ਸਿੱਖ-ਚਿੰਤਨ ਦੀ ਦ੍ਰਿਸ਼ਟੀ ਤੋਂ ਇਹ ਸਾਰੀ ਵਿਚਾਰ ਅਰਥਹੀਣ ਹੈ, ਕਿਉਂਕਿ ਇਸ ਵਿਚ ਅਸਲ 'ਤੱਤ' ਨੂੰ ਜਾਣਨ ਤੇ ਪਛਾਣਨ ਉੱਤੇ ਕੋਈ ਬਲ ਨਹੀਂ। ਗੁਰੂ ਅਮਰਦਾਸ ਜੀ ਨੇ ਸ਼ਾਸਤ੍ਰਾਂ, ਸਿਮਰਤੀਆਂ ਵਿਚ ਵਰਣਿਤ ਪੁੰਨ-ਪਾਪ ਦੇ ਵਿਚਾਰ ਦੀ ਆਲੋਚਨਾ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ :

> ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ,
> ਤਤੈ ਸਾਰ ਨ ਜਾਣੀ। —(ਅਨੰਦੁ)

ਇਸ ਤੋਂ ਪਹਿਲਾਂ, ਗੁਰੂ ਅੰਗਦ ਦੇਵ ਨੇ "ਕਥਾ ਕਹਾਣੀ ਬੇਦੀਆਣੀ, ਪਾਪ ਪੁੰਨ ਵੀਚਾਰ।" ਵਾਲੇ ਸਲੋਕ ਵਿਚ ਵੇਦਕ ਸਾਹਿਤ ਦੇ ਇਨ੍ਹਾਂ ਹਵਾਲਿਆਂ ਨਾਲ ਮਤ-ਭੇਦ

Sri Satguru Jagjit Singh Ji eLibrary NamdhariElibrary@gmail.com

ਪ੍ਰਗਟਾਂਦਿਆਂ, "ਅੰਮ੍ਰਿਤ ਬਾਣੀ ਤਤ ਵਖਾਣੀ" ਦਾ ਜ਼ਿਕਰ ਕੀਤਾ ਹੈ, ਜੋ ਸੂਝਵਾਨ ਜੀਵ ਦੇ ਗਿਆਨ ਧਿਆਨ ਵਿਚ ਆਉਂਦੀ ਤੇ ਉਸ ਦਾ ਮਾਰਗ-ਦਰਸ਼ਨ ਕਰਦੀ ਹੈ। ਗੁਰੂ ਨਾਨਕ ਸਾਹਿਬ ਪਾਪ-ਪੁੰਨ ਦੀਆਂ ਗੱਲਾਂ ਨੂੰ ਹਉਮੈਂ ਦੀ ਖੇਡ ਦੇ ਅੰਤਰਗਤ ਵਿਚਾਰਦੇ ਹਨ :

ਹਉ ਵਿਚਿ ਸਚਿਆਰੁ, ਕੁੜਿਆਰਿ।
ਹਉ ਵਿਚ ਪਾਪ ਪੁੰਨ ਵੀਚਾਰੁ।
ਹਉ ਵਿਚਿ ਨਰਕਿ, ਸੁਰਗਿ, ਅਵਤਾਰ। —(ਵਾਰ ਆਸਾ)

ਜੇਕਰ ਪਾਪ ਤੇ ਪੁੰਨ ਨੂੰ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਵਿਚਾਰਿਆ ਜਾਵੇ ਤਾਂ ਇਨ੍ਹਾਂ ਦਾ ਸੰਬੰਧ, ਕਰਮ-ਕਾਂਡ ਦੀ ਬਜਾਇ, ਸ਼ੁਭ ਤੇ ਅਸ਼ੁਭ ਕਰਮਾਂ ਨਾਲ ਜੁੜ ਜਾਂਦਾ ਹੈ। ਗੁਰਬਾਣੀ ਨੇ ਨੈਤਿਕ ਕਰਮ ਨੂੰ, ਸਦਾਚਾਰ ਨੂੰ, ਸਦਗੁਣ ਨੂੰ, ਅਧਿਆਤਮਿਕ ਜੀਵਨ ਦਾ ਆਧਾਰ ਮੰਨਿਆ ਹੈ। ਗੁਣਾਂ ਨੂੰ ਗ੍ਰਹਿਣ ਕਰਨ ਤੋਂ ਬਿਨਾਂ ਭਗਤੀ ਦੀ ਸੰਭਾਵਨਾ ਰੱਦ ਕੀਤੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਸਿੱਖ-ਚਿੰਤਨ ਅਧਿਆਤਮਿਕਤਾ ਨੂੰ ਸਮਾਜਕ ਪ੍ਰਕਰਣ ਤੋਂ ਅੱਡ ਕਰ ਕੇ ਨਹੀਂ ਵਿਚਾਰਦਾ। ਨੈਤਿਕ ਕਰਮ ਮੂਲ-ਰੂਪ ਵਿਚ ਸਮਾਜਕ ਕਰਮ ਹੈ; ਸਦਾਚਾਰ ਦੀ ਸਾਰਥਿਕਤਾ ਸਮਾਜ ਦੇ ਚੌਖਟੇ ਵਿਚ ਹੀ ਪਰਖੀ ਜਾ ਸਕਦੀ ਹੈ। ਸਿੱਖ ਦ੍ਰਿਸ਼ਟੀਕੋਣ ਤੋਂ 'ਪੁੰਨ' ਕਰਮ ਉਹ ਹੈ ਜੋ ਮਨੁੱਖ-ਮਾਤਰ ਦੀ ਭਲਾਈ ਹਿਤ, ਕਰਤੱਵ ਰੂਪ ਵਿਚ ਨਿਭਾਇਆ ਜਾਵੇ; ਅਤੇ 'ਪਾਪ' ਉਹ ਕਰਮ ਹੈ ਜੋ ਕੇਵਲ ਸੁਆਰਥ ਦੀ ਖ਼ਾਤਿਰ, ਸਮਾਜਕ ਹਿੱਤ ਦੀ ਪਰਵਾਹ ਕੀਤੇ ਬਿਨਾਂ, ਤੋੜ ਚਾੜ੍ਹ ਲਿਆ ਜਾਵੇ। ਸਿੱਖ ਲਈ 'ਸੇਵਾ' ਸਮਾਜਕ ਪ੍ਰਕਰਣ ਵਿਚ ਨਿਭਾਇਆ ਪੁੰਨ ਕਰਮ ਹੈ। ਸੇਵਾ ਨੂੰ ਸਿਮਰਨ ਦੇ ਨਾਲ ਰੱਖ ਕੇ, ਅਤੇ ਦੋਹਾਂ ਨੂੰ ਬਰਾਬਰ ਦੀ ਅਹਿਮੀਅਤ ਦੇ ਕੇ, ਗੁਰਬਾਣੀ ਅਤੇ ਸਿੱਖ ਪਰੰਪਰਾ ਨੇ ਸਮਾਜਕ ਤੇ ਆਤਮਿਕ ਕਰਤੱਵਾਂ ਦੀ ਸਾਂਝ ਨੂੰ ਪ੍ਰਪੱਕ ਕੀਤਾ ਹੈ।

ਗੁਰਬਾਣੀ ਵਿਚ 'ਪੁੰਨ' ਨੂੰ ਕੇਵਲ ਪਰੰਪਰਾਈ ਅਰਥਾਂ ਵਿਚ ਪਾਪ-ਪੁੰਨ ਦੇ ਸੰਦਰਭ ਵਿਚ ਹੀ ਨਹੀਂ ਵਿਚਾਰਿਆ ਗਿਆ, ਇਸ ਨੂੰ ਜੀਵ ਦੇ ਨੈਤਿਕ ਕਰਮਾਂ ਨਾਲ ਸੰਬੰਧਿਤ ਕੀਤਾ ਗਿਆ ਹੈ, ਅਤੇ ਦਾਨ-ਪੁੰਨ ਦੇ ਅਰਥ ਵਿਚ ਮਨੁੱਖ-ਮਾਤਰ ਦੀ ਭਲਾਈ ਹਿਤ ਨਿਭਾਏ ਕਰਤੱਵ ਵਜੋਂ ਸਲਾਹਿਆ ਗਿਆ ਹੈ। ਪਰਮ ਸਚਾਈ ਦੇ ਗਿਆਨ ਹਿਤ ਕੀਤੇ ਜਾਣ ਵਾਲੇ ਕਾਰਜਾਂ ਦਾ ਵਰਣਨ ਕਰਦਿਆਂ, ਗੁਰੂ ਨਾਨਕ ਦੇਵ ਵਾਰ ਆਸਾ ਦੇ ਇਕ ਸਲੋਕ ਵਿਚ ਦਇਆ-ਭਾਵ ਤੇ ਪੁੰਨ-ਦਾਨ (charity) ਦੀ ਵਿਸ਼ੇਸ਼ਤਾ ਦ੍ਰਿੜ੍ਹਾਉਂਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।
ਦਇਆ ਜਾਣੈ ਜੀਅ ਕੀ,
ਕਿਛੁ ਪੁੰਨੁ ਦਾਨੁ ਕਰੇਇ।

Sri Satguru Jagjit Singh Ji eLibrary NamdhariElibrary@gmail.com

ਇਥੇ ਵੀ ਪੁੰਨ ਦਾ ਸਮਾਜਕ ਮਹੱਤਵ ਪ੍ਰਤੱਖ ਹੈ। ਰਸਮੀ ਕਰਮ-ਕਾਂਡ ਵਿਚ ਪੁੰਨ-ਕਰਮ ਦੀ ਵਿਸ਼ੇਸ਼ਤਾ ਵਿਅਕਤੀਗਤ ਲਾਭ ਹਿਤ, ਨਿਜੀ ਕਲਿਆਣ ਹਿਤ ਕਾਰਗਰ ਦਰਸਾਈ ਗਈ ਹੈ, ਜਦ ਕਿ ਨੈਤਿਕ ਕਰਤੱਵ ਵਜੋਂ ਸ਼ੁਭ ਕਰਮ ਦੀ ਵਿਸ਼ੇਸ਼ਤਾ ਭਾਈਚਾਰਕ ਹੈ। ਇਸ ਦਾ ਵਿਅਕਤੀਗਤ ਲਾਭ ਸੁਕਰਮੀ ਜੀਵ ਦੇ ਜੀਵਨ ਵਿਚ ਨਿਰਮਾਣਤਾ, ਸੰਤੋਖ ਤੇ ਸੰਜਮ ਦੇ ਗੁਣਾਂ ਦਾ ਸੰਚਾਰ ਹੈ, ਜੋ ਉਸ ਨੂੰ ਹੋਰ ਵਧੇਰੇ ਸੇਵਾ-ਭਾਵ ਵਿਕਸਿਤ ਕਰਨ ਲਈ ਪ੍ਰੇਰਦੇ ਹਨ। ਸੇਵਾ ਦਾ ਸਮਾਜਕ ਕਰਮ ਸੰਤੋਖ ਦੇ ਨਿਜੀ ਸਦਗੁਣ ਤੋਂ ਬਿਨਾਂ ਪੂਰੇ ਨਿਖਾਰ ਵਿਚ ਨਹੀਂ ਆਉਂਦਾ।

ਸਿੱਖ-ਚਿੰਤਨ ਜੀਵ ਲਈ ਦੋ ਤਰ੍ਹਾਂ ਦੇ ਨੈਤਿਕ ਕਰਮ ਨਿਰਧਾਰਿਤ ਕਰਦਾ ਹੈ। ਪਹਿਲਾ ਨਿਸ਼ਕਾਮ ਕਰਮ ਹੈ, ਜਿਸ ਵਿਚ ਕਰਮ ਨੂੰ ਕਰਤੱਵ ਸਮਝ ਕੇ ਨਿਭਾਉਣ ਦੀ ਪ੍ਰੇਰਨਾ ਹੈ, ਬਿਨਾਂ ਕਿਸੇ ਫਲ ਜਾਂ ਨਿਜੀ ਲਾਭ ਦੀ ਆਸ ਦੇ। ਦੂਜਾ ਨੇਕ ਕਰਮ ਅਰਦਾਸ ਦੀ ਭਾਵਨਾ ਨਾਲ ਕੀਤਾ, ਨਿਜੀ, ਪਰਿਵਾਰਕ ਤੇ ਸਮਾਜਕ ਭਲਾਈ ਹਿਤ ਕੀਤਾ ਕਰਮ ਹੈ। ਇਸ ਵਿਚ ਕਾਮਨਾ ਬਣੀ ਰਹਿੰਦੀ ਹੈ ਕਿ ਸੁਖ ਦੀ ਪ੍ਰਾਪਤੀ ਹੋਵੇ, ਦੁਖਾਂ ਤੋਂ ਨਿਜਾਤ ਮਿਲੇ, ਪਰਿਵਾਰ ਤੇ ਸਮਾਜ ਸੁਖੀ ਵੱਸੇ। ਗੁਰਬਾਣੀ ਸੁਖ ਦੀ ਕਾਮਨਾ ਦਾ ਵਿਰੋਧ ਨਹੀਂ ਕਰਦੀ; ਵਿਅਕਤੀ ਨੂੰ ਇਹ ਭਾਣਾ ਮੰਨਣ ਦਾ, ਸਿਮਰਨ ਤੇ ਸੇਵਾ ਵਿਚ ਲੀਨ ਹੋਣ ਦਾ ਸੰਦੇਸ਼ ਦੇਂਦੀ ਹੈ, ਜੋ ਸੁਖ ਉਪਜਾਉਣ ਵਿਚ ਸਹਾਈ ਹਨ। "ਭਾਣਾ ਮੰਨੇ ਸਦਾ ਸੁਖ ਹੋਇ।"—(ਆਸਾ, ਮ.3)। "ਤੇਰਾ ਕੀਆ ਮੀਠਾ ਲਾਗੈ। ਹਰਿ ਨਾਮੁ ਪਦਾਰਥੁ ਨਾਨਕ ਮਾਗੈ।"—(ਆਸਾ, ਮ.5)। "ਜਿਸ ਸਰਬ ਸੁਖਾ ਫਲ ਲੋੜੀਅਹਿ, ਸੋ ਸਚੁ ਕਮਾਵਉ। ...ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।"—(ਵਾਰ ਗੂਜਰੀ, ਮ.5)। ਪਰਮ ਸੁਖ ਤੇ ਅਨੰਦ ਦੀ ਸ਼ਬਦਾਵਲੀ ਵਰਤ ਕੇ, ਗੁਰੂ ਸਾਹਿਬਾਨ ਨੇ ਆਤਮਿਕ ਸੁਖ ਦੀ ਅਵਸਥਾ ਨੂੰ ਆਦਰਸ਼ਕ ਅਵਸਥਾ ਦਰਸਾਇਆ ਹੈ। ਇਸ ਪੱਧਰ ਦੇ ਸੁਖ ਨੂੰ ਪ੍ਰਾਪਤ ਵਿਅਕਤੀ ਲਈ ਪਦਾਰਥਕ ਤੇ ਸਰੀਰਕ ਦੁਖ ਸੁਖ ਅਰਥਹੀਣ ਹੋ ਜਾਂਦੇ ਹਨ। ਸ਼ੇਖ ਫ਼ਰੀਦ ਨੇ ਇਸੇ ਸੇਧ ਵਿਚ ਚੱਲਣ ਦੀ ਸਿਖਿਆ ਦਿੱਤੀ ਹੈ—"ਫਰੀਦਾ ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ।" ਗੁਰੂ ਅਮਰਦਾਸ ਜੀ ਅਜਿਹੀ ਅਵਸਥਾ ਦਾ ਚਿਤਰਨ ਇੰਜ ਦੇਂਦੇ ਹਨ—"ਨਾਨਕ ਦੁਖੁ ਸੁਖ ਵਿਆਪਤ ਨਹੀ, ਜਿਥੈ ਆਤਮ ਰਾਮ ਪ੍ਰਗਾਸੁ।" ਗੁਰੂ ਤੇਗ ਬਹਾਦਰ ਜੀ ਨੇ ਵੀ "ਜੋ ਨਰ ਦੁਖ ਮੈ ਦੁਖ ਨਹੀ ਮਾਨੈ।" ਵਾਲੇ ਸ਼ਬਦ ਵਿਚ ਉੱਚਤਮ ਅਵਸਥਾ ਦਾ ਸੰਕੇਤ ਦਿੱਤਾ ਹੈ।

ਗੁਰਬਾਣੀ, ਇਕ ਪਾਸੇ, ਮਨੁੱਖ ਦੇ ਸੰਸਾਰਕ ਜੀਵਨ ਨੂੰ ਦੁਖਾਂ ਸੁਖਾਂ ਵਿਚ ਘਿਰਿਆ ਦਰਸਾਉਂਦੀ ਹੈ, ਦੂਜੇ ਪਾਸੇ ਦੁਖ-ਸੁਖ ਤੋਂ ਨਵਿਰਤ ਜੀਵਨ ਨੂੰ ਮਨੁੱਖ ਦਾ ਉਦੇਸ਼ ਥਾਪਦੀ ਹੈ। ਦੁਖ ਤੇ ਸੁਖ ਦੋ ਲਿਬਾਸ ਹਨ, ਜੋ ਵਿਅਕਤੀ ਪਹਿਨਦਾ, ਉਤਾਰਦਾ ਰਹਿੰਦਾ ਹੈ। ਸਰੀਰਕ ਤੇ ਮਾਨਸਿਕ ਦੁਖ-ਰੋਗ ਤੇ ਸੰਤਾਪ ਮਨੁੱਖੀ ਜੀਵਨ ਦੇ ਅਜਿਹੇ ਤੱਥ ਹਨ, ਜਿਨ੍ਹਾਂ ਦੀ ਹੋਂਦ ਕਿਸੇ ਵਿਆਖਿਆ ਦੀ ਮੁਥਾਜ ਨਹੀਂ। ਗੁਰਬਾਣੀ ਨੇ ਦੁਖ-

Sri Satguru Jagjit Singh Ji eLibrary NamdhariElibrary@gmail.com

ਸੰਤਾਪ ਦੀ ਵਿਆਪਕਤਾ ਨੂੰ ਪਰਵਾਨ ਕਰਦਿਆਂ, ਇਸ ਤੋਂ ਨਵਿਰਤੀ ਦਾ ਮਾਰਗ ਉਲੀਕਿਆ ਹੈ, ਅਤੇ ਅਡੋਲ, ਸੰਤੁਲਿਤ ਅਨੰਦਮਈ ਅਵਸਥਾ ਦੀ ਸੰਭਾਵਨਾ ਉਜਾਗਰ ਕੀਤੀ ਹੈ—"ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ।" ਗੁਰੂ ਅਰਜਨ ਦੇਵ ਨੇ 'ਦੁਬਿਧਾ' ਨੂੰ ਮਨੁੱਖ ਦੇ ਦੁਖ-ਸੰਤਾਪ ਦਾ ਆਧਾਰ ਦਸਿਆ ਹੈ, ਅਤੇ ਉਸ ਵਿਅਕਤੀ ਦੀ ਸਲਾਹੁਤਾ ਕੀਤੀ ਹੈ, ਜੋ ਇਸ ਨੂੰ 'ਮਾਰ' ਕੇ ਖਲਾਸੀ ਪਾ ਲਵੇ। "ਐਸਾ ਕੋਇ ਜਿ ਦੁਬਿਧਾ ਮਾਰ ਗਵਾਵੈ।" ਇਸ ਸੰਬੰਧ ਵਿਚ ਉਨ੍ਹਾਂ ਦੇ ਵਾਕ ਹਨ—"ਜੋ ਇਸੁ ਮਾਰੈ, ਸੋਈ ਸੂਰਾ, ਜੋ ਇਸ ਮਾਰੇ ਸੋਈ ਪੂਰਾ। ਜੋ ਇਸੁ ਮਾਰੈ ਤਿਸਹਿ ਵਡਿਆਈ। ਜੋ ਇਸੁ ਮਾਰੈ ਤਿਸ ਕਾ ਦੁਖੁ ਜਾਈ।" ..."ਗੁਰੁ ਦੁਬਿਧਾ ਜਾਕੀ ਹੈ ਮਾਰੀ। ਕਹੁ ਨਾਨਕ ਸੋ ਬ੍ਰਹਮ ਵੀਚਾਰੀ।" ਗੁਰਬਾਣੀ ਵਿਚ ਦੁਬਿਧਾ ਤੋਂ ਸਿਵਾ ਭਰਮ, ਸੰਸਾ, ਸਹਸਾ ਦੀ ਸ਼ਬਦਾਵਲੀ ਵਰਤੀ ਗਈ ਹੈ, ਜੋ ਦੁਖ-ਸੰਤਾਪ ਨਾਲ ਸੰਬੰਧਿਤ ਵਿਕਾਰਾਂ ਦੀ ਸੰਕੇਤਕ ਹੈ। ਨਾਮ ਤੇ ਸ਼ਬਦ ਦਾ ਸੰਜਮ ਮਨ ਦੀ ਮੈਲ ਨੂੰ, ਭਰਮ ਤੇ ਸਹਸਾ ਨੂੰ ਧੋ ਦੇਂਦਾ ਹੈ।

ਗੰਭੀਰ ਚਿੰਤਕਾਂ ਦਾ ਵਿਸ਼ਵਾਸ ਹੈ ਕਿ ਸੁਖਾਂ ਦੇ ਮਗਰ ਦੌੜਨ ਵਾਲਾ ਵਿਅਕਤੀ ਸੁਖ-ਪ੍ਰਾਪਤੀ ਤੋਂ ਵੰਚਿਤ ਰਹਿ ਜਾਂਦਾ ਹੈ ਅਤੇ ਦੁਨਿਆਵੀ ਸੁਖ-ਆਰਾਮ, ਭੋਗ-ਵਿਲਾਸ ਵਿਚ ਖਚਿਤ ਵਿਅਕਤੀ ਦੇ ਮਨ ਨੂੰ ਸੁਖ-ਸ਼ਾਂਤੀ ਭੁਲਾਵਾ ਦੇ ਜਾਂਦੀ ਹੈ। ਗੁਰਬਾਣੀ ਦੀ ਇਸ ਵਿਚਾਰ ਨਾਲ ਪੂਰੀ ਸੰਮਤੀ ਹੈ : "ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ, ਸੇਵ ਕਰਤ ਜਨ ਜਨ ਕੀ।" ਇਸੇ ਵਿਚਾਰ ਦੀ ਪੁਸ਼ਟੀ "ਦੁਖੁ ਦਾਰੂ, ਸੁਖੁ ਰੋਗੁ ਭਇਆ" ਦੀ ਪੰਕਤੀ ਵਿਚ ਪ੍ਰਾਪਤ ਹੈ। ਪਦਾਰਥਕ ਸੁਖ ਮਾਨਸਿਕ ਦੁਖ-ਰੋਗ ਦਾ ਕਾਰਨ ਬਣ ਜਾਂਦੇ ਹਨ, ਅਤੇ ਦੁਖਾਂ ਵਿਚ ਘਿਰ ਕੇ ਵਿਅਕਤੀ, ਕਈ ਵਾਰ, ਆਤਮ-ਚਿੰਤਨ ਦਾ ਮਾਰਗ ਅਪਣਾ ਲੈਂਦਾ ਹੈ, ਜੋ ਉਸ ਲਈ ਸੁਖ ਦਾ ਸਾਧਨ ਹੋ ਨਿਬੜਦਾ ਹੈ। ਜੇਕਰ ਉਹ ਨਾਮ-ਸਿਮਰਨ ਦਾ ਰਾਹ ਚੁਣ ਲਵੇ, ਤਾਂ "ਗੁਰ ਸੰਤ ਸਭਾ ਦੁਖੁ ਮਿਟੈ ਰੋਗੁ।" ਸੂਝਵਾਨ ਵਿਅਕਤੀ ਨੂੰ ਅਕਸਰ ਜੀਵਨ ਦੀ ਅਰਥਹੀਣਤਾ ਦਾ ਇਹਸਾਸ ਸਤਾਉਂਦਾ ਹੈ; ਦਿਸ਼ਾ-ਹੀਣਤਾ ਦੀ ਅਵਸਥਾ ਵਿਚ ਜੀਵਨ ਬਤੀਤ ਕਰਦਿਆਂ ਉਸ ਨੂੰ ਸੰਤਾਪ ਦਾ ਅਨੁਭਵ ਹੁੰਦਾ ਹੈ, ਜਿਸ ਤੋਂ ਛੁਟਕਾਰੇ ਲਈ ਉਹ ਭਟਕਦਾ ਫਿਰਦਾ ਹੈ। ਗੁਰਬਾਣੀ ਅਜਿਹੇ ਵਿਅਕਤੀ ਲਈ ਜੀਵਨ ਦਾ ਤੱਤ ਲੈ ਕੇ ਬਹੁੜਦੀ ਹੈ :

> ਕਹਨ ਕਹਾਵਨ ਕਉ ਕਈ ਕੇਤੈ।
> ਐਸੋ ਜਨੁ ਬਿਰਲੋ ਹੈ ਸੇਵਕੁ, ਜੋ ਤਤ ਜੋਗ ਕਉ ਬੇਤੈ।
> ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ।
> ਬੁਰਾ ਨਹੀ ਸਭੁ ਭਲਾ ਹੀ ਹੈ ਰੇ,
> ਹਾਰ ਨਹੀ ਸਭ ਜੇਤੈ। —(ਕਾਨੜਾ, ਮ.5, ਪੰਨਾ 1302)

## ਬੰਦ ਖਲਾਸੀ ਤੇ ਪਰਮ ਪਦ

ਸਿੱਖ ਅਧਿਆਤਮਵਾਦ ਭਾਰਤੀ ਚਿੰਤਨ-ਪਰੰਪਰਾ ਵਿਚ ਵਰਣਿਤ

Sri Satguru Jagjit Singh Ji eLibrary NamdhariElibrary@gmail.com

ਆਵਾਗਉਣ, ਮੋਖ, ਨਿਰਵਾਣ ਆਦਿਕ ਸੰਕਲਪਾਂ ਨੂੰ ਆਪਣੇ ਵਿਚਾਰਧਾਰਾਈ ਚੌਖਟੇ ਵਿਚ ਸ਼ਾਮਿਲ ਕਰਦਿਆਂ, ਮਨੁੱਖ ਦੇ ਆਤਮਿਕ ਕਲਿਆਣ ਦਾ ਸਿਧਾਂਤ ਉਸਾਰਦਾ ਹੈ। ਸਿੱਖ-ਚਿੰਤਨ ਨੂੰ ਭਾਰਤੀ ਪਰੰਪਰਾ ਦੀ ਇਹ ਮਨੌਤ ਪਰਵਾਨ ਹੈ ਕਿ ਜੀਵ-ਆਤਮਾ ਬੰਧਨ ਵਿਚ ਹੈ, ਅਤੇ ਇਸ ਨੂੰ ਮੁਕਤ ਹੋਣ ਦੀ ਲੋੜ ਹੈ। ਆਵਾਗਉਣ ਦਾ ਰਵਾਇਤੀ ਸਿਧਾਂਤ ਵੀ ਲਗਭਗ ਮੂਲ-ਰੂਪ ਵਿਚ ਪਰਵਾਨ ਹੈ, ਚਾਹੇ ਆਧੁਨਿਕ ਚਿੰਤਕ ਇਸ ਬਾਰੇ ਸਪੱਸ਼ਟ ਨਿਰਣਾ ਦੇਣ ਤੋਂ ਸੰਕੋਚਵਾਨ ਹਨ। ਸਿੱਖ-ਚਿੰਤਨ ਵਿਚ 'ਮਿਹਰ' ਦਾ ਸੰਕਲਪ ਤੇ ਵਿਸ਼ਵਾਸ ਇਸ ਨੂੰ ਪਰੰਪਰਾਈ ਚਿੰਤਨ ਨਾਲੋਂ ਨਿਖੇੜਦਾ ਹੈ; ਪ੍ਰਭੂ ਦੀ ਕਿਰਪਾ ਹੋਵੇ ਤਾਂ ਜੀਵ ਦੇ ਸਭ ਬੰਧਨ ਕੱਟੇ ਜਾਂਦੇ ਹਨ; ਜਿਨ੍ਹਾਂ ਪੂਰਬਲੇ ਕਰਮਾਂ ਕਾਰਨ ਉਹ ਆਵਾਗਉਣ ਵਿਚ ਭਟਕਦਾ ਫਿਰਦਾ ਹੈ, ਅਤੇ ਆਪਣੇ ਮੂਲ-ਤੱਤ ਪਾਸੋਂ ਵਿਛੜਿਆ ਹੋਇਆ ਹੈ, ਉਨ੍ਹਾਂ ਦੀ ਕਾਰਨ-ਕਾਰਜ ਸੰਗਲੀ ਪਾਸੋਂ ਉਸ ਨੂੰ ਪਰਮਾਤਮਾ ਦੀ ਨਦਰਿ-ਕਰਮ ਨਿਜ਼ਾਤ ਦੁਆਉਂਦੀ ਹੈ। ਮਿਹਰ ਜਾਂ ਕਿਰਪਾ ਦਾ ਰਹੱਸ ਮਨੁੱਖੀ ਬੁੱਧੀ ਦੀ ਪਕੜ ਤੋਂ ਉਚੇਰਾ ਹੈ; ਮਨੁੱਖ ਲਈ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਨ ਹਿਤ 'ਨਾਮ' ਦਾ ਮਾਰਗ ਅਪਨਾਉਣ ਦੀ ਆਵੱਸ਼ਕਤਾ ਹੈ। ਬੰਦ-ਖਲਾਸੀ ਪ੍ਰਭੂ ਦੇ ਭਾਣੇ ਵਿਚ ਹੋਣੀ ਹੈ, ਕੇਵਲ ਵਿਅਕਤੀ ਦੀ ਇੱਛਾ, ਮਰਜ਼ੀ ਜਾਂ ਉੱਦਮ ਦੇ ਜ਼ੋਰ ਉੱਤੇ ਨਹੀਂ।

ਜੀਵ ਜਿਨ੍ਹਾਂ ਬੰਧਨਾਂ ਵਿਚ ਜਕੜਿਆ ਹੋਇਆ ਹੈ, ਉਨ੍ਹਾਂ ਵਿਚ ਉਸ ਦਾ ਅਗਿਆਨ, ਉਸ ਦੀ ਹਉਮੈਂ ਤੇ ਤ੍ਰਿਸ਼ਨਾ ਵੱਡੇ ਬੰਧਨ ਹਨ। ਗੁਰਬਾਣੀ ਜੀਵ ਨੂੰ 'ਜਮ ਕੀ ਫਾਸੀ' ਤੋਂ ਛੁਟਕਾਰਾ ਦੁਆਉਣ ਦੀ ਸੇਧ ਨਿਰਧਾਰਿਤ ਕਰਦੀ ਹੈ, ਅਤੇ ਪਰੰਪਰਾਈ ਸੰਕੇਤਾਂ ਦੀ ਵਰਤੋਂ ਰਾਹੀਂ ਆਪਣੀ ਵਿਚਾਰਧਾਰਾ ਪ੍ਰਸਤੁਤ ਕਰਦੀ ਹੈ। ਇਸ ਵਿਚ ਮੁਕਤੀ ਦੇ ਆਸ਼ੇ ਦੇ ਕਈ ਸ਼ਬਦ ਤੇ ਵਾਕੰਸ਼ ਵਰਤੇ ਮਿਲਦੇ ਹਨ, ਜਿਹਾ ਕਿ ਮੋਖ-ਦੁਆਰ, ਨਿਰਬਾਣ, ਬਹਿਸ਼ਤ, ਬੈਕੁੰਠ, ਸੱਚ-ਖੰਡ। ਪਰ, ਅਜਿਹੇ ਸ਼ਬਦਾਂ ਤੇ ਸੰਕਲਪਾਂ ਦੇ ਅਰਥ ਇੰਨ-ਬਿੰਨ ਉਹੀ ਨਹੀਂ ਜੋ ਬੋਧੀ ਤੇ ਵੇਦਾਂਤੀ ਵਿਚਾਰਧਾਰਾਵਾਂ ਵਿਚ ਦਰਸਾਏ ਗਏ ਹਨ। ਸਿੱਖ-ਚਿੰਤਨ ਦਾ 'ਗਿਆਨੀ' ਵਿਸਮਾਦਿਤ ਅਵਸਥਾ ਵਿਚ ਵਿਚਰਦਾ ਜੀਵਨ-ਮੁਕਤ ਵਿਅਕਤੀ ਹੈ, ਜਿਸ ਨੇ ਪ੍ਰਭੂ-ਪ੍ਰੇਮ ਦੇ ਆਸਰੇ ਆਪਣੇ ਅੰਦਰੋਂ ਹੀ ਪਰਮਾਤਮਾ ਦੇ ਨਿਵਾਸ ਦਾ ਅਨੁਭਵ ਕਰ ਲਿਆ ਹੈ। ਗੁਰੂ ਨਾਨਕ ਦੇਵ ਦੇ ਇਕ ਸਲੋਕ ਅਨੁਸਾਰ—"ਰਜਿ ਨ ਕੋਈ ਜੀਵਿਆ, ਪਹੁਚਿ ਨ ਚਲਿਆ ਕੋਇ। ਗਿਆਨੀ ਜੀਵੈ ਸਦਾ ਸਦਾ, ਸੁਰਤੀ ਹੀ ਪਤਿ ਹੋਇ।" ਉਹ ਵਿਅਕਤੀ, ਜੋ "ਮੂਲ ਨ ਬੂਝਹਿ ਆਪਣਾ, ਸੇ ਪਸੂਆ, ਸੇ ਢੋਰ ਜੀਉ।" ਗੁਰੂ ਅਰਜਨ ਦੇਵ ਗਿਆਨ ਪੁਰਸ਼ ਦੀ ਦਸ਼ਾ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ :

ਕਈ ਬੈਕੁੰਠ, ਨਾਹੀ ਲਵੈ ਲਾਗੇ।
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ।

ਗਿਆਨਵਾਨ ਵਿਅਕਤੀ ਮੁਕਤੀ ਤੇ ਬੈਕੁੰਠ ਦੀ ਪਰਵਾਹ ਨਾ ਕਰਦਾ ਹੋਇਆ

Sri Satguru Jagjit Singh Ji eLibrary NamdhariElibrary@gmail.com

ਪ੍ਰਭੂ ਪ੍ਰੀਤ ਵਿਚ ਮਸਤ ਰਹਿੰਦਾ ਹੈ। ਉਸ ਨੂੰ ਨਾ ਧਨ ਦੀ ਇੱਛਾ ਹੈ, ਨਾ ਸਵੱਰਗ ਦੀ ਖਿੱਚ ਹੈ। ਜਿਵੇਂ 'ਬਾਵਨ ਅਖਰੀ' ਵਿਚ ਗੁਰੂ ਅਰਜਨ ਦੇਵ ਦਾ ਕਥਨ ਹੈ—"ਧਨੁ ਨਹੀ ਬਾਛਹਿ, ਸੁਰਗ ਨ ਆਛਹਿ। ਅਤਿ ਪ੍ਰਿਅ ਪ੍ਰੀਤਿ, ਸਾਧ ਰਜ ਰਾਚਹਿ।" 'ਸੁਖਮਨੀ' ਵਿਚ ਵੀ ਹਰੀ ਦੇ ਨਾਮ ਵਿਚ ਲੀਨ ਵਿਅਕਤੀ ਦਾ ਚਿੱਤਰ ਪ੍ਰਾਪਤ ਹੈ—"ਸਰਬ ਬੈਕੁੰਠ, ਮੁਕਤਿ, ਮੋਖ ਪਾਏ। ਏਕ ਨਿਮਖ ਹਰਿ ਕੇ ਗੁਨ ਗਾਏ।" ਤ੍ਰਿਸ਼ਨਾਂ ਤੇ ਅਗਿਆਨ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਵਿਅਕਤੀ ਜਿਸ ਅਵਸਥਾ ਨੂੰ ਪਹੁੰਚਦਾ ਹੈ, ਉਸ ਨੂੰ ਗੁਰਬਾਣੀ ਨੇ 'ਨਿਰਬਾਣ ਪਦ', 'ਪਰਮ ਪਦ' ਆਦਿਕ ਸੰਖਿਆਵਾਂ ਦਿੱਤੀਆਂ ਹਨ, ਚਾਹੇ ਬੋਧੀ ਤੇ ਜੈਨੀ ਪਿਛੋਕੜ ਦੇ ਨਿਰਵਾਣ ਨਾਲ ਅਤੇ ਹਿੰਦੂ ਪਰੰਪਰਾ ਦੇ ਮੋਕਸ਼ ਨਾਲ ਇਨ੍ਹਾਂ ਸੰਕਲਪਾਂ ਦਾ ਅਰਥ-ਭੇਦ ਕਾਇਮ ਹੈ। ਗੁਰਬਾਣੀ ਦੇ ਪਰਮ ਪਦ ਵਿਚ, ਇਕ ਪਾਸੇ ਹੁਕਮ ਦੀ ਸੋਝੀ ਅਤੇ ਦੂਜੇ ਪਾਸੇ ਮਨੁੱਖ-ਮਾਤਰ ਦੀ ਸੇਵਾ ਦੇ ਵਿਚਾਰ ਸੰਮਿਲਤ ਹਨ :

ਸੇਵਕ ਕਉ ਸੇਵਾ ਬਨਿ ਆਈ।
ਹੁਕਮੁ ਬੂਝਿ ਪਰਮ ਪਦੁ ਪਾਈ —(ਸੁਖਮਨੀ)

ਸੱਚ-ਖੰਡ ਕਿਸੇ ਬਹਿਸ਼ਤ ਦਾ ਨਾਮ ਨਹੀਂ; ਗੁਰਬਾਣੀ ਦੀ ਸਮੁੱਚੀ ਭਾਵਨਾ ਅਨੁਸਾਰ ਇਹ ਵਿਸ਼ੇਸ਼ ਅਧਿਆਤਮਿਕ ਬਿਰਤੀ ਹੈ, ਅਨੁਭਵ ਹੈ, ਉੱਚਤਮ ਪ੍ਰਾਪਤੀ ਦੀ ਅਵਸਥਾ ਹੈ। ਇਸੇ ਵਿਚ ਪਰਮ ਸੁਖ ਹੈ, ਜੀਵਨ ਮੁਕਤੀ ਹੈ, ਅਨੰਦ ਹੈ। ਦੂਸਰੇ ਸ਼ਬਦਾਂ ਵਿਚ ਇਹ ਭਗਤ ਤੇ ਪ੍ਰਭੂ ਦੀ ਅਭੇਦਤਾ ਦਾ ਅਨੁਭਵ ਹੈ, ਜੋ ਪਰਮ-ਪਦ ਨੂੰ ਪ੍ਰਾਪਤ ਵਿਅਕਤੀ ਦੇ ਹਿਰਦੇ ਵਿਚ ਵਾਪਰਦਾ ਹੈ।

## ਹਉਮੈ-ਭਾਵ ਤੋਂ ਨਵਿਰਤੀ

ਸਿੱਖ ਅਧਿਆਤਮਿਕ ਚਿੰਤਨ ਜਿਸ ਆਦਰਸ਼ਕ ਅਵਸਥਾ ਨੂੰ ਪਰਮ-ਪਦ ਕਹਿੰਦਾ ਹੈ, ਉਸ ਦੇ ਪ੍ਰਮੁੱਖ ਲੱਛਣ ਗੁਰੂ ਨਾਨਕ ਦੇਵ ਦੀ ਇਸ ਪੰਕਤੀ ਵਿਚ ਸਪੱਸ਼ਟ ਦਰਸਾਏ ਗਏ ਹਨ :

ਜੀਵਨ ਮੁਕਤ ਸੁ ਆਖੀਐ
ਜਿਸੁ ਵਿਚਹੁ ਹਉਮੈ ਜਾਇ। —(ਮਾਰੂ)

ਪਰਮ ਪਦ ਦਾ ਪਹਿਲਾ ਲੱਛਣ, ਇਸ ਪੰਕਤੀ ਅਨੁਸਾਰ, ਵਿਅਕਤੀ ਦਾ ਜੀਵਨ ਮੁਕਤ ਦੀ ਪਦਵੀ ਨੂੰ ਪ੍ਰਾਪਤ ਹੋਣਾ ਹੈ। ਪਰਮ ਪਦ ਤੋਂ ਭਾਵ ਪਰੰਪਰਾਗਤ ਧਾਰਨਾ ਦੀ ਮੁਕਤੀ ਨਹੀਂ, ਜਿਸ ਅਨੁਸਾਰ ਆਤਮਾ ਮੁਕਤ ਹੁੰਦੀ ਹੈ, ਸ਼ਖ਼ਸੀਅਤ ਨਹੀਂ। ਗੁਰਬਾਣੀ ਦਾ ਫ਼ਲਸਫ਼ਾ ਜਿਉਂਦੇ-ਜਾਗਦੇ, ਖਾਂਦੇ-ਪੀਂਦੇ, ਨਿਤ-ਕ੍ਰਿਆ ਨਿਭਾਉਂਦੇ, ਸੰਸਾਰ ਵਿਚ ਵਿਚਰਦੇ ਵਿਅਕਤੀ ਦੀ ਬੰਧਨਾਂ ਤੋਂ ਮੁਕਤੀ ਉੱਤੇ ਬਲ ਦੇਂਦਾ ਹੈ, ਜਿਸ ਨੂੰ ਜੀਵਨ-ਮੁਕਤੀ ਕਿਹਾ ਗਿਆ ਹੈ। ਅਜਿਹਾ ਗੁਰਮੁਖ ਸੰਸਾਰਕ ਤੇ ਪਰਮਾਰਥਕ ਪੱਖਾਂ ਵਿਚ ਸੰਤੁਲਨ ਕਾਇਮ ਰਖਦਾ ਹੈ, ਅਤੇ ਨਿਰਸੰਕੋਚ ਇਕ ਮੰਡਲ ਵਿਚੋਂ ਦੂਜੇ ਵਿਚ ਪ੍ਰਵੇਸ਼ ਕਰ ਸਕਦਾ ਹੈ। ਮੁਕਤੀ ਲਈ ਉਸ ਨੂੰ ਮੌਤ ਦੀ ਉਡੀਕ ਨਹੀਂ ਕਰਨੀ ਪੈਂਦੀ। "ਬ੍ਰਹਮ ਗਿਆਨੀ ਸਦ

Sri Satguru Jagjit Singh Ji eLibrary NamdhariElibrary@gmail.com

ਜੀਵੈ, ਨਹੀ ਮਰਤਾ।" ਮੌਤ ਤੋਂ ਪਹਿਲਾਂ ਵੀ ਉਹ ਮੁਕਤ ਹੈ, ਮੌਤ ਉਪਰੰਤ ਵੀ। ਪਰਮ ਪਦ ਦਾ ਦੂਜਾ ਲੱਛਣ ਉਕਤ ਟੂਕ ਵਿਚ ਹਉਮੈਂ ਤੋਂ ਨਵਿਰਤੀ ਹੈ। ਜੀਵਨ-ਮੁਕਤ ਹਉਮੈਂ ਦੇ ਬੰਧਨਾਂ ਤੋਂ ਮੁਕਤ ਵਿਅਕਤੀ ਹੈ। ਉਸ ਦੀ ਮਾਨਸਿਕਤਾ ਕਾਇਮ ਹੈ, ਉਸ ਦੀ ਬੁੱਧੀ, ਭਾਵੁਕਤਾ, ਵਲਵਲੇ ਸਭ ਕ੍ਰਿਆਸ਼ੀਲ ਹਨ; ਪਰ ਉਸ ਦੇ ਹਿਰਦੇ ਵਿਚ ਸੱਚ ਦਾ ਪ੍ਰਕਾਸ਼ ਹੋ ਚੁੱਕਾ ਹੈ, ਕੂੜ ਦੀ ਮੈਲ ਉਤਰ ਗਈ ਹੈ; ਉਸ ਨੇ ਹੁਕਮ ਦੀ ਪਛਾਣ ਕਰ ਲਈ ਹੈ, ਦਵੈਤ ਮਿਟਾ ਲਈ ਹੈ ਅਤੇ ਅਭੇਦਤਾ ਦਾ ਅਨੁਭਵ ਕਰ ਲਿਆ ਹੈ।

ਮਨੁੱਖੀ ਸ਼ਖ਼ਸੀਅਤ ਮਾਨਸਿਕਤਾ ਤੋਂ ਬਰੀ ਨਹੀਂ ਹੋ ਸਕਦੀ। ਮਨ ਦੀ ਕ੍ਰਿਆ ਸਮਾਪਤ ਹੋਣ ਦਾ ਭਾਵ ਹੈ ਵਿਅਕਤੀ ਦੀ ਮੌਤ। ਮਾਨਸਿਕਤਾ ਦੇ ਵਿਭਿੰਨ ਪ੍ਰਗਟਾਵਿਆਂ ਵਿਚ ਚੇਤਨਤਾ, ਬੌਧਿਕਤਾ ਤੇ ਭਾਵੁਕਤਾ, ਸੰਸਕਾਰ ਤੇ ਪ੍ਰਵਿਰਤੀਆਂ, ਅਰਧ-ਚੇਤਨ ਤੇ ਅਚੇਤਨ, ਹੰਕਾਰ, ਹਉਮੈਂ, ਹਮਦਰਦੀ ਸਭ ਸ਼ਾਮਿਲ ਹਨ। ਸਮਾਜਕ ਚੇਤਨਾ ਵੀ ਮਾਨਸਿਕਤਾ ਦਾ ਹੀ ਇਕ ਪਹਿਲੂ ਹੈ। ਮੂਰਖ ਦੀ ਸੀਮਿਤ ਸੋਚ ਤੇ ਪ੍ਰਤਿਭਾਵਾਨ ਦੀ ਵਿਸ਼ਾਲ ਸੋਚਣੀ ਸਭ ਮਨ ਦੇ ਕਾਰਜ ਹਨ। ਰਹੱਸਵਾਦੀ ਦਾ ਦੈਵੀ ਅਨੁਭਵ ਵੀ 'ਮਨ' ਵਿਚ ਵਾਪਰਦਾ ਹੈ, ਅਤੇ ਮਨ ਦੇ ਵਿਸ਼ਾਲ ਅਰਥ ਵਿਚ 'ਆਤਮਾ' ਵੀ ਇਸੇ ਦਾ ਇਕ ਪੱਖ ਹੈ। ਮਨੁੱਖੀ ਸ਼ਖ਼ਸੀਅਤ ਦੀ ਕਾਰਜਸ਼ੀਲਤਾ ਨੂੰ ਮਾਨਸਿਕਤਾ ਨਾਲੋਂ ਨਿਖੇੜਨਾ ਸੰਭਵ ਨਹੀਂ ਜਾਪਦਾ। ਜਦੋਂ ਸਰੀਰ ਜਾਂ ਕਾਇਆਂ ਵਿਚ ਰਹੱਸਮਈ ਅਨੁਭਵ ਦੀ ਗੱਲ ਕੀਤੀ ਜਾਂਦੀ ਹੈ, ਉਸ ਦਾ ਭਾਵ ਸਰੀਰ ਦੇ ਪਦਾਰਥਕ ਪੱਖ ਤੋਂ ਨਹੀਂ, ਸਗੋਂ ਵਿਅਕਤੀ ਦੀ ਮਾਨਸਿਕਤਾ ਤੋਂ ਹੁੰਦਾ ਹੈ। ਸਰੀਰ ਵਿਚ ਸਥਿਤ 'ਜੋਤੀ' ਮਨ ਤੇ ਚੇਤਨਾ ਦੀ ਜੋਤੀ ਹੈ, ਜੋ ਆਪਣੇ ਨਾਲ ਲੈ ਕੇ ਵਿਅਕਤੀ ਜਗਤ ਵਿਚ ਪ੍ਰਵੇਸ਼ ਕਰਦਾ ਹੈ, ਤੇ ਜਿਸ ਦੀ ਸਮਾਪਤੀ ਵਿਅਕਤੀਗਤ ਹੋਂਦ ਦੀ ਸਮਾਪਤੀ ਹੈ। ਗੁਰੂ ਨਾਨਕ ਦੇਵ ਨੇ "ਹਉਂ ਵਿਚ ਜੰਮਿਆ, ਹਉਂ ਵਿਚ ਮੁਆ" ਦੇ ਸ਼ਬਦਾਂ ਵਿਚ ਮਨ ਦੀ ਵਿਆਪਕਤਾ ਦੇ ਤੱਥ ਦੀ ਪੁਸ਼ਟੀ ਕੀਤੀ ਹੈ।

ਗੁਰਬਾਣੀ, ਇਕ ਪਾਸੇ, ਵਿਅਕਤੀਗਤ ਹਉਂ, ਆਪਾ, ਜਾਂ ਮੈਂ-ਭਾਵ ਦੀ ਹੋਂਣ ਨੂੰ ਸਵੀਕਾਰ ਕਰਦੀ ਹੈ, ਦੂਜੇ ਪਾਸੇ ਇਹ ਮਾਨਸਿਕਤਾ ਦੇ ਉਚੇਰੇ ਮੰਡਲਾਂ ਵੱਲ ਸੰਕੇਤ ਕਰਦੀ ਹੈ, ਜਿਥੇ ਸੁਰਤੀ, ਮਤ, ਬੁੱਧੀ ਨਵੇਂ ਸਿਰਿਓਂ ਘੜੇ ਜਾਂਦੇ ਹਨ, ਜਿਥੇ ਦੇਵਤਿਆਂ ਤੇ ਸਿੱਧਾਂ ਦੀ ਪੱਧਰ ਵਾਲੀ ਸੁੱਧ-ਬੁੱਧ ਦੀ ਘਾੜਤ ਹੁੰਦੀ ਹੈ। ਹਉਮੈਂ ਤੇ ਆਤਮਿਕ ਅਨੁਭਵ ਦੋਵੇਂ ਮਾਨਸਿਕਤਾ ਦੇ ਪ੍ਰਗਟਾਵੇ ਹਨ। ਹਉਮੈਂ ਵਿਅਕਤੀ ਨੂੰ ਆਪਣੇ ਸੀਮਿਤ ਆਪੇ ਦੀ ਤੰਗ ਵਲਗਣ ਵਿਚ ਘੇਰੀ ਰਖਦੀ ਹੈ, ਜਦ ਕਿ ਆਤਮਾ ਉਸ ਨੂੰ ਸਮੁੱਚੀ ਮਨੁੱਖਤਾ ਅਤੇ ਪਰਮ-ਆਤਮਾ ਨਾਲ ਇਕਮਿਕਤਾ ਦਾ ਅਨੁਭਵ ਦੇਣ ਦੇ ਯੋਗ ਹੈ। ਗੁਰਬਾਣੀ ਹਉਮੈਂ ਦੀ ਕੈਦ ਵਿਚੋਂ ਨਿਕਲ ਕੇ ਉਚੇਰੇ ਆਤਮਿਕ ਮੰਡਲਾਂ ਵਿਚ ਵਿਚਰਨ ਦਾ ਮਾਰਗ ਰੁਸ਼ਨਾਂਦੀ ਹੈ, ਅਤੇ ਮਨੁੱਖ ਨੂੰ ਹਉਮੈਂ ਦੇ ਬੰਧਨ ਤੋਂ ਮੁਕਤ ਹੋਣ ਦਾ ਸਾਹਸ ਦੇਂਦੀ ਹੈ। ਇਹ ਸਾਹਸ ਤੇ ਦਲੇਰੀ ਵੀ ਵਿਅਕਤੀ ਦੇ ਮਨ ਵਿਚ ਉਤਪੰਨ ਹੁੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਸਾਰੀ ਸਿਖਿਆ, ਸਾਰਾ ਉਪਦੇਸ਼ ਮਨ ਨੂੰ ਹੀ ਸੰਬੋਧਨ ਹੈ। ਮਨ ਨੂੰ ਹੀ ਸਮਝਾਉਣਾ ਪੈਂਦਾ ਹੈ ਕਿ ਮਨ ਦੇ ਕਿਹੜੇ ਭਾਗ ਨੂੰ ਵਸੀਕਾਰ ਵਿਚ ਲਿਆਉਣਾ ਹੈ, ਅਤੇ ਕਿਹੜੇ ਮਾਨਸਿਕ ਅਨੁਭਵਾਂ ਨੂੰ ਪੁਸ਼ਟ ਕਰਨਾ ਹੈ। ਚੋਰ ਤੋਂ ਸਾਧੂ ਅਤੇ ਸਾਧੂ ਤੋਂ ਚੋਰ ਬਣਨ ਦੀ ਕ੍ਰਿਆ ਮਨ ਦੀ ਹੀ ਖੇਡ ਹੈ। ਮਨ ਹੀ ਖੋਟਾ ਹੈ, ਮਨ ਹੀ ਖਰਾ ਹੈ। ਖੋਟ ਵੱਲੋਂ ਇਸ ਨੂੰ ਹੋੜਨਾ ਤੇ ਖਰੇਪਣ ਵੱਲ ਤੋਰਨਾ ਧਰਮ ਅਤੇ ਨੈਤਿਕਤਾ ਦੀ ਪ੍ਰਮੁੱਖ ਸੇਧ ਹੈ।

ਕਬੀਰ-ਬਾਣੀ ਵਿਚ ਮਨ ਨੂੰ ਹੀ ਸ਼ਿਵ ਤੇ ਸ਼ਕਤੀ ਕਿਹਾ ਗਿਆ ਹੈ। ਗੁਰੂ ਅਮਰਦਾਸ ਜੀ ਨੇ ਮਨ ਨੂੰ 'ਜੋਤਿ-ਸਰੂਪ' ਕਹਿ ਕੇ "ਆਪਣਾ ਮੂਲੁ ਪਛਾਣੁ" ਦੀ ਸੇਧ ਦਿੱਤੀ ਹੈ। ਮਨ ਦਾ ਜੋ ਪੱਖ ਵਾਸ਼ਨਾਵਾਂ ਦਾ ਕੇਂਦਰ ਹੈ, ਜਿਸ ਵਿਚ ਵਿਅਕਤੀ ਦੀਆਂ ਲਾਲਸਾਵਾਂ ਤੇ ਸੁਆਰਥੀ ਭਾਵਨਾਵਾਂ ਸਥਿਤ ਹਨ, ਉਹ ਇਸ ਦੀ ਹਉਮੈਂ ਹੈ, ਜੋ ਬਾਣੀ ਅਨੁਸਾਰ ਅੰਧਕਾਰਮਈ ਮਨ ਦੀ ਸੰਕੇਤਕ ਹੈ। ਆਤਮਿਕ ਅਨੁਭਵ ਦੁਆਰਾ ਰੁਸ਼ਨਾਇਆ ਤੇ ਸਾਤਵਿਕ ਪੱਖ ਪ੍ਰਕਾਸ਼ਮਈ ਮਨ ਹੈ, ਜਿਸ ਨੂੰ ਵਡਿਆਇਆ ਗਿਆ ਹੈ। ਸਿੱਖ-ਚਿੰਤਨ ਵਿਚ ਅਕਸਰ 'ਮਨ' ਨੂੰ ਅੰਧਕਾਰਮਈ ਪੱਖ ਦਾ ਵਾਚਕ ਮੰਨਿਆ ਗਿਆ ਹੈ; ਇਸੇ ਲਈ ਹਉਮੈਂ ਦੇ ਪ੍ਰਭਾਵ ਅਧੀਨ ਜਿਉਣ ਵਾਲੇ ਨੂੰ ਮਨਮੁਖ ਦੀ ਸੰਗਿਆ ਦਿੱਤੀ ਗਈ ਹੈ। ਗੁਰਬਾਣੀ ਵਿਚ "ਮਨ ਕੀ ਮਤਿ ਤਿਆਗਹਿ, ਸੁਣੀਐ ਉਪਦੇਸ਼" ਦੀ ਸਿਖਿਆ ਹੈ। ਸਿੱਖ ਅਰਦਾਸ ਵਿਚ "ਮਨ ਨੀਵਾਂ, ਮਤਿ ਉੱਚੀ" ਦਾ ਹਵਾਲਾ ਪ੍ਰਾਪਤ ਹੈ, ਜੋ ਸਪੱਸ਼ਟ ਤੌਰ 'ਤੇ ਮਨ ਨੂੰ ਹਉਮੈਂ ਤੇ ਵਾਸ਼ਨਾਵਾਂ ਦੇ ਅਰਥ ਵਿਚ ਅਤੇ 'ਮਤਿ' ਨੂੰ ਬੁੱਧ-ਵਿਵੇਕ ਦੇ ਭਾਵ ਵਿਚ ਪ੍ਰਸਤੁਤ ਕਰਦਾ ਹੈ। ਚਿੰਤਕਾਂ ਨੇ ਖ਼ੁਦੀ, ਬਖ਼ੀਲੀ, ਤਕੱਬਰੀ ਨੂੰ ਨਿੰਦਿਆ ਹੈ, ਜੋ ਹਉਮੈਂ ਦੇ ਪ੍ਰਗਟਾਵੇ ਹਨ। ਗੁਰੂ ਅਰਜਨ ਦੇਵ "ਖੁਦੀ ਮਿਟੀ ਤਬ ਸੁਖ ਭਏ, ਮਨ ਤਨ ਭਏ ਅਰੋਗ" ਦੀ ਪੰਕਤੀ ਵਿਚ ਹਉਮੈਂ-ਭਾਵ ਨੂੰ ਮਿਟਾ ਕੇ, ਮਨ ਦੀ ਅਰੋਗਤਾ ਤੇ ਸੁਖ-ਪ੍ਰਾਪਤੀ ਦਾ ਸੰਦੇਸ਼ ਦੇਂਦੇ ਹਨ, ਜੋ ਸਹਿਜ ਤੇ ਸੰਤੁਲਨ ਦੀ ਅਵਸਥਾ ਹੈ।

ਸਿੱਖ-ਚਿੰਤਕ ਜਦੋਂ ਹਉਮੈਂ ਨੂੰ ਮਾਰਨ ਦੀ ਗੱਲ ਕਰਦਾ ਹੈ, ਤਾਂ ਇਸ ਦਾ ਭਾਵ ਇਹ ਨਹੀਂ ਹੁੰਦਾ ਕਿ ਵਿਅਕਤੀ ਦੇ ਜੀਵਨ ਵਿਚੋਂ ਹਉਮੈਂ ਸਮਾਪਤ ਹੋ ਸਕਦੀ ਹੈ। ਹਉਮੈਂ ਉਸ ਦੀ ਮਾਨਸਿਕਤਾ ਦਾ ਅਨਿਵਾਰੀ ਪੱਖ ਹੈ, ਜੋ ਉਸ ਨੂੰ ਨਿਜਤਵ ਦੀ ਚੇਤਨਾ ਦੇਂਦਾ ਹੈ। ਹਉਮੈਂ ਦੇ ਰੋਗ ਦੀ ਪਛਾਣ ਤੇ ਇਸ ਦੇ ਇਲਾਜ ਉੱਤੇ ਗੁਰਬਾਣੀ ਨੇ ਜੋ ਬਲ ਦਿੱਤਾ ਹੈ, ਉਸ ਤੋਂ ਸਪੱਸ਼ਟ ਹੈ ਕਿ ਹਉਮੈਂ ਦੇ ਪ੍ਰਭਾਵ ਤੋਂ ਮੁਕਤ ਜੀਵਨ ਹੀ ਉੱਤਮ ਤੇ ਸਾਰਥਿਕ ਹੈ। ਗੁਰਬਾਣੀ ਅਜਿਹੇ ਜੀਵਨ ਲਈ ਸ਼ਬਦ ਤੇ ਨਾਮ ਦਾ ਸੰਜਮ ਨਿਰਧਾਰਿਤ ਕਰਦੀ ਹੈ। ਸਿਮਰਨ ਤੇ ਸੇਵਾ ਅਜਿਹੇ ਜੀਵਨ ਦੀ ਟੇਕ ਹਨ ਜੋ ਆਤਮਿਕ ਤੇ ਸਮਾਜਕ ਮੰਡਲਾਂ ਵਿਚ, ਵਿਅਕਤੀ ਨੂੰ ਮਨਮੁਖਤਾ ਵੱਲੋਂ ਹੋੜ ਕੇ, ਗੁਰਮੁਖਤਾ ਵੱਲ ਵਧਣ ਦਾ ਸਾਹਸ ਦੇਂਦੀਆਂ ਹਨ। ਪਰਉਪਕਾਰ ਤੇ ਸਰਬੱਤ ਦੇ ਭਲੇ

Sri Satguru Jagjit Singh Ji eLibrary NamdhariElibrary@gmail.com

ਦੀ ਭਾਵਨਾ, ਅਤੇ ਅਮਲੀ ਰੂਪ ਵਿਚ ਸੁਕ੍ਰਿਤ ਤੇ ਸ਼ੁਭ ਕਰਨੀ ਉਸ ਜੀਵਨ-ਜਾਚ ਦੇ ਅੰਗ ਹਨ ਜਿਸ ਨੂੰ ਗੁਰਬਾਣੀ ਨੇ ਬਾਰ-ਬਾਰ ਸਲਾਹਿਆ ਹੈ। ਅਜਿਹੇ ਸੰਜਮ ਨੂੰ ਅਪਨਾਉਣ ਤੇ ਨਿਭਾਉਣ ਵਾਲਾ ਵਿਅਕਤੀ ਹਉਮੈਂ-ਭਾਵ ਤੋਂ ਮੁਕਤ ਹੈ। ਉਸ ਦੇ ਜੀਵਨ ਉੱਤੇ ਆਤਮਿਕ ਪ੍ਰਭਾਵ ਹਾਵੀ ਹੈ। ਉਸ ਨੇ ਸਹਸਾ, ਸ਼ੰਕਾ, ਦੁਬਿਧਾ ਤੇ ਵਿਕਾਰਾਂ ਉੱਤੇ ਵਸੀਕਾਰ ਪ੍ਰਾਪਤ ਕਰ ਲਿਆ ਹੈ, ਅਤੇ ਇਸ ਤਰ੍ਹਾਂ 'ਮਨ' ਨੂੰ ਜਿੱਤ ਲਿਆ ਹੈ। ਅੰਧਕਾਰ ਤੋਂ ਉਹ ਪ੍ਰਕਾਸ਼ ਵੱਲ ਵਧ ਰਿਹਾ ਹੈ; ਉਸ ਨੂੰ ਗਿਆਨ-ਅੰਜਨ ਦੀ ਦਾਤ ਮਿਲ ਗਈ ਹੈ ਜਿਸ ਨਾਲ ਉਸ ਦੀ ਦ੍ਰਿਸ਼ਟੀ ਉੱਜਲ ਤੇ ਨਿਰਮਲ ਹੋ ਰਹੀ ਹੈ, ਅਤੇ ਬ੍ਰਹਮ-ਗਿਆਨ ਦੀ ਅਵਸਥਾ ਉਸ ਦੀ ਪਹੁੰਚ ਵਿਚ ਆ ਰਹੀ ਹੈ। ਹਉਮੈਂ-ਭਾਵ ਤੋਂ ਨਵਿਰਤੀ ਹੀ ਉਸ ਦੀ ਮੁਕਤੀ ਹੈ।

## ਉਪਰਾਮਤਾ ਕਿ ਨਿਰਲੇਪਤਾ?

ਭਾਰਤੀ ਅਧਿਆਤਮਿਕ ਪਰੰਪਰਾ ਵਿਚ 'ਤਿਆਗ' ਦੇ ਸੰਕਲਪ ਉੱਤੇ ਅਧਿਕ ਬਲ ਦਿੱਤਾ ਗਿਆ ਹੈ। ਵਧੇਰੇ ਕਰਕੇ ਇਹ ਬਲ ਸਿਧਾਂਤ-ਰੂਪ ਵਿਚ ਹੀ ਹੈ, ਕਿਉਂਕਿ ਸਿਵਾਇ ਕੁਝ ਗਿਣੇ-ਚੁਣੇ ਸਿੱਧਾਂ, ਯੋਗੀਆਂ, ਸੰਨਿਆਸੀਆਂ ਦੇ, ਵਿਹਾਰਕ ਰੂਪ ਵਿਚ ਤਿਆਗ ਜਨ-ਸਾਧਾਰਨ ਦੀ ਜੀਵਨ-ਜਾਚ ਦਾ ਅੰਗ ਨਹੀਂ ਬਣ ਸਕਿਆ। ਤਿਆਗ ਤੇ ਸੰਸਾਰਕ ਸੰਬੰਧਾਂ ਵਲੋਂ ਉਦਾਸੀ ਨੂੰ ਜੀਵਨ ਦੀ ਆਦਰਸ਼ਕ ਸੇਧ ਮੰਨ ਕੇ ਜੀਵਨ ਦੇ ਕਾਰ-ਵਿਹਾਰ ਨੂੰ ਸਾਧਾਰਨ ਤੌਰ 'ਤੇ ਨਿਭਾਈ ਜਾਣਾ ਮਾਨਸਿਕ ਉਲਝਣਾਂ ਉਤਪੰਨ ਕਰਦਾ ਹੈ ਅਤੇ ਵਿਅਕਤੀ ਨੂੰ ਦੁਬਿਧਾ ਵਿਚ ਗ੍ਰਸਦਾ ਹੈ। ਮਨੁੱਖੀ ਜੀਵਨ ਨੂੰ ਚਾਰ ਪੜਾਵਾਂ ਜਾਂ ਆਸ਼ਰਮਾਂ ਵਿਚ ਵੰਡ ਕੇ ਪਰੰਪਰਾਈ ਚਿੰਤਨ ਨੇ ਜੋ ਵਿਧੀ ਲਾਗੂ ਕਰਨੀ ਚਾਹੀ, ਉਹ ਪਹਿਲੀ ਨਜ਼ਰੇ ਬੜੀ ਸਰਲ ਤੇ ਵਿਹਾਰਕ ਜਾਪਦੀ ਹੈ : ਬ੍ਰਹਮਚਰਯ ਤੋਂ ਉਪਰੰਤ ਗ੍ਰਿਹਸਥ ਵਿਚ ਪ੍ਰਵੇਸ਼ ਕਰੋ, ਉਸ ਤੋਂ ਮਗਰੋਂ ਵਣ-ਪ੍ਰਸਥੀ ਤੇ ਅੰਤ ਵਿਚ ਸੰਨਿਆਸੀ ਬਣ ਜਾਉ। ਅਮਲੀ ਤੌਰ 'ਤੇ ਇਸ ਜੀਵਨ-ਸ਼ੈਲੀ ਨੂੰ ਅਪਨਾਉਣ ਵਿਚ ਕਾਫ਼ੀ ਦੁਸ਼ਵਾਰੀ ਤੇ ਔਕੜ ਪੇਸ਼ ਆਉਂਦੀ ਹੈ। ਸਿੱਖ ਅਧਿਆਤਮਵਾਦ ਨੇ ਚਾਰੇ ਆਸ਼ਰਮਾਂ ਨੂੰ ਗ੍ਰਿਹਸਥੀ ਜੀਵਨ ਵਿਚ ਸਮੇਟ ਕੇ ਦੁਬਿਧਾ-ਮੁਕਤ ਜੀਵਨ-ਢੰਗ ਦੀ ਸਿਫ਼ਾਰਿਸ਼ ਕੀਤੀ ਅਤੇ ਇਸੇ ਵਿਚ ਆਦਰਸ਼ਕ ਜੀਵਨ ਬਤੀਤ ਕਰਨ ਦਾ ਮਾਰਗ ਲੋਕਾਈ ਅੱਗੇ ਪ੍ਰਸਤੁਤ ਕੀਤਾ।

ਜਿਥੇ ਪਰੰਪਰਾਈ ਚਿੰਤਨ ਦੀ ਸੇਧ ਸੰਸਾਰਕ ਜੀਵਨ ਵਲੋਂ ਉਪਰਾਮਤਾ ਤੇ ਭਾਂਜ ਦਾ ਰਵੱਈਆ ਸੀ, ਸਿੱਖ ਅਧਿਆਤਮਿਕ ਚਿੰਤਨ ਨੇ ਦੁਨਿਆਵੀ ਜੀਵਨ ਬਤੀਤ ਕਰਦਿਆਂ ਨਿਰਲੇਪਤਾ ਦੀ ਬਿਰਤੀ ਨੂੰ ਪਹਿਲ ਦਿੱਤੀ। ਵਣ-ਪ੍ਰਸਥ ਦਾ ਧਾਰਨੀ ਈਸ਼ਵਰ ਦੀ ਭਾਲ ਵਿਚ ਜੰਗਲੋ-ਜੰਗਲੀ ਘੁੰਮਦਾ ਹੈ; ਸ਼ੇਖ ਫ਼ਰੀਦ ਦੀ ਤਾੜਨਾ ਹੈ ਕਿ ਜੰਗਲ ਵਿਚ ਭਉਂ ਕੇ ਕੀ ਕਰਾਂਗੇ, ਕੰਡੇ-ਝਾੜੀਆਂ ਹੀ ਪੈਰਾਂ ਹੇਠ ਮਧੋਲਾਂਗੇ। "ਵਸੀ ਰਬੁ ਹਿਆਲੀਐ, ਜੰਗਲੁ ਕਿਆ ਢੂਢੇਹਿ?" ਗੁਰੂ ਅਮਰਦਾਸ ਜੀ ਦਾ ਇਕ ਕਥਨ

Sri Satguru Jagjit Singh Ji eLibrary NamdhariElibrary@gmail.com

ਇਸੇ ਧਾਰਨਾ ਦੀ ਪੁਸ਼ਟੀ ਕਰਦਾ ਹੈ—"ਨਾਨਕ ਘਰ ਹੀ ਬੈਠਿਆ ਸਹ ਮਿਲੈ, ਜੇ ਨੀਅਤਿ ਰਾਸਿ ਕਰੇਇ।" ਇਸੇ ਭਾਵ ਦੀ ਪੰਕਤੀ ਗੁਰੂ ਤੇਗ਼ ਬਹਾਦਰ-ਬਾਣੀ ਵਿਚ ਪ੍ਰਾਪਤ ਹੈ—"ਕਾਹੇ ਰੇ ਬਨ ਖੋਜਨ ਜਾਈ। ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ।" ਜਿਸ 'ਸਜਣ' ਨੂੰ ਅਸੀਂ ਬਾਹਰ ਢੂੰਡਦੇ ਹਾਂ, ਉਹ ਗੁਰਬਾਣੀ ਅਨੁਸਾਰ ਸਾਡੇ ਅੰਦਰ ਹੈ, ਅੰਗ-ਸੰਗ ਹੈ—"ਹਉ ਢੂਢੇਂਦੀ ਸਜਣਾ, ਸਜਣੁ ਮੈਡੈ ਨਾਲਿ"—(ਗੁਰੂ ਰਾਮਦਾਸ)। ਭਾਰਤੀ ਪਰੰਪਰਾ ਵਿਚ 'ਕਮਲ' ਦੇ ਪ੍ਰਤੀਕ ਦੀ ਚੋਖੀ ਪ੍ਰਸਿੱਧੀ ਰਹੀ ਹੈ; ਇਸ ਨੂੰ ਗੁਰੂ ਨਾਨਕ ਦੇਵ ਨੇ ਵੀ ਵਰਤਿਆ ਹੈ (ਜੈਸੇ ਜਲ ਮਹਿ ਕਮਲੁ ਨਿਰਾਲਮ), ਪਰ ਇਸ ਪ੍ਰਤੀਕ ਤੋਂ ਭਾਵ ਨਿਰਲੇਪਤਾ ਦਾ ਹੈ, ਨਾ ਕਿ ਉਪਰਾਮਤਾ ਦਾ। ਗੁਰੂ ਸਾਹਿਬਾਨ ਨੇ ਗ੍ਰਹਿਸਥੀ ਜੀਵਨ, ਘਰ-ਬਾਰ ਤੇ ਸੰਸਾਰਕ ਕਾਰ-ਵਿਹਾਰ ਦੇ ਤਿਆਗ਼ ਦਾ ਉਪਦੇਸ਼ ਨਾ ਬਾਣੀ-ਰਚਨਾ ਵਿਚ, ਨਾ ਅਪਾਣੇ ਜੀਵਨ-ਚਰਿਤ੍ਰ ਵਿਚ ਕਿਧਰੇ ਵੀ ਦਿੱਤਾ ਹੈ। ਗੁਰਬਾਣੀ ਅਨੁਸਾਰ ਉਦਾਸੀਨਤਾ ਦੀ ਬਿਰਤੀ ਘਰ ਵਿਚ ਹੀ ਉਦਾਸੀ ਤੇ ਅਲੇਪਤਾ ਦੀ ਬਿਰਤੀ ਹੈ।

ਸਿੱਖ-ਚਿੰਤਨ ਨੇ ਸੰਨਿਆਸ ਦੇ ਆਦਰਸ਼ ਨਾਲ ਸਪੱਸ਼ਟ ਰੂਪ ਵਿਚ ਮਤਭੇਦ ਪ੍ਰਗਟਾਇਆ ਹੈ। ਸੰਨਿਆਸੀ ਉਹ ਨਹੀਂ ਜੋ ਪਰਿਵਾਰਕ ਤੇ ਸਮਾਜਕ ਕਰਤੱਵਾਂ ਦਾ ਤਿਆਗ਼ ਕਰ ਕੇ, ਸੰਸਾਰਕ ਸੰਬੰਧਾਂ ਵਲੋਂ ਬੇਮੁਖ ਹੋ ਕੇ, ਕਿਸੇ ਨਿਵੇਕਲੀ ਗੁਫ਼ਾ ਵਿਚ ਜਾ ਨਿਵਾਸ ਕਰੇ ਅਤੇ ਭੁੱਖ-ਤ੍ਰੇਹ ਮਿਟਾਉਣ ਲਈ ਗ੍ਰਹਿਸਥੀਆਂ ਦੇ ਦੁਆਰੇ ਚੱਕਰ ਪਿਆ ਕੱਟੇ; ਗੁਰਬਾਣੀ ਦੇ ਆਸ਼ੇ ਦਾ 'ਸੰਨਿਆਸੀ'—"ਆਸ ਨਿਰਾਸੀ, ਤਉ ਸੰਨਿਆਸੀ" ਹੈ। ਜੋ ਜੀਵਨ ਦੀਆਂ ਆਸ਼ਾਵਾਂ ਨੂੰ ਤਿਆਗ਼ਦਾ ਨਹੀਂ, ਪਰ ਆਪਣੀ ਆਤਮਾ ਨੂੰ ਇਨ੍ਹਾਂ ਤੋਂ ਅਭਿੱਜ ਰੱਖਦਾ ਹੈ; ਕਾਮਨਾਵਾਂ, ਲਾਲਸਾਵਾਂ ਵਿਚ ਗ਼ਲਤਾਨ ਨਹੀਂ ਹੋਇਆ ਰਹਿੰਦਾ; ਦੁਖ ਸੁਖ ਵਿਚ ਆਪਣਾ ਸੰਤੁਲਨ ਕਾਇਮ ਰਖਦਾ ਹੈ; ਆਪਣੀ ਵਿਵੇਕ ਬੁੱਧੀ ਉੱਤੇ ਮਨ ਦੀਆਂ ਵਾਸ਼ਨਾਵਾਂ ਨੂੰ ਹਾਵੀ ਨਹੀਂ ਹੋਣ ਦੇਂਦਾ; ਅਜਿਹਾ ਸੰਤੋਖੀ ਗ੍ਰਹਿਸਥੀ ਜਿਊੜਾ ਆਦਰਸ਼ਕ ਜੀਵ ਹੈ ਅਤੇ ਸਿੱਖੀ ਆਸ਼ੇ ਦਾ ਸੱਚਾ ਸੰਨਿਆਸ ਹੈ। ਗੁਰੂ ਗੋਬਿੰਦ ਸਿੰਘ ਨੇ ਅਜਿਹੇ ਜੀਵਨ ਦਾ ਚਿਤ੍ਰਨ ਇੰਜ ਦਿੱਤਾ ਹੈ :

ਰੇ ਮਨ ਐਸੋ ਕਰ ਸੰਨਿਆਸਾ।
ਬਨ ਸੇ ਸਦਨ ਸਭੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ।

ਦੁਨੀਆਂ ਵਿਚ ਰਹੀਏ, ਪਰ ਇਸ ਦੇ ਰੰਗ ਵਿਚ ਰੰਗੀਜ ਨਾ ਜਾਈਏ, ਇਸ ਦੀ ਕਾਲਖ ਦਾ ਪ੍ਰਭਾਵ ਅੰਤਰ-ਆਤਮਾ ਉੱਤੇ ਨਾਂ ਪੈਣ ਦੇਈਏ—"ਅੰਜਨ ਮਾਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਈਐ"—(ਗੁਰੂ ਨਾਨਕ, ਸੂਹੀ)। ਯੋਗ ਦੀ ਅਸਲੀ ਕਮਾਈ ਨੇਕ-ਨੀਤੀ ਦੀ ਉਸ ਜੀਵਨ-ਸ਼ੈਲੀ ਵਿਚ ਹੈ, ਜਿਸ ਬਾਰੇ ਗੁਰਬਾਣੀ ਦਾ ਵਿਚਾਰ ਹੈ—"ਨਾਨਕ ਜੀਵਤਿਆ ਮਰ ਰਹੀਐ, ਐਸਾ ਜੋਗ ਕਮਾਈਐ।"

Sri Satguru Jagjit Singh Ji eLibrary NamdhariElibrary@gmail.com

www.archive.org/details/namdhari



'ਜੀਵਤ ਮਰਨਾ' ਦਾ ਸੰਕਲਪ ਗੁਰਬਾਣੀ ਦਾ ਇਕ ਨਿਵੇਕਲਾ ਤੇ ਗੰਭੀਰ ਵਿਚਾਰ ਹੈ। ਇਕ ਅਰਥ ਵਿਚ ਜਿਉਂਦੇ ਰਹਿਣਾ, ਇਕ ਹੋਰ ਅਰਥ ਵਿਚ ਮਰ ਜਾਣਾ, ਉਸ ਉਚੇਰੇ ਜੀਵਨ ਵੱਲ ਸੰਕੇਤ ਕਰਦਾ ਹੈ, ਜਿਸ ਵਿਚ ਹਉਮੈਂ-ਭਾਵ ਤੋਂ ਉਪਰ ਉੱਠ ਕੇ ਧਰਮ-ਭਾਵਨਾ ਤੇ ਨੈਤਿਕ ਸੂਝ-ਬੂਝ ਨਾਲ ਜੀਵਨ ਬਸਰ ਕੀਤਾ ਜਾਂਦਾ ਹੈ। ਇਸ ਦਾ 'ਮਰਨਾ' ਦੁਬਿਧਾ ਤੋਂ, ਸ਼ੰਕਾ ਤੇ ਸਹਸਾ ਤੋਂ, ਹਉਮੈਂ ਦੇ ਪ੍ਰਭਾਵ ਤੋਂ ਮਰਨਾ ਤੇ ਮੁਕਤ ਹੋਣਾ ਹੈ। ਇਸ ਦਾ 'ਜਿਉਣਾ' ਸਹਜ ਤੇ ਸੰਤੁਲਨ ਦਾ, ਉਪਕਾਰ ਤੇ ਨੇਕੀ ਦਾ, ਲਿਵਲੀਨਤਾ ਤੇ ਕਰਮਸ਼ੀਲਤਾ ਦਾ ਜਿਉਣਾ ਹੈ; ਜਿਵੇਂ ਪਰਮ-ਪਦ ਹੈ, ਇਹੋ ਜੀਵਨ-ਮੁਕਤੀ ਹੈ। ਮਨੁੱਖ ਦਾ ਦ੍ਰਿਸ਼ਟਮਾਨ ਜਗਤ ਉਸ ਦੀ ਕਰਮ-ਭੂਮੀ ਹੈ, ਜਿਸ ਵਿਚ ਉਸ ਨੇ ਵਿਚਰਨਾ ਹੈ, ਕਾਰ-ਵਿਹਾਰ ਕਰਨੇ ਹਨ, ਖਾਣਾ ਪਰਚਣਾ ਹੈ, ਸੰਤਾਨ ਦਾ ਸੁਖ ਲੈਣਾ ਹੈ। ਉਸ ਦਾ ਆਤਮਿਕ ਜਗਤ ਰੂਹਾਨੀਅਤ ਦਾ ਮੰਡਲ ਹੈ, ਜਿਸ ਨੂੰ ਉਸ ਨੇ ਬੇਲਾਗ, ਬੇਦਾਗ਼ ਰਖਣਾ ਹੈ। ਗੁਰਬਾਣੀ ਦੇ ਆਸ਼ੇ ਦਾ ਉੱਤਮ ਵਿਅਕਤੀ ਇਨ੍ਹਾਂ ਦੋਹਾਂ ਮੰਡਲਾਂ ਵਿਚ ਸੰਤੁਲਨ ਸਥਾਪਿਤ ਕਰਨ ਵਾਲਾ ਸਫ਼ਲ ਵਿਅਕਤੀ ਹੈ, ਜੋ ਮੋਹ-ਮਾਇਆ ਵਿਚ ਰਹਿੰਦਾ ਹੋਇਆ ਵੀ ਅਲਿਪਤ ਹੈ, ਨਿਰਲੇਪ ਹੈ। ਉਸ ਨੇ ਅਜਿਹੀ ਜੀਵਨ-ਜੁਗਤੀ ਪਛਾਣ ਲਈ ਹੈ, ਜਿਸ ਅਨੁਸਾਰ—"ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ, ਵਿਚੇ ਹੋਵੈ ਮੁਕਤਿ।"

ਸਿੱਖ ਅਧਿਆਤਮਿਕ ਚਿੰਤਨ ਨੇ ਮਨੁੱਖ ਦੇ ਨਿਜੀ ਤੇ ਸਮਾਜਕ ਜੀਵਨ ਲਈ ਜੋ ਮਰਿਆਦਾ ਵਿਕਸਿਤ ਕੀਤੀ ਹੈ, ਉਸ ਵਿਚ ਪ੍ਰਤੀਕ ਤੇ ਸ਼ਬਦਾਵਲੀ ਬੇਸ਼ੱਕ ਪਰੰਪਰਾਈ ਚਿੰਤਨ ਵਿਚੋਂ ਆਏ ਹਨ, ਪਰ ਇਸ ਦੀ ਸਮੁੱਚੀ ਸੇਧ ਤੇ ਸਾਰਥਿਕਤਾ ਨਿਰੋਲ ਆਪਣੀ ਤੇ ਨਵੀਂ ਹੈ। ਇਸ਼ਟ, ਜਗਤ ਤੇ ਜੀਵ, ਪਾਪ-ਪੁੰਨ ਤੇ ਦੁਖ-ਸੁਖ, ਮੁਕਤੀ ਤੇ ਪਰਮ-ਪਦ, ਨਿਰਲੇਪਤਾ ਦੀ ਜੀਵਨ-ਸ਼ੈਲੀ, ਸਭ ਸੰਕਲਪਾਂ ਦਾ ਅਰਥ-ਵਿਸਤਾਰ ਹੋਇਆ ਹੈ ਅਤੇ ਨਵੀਨ ਤੱਤ ਸੰਮਿਲਤ ਹੋਏ ਹਨ। ਗੁਰਬਾਣੀ ਦੇ ਫ਼ਲਸਫ਼ੇ ਉੱਤੇ ਆਧਾਰਿਤ ਸਿੱਖ ਅਧਿਆਤਮਵਾਦ ਭਰਪੂਰਤਾ ਦੇ ਜੀਵਨ ਦੀ ਰੂਪ-ਰੇਖਾ ਉਲੀਕਦਾ ਹੈ, ਜਿਸ ਦੀ ਉਪਯੋਗਤਾ ਤੇ ਮੁੱਲ ਇਸ ਦੀ ਕਾਰਜਸ਼ੀਲਤਾ ਵਿਚ ਪਰਖੇ ਜਾ ਸਕਦੇ ਹਨ। ਇਸ ਵਿਚ ਭੇਖਾਂ, ਅਡੰਬਰਾਂ, ਗੁੰਝਲਦਾਰ ਕਰਮ-ਕਾਂਡਾਂ ਤੇ ਭਾਂਜਵਾਦੀ ਵਿਚਾਰਾਂ ਨੂੰ ਅਹਿਮੀਅਤ ਨਹੀਂ ਦਿੱਤੀ ਗਈ। ਸਿੱਧਾ-ਸਪਾਟ, ਰਜ਼ਾ ਵਿਚ ਰਾਜ਼ੀ, ਸੱਚਾ-ਸੁੱਚਾ ਨਿੱਗਰ ਜੀਵਨ, ਜਿਸ ਦੀ ਅਮੀਰੀ ਇਸ ਦੇ ਅੰਤਰੀਵੀ ਸੁਹਜ ਵਿਚ ਹੈ, ਸਹਿਜ ਤੇ ਅਨੰਦ ਵਿਚ ਹੈ, ਰਹੱਸਮਈ ਅਨੁਭਵ ਵਿਚ ਹੈ, ਇਸ ਵਿਚਾਰਧਾਰਾ ਦੀ ਸਹੀ ਦੇਣ ਤੇ ਸ਼ੁੱਧ ਸਰੂਪ ਹੈ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

PUNJABI UNIVERSITY PATIALA

Sri Satguru Jagjit Singh Ji eLibrary NamdhariElibrary@gmail.com